2-Nov-Sunday.qxd 11/5/2022 10:20 PM Page 1



ਸ਼ਾਇਰ ਭੱਟੀ ਦੀਆਂ ਨਵੀਆਂ ਗ਼ਜ਼ਲਾਂ ਆਖਰੀ ਤੋਂ ਪਹਿਲੇ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ ॥
- ਗੁਰੂ ਨਾਨਕ

Regd. No : Pb/JL-123/2021-2023, (R.N.I.)-00068/57 | ਜਲੰਧਰ : ਐਤਵਾਰ, 6 ਨਵੰਬਰ 2022 | www.nawanzamana.in | ਕੀਮਤ 5.00 ਰੁਪਏ


ਸਮਕਾਲੀ ਚਿੰਤਨ

ਕਾਮਰੇਡ ਜਗਰੂਪ

## ਕੁਦਰਤ ਅਤੇ ਸਮਾਜਕ ਦਵੰਦਵਾਦ ਦੇ ਨੇਮ ਤੇ ਸੱਤਾ -7

ਲੜੀ-10 (ਭਾਗ-2/6)

ਆਓ ਰਾਜਨੀਤਕ ਆਰਥਿਕਤਾ ਬਾਰੇ ਵੀ ਦੇਖੀਏ

ਕੀ ਪੁਰਾਣਾ ਹੋ ਗਿਆ? ਕੀ ਬਦਲ ਗਿਆ ਹੈ?

ਕੀ ਮਾਰਕਸ ਅਸਫਲ ਹੈ?

ਕੀ ਮਾਰਕਸ ਇੱਥੇ ਰਾਹ-ਦਸੇਰਾ ਨਹੀਂ ਹੈ ਜਾਂ ਹੈ?

ਆਰਥਿਕਤਾ ਬਾਰੇ ਸਮਝਦਾਰਾਂ ਲਈ ਇਹ ਹਵਾਲੇ ਕਾਫੀ ਹਨ : 1) "ਦਾਸ ਕੈਪੀਟਲ" (ਪੂੰਜੀ) : "ਅਜਿਹੀ ਖੋਜ ਦੀ ਵਿਗਿਆਨਕ ਮਹੱਤਤਾ ਇਸ ਗੱਲ ਵਿੱਚ ਹੈ ਕਿ ਉਹ (ਮਾਰਕਸ) ਉਹਨਾਂ ਨੇਮਾਂ ਨੂੰ ਖੋਹਲ ਕੇ ਰੱਖ ਦੇਵੇ, ਜਿਨ੍ਹਾਂ ਰਾਹੀਂ ਕਿਸੇ ਸਮਾਜਿਕ ਸੰਗਠਨ ਦੀ ਉਤਪਤੀ, ਹੋਂਦ, ਵਿਕਾਸ ਅਤੇ ਅੰਤ ਦਾ ਅਤੇ ਉਸ ਦੀ ਥਾਏਂ ਕਿਸੇ ਹੋਰ ਵਧੇਰੇ ਉਚੇਰੇ ਸੰਗਠਨ ਦੀ ਸਥਾਪਨਾ ਦਾ ਨਿਯਮਣ ਹੁੰਦਾ ਹੈ।"

ਕੀ ਮਾਰਕਸ ਨੇ "ਪੂੰਜੀ ਦੀ ਉਤਪਤੀ", ਉਸ ਦੇ "ਵਿਕਾਸ ਦੇ ਨੇਮ" ਅਤੇ ਉਸ ਦਾ ਸਵੈ-ਵਾਧੇ ਰਾਹੀਂ "ਅੰਤ", ਅਤੇ ਉਸ ਦੀ ਥਾਏਂ "ਵਧੇਰੇ-ਉਚੇਰੇ ਸੰਗਠਨ"

(ਵਿਗਿਆਨਕ-ਸਾਂਝੀਵਾਲ ਸਮਾਜ) ਵੱਲੋਂ ਲਏ (ਮੱਲੇ) ਜਾਣ ਦਾ ਮਾਰਗ ਨਹੀਂ ਦਿੱਤਾ? ਬਿਲਕੁਲ ਦਿੱਤਾ ਹੈ।

ਜਿਸ ਨੇ ਨਹੀਂ ਦੇਖਣਾ, ਸਮਝਣਾ, ਨਾ ਦੇਖੇ, ਨਾ ਸਮਝੇ!

ਪਰ ਉਸ ਨੇ ਆਪਣਾ ਕਾਰਜ ਪੂਰਾ ਕੀਤਾ ਹੈ।

ਵਿਰੋਧੀ ਗੰਧਲਾਪਣ ਪੈਦਾ ਕਰਨ ਲਈ ਕਹਿੰਦੇ ਨੇ ;

'ਵਿਗਿਆਨ ਬਹੁਤ ਅੱਗੇ ਨਿਕਲ ਗਿਆ, ਹੁਣ (ਵਿਗਿਆਨਕ ਤਕਨੀਕੀ ਇਨਕਲਾਬਾਂ) ਦਾ ਜ਼ਮਾਨਾ ਹੈ, ਹੁਣ ਜਮਾਤਾਂ ਦੀ ਕੋਈ ਅਹਿਮੀਅਤ ਨਹੀਂ ਹੈ, ਜਮਾਤੀ ਘੋਲ ਦੀ ਲੋੜ ਨਹੀਂ, ਹੁਣ ਦੀ ਥਾਂ ਨੇ ਲੈ ਲਈ ਹੈ' ਆਦਿ, ਆਦਿ।

ਸੋਚੋ ਕੀ ਇਹ ਠੀਕ ਹੈ? ਬਿਲਕੁਲ ਨਹੀਂ।

ਆਓ ਜਵਾਬ ਪਾਈਏ!

ਕੀ ਸਮਾਜ ਹੁਣ ਉਪਜਾਂ ਦੀ ਥਾਂ ਜਾਣਕਾਰੀ ਖਾਣ ਲੱਗ ਗਿਆ ਹੈ? ਕੀ "ਰੋਟੀ" ਦੀ ਥਾਂ "ਰੋਟੀ ਦੀ ਜਾਣਕਾਰੀ" ਨਾਲ ਸਮਾਜ ਚੱਲ ਸਕਦਾ ਹੈ? ਮਨੁੱਖ ਨੂੰ ਆਕਸੀਜਨ ਦੀ ਲੋੜ ਦੀ ਥਾਂ ਕੀ ਆਕਸੀਜਨ ਦੀ ਜਾਣਕਾਰੀ ਲੈ ਸਕਦੀ ਹੈ? ਕੀ ਜਾਣਕਾਰੀ ਆਪ "ਜਿਣਸ" ਨਹੀਂ ਹੈ?

ਜਿਣਸ ਹੈ, ਉਹ ਤੇ ਮੁੱਲ ਵਿਕਦੀ ਹੈ।

ਬੁਰਜੂਆ ਆਰਥਿਕਤਾ ਜਿਣਸ ਉਪਜਾਉਂਦੀ ਹੈ।

ਸੋ ਮਾਰਕਸ ਬੁਰਜੂਆ-ਆਰਥਿਕਤਾ ਦੇ ਅਧਿਐਨ ਦੀ ਸ਼ੁਰੂਆਤ "ਜਿਣਸ" ਦੇ ਵਿਸ਼ਲੇਸ਼ਣ ਤੋਂ ਕਰਦਾ ਹੈ। "ਦਾਸ ਕੈਪੀਟਲ" ਪਹਿਲਾ ਪਾਠ ਸ਼ੁਰੂ ਹੀ ਜਿਣਸ ਤੋਂ ਹੁੰਦਾ ਹੈ। ਸਰਮਾਏਦਾਰਾ ਆਰਥਿਕਤਾ ਦੀ ਚੂਲ "ਜਿਣਸ" ਹੈ, ਜਿਸ ਨੂੰ ਇਹ ਸਮਝ ਆ ਜਾਏ, ਉਸ ਨੂੰ ਪੂਰੀ ਸਰਮਾਏਦਾਰਾ ਆਰਥਿਕਤਾ ਦੀ ਸਮਝ ਪੈ ਜਾਂਦੀ ਹੈ।

ਮਾਰਕਸ ਵੱਲੋਂ ਸਰਮਾਏਦਾਰੀ ਅਰਥ-ਵਿਵਸਥਾ ਦੇ "ਵਿਸ਼ਲੇਸ਼ਣ ਤੇ ਸੰਸਲੇਸ਼ਣ ਦੀ ਏਕਤਾ" ਵਿੱਚੋਂ ਨਵੇਂ ਸਮਾਜ ਦੀ ਸਿਰਜਨਾ ਦਾ ਆਧਾਰ ਅਤੇ ਉਸਾਰ ਬਿਆਨ ਕੀਤਾ ਹੈ। "ਜਿਣਸ" ਦਾ ਵਿਸ਼ਲੇਸ਼ਣ ਕੀ ਦੱਸਦਾ ਹੈ?

ਇਹ (ਜਿਣਸ) ਦੋਹਰਾ ਗੁਣ (ਵਰਤੋਂ ਮੁੱਲ ਅਤੇ ਵਟਾਂਦਰਾ ਮੁੱਲ) ਰੱਖਦੀ ਹੈ। ਏਸੇ ਵਿੱਚ ਉਸ ਦੇ "ਵਿਕਾਸ" ਦਾ ਭੇਦ ਹੈ ਅਤੇ ਏਸੇ ਵਿੱਚ ਉਸ ਦੇ "ਅੰਤ" ਦੀ ਗੁੱਥੀ ਹੈ।

**ਮਾਰਕਸ ਕਹਿੰਦਾ, "ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰੀ ਸੰਬੰਧਾਂ" ਦਾ ਅਜੋੜ ਨਹੀਂ ਚੱਲ ਸਕਦਾ , ਸਰਮਾਏਦਾਰੀ ਪੈਦਾਵਾਰੀ ਢੰਗ ਨਹੀਂ ਚੱਲ ਸਕਦਾ।**

2) ਕੀ ਮਾਰਕਸ ਉਤਪਾਦਨ ਵਿੱਚ ਤਕਨੀਕੀ ਇਨਕਲਾਬਾਂ ਤੋਂ ਅਣਜਾਣ ਸੀ? ਬਿਲਕੁਲ ਨਹੀਂ! ਉਹ ਕੇਵਲ ਜਾਣਦਾ ਹੀ ਨਹੀਂ ਸੀ, ਉਸ ਨੇ ਤਾਂ ਤਕਨੀਕੀ ਇਨਕਲਾਬਾਂ ਰਾਹੀਂ ਹੁੰਦੇ ਬਦਲਾਓ ਵਿੱਚੋਂ ਅਗਲੇਰੇ ਉਚੇਰੇ ਵਿਗਿਆਨਕ ਸਾਂਝੀਵਾਲਤਾ ਦੇ ਸਮਾਜ ਦੀ ਹੋਣੀ ਉਤੇ ਪ੍ਰਮਾਣਿਕਤਾ ਦੀ ਮੋਹਰ ਲਾਈ ਹੈ।

ਪਰ ਇਹ ਸਮਝਣ ਲਈ ਮਾਰਕਸ ਦੇ "ਮੁੱਲ ਦਾ ਸਿਧਾਂਤ" ਦੀ ਖੋਜ ਵਿੱਚੋਂ "ਵਾਧੂ ਮੁੱਲ ਦਾ ਸਿਧਾਂਤ" ਸਮਝਾਉਣ ਲਈ ਵਰਤੇ "ਜ਼ਰੂਰੀ ਕਿਰਤ ਸਮਾਂ" ਅਤੇ "ਵਾਧੂ ਕਿਰਤ ਸਮਾਂ" ਦੀਆਂ ਧਾਰਨਾਵਾਂ ਨੂੰ ਸਮਝਣਾ ਜ਼ਰੂਰੀ ਹੈ, ਜਿਸ ਦੇ ਵਿਸਥਾਰ ਵਿੱਚ ਸਰਮਾਏ ਦੇ "ਅੰਤ" ਦਾ ਵਿਗਿਆਨਕ ਵਿਖਿਆਨ ਹੁੰਦਾ ਹੈ ਅਤੇ ਨਾਲ ਹੀ ਨਵੇਂ ਉਚੇਰੇ ਸਮਾਜ ਦਾ ਆਗਮਨ ਹੁੰਦਾ ਹੈ।

ਆਓ ਮਾਰਕਸ ਦੇ ਵਿਖਿਆਨ ਦੇ ਦਰਸ਼ਨ ਕਰੀਏ ਤੇ ਜੇ ਭੋਰਾ ਵੀ ਮਨੁੱਖੀ ਗੁਣ ਰੱਖਦੇ ਹਾਂ ਤਾਂ ਉਸ ਦੀ ਕਦਰ ਕਰੀਏ। ਇਸ ਨੂੰ ਨਜ਼ਰ-ਅੰਦਾਜ਼ ਕਰਨ ਵਾਲਿਆਂ ਨੂੰ ਫਿਟਕਾਰ ਪਾਈਏ, ਲੁਕਾਉਣ ਵਾਲਿਆਂ ਨੂੰ ਲਾਹਨਤ ਕਹੀਏ ਅਤੇ ਹੁਣ ਤੱਕ ਹੋਏ ਕੁੱਲ ਨੁਕਸਾਨ ਦੇ ਜ਼ਿੰਮੇਵਾਰ ਐਲਾਨੀਏ।

ਪਹਿਲਾਂ ਉਤਪਾਦਕਤਾ ਦੇ ਵਰਤਾਰੇ ਨੂੰ ਸੂਝ ਦਾ ਹਿੱਸਾ ਬਣਾਈਏ ਤਾਂ ਕਿ ਪੂਰੇ ਮਸਲੇ ਨੂੰ ਮੰਤਕ ਕਰਨਾ ਸੌਖ ਬਣੇ।

ਮਾਰਕਸ ਨੇ ਜ਼ਰੂਰੀ ਕਿਰਤ (ਜ ਕ) ਅਤੇ ਵਾਧੂ ਕਿਰਤ (ਵ ਕ) ਵਰਤਾਰੇ ਰਾਹੀਂ ਵਿਸਤਾਰ ਵਿੱਚ ਬਿਆਨ ਕੀਤਾ ਹੈ। ਉਤਪਾਦਕਤਾ ਦਾ ਵਾਧਾ ਵਰਤਾਰਾ, ਜਿੰਨਾ ਜ ਕ ਨੂੰ ਘਟਾਉਂਦਾ ਹੈ, ਓਨਾ ਹੀ ਵ ਕ ਨੂੰ ਵਧਾਉਂਦਾ ਹੈ।

ਵਾਧੂ ਕਿਰਤ (ਵ ਕ) ਦਾ ਵਾਧਾ, ਮਾਲਕ ਦਾ ਵਧਦਾ "ਮੁਨਾਫਾ" ਹੈ। ਮਾਲਕ ਮੁਨਾਫੇ ਲਈ ਪੈਦਾ ਕਰਦਾ ਹੈ। ਇਸ ਲਈ ਉਤਪਾਦਕਤਾ ਦੇ ਵਾਧੇ ਵਿੱਚ ਉਸ ਦੀ ਰੁਚੀ ਬਣੀ ਰਹੇਗੀ। ਹਰ ਵਾਰ ਉਤਪਾਦਕਤਾ ਦੁੱਗਣੀ ਹੋਣ 'ਤੇ ਮੁੜ-ਮੁੜ ਉਹੀ ਵਰਤਾਰਾ ਰਹੇਗਾ। ਜ਼ਰੂਰੀ ਕਿਰਤ ਸਮਾਂ ਆਪਣੇ ਆਕਾਰ ਦਾ ਅੱਧ ਹੁੰਦਾ ਜਾਵੇਗਾ, ਜੋ ਕਦੇ ਵੀ ਸਿਫਰ ਨਹੀਂ ਹੋਵੇਗਾ।

(ਧਿਆਨ ਰਹੇ ਕਿ ਅੰਕੜੇ ਰੁਚੀ ਨਾਲ ਸਨਮਾਨ ਹਾਸਲ ਕਰਦੇ ਹਨ ।)

ਮੰਨ ਲਓ:

ਜ ਕ=1/2 ਹੈ ਤਾਂ ਵ ਕ=1/2 ਹੋਵੇਗੀ,
ਜ ਕ=1/4 ਹੈ ਤਾਂ ਵ ਕ =3/4 ਹੋਵੇਗੀ,
ਜ ਕ= 1/8 ਹੈ ਤਾਂ ਵ ਕ =7/8 ਹੋਵੇਗੀ,
ਜ ਕ=1/16 ਹੈ ਤਾਂ ਵ ਕ =15/16 ਹੋਵੇਗੀ ਅਤੇ ਜੇ
ਜ ਕ=1/100 ਹੈ ਤਾਂ ਵ ਕ = 99/100 ਹੋਵੇਗੀ। ਜੇ,
ਜ ਕ =1/1000 ਹੈ ਤਾਂ ਵ ਕ =999/1000 ਹੋਵੇਗੀ।

ਮਾਰਕਸ ਕਹਿੰਦਾ ਜੇ ਉਤਪਾਦਕਤਾ ਮੁੜ ਹਜ਼ਾਰ ਦਿਹਾੜੀ ਗੁਣਾ ਵਧ ਜਾਵੇ ਤਾਂ ਜ ਕ=1/ਦਸ ਲੱਖ ਹੈ ਅਤੇ

ਵ ਕ= 9,99,999/ਦਸ ਲੱਖ ਹੋਵੇਗੀ।

ਨਤੀਜਾ ਸਮਝਣ ਤੋਂ ਪਹਿਲਾਂ ਵਾਧਾ (ਦਰ) ਧਿਆਨ ਮੰਗਦਾ ਹੈ।

ਵਾਧੂ ਕਿਰਤ ਦਾ ਵਾਧਾ ਕੀ ਦਰਸਾਉਂਦਾ ਹੈ?

ਇਹ 1/2 ਤੋਂ 3/4, ਤੋਂ 7/8, ਤੋਂ15/16, ਤੋਂ 99/100 ਤੋਂ 999/1000 ਤੋਂ 9,99,999/ਦਸ ਲੱਖ ਹੈ।

1/2 ਤੋਂ 3/4 ਕਿੰਨਾ ਵੱਧ ਹੈ =1/4
3/4 ਤੋਂ 7/8 ਕਿੰਨਾ ਵੱਡਾ ਹੈ =1/8
7/8 ਤੋਂ 15/16 ਕਿੰਨਾ ਵੱਧ ਹੈ =1/16
15/16 ਤੋਂ 31/32 ਕਿੰਨਾ ਵੱਧ ਹੈ =1/32 ਅਤੇ
99/100 ਕਿੰਨਾ ਵੱਧ ਹੋਵੇਗਾ= 1/100
999/1000 ਤੋਂ ਕਿੰਨਾ ਵੱਧ ਹੋਵੇਗਾ=1/1000
9,99,999/ ਦਸ ਲੱਖ ਹੈ ਤਾਂ ਕਿੰਨਾ ਵੱਧ ਹੋਵੇਗਾ=1/10 ਲੱਖ ।

ਆਓ ਵਾਧਾ ਪੜਤਾਲੀਏ : ਕ੍ਰਮਵਾਰ ਵਾਧਾ ਹੈ

1/4, 1/8, 1/16, 1/32, 1/100, 1/1000, ਅਤੇ 1/ਦਸ ਲੱਖ ਹੈ।

ਮੁਨਾਫੇ ਦੀ ਘਟਦੀ ਦਰ (%) ਦਾ ਤੱਥ :

ਉਤਪਾਦਕਤਾ ਦੁੱਗਣੀ ਹੋਣ 'ਤੇ (1/4:3/4) ਮੁਨਾਫਾ ਦਰ= 50% ਹੋਵੇਗੀ।

ਦੂਜੀ ਵਾਰ ਉਤਪਾਦਕਤਾ ਦੁੱਗਣੀ ਹੋਣ 'ਤੇ (1/8:7/8) ਨਾਲ ਮੁਨਾਫਾ ਵਾਧਾ ਦਰ= 16.66% ਹੋਵੇਗੀ।

ਤੀਜੀ ਵਾਰ ਉਤਪਾਦਕਤਾ ਦੁੱਗਣੀ ਹੋਣ 'ਤੇ (1/16:15/16) ਨਾਲ ਮੁਨਾਫਾ ਵਾਧਾ ਦਰ= 7.14% ਹੋਵੇਗੀ।

ਮੁੜ ਦੁੱਗਣੀ ਹੋਣ 'ਤੇ (1/32:31/32) ਨਾਲ ਮੁਨਾਫਾ ਵਾਧਾ ਦਰ=3.33% ਹੋਵੇਗੀ।

ਜਦੋਂ ਉੱਚੀ ਉਤਪਾਦਕਤਾ ਨਾਲ (ਜ ਕ) 1/100 ਹੋਵੇਗੀ ਤਾਂ ਮੁਨਾਫਾ ਵਾਧਾ ਦਰ=1% ਹੋਵੇਗੀ।

ਹੋਰ ਉੱਚੀ ਉਤਪਾਦਕਤਾ ਤੇ (ਜ ਕ) 1/1000 ਹੋਵੇਗੀ ਤਾਂ ਮੁਨਾਫਾ ਵਾਧਾ ਦਰ=.1% ਹੋਵੇਗੀ।

ਜਦੋਂ ਹਜ਼ਾਰ ਦਿਹਾੜੀ ਗੁਣਾ ਉਤਪਾਦਕਤਾ ਹੋਰ ਵਧੇਗੀ ਤਾਂ (ਜ ਕ)1/ਦਸ ਲੱਖ ਹੋਵੇਗੀ ਤਾਂ ਮੁਨਾਫਾ ਵਾਧਾ ਦਰ =0001% ਹੋਵੇਗਾ।

ਨੋਟ: ਜ਼ਰੂਰੀ ਕਿਰਤ ਅਨੁਪਾਤ ਘਟਣ ਤੇ ਮੁਨਾਫਾ ਵਾਧਾ ਦਰ (%) ਵੀ ਘਟਦੀ ਹੈ।

(ਜ ਕ ਬਟਿਆਂ ਵਿੱਚ ਅਤੇ ਮੁਨਾਫਾ ਵਾਧਾ ਦਰ ਫੀ ਸਦੀ ਵਿੱਚ)

ਜ ਕ 1/4 ਤੇ ਮੁਨਾਫਾ ਵਾਧਾ ਦਰ 50%,
ਜ ਕ 1/8 ਤੇ ਮੁਨਾਫਾ ਵਾਧਾ ਦਰ =16.66% ਹੈ।
ਜ ਕ 1/16 ਤੇ ਮੁਨਾਫਾ ਵਾਧਾ ਦਰ= 7.14% ਹੈ
ਜ ਕ 1/32 ਤੇ ਮੁਨਾਫਾ ਵਾਧਾ ਦਰ= 3.33% ਹੈ।

ਜਦੋਂ ਜ ਕ 1/100 ਹੈ ਤਾਂ ਮੁਨਾਫਾ ਵਾਧਾ ਦਰ= 1% ,

ਜ ਕ 1/1000 ਹੈ ਤਾਂ ਮੁਨਾਫਾ ਵਾਧਾ ਦਰ = .1% ਹੈ

ਅਤੇ ਜ ਕ 1/ਦਸ ਲੱਖ ਹੋਣ 'ਤੇ ਮੁਨਾਫਾ ਵਾਧਾ ਦਰ =0001% ਹੋਵੇਗੀ।

**ਵਾਧੂ ਕਿਰਤ (ਵ ਕ) ਦਾ ਵਾਧਾ, ਮਾਲਕ ਦਾ ਵਧਦਾ "ਮੁਨਾਫਾ" ਹੈ। ਮਾਲਕ ਮੁਨਾਫੇ ਲਈ ਪੈਦਾ ਕਰਦਾ ਹੈ। ਇਸ ਲਈ ਉਤਪਾਦਕਤਾ ਦੇ ਵਾਧੇ ਵਿੱਚ ਉਸ ਦੀ ਰੁਚੀ ਬਣੀ ਰਹੇਗੀ।**

ਸੋ ਸਪੱਸ਼ਟ ਹੈ ਤਕਨੀਕੀ ਇਨਕਲਾਬਾਂ ਨਾਲ ਕੁੱਲ ਮੁਨਾਫਾ ਤਾਂ ਵਧਦਾ ਹੈ, ਪਰ ਵਾਧਾ ਘਟਦੀ ਦਰ ਦਾ ਰੁਝਾਨ ਰੱਖਦਾ ਹੈ।

ਜਿਵੇਂ ਇਹ (50% > 16.66% > 7.14% > 3.33% > 1%> .1% >0001%) ਅੰਕੜੇ ਦੱਸਦੇ ਹਨ ਕਿ ਵਾਧਾ ਸਮਾਪਤੀ ਵੱਲ ਹੈ।

[ਚਿੰਨ੍ਹ < , > ਦਾ ਅਰਥ ਹੈ (ਛੋਟਾ ਹੈ <) (ਵੱਡਾ ਹੈ >)]

ਇੰਝ ਮਾਰਕਸ ਸਾਬਤ ਕਰਦਾ ਹੈ ਕਿ ਇਕ ਪੜਾਅ 'ਤੇ ਸਰਮਾਇਆ ਵਧਣਾ ਬੰਦ ਹੋ ਜਾਂਦਾ ਹੈ। ਸਰਮਾਇਆ ਆਪਣੇ ਵਾਧੇ ਦੇ ਗੁਣ ਬਗੈਰ, ਸਰਮਾਇਆ ਹੀ ਨਹੀਂ ਰਹਿੰਦਾ!

ਉਤਪਾਦਕਤਾ ਦੇ 'ਵਾਧੇ ਦੀ ਦਰ' ਅਤੇ 'ਮੁਨਾਫੇ ਦੇ ਵਾਧੇ ਦੀ ਘਟਦੀ ਦਰ', ਉਸ ਦਾ "ਅੰਤ" ਬਣਦੀ ਹੈ।

ਮਾਰਕਸ ਦੀ ਮਹਾਨ ਕਿਰਤ "ਦਾਸ ਕੈਪੀਟਲ" 1867 ਵਿੱਚ ਜਰਮਨ ਭਾਸ਼ਾ ਵਿੱਚ ਛਪੀ ਸੀ। ਮਾਰਕਸ ਨੇ ਦੂਜੀ ਜਰਮਨ ਐਡੀਸਨ ਦੀ ਭੂਮਿਕਾ ਵਿਚ ਪਹਿਲੀ ਜਰਮਨ ਐਡੀਸਨ ਵਿਚਲੀ ਉਕਤਾਈ ਦੀ ਸੋਧ ਦਾ ਜ਼ਿਕਰ ਕੀਤਾ :

* "ਪਹਿਲੇ ਕਾਂਡ ਦੇ ਉਪ-ਭਾਗ 1 ਵਿੱਚ ਉਹਨਾਂ ਸਮੀਕਰਨਾਂ ਦੇ ਵਿਸ਼ਲੇਸ਼ਣ ਤੋਂ ਜਿਨ੍ਹਾਂ ਦੁਆਰਾ ਹਰ ਵਟਾਂਦਰਾ-ਕਦਰ ਪ੍ਰਗਟਾਈ ਜਾਂਦੀ ਹੈ, ਕਦਰ ਦੀ ਵਿਉਂਤਪਤੀ ਪਹਿਲਾਂ ਨਾਲੋਂ ਵਧੇਰੇ ਵਿਗਿਆਨਕ ਕਰੜਾਈ ਨਾਲ ਕੀਤੀ ਗਈ ਹੈ।

ਇਸੇ ਤਰ੍ਹਾਂ, ਸਮਾਜਿਕ ਦ੍ਰਿਸ਼ਟੀ ਤੋਂ ਲੋੜੀਂਦੇ ਕਿਰਤ-ਸਮੇਂ (socially necessary labour time) ਦੁਆਰਾ ਕਦਰ ਦਾ ਆਕਾਰ ਮਿੱਥਣ ਅਤੇ ਕਦਰ ਦੇ ਸਾਰ ਵਿਚਲੇ ਸੰਬੰਧ ਵੱਲ ਜਿੱਥੇ ਪਹਿਲੀ ਐਡੀਸਨ ਵਿਚ ਇਸ਼ਾਰਾ ਕੀਤਾ ਗਿਆ ਸੀ, ਉੱਥੇ ਹੁਣ ਉਸ ਉੱਤੇ ਖਾਸ ਜ਼ੋਰ ਦਿੱਤਾ ਗਿਆ ਹੈ।"

ਸੋ ਆਓ ਹੁਣ "ਖਾਸ ਜ਼ੋਰ" ਦਿੱਤਾ ਗਿਆ ਹੈ ਵਾਲੇ ਸੂਤਰ "ਕਿਰਤ ਸਮਾਂ" ਨੂੰ ਲਾਗੂ ਕਰੀਏ।

ਜ ਕ ਅਤੇ ਵ ਕ ਨੂੰ ਨਵੇਂ ਸੂਤਰ ਵਿੱਚ ਲਿਖਿਆਂ ਹੁਣ ਜ਼ਰੂਰੀ ਕਿਰਤ ਸਮਾਂ (ਜ ਕ ਸ) ਅਤੇ ਵਾਧੂ ਕਿਰਤ ਸਮਾਂ (ਵ ਕ ਸ) ਵਜੋਂ ਵਿਚਾਰਾਂਗੇ।

(ਦੂਜਾ) ਮਾਰਕਸ ਇਕਾਈ (micro) ਪੱਧਰ 'ਤੇ ਨਹੀਂ, ਸਮਾਜਿਕ (micro) ਪੱਧਰ 'ਤੇ ਵਿਚਾਰ ਕਰਦਾ ਹੈ।

ਇਸ ਲਈ "ਸਮਾਜਿਕ ਜ਼ਰੂਰੀ ਕਿਰਤ ਸਮਾਂ"

(socially necessary labour time)

ਅਤੇ "ਸਮਾਜਿਕ ਵਾਧੂ ਕਿਰਤ ਸਮਾਂ" (socially surplus labour time) ਦੀਆਂ ਧਾਰਨਾਵਾਂ ਪਰਗਟ ਹੋ ਗਈਆਂ ਹਨ।

ਹੁਣ ਜ਼ਰੂਰੀ ਕਿਰਤ ਸਮਾਂ (ਜ ਕ ਸ) ਅਤੇ ਵਾਧੂ ਕਿਰਤ ਸਮਾਂ (ਵ ਕ ਸ) ਦੀ ਵਰਤੋਂ ਕਰਾਂਗੇ ਤਾਂ ਕਿ ਸੌਖਾ ਰਹੇ।

ਜੇ ਉਤਪਾਦਕਤਾ ਦੇ ਇਕ ਪੜਾਅ 'ਤੇ ਜ ਕ ਸ ਅਤੇ ਵ ਕ ਸ ਦਾ ਅਨੁਪਾਤ ਬਰਾਬਰ [(ਅੱਧਾ: ਅੱਧਾ)(1/2 : 1/2)] ਹੋਵੇ ਤਾਂ ਉਤਪਾਦਕਤਾ ਦੁੱਗਣੀ ਹੋਣ 'ਤੇ ਅਨੁਪਾਤ ਬਦਲ ਕੇ

ਜ ਕ ਸ=(1/2 ਦਾ ਅੱਧਾ=1/4 ਅਤੇ ਵ ਕ ਸ = 3/4 ਹੋ ਜਾਵੇਗਾ। (ਜਿੰਨਾ ਘਟਿਆ ਹੈ, ਉਹ ਦੂਜੇ ਪਾਸੇ ਜਮ੍ਹਾਂ ਹੈ)

ਹਰ ਵਾਰ ਉਤਪਾਦਕਤਾ ਦੁੱਗਣੀ ਹੋਣ 'ਤੇ ਇਹੀ ਵਾਪਰੇਗਾ

ਕਿਉਂਕਿ ਦੋਵੇਂ ਉਲਟ ਅਨੁਪਾਤੀ ਹਨ, ਜਿੰਨਾ ਇਕ ਘਟੇਗਾ, ਓਨਾ ਦੂਜਾ ਵਧੇਗਾ, ਪਰ ਵਾਧਾ ਘਟਦੀ ਦਰ ਨਾਲ ਹੋਵੇਗਾ।

ਮੁੜ-ਮੁੜ ਉਤਪਾਦਕਤਾ ਦੁੱਗਣੀ ਹੋਣ ਦੇ ਵਰਤਾਰੇ ਨਾਲ : ਹੇਠਲਾ ਟੇਬਲ ਬਣੇਗਾ।

ਜ ਕ ਸ= 1/8 ਹੈ ਤਾਂ ਵ ਕ ਸ = 7/8 ਹੋਵੇਗਾ,
ਜ ਕ ਸ = 1/16 ਹੈ ਤਾਂ ਵ ਕ ਸ= 15/16 ਹੋਵੇਗਾ,
ਜ ਕ ਸ=1/32 ਹੈ ਤਾਂ ਵ ਕ ਸ= 31/32.

ਇਸ ਤਰ੍ਹਾਂ ਮਾਰਕਸ ਵਿਸਤਾਰ ਵਿੱਚ ਜਾਂਦਿਆਂ ਕਹਿੰਦਾ ਹੈ :

"ਮੰਨ ਲਓ ਉਤਪਾਦਕਤਾ ਦੇ ਵਾਧੇ ਨਾਲ

ਜ ਕ ਸ=1/1000 ਹੈ ਤਾਂ ਵ ਕ ਸ = 999/1000 ਹੈ।

ਮੁੜ ਉਤਪਾਦਕਤਾ ਹਜ਼ਾਰ ਦਿਹਾੜੀ ਗੁਣਾ ਵਧ ਜਾਵੇ ਤਾਂ,

ਜ ਕ ਸ=1/10,00,000 ਹੋਵੇਗਾ ਅਤੇ

ਵ ਕ ਸ= 9,99,999/10,00,000 ਹੋਵੇਗਾ।

ਨਤੀਜਾ ਸਪੱਸ਼ਟ ਹੋ ਗਿਆ, ਸਮਾਜ ਨੂੰ ਵਧੀ ਉਤਪਾਦਕਤਾ (ਆਧੁਨਿਕ ਮਸ਼ੀਨਾਂ, ਕੰਪਿਊਟਰ, ਰਬੋਟ, ਬਣਾਵਟੀ ਬੌਧਿਕਤਾ, ਤਕਨੀਕੀ ਇਨਕਲਾਬ ਆਦਿ) ਕਾਰਨ (socially necessary labour time) 1/ਦਸ ਲੱਖ (ਘੰਟੇ ਜਾਂ ਦਿਨ, ਜੋ ਮਰਜ਼ੀ ਰੱਖ ਲਵੋ) ਚਾਹੀਦੇ ਹਨ। ਸਮਾਜ ਲਈ (socially surplus labour time) 9,99, 999/ਦਸ ਲੱਖ ਘੰਟੇ ਜਾਂ ਦਿਨ, ਸਮਾਜ ਕੋਲ ਵਾਧੂ, "ਸੁਤੰਤਰ ਸਮਾਂ" (Free time) ਹਾਸਲ ਹੋ ਗਿਆ ਹੈ।

ਮਾਰਕਸ ਕਹਿੰਦਾ, "ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰੀ ਸੰਬੰਧਾਂ" ਦਾ ਅਜੋੜ ਨਹੀਂ ਚੱਲ ਸਕਦਾ, ਸਰਮਾਏਦਾਰੀ ਪੈਦਾਵਾਰੀ ਢੰਗ ਨਹੀਂ ਚੱਲ ਸਕਦਾ। ਇਸ ਦਾ ਸਥਾਨ ਲਾਜ਼ਮ ਤੌਰ 'ਤੇ ਇਕ ਹੋਰ ਉਚੇਰੇ ਪੈਦਾਵਾਰੀ ਢੰਗ ਨੇ ਲੈ ਲੈਣਾ ਹੈ, ਜਿਸ ਦਾ ਉਦੇਸ਼ ਕਿਰਤ ਦੀ ਲੁੱਟ, ਵਾਧੂ ਮੁਨਾਫਾ ਦੀ ਨਿੱਜੀ ਪ੍ਰਾਪਤੀ ਦੀ ਥਾਂ ਪੈਦਾ ਹੋ ਰਹੇ ਵਾਧੂ ਸਮਾਂ, ਸਮਾਜ ਦੀ ਦ੍ਰਿਸ਼ਟੀ ਤੋਂ "ਸੁਤੰਤਰ ਸਮਾਂ" (free time) ਨੂੰ ਸਮਾਜ ਲਈ, ਸਭਨਾਂ ਲਈ, ਮਨੁੱਖ ਦੇ ਸਰਵਪੱਖੀ ਵਿਕਾਸ ਲਈ ਵਰਤਣਾ ਹੋਵੇਗਾ।

ਬੁਰਜੂਆ ਰਾਜਨੀਤਕ-ਆਰਥਿਕਤਾ ਦੇ "ਅੰਤ" (ਖਤਮੇ) ਦਾ ਹੋਕਾ ਫੋਕਾ ਨਹੀਂ ਹੈ। ਇਸ ਦਾ ਖਾਤਮਾ ਅਤੇ ਵਿਗਿਆਨਕ ਸਾਂਝੀਵਾਲ ਸਮਾਜ ਦਾ ਉਸਰਨਾ ਅਟੱਲ ਹੈ।

ਮਾਰਕਸ ਦੇ ਆਪਣੇ ਸ਼ਬਦਾਂ ਵਿੱਚ : ਪੂੰਜੀ ਬੁਰਜੂਆਜੀ ਉੱਤੇ ਦਾਗਿਆ ਗਿਆ "ਅਤਿਅੰਤ ਭਿਆਨਕ ਮਿਜ਼ਾਈਲ" ਹੈ। ਇਹ ਅਪੀਲ ਦੇ ਹੱਕ ਤੋਂ ਬਿਨਾਂ ਬੁਰਜੂਆਜੀ ਨੂੰ ਸੁਣਾਈ ਗਈ "ਮੌਤ ਦੀ ਸਜ਼ਾ" ਹੈ।

ਜਮਾਤੀ ਘੋਲ ਇਸ ਦਾਰਸ਼ਨਿਕ ਸਮਝਦਾਰੀ ਨੂੰ 'ਅਮਲ ਵਿੱਚ ਵਰਤੋਂ' ਨਾਲ ਸੰਬੰਧਤ ਹੈ।

ਅਤੇ 'ਮੁਨਾਫੇ ਦੇ ਵਾਧੇ ਦੀ ਘਟਦੀ ਦਰ' ਉਸ ਦਾ "ਅੰਤ" ਬਣਦੀ ਹੈ।

ਮਾਰਕਸ ਦੀ ਮਹਾਨ ਕਿਰਤ "ਦਾਸ ਕੈਪੀਟਲ" 1867 ਵਿੱਚ ਜਰਮਨ ਭਾਸ਼ਾ ਵਿੱਚ ਛਪੀ ਸੀ। ਮਾਰਕਸ ਨੇ ਦੂਜੀ ਜਰਮਨ ਐਡੀਸਨ ਦੀ ਭੂਮਿਕਾ ਵਿਚ ਪਹਿਲੀ ਜਰਮਨ ਐਡੀਸਨ ਵਿਚਲੀ ਉਕਤਾਈ ਦੀ ਸੋਧ ਦਾ ਜ਼ਿਕਰ ਕੀਤਾ :

"ਪਹਿਲੇ ਕਾਂਡ ਦੇ ਉਪ-ਭਾਗ 1 ਵਿੱਚ ਉਹਨਾਂ ਸਮੀਕਰਨਾਂ ਦੇ ਵਿਸ਼ਲੇਸ਼ਣ ਤੋਂ ਜਿਨ੍ਹਾਂ ਦੁਆਰਾ ਹਰ ਵਟਾਂਦਰਾ-ਕਦਰ (Exchange Value) ਪ੍ਰਗਟਾਈ ਜਾਂਦੀ ਹੈ, ਕਦਰ (value) ਦੀ ਵਿਉਂਤਪਤੀ ਪਹਿਲਾਂ ਨਾਲੋਂ ਵਧੇਰੇ ਵਿਗਿਆਨਕ ਕਰੜਾਈ ਨਾਲ ਕੀਤੀ ਗਈ ਹੈ।

ਇਸੇ ਤਰ੍ਹਾਂ ਸਮਾਜਿਕ ਦ੍ਰਿਸ਼ਟੀ ਤੋਂ ਲੋੜੀਂਦੇ ਕਿਰਤ-ਸਮੇਂ (socially necessary labour time) ਦੁਆਰਾ ਕਦਰ ਦਾ ਆਕਾਰ ਮਿੱਥਣ ਅਤੇ ਕਦਰ ਦੇ ਸਾਰ ਵਿਚਲੇ ਸੰਬੰਧ ਵੱਲ ਜਿੱਥੇ ਪਹਿਲੀ ਐਡੀਸਨ ਵਿਚ ਇਸ਼ਾਰਾ ਕੀਤਾ ਗਿਆ ਸੀ, ਉੱਥੇ ਹੁਣ ਉਸ ਉੱਤੇ ਖਾਸ ਜ਼ੋਰ ਦਿੱਤਾ ਗਿਆ ਹੈ।"

ਸੋ ਆਓ ਹੁਣ "ਖਾਸ ਜ਼ੋਰ" ਦਿੱਤਾ ਗਿਆ ਹੈ ਵਾਲੇ ਸੂਤਰ "ਕਿਰਤ ਸਮਾਂ" ਨੂੰ ਲਾਗੂ ਕਰੀਏ।

ਜ ਕ ਅਤੇ ਵ ਕ ਨੂੰ ਨਵੇਂ ਸੂਤਰ ਵਿੱਚ ਲਿਖਿਆਂ ਹੁਣ ਜ਼ਰੂਰੀ ਕਿਰਤ ਸਮਾਂ (ਜ ਕ ਸ) ਅਤੇ ਵਾਧੂ ਕਿਰਤ ਸਮਾਂ (ਵ ਕ ਸ) ਵਜੋਂ ਵਿਚਾਰਾਂਗੇ।

(ਦੂਜਾ) ਮਾਰਕਸ ਇਕਾਈ (micro) ਪੱਧਰ 'ਤੇ ਨਹੀਂ ਸਮਾਜਕ (micro) ਪੱਧਰ 'ਤੇ ਵਿਚਾਰ ਕਰਦਾ ਹੈ ।

ਇਸ ਲਈ "ਸਮਾਜਕ ਜ਼ਰੂਰੀ ਕਿਰਤ ਸਮਾਂ"

(socially necessary labour time)

ਅਤੇ "ਸਮਾਜਕ ਵਾਧੂ ਕਿਰਤ ਸਮਾਂ" (socially surplus labour time) ਦੀਆਂ ਧਾਰਨਾਵਾਂ ਪ੍ਰਗਟ ਹੋ ਗਈਆਂ ਹਨ।

ਹੁਣ ਜ਼ਰੂਰੀ ਕਿਰਤ ਸਮਾਂ (ਜ ਕ ਸ ) ਅਤੇ ਵਾਧੂ ਕਿਰਤ ਸਮਾਂ (ਵ ਕ ਸ) ਦੀ ਵਰਤੋਂ ਕਰਾਂਗੇ ਤਾਂ ਕਿ ਸੌਖਾ ਰਹੇ।

ਜੇ ਉਤਪਾਦਕਤਾ ਦੇ ਇਕ ਪੜਾਅ ਤੇ ਜ ਕ ਸ ਅਤੇ ਵ ਕ ਸ ਦਾ ਅਨੁਪਾਤ ਬਰਾਬਰ [(ਅੱਧਾ: ਅੱਧਾ) (1/2 : 1/2)] ਹੋਵੇ ਤਾਂ ਉਤਪਾਦਕਤਾ ਦੁਗਣੀ ਹੋਣ ਤੇ ਅਨੁਪਾਤ ਬਦਲ ਕੇ ਜ ਕ ਸ=( 1/2ਦਾ ਅੱਧਾ=1/4 ਅਤੇ ਵ ਕ ਸ = 3/4 ਹੋ ਜਾਵੇਗਾ । (ਜਿਨਾਂ ਘਟਿਆ ਹੈ, ਉਹ ਦੂਜੇ ਪਾਸੇ ਜਮ੍ਹਾਂ ਹੈ)

ਹਰ ਵਾਰ ਉਤਪਾਦਕਤਾ ਦੁਗਣੀ ਹੋਣ 'ਤੇ ਇਹੀ ਵਾਪਰੇਗਾ

ਕਿਉਂਕਿ ਦੋਵੇਂ ਉਲਟ ਅਨੁਪਾਤੀ ਹਨ, ਜਿੰਨਾ ਇਕ ਘਟੇਗਾ, ਓਨਾ ਦੂਜਾ ਵਧੇਗਾ, ਪਰ ਵਾਧਾ ਘਟਦੀ ਦਰ ਨਾਲ ਹੋਵੇਗਾ।

ਮੁੜ ਮੁੜ ਉਤਪਾਦਕਤਾ ਦੁਗਣੀ ਹੋਣ ਦੇ ਵਰਤਾਰੇ ਨਾਲ :

ਹੇਠਲਾ ਟੇਬਲ ਬਣੇਗਾ।

ਜ ਕ ਸ= 1/8 ਹੈ ਤਾਂ ਵ ਕ ਸ = 7/8 ਹੋਵੇਗਾ,
ਜ ਕ ਸ = 1/16 ਹੈ ਤਾਂ ਵ ਕ ਸ= 15/16 ਹੋਵੇਗਾ,
ਜ ਕ ਸ=1/32 ਹੈ ਤਾਂ ਵ ਕ ਸ= 31/32.

ਇਸ ਤਰਾਂ ਮਾਰਕਸ ਵਿਸਤਾਰ ਵਿੱਚ ਜਾਂਦਿਆਂ ਕਹਿੰਦਾ ਹੈ:

ਮੰਨ ਲਓ ਉਤਪਾਦਕਤਾ ਦੇ ਵਾਧੇ ਨਾਲ

ਜ ਕ ਸ=1/1000 ਹੈ ਤਾਂ ਵ ਕ ਸ = 999/1000 ਹੈ।

ਮੁੜ ਉਤਪਾਦਕਤਾ ਹਜ਼ਾਰ ਦਿਹਾੜੀ ਗੁਣਾ ਵਧ ਜਾਵੇ ਤਾਂ

ਜ ਕ ਸ=1/10,00,000 ਹੋਵੇਗਾ ਅਤੇ

ਵ ਕ ਸ= 9,99,999/10,00,000 ਹੋਵੇਗਾ।

ਨਤੀਜਾ ਸਪੱਸ਼ਟ ਹੋ ਗਿਆ, ਸਮਾਜ ਨੂੰ ਵਧੀ ਉਤਪਾਦਕਤਾ (ਆਧੁਨਿਕ ਮਸ਼ੀਨਾਂ , ਕੰਪਿਊਟਰ, ਰਬੋਟ, ਬਣਾਵਟੀ ਬੌਧਿਕਤਾ , ਤਕਨੀਕੀ ਇਨਕਲਾਬ ਆਦਿ) ਕਾਰਨ (socially necessary labour time) 1/ ਦਸ ਲੱਖ (ਘੰਟੇ ਜਾਂ ਦਿਨ, ਜੋ ਮਰਜ਼ੀ ਰੱਖ ਲਵੋ) ਚਾਹੀਦੇ ਹਨ । ਸਮਾਜ ਲਈ (socially surplus labour time ) 9,99, 999/ਦੱਸ ਲੱਖ ਘੰਟੇ ਜਾਂ ਦਿਨ , ਸਮਾਜ ਕੋਲ ਵਾਧੂ , "ਸੁਤੰਤਰ ਸਮਾਂ " (6ree time ) ਹਾਸਲ ਹੋ ਗਿਆ ਹੈ।

ਮਾਰਕਸ ਕਹਿੰਦਾ, "ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰੀ ਸੰਬੰਧਾਂ" ਦਾ ਅਜੋੜ ਨਹੀਂ ਚੱਲ ਸਕਦਾ , ਸਰਮਾਏਦਾਰੀ ਪੈਦਾਵਾਰੀ ਢੰਗ ਨਹੀਂ ਚੱਲ ਸਕਦਾ। ਇਸ ਦਾ ਸਥਾਨ ਲਾਜ਼ਮੀ ਤੌਰ 'ਤੇ ਇਕ ਹੋਰ ਉਚੇਰੇ ਪੈਦਾਵਾਰੀ ਢੰਗ ਨੇ ਲੈ ਲੈਣਾ ਹੈ, ਜਿਸ ਦਾ ਉਦੇਸ ਕਿਰਤ ਦੀ ਲੁੱਟ, ਵਾਧੂ ਮੁਨਾਫਾ ਦੀ ਨਿੱਜੀ ਪ੍ਰਾਪਤੀ ਦੀ ਥਾਂ ਪੈਦਾ ਹੋ ਰਹੇ ਵਾਧੂ ਸਮਾਂ, ਸਮਾਜ ਦੀ ਦ੍ਰਿਸਟੀ ਤੋਂ "ਸੁਤੰਤਰ ਸਮਾਂ" (free time) ਨੂੰ ਸਮਾਜ ਲਈ, ਸਭਨਾਂ ਲਈ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਵਰਤਣਾ ਹੋਵੇਗਾ।

ਬੁਰਜੂਆ ਰਾਜਨੀਤਕ-ਅਰਥਿਕਤਾ ਦੇ 'ਅੰਤ' (ਖਾਤਮੇ) ਦਾ ਹੋਕਾ ਫੋਕਾ ਨਹੀਂ ਹੈ। ਇਸ ਦਾ ਖਾਤਮਾ ਅਤੇ ਵਿਗਿਆਨਕ ਸਾਂਝੀਵਾਲ ਸਮਾਜ ਦਾ ਉਸਰਨਾ ਅਟੱਲ ਹੈ।

ਮਾਰਕਸ ਦੇ ਆਪਣੇ ਸ਼ਬਦਾਂ ਵਿੱਚ : ਪੂੰਜੀ ਬੁਰਜੂਆਜੀ ਉੱਤੇ ਦਾਗਿਆ ਗਿਆ "ਅਤਿਅੰਤ ਭਿਆਨਕ ਮਿਜ਼ਾਈਲ" ਹੈ। ਇਹ ਅਪੀਲ ਦੇ ਹੱਕ ਤੋਂ ਬਿਨਾਂ ਬੁਰਜੂਆਜੀ ਨੂੰ ਸੁਣਾਈ ਗਈ "ਮੌਤ ਦੀ ਸਜ਼ਾ" ਹੈ।

ਜਮਾਤੀ-ਘੋਲ ਇਸ ਦਾਰਸ਼ਨਿਕ ਸਮਝਦਾਰੀ ਨੂੰ 'ਅਮਲ ਵਿੱਚ ਵਰਤੋਂ' ਨਾਲ ਸੰਬੰਧਤ ਹੈ।

ਕੁਦਰਤ ਅਤੇ ਸਮਾਜਕ ਦਵੰਦਵਾਦ ਦੇ ਨੇਮ ਤੇ ਸੱਤਾ!

ਲੜੀ-10 (ਭਾਗ-3/6)

ਆਓ, ਵਿਗਿਆਨਿਕ ਸਾਂਝੀਵਾਲ ਸਮਾਜ ਵੱਲ ਵਧਣ ਦੇ ਦਿਸ਼ਾ-ਨਿਰਦੇਸ਼ ਵੀ ਪੜਚੋਲ ਲਈਏ :

* # ਦਰਸ਼ਨ- "ਪਦਾਰਥਵਾਦੀ ਵਿਰੋਧ ਵਿਕਾਸ"

"ਪਦਾਰਥ ਵਿਚਾਰ ਦਾ ਨਿਰਧਾਰਨ ਕਰਦਾ ਹੈ ਅਤੇ ਵਿਚਾਰ ਪਦਾਰਥ ਨੂੰ ਪ੍ਰਭਾਵਤ ਕਰਦਾ ਹੈ।

ਸਮਾਜਕ ਵਿਚਾਰ, ਸਮਾਜਕ ਹਾਲਤਾਂ ਦੀ ਉਪਜ ਹੁੰਦੇ ਹਨ ਅਤੇ ਹਾਲਤਾਂ ਬਦਲਣ ਦਾ ਹਥਿਆਰ ਵੀ ਹੁੰਦੇ ਹਨ।"

* # ਰਾਜਸੀ ਆਰਥਿਕਤਾ : (ਜਿਣਸ ਉਤਪਾਦਨ, ਮੁੱਲ ਅਤੇ ਵਾਧੂ ਮੁੱਲ ਦਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਪ੍ਰੋਫੈਸਰ ਸਾਈਬਾਬਾ ਦੀ ਰਿਹਾਈ ਉੱਪਰ ਰੋਕ; ਸੁਪਰੀਮ ਕੋਰਟ ਦਾ ਪੱਖਪਾਤ ਜੱਗ ਜ਼ਾਹਿਰ

ਬੂਟਾ ਸਿੰਘ ਮਹਿਮੂਦਪੁਰ

'ਜਿੱਥੋਂ ਤੱਕ ਦਹਿਸ਼ਤਵਾਦੀ ਜਾਂ ਮਾਓਵਾਦੀ ਸਰਗਰਮੀਆਂ ਦਾ ਸਵਾਲ ਹੈ, ਦਿਮਾਗ ਜ਼ਿਆਦਾ ਖ਼ਤਰਨਾਕ ਹੁੰਦਾ ਹੈ। ਪ੍ਰਤੱਖ ਸ਼ਮੂਲੀਅਤ ਲਾਜ਼ਮੀ ਨਹੀਂ ਹੈ।' ਇਹ ਸ਼ਬਦ ਜਸਟਿਸ ਐੱਮ.ਆਰ. ਸ਼ਾਹ ਨੇ 15 ਅਕਤੂਬਰ ਨੂੰ ਪ੍ਰੋਫੈਸਰ ਸਾਈਬਾਬਾ ਦੇ ਕੇਸ ਵਿਚ ਹਾਈਕੋਰਟ ਦੇ ਆਦੇਸ਼ ਨੂੰ ਰੱਦ ਕਰਦਿਆਂ ਕਹੇ। ਹਾਈਕੋਰਟ ਦਾ ਇਹ ਆਦੇਸ਼ ਮਹਾਰਾਸ਼ਟਰ ਸਰਕਾਰ ਲਈ ਵੱਡੀ ਪਛਾੜ ਸੀ, ਕਿਉਂਕਿ ਸੰਘ ਬਰਗੇਡ ਨਹੀਂ ਚਾਹੁੰਦਾ ਕਿ ਕਥਿਤ ਵਿਕਾਸ 'ਚ ਰੁਕਾਵਟ ਬਣਨ ਦੇ ਝੂਠੇ ਆਧਾਰ 'ਤੇ ਸਾਢੇ ਪੰਜ ਸਾਲ ਤੋਂ ਜੇਲ੍ਹ ਵਿਚ ਸੜ ਰਿਹਾ ਪ੍ਰੋਫੈਸਰ ਅਤੇ ਲੋਕ ਹੱਕਾਂ ਦੇ ਹੋਰ ਕਾਰਕੁੰਨ ਰਿਹਾਅ ਹੋ ਜਾਣ। ਭਾਰਤੀ ਹੁਕਮਰਾਨ ਜਮਾਤ ਵੱਲੋਂ ਲਾਗੂ ਕੀਤੇ ਜਾ ਰਹੇ 'ਵਿਕਾਸ' ਮਾਡਲ ਬਾਰੇ ਜਾਗਰੂਕ ਹਿੱਸੇ ਅਵਾਮ ਨੂੰ ਲਗਾਤਾਰ ਸੁਚੇਤ ਕਰਦੇ ਆ ਰਹੇ ਹਨ ਕਿ ਇਹ ਵਿਆਪਕ ਤਬਾਹੀ, ਉਜਾੜੇ ਅਤੇ ਕਿਰਤੀਆਂ ਦੀ ਨਸਲਕੁਸ਼ੀ ਦਾ ਦੂਜਾ ਨਾਂਅ ਹੈ। 'ਦਿਮਾਗ ਜ਼ਿਆਦਾ ਖ਼ਤਰਨਾਕ', 'ਵਿਕਾਸ ਵਿਰੋਧੀ', 'ਵਿਕਾਸ 'ਚ ਰੁਕਾਵਟ' ਇਹ ਦਰਅਸਲ ਆਲਮੀ ਅਤੇ ਦੇਸੀ ਕਾਰਪੋਰੇਟਾਂ ਦੇ ਦਲਾਲ ਹੁਕਮਰਾਨਾਂ ਦੀ ਬੋਲੀ ਹੈ, ਜਿਸ ਨੂੰ ਬੋਲਣ 'ਚ ਭਾਰਤ ਦੇ ਜੱਜਾਂ ਨੂੰ ਵੀ ਗੁਰੇਜ਼ ਨਹੀਂ ਹੈ। ਇਹ ਕੁਤਰਕ ਇਸੇ ਕੇਸ 'ਚ ਮਾਰਚ 2017 'ਚ ਗੜ੍ਹਚਿਰੌਲੀ ਸੈਸ਼ਨਜ਼ ਅਦਾਲਤ ਦੇ ਜੱਜ ਨੇ ਪ੍ਰੋਫੈਸਰ ਸਾਈਬਾਬਾ ਅਤੇ ਪੰਜ ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਆਪਣੇ ਫ਼ੈਸਲੇ 'ਚ ਦਿੱਤਾ ਸੀ। ਜੱਜ ਨੇ ਆਪਣੇ ਫ਼ੈਸਲੇ 'ਚ ਸੂਰਜਗੜ੍ਹ ਪ੍ਰੋਜੈਕਟ ਦਾ ਵਾਰ-ਵਾਰ ਜ਼ਿਕਰ ਕੀਤਾ ਸੀ, ਜੋ ਆਦਿਵਾਸੀਆਂ ਨੂੰ ਜੰਗਲਾਂ 'ਚੋਂ ਉਜਾੜ ਕੇ ਅਤੇ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾ ਕੇ ਲਗਾਇਆ ਗਿਆ। ਹੁਣ ਉਹੀ ਗੱਲ ਸ਼ਬਦਾਂ ਦੇ ਫ਼ਰਕ ਨਾਲ ਸੁਪਰੀਮ ਕੋਰਟ ਦੇ ਬੈਂਚ ਨੇ ਦੁਹਰਾਈ ਹੈ। ਨਾ ਭਾਰਤੀ ਹੁਕਮਰਾਨਾਂ ਨੂੰ ਲੋਕ ਹਿੱਤਾਂ ਦੀ ਗੱਲ ਕਰਨ ਵਾਲੇ ਰੋਸ਼ਨ-ਖ਼ਿਆਲ ਬੁੱਧੀਜੀਵੀ ਪਸੰਦ ਹਨ, ਨਾ ਅਦਾਲਤਾਂ ਦੇ ਜੱਜਾਂ ਨੂੰ। ਕਾਇਰ ਫਾਸ਼ੀਵਾਦੀ ਸਭ ਤੋਂ ਜ਼ਿਆਦਾ ਬੌਧਿਕਤਾ ਤੋਂ ਭੈਅਭੀਤ ਰਹਿੰਦੇ ਹਨ। ਉਨ੍ਹਾਂ ਨੂੰ ਤਾਂ ਥੋਥੇ ਦਿਮਾਗਾਂ ਵਾਲੇ ਅੰਨ੍ਹੇ ਰਾਸ਼ਟਰ-ਭਗਤ ਦਰਕਾਰ ਹਨ।

ਅਦਾਲਤੀ ਫ਼ੈਸਲਿਆਂ ਵਿਰੁੱਧ ਭਾਰਤੀ ਹੁਕਮਰਾਨਾਂ ਵੱਲੋਂ ਉਚੇਰੀ ਅਦਾਲਤ 'ਚ ਅਪੀਲ ਹਮੇਸ਼ਾ ਚੁਣਵੀਂ ਅਤੇ ਇਕਤਰਫ਼ਾ ਰਹੀ ਹੈ। ਚਾਹੇ ਬਾਬਰੀ ਮਸਜਿਦ ਢਾਹੁਣ ਵਾਲੇ ਭਗਵੇਂ ਮੁਜਰਿਮਾਂ ਨੂੰ ਬਰੀ ਕਰਨ ਦਾ ਕੇਸ ਸੀ ਜਾਂ ਸਮਝੌਤਾ ਐਕਸਪ੍ਰੈੱਸ ਬੰਬ ਕਾਂਡ ਵਿਚ ਅਸੀਮਾਨੰਦ ਅਤੇ ਹੋਰ ਹਿੰਦੂਤਵੀ ਦਹਿਸ਼ਤਗਰਦਾਂ ਨੂੰ ਬਰੀ ਕੀਤੇ ਜਾਣ ਦਾ ਕੇਸ ਜਾਂ ਇਸ ਤਰ੍ਹਾਂ ਦੇ ਹੋਰ ਕੇਸ, ਹਿੰਦੂਤਵ ਬਰਗੇਡ ਦੀ ਸਰਕਾਰ ਨੇ ਅਦਾਲਤ ਦੇ ਫ਼ੈਸਲੇ ਵਿਰੁੱਧ ਅਪੀਲ ਕਰਨ ਤੋਂ ਸਪੱਸ਼ਟ ਨਾਂਹ ਕਰ ਦਿੱਤੀ ਸੀ, ਕਿਉਂਕਿ ਉਹ ਹੁਕਮਰਾਨ ਧਿਰ ਦੇ ਆਪਣੇ ਦਹਿਸ਼ਤੀ ਗੈਂਗ ਸਨ, ਪਰ ਲੋਕ ਹੱਕਾਂ ਦੇ ਪਹਿਰੇਦਾਰਾਂ ਦੀ ਰਿਹਾਈ ਦੇ ਆਦੇਸ਼ ਨੂੰ ਚੁਣੌਤੀ ਦੇਣ ਲਈ ਕੁਝ ਘੰਟੇ ਬਾਅਦ ਹੀ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਮਹਾਰਾਸ਼ਟਰ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਜਾ ਪਹੁੰਚਿਆ ਅਤੇ ਰਿਹਾਈ ਰੋਕਣ ਦੀ ਅਪੀਲ ਦਾਇਰ ਕਰ ਦਿੱਤੀ। ਪ੍ਰੋਫੈਸਰ ਸਾਈਬਾਬਾ ਅਤੇ ਚਾਰ ਹੋਰ ਕਾਰਕੁੰਨਾਂ ਦੀ ਰਿਹਾਈ ਦਾ ਕੇਸ ਐਮਰਜੈਂਸੀ ਕੇਸ ਨਹੀਂ ਸੀ, ਪਰ ਇਸ ਦੇ ਬਾਵਜੂਦ ਹਕੂਮਤ ਨੇ ਸੁਪਰੀਮ ਕੋਰਟ ਉੱਪਰ ਦਬਾਓ ਪਾ ਕੇ ਇਸ ਨੂੰ ਐਮਰਜੈਂਸੀ ਸੁਣਵਾਈ ਦੀ ਸੂਚੀ ਵਿਚ ਸ਼ਾਮਲ ਕਰਵਾ ਲਿਆ। ਪਹਿਲਾਂ ਤਾਂ ਸੀਨੀਅਰ ਜਸਟਿਸ ਵਾਈ.ਵੀ. ਚੰਦਰਚੂੜ ਨੇ ਬਰੀ ਕਰਨ ਦੇ ਆਦੇਸ਼ ਨੂੰ ਰੋਕਣ ਤੋਂ ਨਾਂਹ ਕਰ ਦਿੱਤੀ, ਪਰ ਬਾਅਦ 'ਚ ਭਗਵੀਂ ਹਕੂਮਤ ਦੇ ਦਬਾਓ ਅੱਗੇ ਝੁਕਦਿਆਂ ਸੁਪਰੀਮ ਕੋਰਟ ਨੇ ਅਗਲੇ ਹੀ ਦਿਨ ਵਿਸ਼ੇਸ਼ ਸੁਣਵਾਈ ਕਰਕੇ ਆਦੇਸ਼ ਨੂੰ ਉਲਟਾਉਣ ਲਈ 'ਵਿਸ਼ੇਸ਼ ਬੈਂਚ' ਬਣਾ ਦਿੱਤਾ, ਜਦਕਿ ਇਹ ਰੈਗੂਲਰ ਬੈਂਚ ਵੱਲੋਂ ਸੁਣਵਾਈ ਕੀਤੇ ਜਾਣ ਦਾ ਕੇਸ ਸੀ। ਬੈਂਚ ਦੇ ਫ਼ੈਸਲੇ ਨੇ ਸਾਬਤ ਕਰ ਦਿੱਤਾ ਕਿ ਇਹ ਜ਼ਾਹਰਾ ਤੌਰ 'ਤੇ ਹਕੂਮਤ ਦੀ ਇੱਛਾ ਅਨੁਸਾਰ ਸੁਣਾਇਆ ਰਾਜਨੀਤਕ ਫ਼ੈਸਲਾ ਹੈ। ਸੁਪਰੀਮ ਕੋਰਟ ਵੱਲੋਂ ਪਹਿਲੀ ਸੁਣਵਾਈ 'ਚ ਹੀ ਹਾਈਕੋਰਟ ਦੇ ਫ਼ੈਸਲੇ ਉੱਪਰ ਰੋਕ ਲਾਉਣਾ ਅਸਧਾਰਨ ਅਦਾਲਤੀ ਸਰਗਰਮੀ ਹੈ। ਕਾਨੂੰਨੀ ਮਾਹਿਰ ਸੁਪਰੀਮ ਕੋਰਟ ਦੀ ਇਸ ਕਾਹਲ ਤੋਂ ਹੈਰਾਨ-ਪ੍ਰੇਸ਼ਾਨ ਹਨ। ਜਿੱਥੋਂ ਤੱਕ ਜਸਟਿਸ ਸ਼ਾਹ ਦਾ ਸਵਾਲ ਹੈ, ਸੁਪਰੀਮ ਕੋਰਟ ਦੇ ਰੋਸਟਰ ਅਨੁਸਾਰ ਉਸ ਨੂੰ ਫ਼ੌਜਦਾਰੀ ਕੇਸ ਅਲਾਟ ਨਹੀਂ ਕੀਤੇ ਜਾਂਦੇ। ਲਿਹਾਜ਼ਾ ਇਸ ਬੈਂਚ ਵਿਚ ਜਸਟਿਸ ਸ਼ਾਹ ਸ਼ਾਮਲ ਕਰਨਾ ਅਤੇ ਉਸ ਵੱਲੋਂ ਸੁਣਵਾਈ ਇਸ ਪੱਖੋਂ ਵੀ ਸਵਾਲਾਂ ਦੇ ਘੇਰੇ 'ਚ ਹੈ।

ਬੰਬਈ ਹਾਈਕੋਰਟ ਦੇ ਬੈਂਚ ਨੇ ਪ੍ਰੋਫੈਸਰ ਸਾਈਬਾਬਾ ਅਤੇ ਪੰਜ ਹੋਰਾਂ ਨੂੰ ਮਾਓਵਾਦੀ ਪਾਰਟੀ ਨਾਲ ਸੰਬੰਧ ਦੇ ਕੇਸ ਵਿਚ ਬਰੀ ਕਰਦਿਆਂ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਮਹਾਰਾਸ਼ਟਰ ਸਰਕਾਰ ਇਸ ਆਦੇਸ਼ ਨੂੰ ਰੱਦ ਕਰਾਉਣ ਲਈ ਤੁਰੰਤ ਹਰਕਤ 'ਚ ਆ ਗਈ। ਇਸ ਅਪੀਲ 'ਤੇ ਸੁਪਰੀਮ ਕੋਰਟ ਨੇ ਸ਼ਨੀਵਾਰ ਨੂੰ ਛੁੱਟੀ ਵਾਲੇ ਦਿਨ ਵਿਸ਼ੇਸ਼ ਸੁਣਵਾਈ ਕੀਤੀ ਅਤੇ ਪ੍ਰੋਫੈਸਰ ਸਾਈਬਾਬਾ ਤੇ ਉਨ੍ਹਾਂ ਦੇ ਸਾਥੀ ਹੋਰ ਚਾਰ ਕੈਦੀਆਂ ਦੀ ਰਿਹਾਈ ਉੱਪਰ ਇਹ ਕਹਿ ਕੇ ਰੋਕ ਲਗਾ ਦਿੱਤੀ ਕਿ 'ਇਸ ਵਿਚ ਸ਼ਾਮਲ ਜੁਰਮ ਬਹੁਤ ਗੰਭੀਰ ਸੁਭਾਅ ਦੇ ਹਨ ਅਤੇ ਮੁਲਜ਼ਮਾਂ ਨੂੰ ਸਬੂਤਾਂ ਦੀ ਵਿਸਤਾਰਤ ਸਮੀਖਿਆ ਤੋਂ ਬਾਅਦ ਹੀ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਸ ਤਰ੍ਹਾਂ ਜੇ ਹਾਈਕੋਰਟ ਮੈਰਿਟ ਦੇ ਆਧਾਰ 'ਤੇ ਫ਼ੈਸਲਾ ਸੁਣਾਉਂਦਾ ਤਾਂ ਉਚਿਤ ਹੁੰਦਾ। ਸਮਾਜ ਦੇ ਹਿੱਤ, ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਵਿਰੁੱਧ ਜੁਰਮ ਬਹੁਤ ਗੰਭੀਰ ਹੈ।' ਸੁਪਰੀਮ ਕੋਰਟ ਦੇ ਬੈਂਚ ਦੀ ਦਲੀਲ ਹੈ ਕਿ ਹਾਈਕੋਰਟ ਨੇ ਕੇਸ ਦੇ ਮੈਰਿਟ ਉੱਪਰ ਵਿਚਾਰ ਨਹੀਂ ਕੀਤਾ ਹੈ। ਹਾਈਕੋਰਟ ਨੇ ਮੁਲਜ਼ਮਾਂ ਨੂੰ ਮਹਿਜ਼ ਇਸ ਆਧਾਰ 'ਤੇ ਬਰੀ ਕਰ ਦਿੱਤਾ ਕਿ ਇਸ ਕੇਸ ਵਿਚ ਯੂ.ਏ.ਪੀ.ਏ. ਲਗਾਉਣ ਲਈ ਉਚਿਤ ਮਨਜ਼ੂਰੀ ਨਹੀਂ ਲਈ ਗਈ ਸੀ। ਯੂ.ਏ.ਪੀ.ਏ. ਲਗਾਉਣ ਲਈ ਗ੍ਰਿਫ਼ਤਾਰੀ ਤੋਂ ਪੰਦਰਾਂ ਦਿਨ ਦੇ ਅੰਦਰ ਮਨਜ਼ੂਰੀ ਲੈਣੀ ਜ਼ਰੂਰੀ ਹੈ, ਪਰ ਪ੍ਰੋਫੈਸਰ ਸਾਈਬਾਬਾ ਦੇ ਕੇਸ 'ਚ ਮੁਕੱਦਮਾ ਸ਼ੁਰੂ ਹੋਣ ਤੋਂ ਬਾਅਦ ਮਨਜ਼ੂਰੀ ਲਈ ਗਈ। ਸਮੱਗਰੀ ਸੰਬੰਧਤ ਅਥਾਰਟੀ ਸਾਹਮਣੇ ਪੇਸ਼ ਕੀਤੀ ਗਈ ਅਤੇ ਉਸੇ ਦਿਨ ਮਨਜ਼ੂਰੀ ਦੇ ਦਿੱਤੀ ਗਈ ਸੀ। ਬਾਕੀ ਪੰਜਾਂ ਦੇ ਮਾਮਲੇ 'ਚ ਕਥਿਤ 'ਸੁਤੰਤਰ ਰਿਪੋਰਟ' ਨੇ ਬਿਨਾਂ ਕੋਈ ਵਾਜਬ ਕਾਰਨ ਦੱਸੇ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇਣ ਦੀ ਸਿਫ਼ਾਰਸ਼ ਕੀਤੀ ਸੀ। ਇਸੇ ਗ਼ੈਰ-ਕਾਨੂੰਨੀ ਪਹਿਲੂ ਦਾ ਨੋਟਿਸ ਲੈਂਦਿਆਂ ਬੰਬਈ ਹਾਈਕੋਰਟ ਨੇ ਆਪਣੇ ਹਾਲੀਆ ਆਦੇਸ਼ 'ਚ ਕਿਹਾ ਕਿ ਯੂ.ਏ.ਪੀ.ਏ. ਲਗਾਉਣ ਲਈ ਉਚਿਤ ਮਨਜ਼ੂਰੀ ਨਹੀਂ ਲਈ ਗਈ ਸੀ। ਹਾਈਕੋਰਟ ਨੇ ਇੱਥੋਂ ਤੱਕ ਕਿਹਾ ਕਿ 'ਕੌਮੀ ਸੁਰੱਖਿਆ ਨੂੰ ਕਥਿਤ ਖ਼ਤਰੇ' ਦੀ ਵੇਦੀ ਉੱਪਰ ਪ੍ਰਤੀਕਿਰਿਆਤਮਕ ਸੁਰੱਖਿਆ ਉਪਾਵਾਂ ਦੀ ਬਲੀ ਨਹੀਂ ਦਿੱਤੀ ਜਾ ਸਕਦੀ।

ਬਿਨਾਂ ਸ਼ੱਕ ਹਾਈਕੋਰਟ ਦੇ ਬੈਂਚ ਵੱਲੋਂ ਇਹ ਆਦੇਸ਼ ਉਚਿਤ ਮਨਜ਼ੂਰੀ ਨਾ ਲੈਣ ਦੇ ਤਕਨੀਕੀ ਆਧਾਰ 'ਤੇ ਦਿੱਤਾ ਗਿਆ ਹੈ ਪਰ ਹਾਈਕੋਰਟ ਨੇ ਇਹ ਵੀ ਸਪੱਸ਼ਟ ਕਿਹਾ ਹੈ ਕਿ ਇਹ ਮੁਕੱਦਮਾ ਸ਼ੁਰੂ ਤੋਂ ਹੀ ਖ਼ਾਮੀਆਂ ਵਾਲਾ ਸੀ। ਦਰਅਸਲ, ਇਹ ਖ਼ਾਮੀਆਂ ਨਹੀਂ ਸਨ, ਸਗੋਂ ਜਾਣ-ਬੁੱਝ ਕੇ ਕੀਤੀ ਘੋਰ ਉਲੰਘਣਾ ਸੀ। ਕੇਸ ਪੂਰੀ ਤਰ੍ਹਾਂ ਝੂਠਾ ਹੋਣ ਕਾਰਨ ਇਸ ਵਿਚ ਚੋਰ-ਮੋਰੀਆਂ ਦਾ ਹੋਣਾ ਤੈਅ ਸੀ।

90% ਅਪਾਹਜ ਪ੍ਰੋਫੈਸਰ ਸਾਈਬਾਬਾ ਅਤੇ ਉਸ ਦੇ ਨਾਲ ਹੋਰ ਕਾਰਕੁੰਨਾਂ ਨੂੰ ਜੇਲ੍ਹ 'ਚ ਤੁੰਨਣ ਦੀ ਵਜ੍ਹਾ ਕਿਸੇ ਤੋਂ ਗੁੱਝੀ ਨਹੀਂ ਹੈ। ਓਪਰੇਸ਼ਨ ਗ੍ਰੀਨ ਹੰਟ ਦਾ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰਨ, ਤਸੀਹੇ ਦੇਣ ਅਤੇ ਜੇਲ੍ਹਾਂ ਵਿਚ ਸਾੜਨ ਦੀ ਸੂਚੀ ਬਹੁਤ ਲੰਮੀ ਹੈ। ਪੱਤਰਕਾਰ ਪ੍ਰਸ਼ਾਂਤ ਰਾਹੀ, ਸਭਿਆਚਾਰਕ ਕਾਰਕੁਨ ਹੇਮ ਮਿਸ਼ਰਾ ਵੀ ਇਸੇ ਕਾਫ਼ਲੇ ਦਾ ਹਿੱਸਾ ਰਹੇ ਹਨ ਅਤੇ ਲੋਕ ਹੱਕਾਂ ਲਈ ਧੜੱਲੇ ਨਾਲ ਆਵਾਜ਼ ਉਠਾਉਣ ਵਾਲੇ ਬੌਧਿਕ ਕਾਮੇ ਹਨ। ਆਦਿਵਾਸੀ ਨੌਜਵਾਨ ਮਰਹੂਮ ਪਾਂਡੂ ਨਰੋਟੇ, ਮਹੇਸ਼ ਟਿਰਕੀ ਅਤੇ ਵਿਜੇ ਟਿਰਕੀ ਆਦਿਵਾਸੀ ਸੰਘਰਸ਼ ਦਾ ਹਿੱਸਾ ਰਹੇ ਹਨ। ਉਨ੍ਹਾਂ ਨੂੰ 'ਓਪਰੇਸ਼ਨ ਗ੍ਰੀਨ ਹੰਟ' ਦੇ ਨਾਂਅ ਹੇਠ ਭਾਰਤੀ ਹੁਕਮਰਾਨਾਂ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਵਿੱਢੀ ਜੰਗ ਵਿਰੁੱਧ ਆਵਾਜ਼ ਉਠਾਉਣ ਕਰਕੇ ਝੂਠੇ ਕੇਸ 'ਚ ਫਸਾਇਆ ਗਿਆ। ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ ਯੂ.ਏ.ਪੀ.ਏ.



ਲਗਾਏ ਜਾਣ ਤੋਂ ਹੀ ਹਕੂਮਤ ਦੀ ਮਨਸ਼ਾ ਸਪੱਸ਼ਟ ਹੋ ਗਈ ਸੀ ਕਿ ਹੁਕਮਰਾਨ ਆਦਿਵਾਸੀਆਂ ਦੀ ਨਸਲਕੁਸ਼ੀ ਦਾ ਵਿਰੋਧ ਕਰਨ ਵਾਲਿਆਂ ਦੀ ਜ਼ੁਬਾਨਬੰਦੀ ਕਰਨ 'ਤੇ ਤੁਲੇ ਹੋਏ ਹਨ। ਪ੍ਰੋਫੈਸਰ ਸਾਈਬਾਬਾ ਸਮੇਤ ਲੋਕਪੱਖੀ ਬੁੱਧੀਜੀਵੀਆਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਵੱਲੋਂ ਉਠਾਈ ਆਵਾਜ਼ ਕਾਰਨ ਭਾਰਤੀ ਹੁਕਮਰਾਨਾਂ ਨੂੰ ਬੇਸ਼ਰਮੀ ਨਾਲ ਮੁੱਕਰਨਾ ਪਿਆ ਸੀ ਕਿ ਭਾਰਤੀ ਰਾਜ ਵੱਲੋਂ ਮਾਓਵਾਦੀ ਜ਼ੋਰ ਵਾਲੇ ਇਲਾਕਿਆਂ ਵਿਚ ਕੋਈ 'ਓਪਰੇਸ਼ਨ ਗ੍ਰੀਨ ਹੰਟ' ਚਲਾਇਆ ਹੀ ਨਹੀਂ ਜਾ ਰਿਹਾ। ਦਰਅਸਲ, ਐਲਾਨੀਆ ਓਪਰੇਸ਼ਨ ਦੀ ਥਾਂ ਅਣਐਲਾਨੇ ਰੂਪ 'ਚ ਆਦਿਵਾਸੀ ਲੋਕਾਂ ਦੇ ਜੁਝਾਰੂ ਟਾਕਰੇ ਨੂੰ ਕੁਚਲਣ ਲਈ ਫ਼ੌਜ ਦੀ ਮਦਦ ਨਾਲ ਨੀਮ-ਫ਼ੌਜੀ ਲਸ਼ਕਰਾਂ ਅਤੇ ਪੁਲਸ ਦੀ ਮੁਹਿੰਮ ਨੇ ਲੈ ਲਈ, ਜੋ ਲਗਾਤਾਰ ਚੱਲ ਰਹੀ ਹੈ। ਜੰਗਲਾਂ-ਪਹਾੜਾਂ ਦੇ ਕੁਦਰਤੀ ਵਸੀਲਿਆਂ ਦੀ ਧਾੜਵੀ ਲੁੱਟਮਾਰ ਨੂੰ ਅੰਜਾਮ ਦੇਣ ਲਈ ਇਸ ਨੇ 'ਓਪਰੇਸ਼ਨ ਸਮਾਧਾਨ-ਪ੍ਰਹਾਰ' ਦੇ ਨਾਂਅ ਹੇਠ ਹੋਰ ਵੀ ਵਹਿਸ਼ੀ ਰੂਪ ਅਖ਼ਤਿਆਰ ਕੀਤਾ ਹੋਇਆ ਹੈ। ਯੂ.ਏ.ਪੀ.ਏ. ਲੋਕ ਹੱਕਾਂ ਦੇ ਪਹਿਰੇਦਾਰਾਂ ਨੂੰ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿਚ ਸਾੜਨ ਦਾ ਹਥਿਆਰ ਹੈ ਤਾਂ ਜੁ ਉਹ ਜ਼ਮਾਨਤ ਨਾ ਲੈ ਸਕਣ ਅਤੇ ਉਨ੍ਹਾਂ ਨੂੰ ਬਿਨਾਂ ਇਲਾਜ ਜੇਲ੍ਹਾਂ 'ਚ ਮਾਰਿਆ ਜਾ ਸਕੇ। ਪ੍ਰੋਫੈਸਰ ਸਾਈਬਾਬਾ ਦੇ ਸਹਿ-ਮੁਲਜ਼ਮ ਆਦਿਵਾਸੀ ਨੌਜਵਾਨ ਪਾਂਡੂ ਨਰੋਟੇ ਅਤੇ ਭੀਮਾ-ਕੋਰੇਗਾਓਂ ਕੇਸ ਵਿਚ ਗ੍ਰਿਫ਼ਤਾਰ ਕੀਤੇ ਸਟੇਨ ਸਵਾਮੀ ਦਾ ਜੇਲ੍ਹ ਵਿਚ ਇਸੇ ਤਰ੍ਹਾਂ ਬਿਨਾਂ ਇਲਾਜ ਸੰਸਥਾਗਤ ਕਤਲ ਕੀਤਾ ਗਿਆ। ਪ੍ਰੋਫੈਸਰ ਸਾਈਬਾਬਾ, ਐਡਵੋਕੇਟ ਸੁਰਿੰਦਰ ਗਾਡਲਿੰਗ, ਪ੍ਰੋਫੈਸਰ ਵਰਨੋਨ, ਅਰੁਣ ਫ਼ਰੇਰਾ ਨੂੰ ਅੰਤਮ ਸਵਾਸ ਲੈ ਰਹੇ ਆਪਣੇ ਮਾਪਿਆਂ ਨੂੰ ਮਿਲਣ ਲਈ ਪੈਰੋਲ ਉੱਪਰ ਜ਼ਮਾਨਤ ਵੀ ਨਹੀਂ ਦਿੱਤੀ ਗਈ, ਜੋ ਕਿ ਸਜ਼ਾਯਾਫ਼ਤਾ ਕੈਦੀਆਂ ਦਾ ਮੁੱਢਲਾ ਮਨੁੱਖੀ ਹੱਕ ਹੈ।

ਭਾਰਤੀ ਅਦਾਲਤੀ ਪ੍ਰਣਾਲੀ ਤੋਂ ਨਿਆਂ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਬਾਬਰੀ ਮਸਜਿਦ, ਧਾਰਾ 370 ਦੇ ਖ਼ਾਤਮੇ, ਗੁਜਰਾਤ 'ਚ ਮੁਸਲਮਾਨਾਂ ਦੀ ਨਸਲਕੁਸ਼ੀ ਦੇ ਬਿਲਕਿਸ ਬਾਨੋ ਵਰਗੇ ਕੇਸਾਂ, 1984 'ਚ ਸਿੱਖਾਂ ਦੀ ਨਸਲਕੁਸ਼ੀ, ਕਸ਼ਮੀਰ ਵਿਚ ਰਾਜਕੀ ਦਹਿਸ਼ਤਵਾਦ, ਆਦਿਵਾਸੀਆਂ ਦੀ ਨਸਲਕੁਸ਼ੀ ਦੇ ਦਰਜਨਾਂ ਕੇਸਾਂ 'ਚ ਸੁਪਰੀਮ ਕੋਰਟ ਦੇ ਬੈਂਚਾਂ ਦਾ ਰਵੱਈਆ ਸਪੱਸ਼ਟ ਤੌਰ 'ਤੇ ਹੁਕਮਰਾਨ ਧਿਰ ਪੱਖੀ ਅਤੇ ਮਜ਼ਲੂਮਾਂ ਵਿਰੋਧੀ ਰਿਹਾ ਹੈ। ਇਸ ਦਾ ਭਾਵ ਇਹ ਵੀ ਨਹੀਂ ਕਿ ਕਾਨੂੰਨੀ ਚਾਰਾਜੋਈ ਬੇਮਾਇਨੇ ਹੈ। ਝੂਠੇ ਕੇਸਾਂ ਦੀ ਕਾਨੂੰਨੀ ਪੈਰਵੀ ਇਸ ਕਰਕੇ ਮਹੱਤਵਪੂਰਨ ਹੈ ਕਿ ਇਸ ਨਾਲ ਆਮ ਲੋਕਾਂ ਨੂੰ ਅਦਾਲਤੀ ਪ੍ਰਣਾਲੀ ਦੀ ਢੌਂਗੀ ਨਿਰਪੱਖਤਾ ਅਤੇ ਝੂਠੀ ਸੁਤੰਤਰਤਾ ਦੀ ਹਕੀਕਤ ਨੂੰ ਸਮਝਣ ਦਾ ਮੌਕਾ ਮਿਲਦਾ ਹੈ।

ਵਿਆਪਕ ਲੋਕ ਰਾਇ ਹੀ ਫਾਸ਼ੀਵਾਦੀ ਹਕੂਮਤ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਅਦਾਲਤੀ ਪ੍ਰਣਾਲੀ ਦੇ ਨਿਆਂਸ਼ਾਸਤਰ ਵਿਰੋਧੀ ਅਮਲ ਅਤੇ ਮਨਮਾਨੀਆਂ ਨੂੰ ਠੱਲ੍ਹ ਪਾ ਸਕਦੀ ਹੈ।

CMYK

# ਸਰਕਾਰਾਂ ਬਦਲ ਜਾਂਦੀਆਂ, ਰਾਜਨੀਤੀ ਦਾ ਬੇਰਹਿਮ ਪੱਖ ਬਦਲਦਾ ਨਹੀਂ ਵੇਖਿਆ ਗਿਆ

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਰਾਜਨੀਤੀ ਹਰ ਦੇਸ਼ ਵਿੱਚ ਓਥੋਂ ਦੇ ਹਾਲਾਤ ਮੁਤਾਬਕ ਇੱਕ ਖਾਸ ਲੀਹ ਵਿੱਚ ਪਈ ਰਹਿੰਦੀ ਹੈ। ਲੋਕਤੰਤਰ ਵਾਲੇ ਦੇਸ਼ਾਂ ਵਿੱਚ ਚੋਣਾਂ ਦਾ ਹੋਣਾ ਜ਼ਰੂਰੀ ਪ੍ਰਕਿਰਿਆ ਦਾ ਹਿੱਸਾ ਹੁੰਦਾ ਹੈ। ਕੁਝ ਦੇਸ਼ਾਂ ਵਿੱਚ ਇੱਕੋ ਸਾਲ ਵਿੱਚ ਕਈ ਵਾਰ ਚੋਣਾਂ ਹੋਣ ਦੀਆਂ ਖਬਰਾਂ ਵੀ ਸਾਨੂੰ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਵਿਕਸਤ ਦੇਸ਼ਾਂ ਵਿੱਚ ਵੀ ਸਰਕਾਰਾਂ ਤੇ ਹਾਕਮ ਟਿਕਾਊ ਨਾ ਹੋਣ ਤਾਂ ਇੱਕੋ ਸਾਲ ਵਿੱਚ ਤਿੰਨ ਪ੍ਰਧਾਨ ਮੰਤਰੀ ਬਦਲਣ ਦੀ ਨੌਬਤ ਯੂ ਕੇ ਜਾਂ ਬ੍ਰਿਟੇਨ ਵਾਂਗ ਆ ਜਾਂਦੀ ਹੈ। ਕਦੀ ਉਹ ਸੰਸਾਰ ਦੇ ਏਡੇ ਵੱਡੇ ਹਿੱਸੇ ਉੱਤੇ ਰਾਜ ਕਰਦੇ ਸਨ ਕਿ ਉਨ੍ਹਾਂ ਦੇ ਰਾਜ ਵਿੱਚ ਸੂਰਜ ਨਹੀਂ ਸੀ ਡੁੱਬਦਾ। ਇੱਕ ਸਿਰੇ ਸੂਰਜ ਡੁੱਬਦਾ ਪਿਆ ਹੁੰਦਾ ਸੀ ਤਾਂ ਓਸੇ ਹਕੂਮਤ ਵਾਲੇ ਕਿਸੇ ਹੋਰ ਰਾਜ ਵਿੱਚ ਕਿਸੇ ਥਾਂ ਚੜ੍ਹਦਾ ਦਿਖਾਈ ਦੇਂਦਾ ਸੀ। ਅੱਜ ਉਨ੍ਹਾਂ ਦਾ ਪ੍ਰਧਾਨ ਮੰਤਰੀ ਕਦੋਂ ਬਦਲਣਾ ਪੈ ਜਾਵੇ, ਓਥੋਂ ਦੇ ਨਾਗਰਿਕਾਂ ਨੂੰ ਕੀ ਪਤਾ ਹੋਣਾ, ਉਸ ਦੇਸ਼ ਦੀ ਕਮਾਨ ਸੰਭਾਲ ਰਹੀ ਪਾਰਟੀ ਦੀ ਲੀਡਰਸ਼ਿਪ ਨੂੰ ਵੀ ਪਤਾ ਨਹੀਂ ਲੱਗਦਾ। ਏਦਾਂ ਕਈ ਹੋਰ ਦੇਸ਼ਾਂ ਵਿੱਚ ਵੀ ਹੁੰਦਾ ਰਹਿੰਦਾ ਹੈ।

ਸਾਡੇ ਭਾਰਤ ਵਿੱਚ ਚੋਣਾਂ ਦਾ ਚੱਕਰ ਲਗਾਤਾਰ ਚੱਲਦਾ ਰਹਿੰਦਾ ਹੈ। ਕਦੀ ਪਾਰਲੀਮੈਂਟ ਦੀਆਂ ਚੋਣਾਂ ਤੇ ਕਦੀ ਕੁਝ ਰਾਜਾਂ ਦੀਆਂ ਵਿਧਾਨ ਸਭਾਵਾਂ ਜਾਂ ਵੱਡੇ ਪ੍ਰਭਾਵ ਵਾਲੀਆਂ ਉੱਪ ਚੋਣਾਂ ਵਾਸਤੇ ਚੱਕਰ ਚੱਲ ਪੈਂਦਾ ਹੈ। ਅੱਜਕੱਲ੍ਹ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਦਾ ਗੇੜ ਚੱਲਦਾ ਪਿਆ ਹੈ। ਹਿਮਾਚਲ ਪ੍ਰਦੇਸ਼ ਦੀਆਂ ਪਹਿਲਾਂ ਤੇ ਗੁਜਰਾਤ ਦੀਆਂ ਉਸ ਤੋਂ ਢਾਈ ਹਫਤੇ ਬਾਅਦ ਹੋ ਕੇ ਵੋਟਾਂ ਦੀ ਗਿਣਤੀ ਦੋਵਾਂ ਰਾਜਾਂ ਦੀ ਦਸੰਬਰ ਦੇ ਦੂਸਰੇ ਹਫਤੇ ਦੇ ਪਹਿਲੇ ਦਿਨ ਇੱਕੋ ਵਕਤ ਕਰਾਈ ਜਾਣੀ ਹੈ। ਏਸੇ ਦੌਰਾਨ ਭਾਰਤ ਦੀ ਰਾਜਧਾਨੀ ਦਿੱਲੀ ਦੀ ਮਿਉਂਸਪਲ ਕਾਰਪੋਰੇਸ਼ਨ ਲਈ ਵੋਟਾਂ ਪੈਣ ਅਤੇ ਨਤੀਜਾ ਨਿਕਲਣ ਦਾ ਦਿਨ ਮਿੱਥ ਦਿੱਤਾ ਗਿਆ ਹੈ। ਉਸ ਦੇ ਬਾਅਦ ਸਾਲ ਬਦਲਣ ਪਿੱਛੋਂ ਤੀਸਰੇ ਮਹੀਨੇ ਫਿਰ ਤਿੰਨ ਉੱਤਰ-ਪੂਰਬੀ ਰਾਜਾਂ ਦੀਆਂ ਅਤੇ ਮਈ ਵਿੱਚ ਕਰਨਾਟਕਾ ਵਰਗੇ ਅਹਿਮ ਰਾਜ ਦੀਆਂ ਚੋਣਾਂ ਹੋਣ ਕਾਰਨ ਇਸ ਲਗਾਤਾਰ ਚੱਲਦੇ ਚੱਕਰ ਨੇ ਦੇਸ਼ ਦੀ ਰਾਜਨੀਤੀ ਅਤੇ ਰਾਜਨੀਤੀ ਦੇ ਮਹਾਂਰਥੀਆਂ ਦੀ ਦੌੜ ਲਵਾਈ ਰੱਖਣੀ ਹੈ। ਆਮ ਲੋਕ ਕਿਹੜੇ ਹਾਲਾਤ ਵਿੱਚ ਰਹਿੰਦੇ ਹਨ, ਇਸ ਦੀ ਚਿੰਤਾ ਰਾਜਸੀ ਲੀਡਰਾਂ ਨੂੰ ਬਹੁਤੀ ਨਹੀਂ ਹੁੰਦੀ, ਉਨ੍ਹਾਂ ਲਈ ਕੁਰਸੀ ਤੱਕ ਪਹੁੰਚਣਾ ਅਤੇ ਪਹੁੰਚ ਗਏ ਤਾਂ ਉਸ ਉੱਤੇ ਕਬਜ਼ਾ ਕਰੀ ਰੱਖਣ ਦਾ ਜੁਗਾੜ ਕਰਨਾ ਸਭ ਤੋਂ ਵੱਡਾ ਏਜੰਡਾ ਹੁੰਦਾ ਹੈ।

ਲੋਕਤੰਤਰ ਵਿੱਚ ਕਿਸੇ ਲੀਡਰ ਦਾ ਕਿਸੇ ਰਾਜਸੀ ਤਾਕਤ ਵਾਲੇ ਅਹੁਦੇ ਲਈ ਲੜਨਾ ਜਾਂ ਟਿਕੇ ਰਹਿਣ ਦਾ ਜੁਗਾੜ ਕਰਨਾ ਗਲਤ ਨਹੀਂ ਕਿਹਾ ਜਾ ਸਕਦਾ, ਪਰ ਗਲਤ ਇਹ ਹੈ ਕਿ ਇਸ ਚੋਣ ਚੱਕਰ ਵਿੱਚ ਸਾਰੇ ਅਸੂਲ-ਸਿਧਾਂਤ ਅਤੇ ਖੁਦ ਆਪਣੇ ਮੂੰਹੋਂ ਕਹੀਆਂ ਗੱਲਾਂ ਵਿਸਾਰਨ ਦਾ ਰਿਵਾਜ ਪੈ ਗਿਆ ਹੈ, ਜਿਹੜਾ ਕਈ ਪੁਆੜਿਆਂ ਦੀ ਜੜ੍ਹ ਹੈ। ਜਨਤਕ ਹਿੱਤ ਦੇ ਬਹੁਤ ਸਾਰੇ ਮੁੱਦੇ ਲਟਕਦੇ ਰਹਿਣੇ ਆਮ ਗੱਲ ਹੈ, ਇਨ੍ਹਾਂ ਲੀਡਰਾਂ ਦੀ ਰਾਜਸੀ ਚੁੰਝ-ਭਿੜਾਈ ਕਈ ਵਾਰ ਬਹੁਤ ਵੱਡੇ ਦੁਖਾਂਤਾਂ ਦੇ ਮਾਮਲੇ ਵਿੱਚ ਵੀ ਹੱਦਾਂ ਟੱਪਣ ਲੱਗਦੀ ਹੈ। ਮਿਸਾਲ ਵਜੋਂ ਪਿਛਲੇ ਹਫਤੇ ਗੁਜਰਾਤ ਦੇ ਮੋਰਬੀ ਸ਼ਹਿਰ ਵਿੱਚੋਂ ਲੰਘਦੀ ਨਦੀ ਮੱਛੂ ਉੱਤੇ ਬਣਾਇਆ ਰੱਸਿਆਂ ਦਾ ਪੁਲ ਟੁੱਟਣ ਤੇ ਡੇਢ ਸੌ ਦੇ ਕਰੀਬ ਲੋਕਾਂ ਦੇ ਮਰਨ ਦੇ ਮਾਮਲੇ ਵਿੱਚ ਵੀ ਇਹੋ ਚੁੰਝ-ਭਿੜਾਈ ਵੇਖ ਲਈ ਹੈ। ਪੁਲ ਇੱਕ ਸੌ ਪੈਂਤੀ ਸਾਲ ਪੁਰਾਣਾ ਦੱਸਿਆ ਗਿਆ ਹੈ। ਏਥੇ ਲੱਗਦੇ ਮੇਲੇ ਕਾਰਨ ਹਰ ਸਾਲ ਮੁਰੰਮਤ ਕਰਵਾਇਆ ਜਾਂਦਾ ਸੀ। ਇਸ ਵਾਰੀ ਵੀ ਮੁਰੰਮਤ ਕਰਵਾਇਆ ਗਿਆ, ਪਰ ਮੁਰੰਮਤ ਦੀ ਥਾਂ ਐਵੇਂ ਕੁਝ ਮਾੜੀ-ਮੋਟੀ ਕਾਰਵਾਈ ਪਾ ਕੇ ਓਸੇ ਤਰ੍ਹਾਂ ਸਾਰਿਆ ਗਿਆ, ਜਿੱਦਾਂ ਹਰ ਸਾਲ ਸਾਰ ਦਿੱਤਾ ਜਾਂਦਾ ਸੀ, ਪਰ ਇਸ ਵਾਰੀ ਓਥੇ ਵੱਡਾ ਦੁਖਾਂਤ ਵਾਪਰ ਗਿਆ। ਡੇਢ ਸੌ ਤੋਂ ਵੱਧ ਲੋਕਾਂ ਦੇ ਮਾਰੇ ਜਾਣ ਪਿੱਛੋਂ ਪਤਾ ਲੱਗਾ ਕਿ ਜਿਹੜੀ ਕੰਪਨੀ ਨੂੰ ਇਸ ਦੀ ਮੁਰੰਮਤ ਦਾ ਕੰਮ ਸੌਂਪਿਆ ਗਿਆ ਸੀ, ਉਹ ਪੁਲਾਂ ਬਾਰੇ ਕੁਝ ਜਾਣਦੀ ਹੀ ਨਹੀਂ ਸੀ, ਬਿਜਲੀ ਦੀਆਂ ਟਿਊਬਾਂ ਤੇ ਬਲਬ ਬਣਾਉਣ ਦਾ ਕੰਮ ਕਰਦੀ ਸੀ ਅਤੇ ਉਸ ਨੇ ਕਰੋੜਾਂ ਦਾ ਠੇਕਾ ਲੈ ਕੇ ਨਾ ਪੁਲ ਨੂੰ ਟਿਕਾਈ ਰੱਖਣ ਵਾਲੇ ਰੱਸਿਆਂ ਦੀ ਹਾਲਤ ਵੇਖੀ, ਨਾ ਉਨ੍ਹਾਂ ਦੇ ਬੇਸ ਵਜੋਂ ਲੱਗੇ ਹੋਏ ਕਿੱਲ-ਕਾਬਲਿਆਂ ਦਾ ਜੰਗਾਲ ਲੱਗਾ ਵੇਖਿਆ। ਮੁਰੰਮਤ ਕਰਨ ਦੀ ਰਿਪੋਰਟ ਕੰਪਨੀ ਨੇ ਦੇ ਦਿੱਤੀ ਅਤੇ ਮਿਊਂਸਪਲ ਕਾਰਪੋਰੇਸ਼ਨ ਦੇ ਅਫਸਰਾਂ ਨੇ ਬਿੱਲ ਪਾਸ ਕਰ ਦਿੱਤੇ, ਫਿਟਨੈੱਸ ਦੇ ਕਿਸੇ ਸਰਟੀਫਿਕੇਟ ਤੋਂ ਬਿਨਾਂ ਹੀ ਉਸ ਸੌ ਕੁ ਲੋਕਾਂ ਨੂੰ ਝੱਲਣ ਜੋਗੇ ਪੁਲ ਉੱਤੇ ਪੰਜ ਸੌ ਲੋਕਾਂ ਦੇ ਚੜ੍ਹਨ ਲਈ ਟਿਕਟਾਂ ਕੱਟ ਕੇ ਕੰਪਨੀ ਨੂੰ ਪੈਸੇ ਕਮਾਉਣ ਦਾ ਲਾਲਚ ਪੈ ਗਿਆ। ਬਾਅਦ ਵਿੱਚ ਸਾਰੀ ਜ਼ਿੰਮੇਵਾਰੀ ਟਿਕਟਾਂ ਕੱਟਣ ਵਾਲੇ ਬਾਬੂਆਂ ਅਤੇ ਪੁਲ ਦੇ ਅੱਗੇ ਖੜੇ ਸਕਿਓਰਟੀ ਗਾਰਡਾਂ ਦੇ ਸਿਰ ਪਾ ਕੇ ਕੰਪਨੀ ਮਾਲਕਾਂ ਦੇ ਬਚਾਅ ਦਾ ਰਾਹ ਲੱਭਣ ਦਾ ਯਤਨ ਸ਼ੁਰੂ ਹੋ ਗਿਆ।

ਭਾਰਤ ਦੇ ਪ੍ਰਧਾਨ ਮੰਤਰੀ ਦਾ ਆਪਣਾ ਰਾਜ ਸੀ ਤੇ ਅਗਲੇ ਮਹੀਨੇ ਓਥੇ ਵਿਧਾਨ ਸਭਾ ਚੋਣਾਂ ਹੋਣੀਆਂ ਸਨ, ਇਸ ਲਈ ਉਨ੍ਹਾਂ ਇਹ ਹਾਦਸਾ ਹੋਣ ਤੋਂ ਅਗਲੇਰੇ ਦਿਨ ਮੌਕਾ ਵੇਖਣ ਦਾ ਪ੍ਰੋਗਰਾਮ ਬਣਾ ਲਿਆ। ਜਿਹੜੀ ਰਾਜ ਸਰਕਾਰ ਇਸ ਹਾਦਸੇ ਤੋਂ ਪਹਿਲਾਂ ਲਾਲਚ ਦੇ ਡੰਗੇ ਹੋਏ ਕੰਪਨੀ ਮਾਲਕਾਂ ਨੂੰ ਕਿਸੇ ਕਾਰਨ ਢਿੱਲਾਂ ਦੇਈ ਜਾਂਦੀ ਰਹੀ ਸੀ, ਉਸ ਨੇ ਪ੍ਰਧਾਨ ਮੰਤਰੀ ਦੇ ਦੌਰੇ ਤੋਂ ਪਹਿਲਾਂ ਓਥੋਂ ਦੇ ਹਸਪਤਾਲ ਨੂੰ ਇੱਕੋ ਰਾਤ ਵਿੱਚ ਰੰਗ ਕਰਵਾ ਕੇ ਨਵਾਂ ਚਮਕਾਂ ਮਾਰਦਾ ਬਣਾ ਦਿੱਤਾ ਤੇ ਉਸ ਗਿੱਲੇ ਪੇਂਟ ਉੱਤੇ ਵਧੀਆ ਕਲਾਕਾਰਾਂ ਤੋਂ ਹੱਸਦੇ-ਖੇਡਦੇ ਬੱਚਿਆਂ ਵਾਲੀਆਂ ਤਸਵੀਰਾਂ ਬਣਵਾ ਦਿੱਤੀਆਂ। ਬਹੁਤ ਕਮਾਲ ਦੀ ਗੱਲ ਹੈ ਕਿ ਮ੍ਰਿਤਕਾਂ ਦੇ ਵਾਰਸਾਂ ਦੇ ਅੱਥਰੂ ਪੂੰਝਣ ਦੀ ਚਿੰਤਾ ਨਹੀਂ, ਜ਼ਖਮੀਆਂ ਦੇ ਇਲਾਜ ਦੀ ਬਹੁਤੀ ਚਿੰਤਾ ਨਹੀਂ, ਪ੍ਰਧਾਨ ਮੰਤਰੀ ਨਾਲ ਆਉਣ ਵਾਲੇ ਮੀਡੀਏ ਨੂੰ ਇਹ ਵਿਖਾਉਣ ਦੀ ਚਿੰਤਾ ਹੋ ਗਈ ਕਿ ਹਸਪਤਾਲ ਬਹੁਤ ਸੋਹਣਾ ਦਿੱਸਣਾ ਚਾਹੀਦਾ ਹੈ। ਇਸ ਤੋਂ ਪ੍ਰਸ਼ਾਸਨ ਦੀ ਬੇਰਹਿਮ ਚਾਪਲੂਸੀ ਦਾ ਵੀ ਪਤਾ ਲੱਗਾ ਤੇ ਲੋਕਾਂ ਦੀ ਹਾਲਤ ਦਾ ਵੀ।

ਅਗਲੇ ਦਿਨ ਇਸ ਹਾਦਸੇ ਵਿੱਚ ਹੋਈਆਂ ਮੌਤਾਂ ਦੇ ਕਾਰਨ ਇੱਕ ਨਵਾਂ ਵਿਵਾਦ ਖੜਾ ਹੋ ਗਿਆ। ਮੁਰੰਮਤ ਦੇ ਕੰਮ ਵਿੱਚੋਂ ਕਰੋੜਾਂ ਦੀ ਕਮਾਈ ਕਰਨ ਵਾਲੇ ਕੰਪਨੀ ਮਾਲਕਾਂ ਨੇ ਵੀ ਅਤੇ ਉਨ੍ਹਾਂ ਨਾਲ ਮਿਲੇ ਹੋਏ ਹਾਕਮਾਂ ਨੇ ਇਹ ਰਾਗ ਛੋਹ ਲਿਆ ਕਿ ਕਿਸੇ ਦਾ ਕਸੂਰ ਨਹੀਂ, ਇਹ ਬੱਸ ਰੱਬੀ ਭਾਣਾ (ਐਕਟ ਆਫ ਗਾਡ) ਹੀ ਕਿਹਾ ਜਾ ਸਕਦਾ ਹੈ। ਇਸ ਦੇ ਉਲਟ ਮੀਡੀਏ ਨੇ ਵੀ ਅਤੇ ਵਿਰੋਧੀ ਪਾਰਟੀਆਂ ਨੇ ਵੀ ਇਹ ਮਿਹਣਾ ਮਾਰ ਦਿੱਤਾ ਕਿ ਸਾਢੇ ਛੇ ਸਾਲ ਪਹਿਲਾਂ ਏਹੋ ਜਿਹਾ ਹਾਦਸਾ ਜਦੋਂ ਪੱਛਮੀ ਬੰਗਾਲ ਵਿੱਚ ਵਿਵੇਕਾਨੰਦ ਫਲਾਈਓਵਰ ਢਹਿਣ ਵਾਲਾ ਹੋਇਆ ਤੇ ਛੱਬੀ ਲੋਕ ਮਾਰੇ ਗਏ ਸਨ ਤਾਂ ਓਥੋਂ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਉਸ ਨੂੰ 'ਐਕਟ ਆਫ ਗਾਡ' ਕਿਹਾ ਸੀ। ਫਰਕ ਇਹ ਸੀ ਕਿ ਓਦੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਜਦੋਂ ਉਸ ਨੂੰ 'ਐਕਟ ਆਫ ਗਾਡ' ਕਿਹਾ ਸੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਿਪਣੀ ਕੀਤੀ ਸੀ ਕਿ "ਇਹ 'ਐਕਟ ਆਫ ਗਾਡ' ਨਹੀਂ, 'ਐਕਟ ਆਫ ਫਰਾਡ' ਵਾਪਰਿਆ ਹੈ ਤੇ ਇਸ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੇ ਸਿਰ ਪੈਣੀ ਬਣਦੀ ਹੈ। ਇਹੋ ਗੱਲ ਵਿਰੋਧੀਆਂ ਨੇ ਇਸ ਵਾਰੀ ਚੁੱਕ ਲਈ ਕਿ ਓਦੋਂ ਛੱਬੀ ਮੌਤਾਂ ਹੋਣ ਦੇ ਬਾਅਦ ਜਿਹੜਾ ਪ੍ਰਧਾਨ ਮੰਤਰੀ ਉਸ ਨੂੰ 'ਐਕਟ ਆਫ ਗਾਡ' ਦੀ ਬਜਾਏ 'ਐਕਟ ਆਫ ਫਰਾਡ' ਕਹਿੰਦਾ ਸੀ, ਉਹ ਖੁਦ ਆਪਣੇ ਰਾਜ ਗੁਜਰਾਤ ਦੇ ਹਾਦਸੇ ਬਾਰੇ ਚੁੱਪ ਵੱਟ ਗਿਆ ਹੈ, ਇਸ ਨੂੰ ਓਸੇ ਹਿਸਾਬ ਨਾਲ 'ਐਕਟ ਆਫ ਫਰਾਡ' ਮੰਨ ਕੇ ਕਾਰਵਾਈ ਕਰਨੀ ਚਾਹੀਦੀ ਹੈ। ਗੁਜਰਾਤ ਦੀ ਗਲੀ-ਗਲੀ ਵਿੱਚ ਇਹ ਦੋਵੇਂ ਵਿਚਾਰ ਅੱਜ ਘੁੰਮਦੇ ਪਏ ਹਨ।

ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ, ਪਹਿਲੀ ਦਸੰਬਰ ਨੂੰ ਪਹਿਲੇ ਗੇੜ ਦੀਆਂ ਵੋਟਾਂ ਅਤੇ ਪੰਜ ਦਸੰਬਰ ਨੂੰ ਦੂਸਰੇ ਗੇੜ ਦੀਆਂ ਪੈਣਗੀਆਂ। ਮੋਰਬੀ ਸ਼ਹਿਰ ਦੀ ਮੱਛੂ ਨਦੀ ਉੱਤੇ ਪੁਲ ਟੁੱਟਣ ਅਤੇ ਡੇਢ ਸੌ ਲੋਕਾਂ ਦੇ ਮਾਰੇ ਜਾਣ ਦੀ ਘਟਨਾ ਇਸ ਮੌਕੇ ਚੋਣ-ਮੁੱਦਾ ਬਣੇਗੀ। ਇੱਕ-ਦੂਸਰੇ ਨੂੰ ਮਿਹਣੇ ਦਿੱਤੇ ਜਾਣਗੇ। ਲੋਕ ਕਦੀ ਆਪਣੇ ਰਾਜ ਵਿੱਚ ਪਿਛਲੇ ਸਤਾਈ ਸਾਲਾਂ ਤੋਂ ਰਾਜ ਕਰਦੀ ਪਾਰਟੀ ਦੇ ਆਗੂਆਂ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਵੀ ਸ਼ਾਮਲ ਹਨ, ਦੇ ਮੂੰਹ ਤੋਂ ਇਹ ਸੁਣਿਆ ਕਰਨਗੇ ਕਿ ਉਨ੍ਹਾਂ ਨੇ ਮ੍ਰਿਤਕਾਂ ਦੇ ਵਾਰਸਾਂ ਲਈ ਆਹ ਕੁਝ ਕੀਤਾ ਹੈ ਤੇ ਕਦੀ ਵਿਰੋਧੀ ਧਿਰਾਂ ਵਿਚਲੇ ਆਗੂਆਂ ਤੋਂ ਸੁਣਿਆ ਕਰਨਗੇ ਕਿ ਕੱਖ ਕੀਤਾ ਹੀ ਨਹੀਂ। ਚਾਲੀ ਕੁ ਸਾਲ ਪਹਿਲਾਂ ਇੱਕ ਵਿਅੰਗਕਾਰ ਨੇ ਲਿਖਿਆ ਸੀ ਕਿ ਕਿਸੇ ਥਾਂ ਪੁਲ ਉੱਤੇ ਇੱਕੋ ਸਾਲ ਵਿੱਚ ਪੰਜਵਾਂ ਹਾਦਸਾ ਹੋਣ ਮਗਰੋਂ ਜਦੋਂ ਮ੍ਰਿਤਕਾਂ ਦੀ ਅੰਤਮ ਅਰਦਾਸ ਹੋਣੀ ਸੀ, ਮੰਤਰੀ ਜੀ ਓਥੇ ਪਹੁੰਚ ਗਏ। ਉਨ੍ਹਾਂ ਨੇ ਇਹ ਨਹੀਂ ਸੀ ਕਿਹਾ ਕਿ ਵਾਰ-ਵਾਰ ਹਾਦਸੇ ਦਾ ਕਾਰਨ ਬਣਨ ਵਾਲਾ ਇਹ ਪੁਲ ਢਾਹ ਕੇ ਨਵੇਂ ਸਿਰਿਉਂ ਠੀਕ ਡੀਜ਼ਾਈਨ ਵਾਲਾ ਬਣਾਵਾਂਗੇ, ਤਾਂ ਕਿ ਲੋਕ ਨਾ ਮਰਨ, ਸਗੋਂ ਇਹ ਗੱਲ ਕਹੀ ਸੀ ਕਿ ਸਾਡੀ ਸਰਕਾਰ ਨੇ ਇੱਕ ਵਿਸ਼ੇਸ਼ ਫੰਡ ਕਾਇਮ ਕਰਨ ਦਾ ਫੈਸਲਾ ਕੀਤਾ ਹੈ, ਜਿਹੜਾ ਇਸ ਪੁਲ ਉੱਤੇ ਮਾਰੇ ਜਾਣ ਵਾਲੇ ਲੋਕਾਂ ਦੇ ਵਾਰਸਾਂ ਲਈ ਹੋਵੇਗਾ, ਤਾਂ ਕਿ ਅਗਲੀ ਵਾਰੀ ਕੋਈ ਬੰਦਾ ਮਰੇ ਤਾਂ ਮੁਆਵਜ਼ੇ ਲਈ ਦੇਰੀ ਨਾ ਹੋਵੇ। ਗੁਜਰਾਤ ਦੇ ਮੋਰਬੀ ਸ਼ਹਿਰ ਵਿੱਚ ਮੱਛੂ ਨਦੀ ਵਾਲੇ ਝੂਲਣੇ ਪੁਲ ਉੱਤੇ ਵਾਪਰੇ ਹਾਦਸੇ ਨੇ ਉਸ ਵਿਅੰਗ ਲੇਖਕ ਦਾ ਉਹ ਰਾਜਨੀਤੀ ਦੀ ਬੇਰਹਿਮੀ ਬਾਰੇ ਕੀਤਾ ਵਿਅੰਗ ਯਾਦ ਕਰਵਾ ਦਿੱਤਾ ਹੈ। ਜਿਹੜੀ ਲੀਹ ਉੱਤੇ ਭਾਰਤ ਦੀ ਰਾਜਨੀਤੀ ਪਈ ਹੈ ਅਤੇ ਪਈ ਰਹਿਣੀ ਜਾਪਦੀ ਹੈ, ਓਥੇ ਲੋਕਾਂ ਦਾ ਨਸੀਬ ਸੁਧਰ ਨਹੀਂ ਸਕਦਾ। ਸਰਕਾਰਾਂ ਬਦਲ ਜਾਂਦੀਆਂ ਹਨ, ਲੋਕ ਮਰਦੇ ਤੇ ਹਾਕਮ ਅੱਗੇ ਤੋਂ ਮੌਤਾਂ ਰੋਕਣ ਦੀ ਥਾਂ ਮ੍ਰਿਤਕਾਂ ਲਈ ਮੁਆਵਜ਼ੇ ਦਾ ਐਲਾਨ ਇੰਜ ਹੀ ਕਰਦੇ ਹਨ, ਜਿੱਦਾਂ ਉਹ ਬੱਸ ਏਨੇ ਕੰਮ ਲਈ ਹੀ ਉੱਚੀਆਂ ਕੁਰਸੀਆਂ ਤੱਕ ਪੁਚਾਏ ਗਏ ਹੋਣ। ਬਦਕਿਸਮਤੀ ਹੈ ਏਦਾਂ ਦੇ ਲੋਕਤੰਤਰ ਵਿੱਚ ਲੋਕਾਂ ਦੀ।

---

*ਲੋਕ ਕਵੀ ਸੰਤ ਰਾਮ ਉਦਾਸੀ ਨੂੰ ਸਾਡੇ ਤੋਂ ਵਿਛੜਿਆ ਅੱਜ ਪੂਰੇ ਛੱਤੀ ਸਾਲ ਹੋ ਗਏ ਹਨ, ਉਨ੍ਹਾਂ ਨੂੰ ਯਾਦ ਕਰਦਿਆ **ਸੁਰਜੀਤ ਸਿੰਘ ਦਿਹੜ** ਦੀ ਉਦਾਸੀ ਬਾਰੇ ਇਹ ਕਾਵਿ ਵੰਨਗੀ ਪੇਸ਼ ਕਰ ਰਹੇ ਹਾਂ : **ਸੰਪਾਦਕ***

## ਸੰਤ ਰਾਮ ਉਦਾਸੀ

ਤੇਰੇ ਗੀਤਾਂ ਨੇ, ਸਾਡੇ ਦਰਦ ਪਛਾਣੇ,
ਤੇਰੇ ਗੀਤਾਂ ਨੇ, ਸਾਡੇ ਗਾਏ ਗਾਣੇ।

ਜਦ ਕਿਰਤੀ ਦੀ ਕੁੱਲੀ ਵਿੱਚੋਂ, ਸੁਣੀਆਂ ਸੀ ਤੂੰ ਕੂਕਾਂ,
ਲਹੂ ਭਿੱਜੇ ਬੋਲਾਂ ਦੀਆਂ ਉਦੋਂ ਲਿਖ ਦਿੱਤੀਆਂ ਤੂੰ ਟੂਕਾਂ,
ਜੱਟ ਤੇ ਸੀਰੀ ਦੇ ਬੋਹਲਾਂ 'ਚੋਂ, ਚੋਰੀ ਹੋ ਗਏ ਦਾਣੇ।

ਕੰਮ ਕਰਦੀ ਮਜ਼ਦੂਰ ਕੁੜੀ ਦਾ, ਜਦ ਰੰਗ ਹੋਇਆ ਕਾਲਾ,
ਦਾਜ ਵਿਹੂਣੀ ਨੂੰ ਦੁਰਕਾਰੇ, ਕਿਉਂ ਉਹਦੇ ਘਰ ਵਾਲਾ,
ਕਿਉਂ ਇਹ ਜ਼ਾਲਮ ਜ਼ੁਲਮ ਕਮਾਉਂਦੇ, ਰਲ ਕੇ ਅੰਨੇ ਕਾਣੇ।

ਅਮਰੀਕਾ ਨੇ ਵੀਅਤਨਾਮਾ ਤੇ, ਕੀਤੀ ਜਦੋਂ ਚੜ੍ਹਾਈ,
ਡੁੱਲ੍ਹਦਾ ਖ਼ੂਨ ਮਨੁੱਖ ਦਾ ਤੱਕ ਕੇ, ਤੈਨੂੰ ਨੀਂਦ ਨਾ ਆਈ,
ਲਿਖਿਆ ਕਿਵੇਂ ਨੇਜ਼ਿਆਂ ਉੱਤੇ, ਟੰਗ ਬਾਲ ਨਿਆਣੇ।

ਵਾਰਿਸ ਤੇਰੇ ਖ਼ੂਬ ਦੇਣਗੇ, ਸੋਚ ਤੇਰੀ ਤੇ ਪਹਿਰਾ,
ਰਾਤ ਹਨੇਰੀ ਮੁੱਕਣ ਵਾਲੀ, ਚੜਨਾ ਸੋਨ ਸਵੇਰਾ,
ਮਗਰੀ ਮਾਰ ਕੇ ਜਾਣ ਨਹੀਂ ਦੇਣੇ, ਹੁਣ ਇਹ ਲੋਟੂ ਢਾਣੇ।

ਲੱਖਾਂ ਮਾਵਾਂ ਦੇ ਪੁੱਤਰ ਤੂੰ, ਲੱਖ ਭੈਣਾਂ ਦਾ ਵੀਰਾ,
ਲੱਖ ਧੀਆਂ ਲਈ ਹੌਂਕੇ ਭਰਦਾ, ਗੁੰਮ ਗਿਆ ਕਿਧਰੇ ਹੀਰਾ,
ਹਰ ਇੱਕ ਬੰਦਾ ਜਿਹੜਾ ਜੰਮਿਆ, ਖ਼ੂਬ ਆਜ਼ਾਦੀ ਮਾਣੇ।

ਸਿਰ ਦੇ ਹੇਠਾਂ ਭੱਠੀਆ ਤਾਅ ਕੇ, ਤੈਨੂੰ ਖ਼ੂਬ ਜਲਾਇਆ,
ਲਾਲ ਸੀ ਲੋਹਾ ਪਹਿਲਾਂ ਹੀ ਜੇ, ਉਸ ਨੂੰ ਹੋਰ ਤਪਾਇਆ।
ਉੱਡ ਗਏ ਕਿਤੇ ਸਿਕੰਦਰ ਵਰਗੇ, ਜ਼ਾਲਮ ਜਰਵਾਣੇ।

ਪਹਿਲਾਂ ਗੁਰੂ ਗੋਬਿੰਦ ਸਿੰਘ ਦੇ, ਕਵੀ ਹੈ ਸਨ ਬਵੰਜਾ,
ਸੱਚ ਖੰਡ ਵਿੱਚ ਰੱਖ ਲਿਆ ਤੈਨੂੰ, ਹੋ ਗਏ ਹੁਣ ਤਰਵੰਜਾ।
"ਦਿਹੜ" ਨੂੰ ਤਾਂ ਇਹ ਗੱਲ ਜਾਪੇ, ਜਾਣੇ ਜਾਂ ਅਨਜਾਣ।
ਤੇਰੇ ਗੀਤਾਂ ਨੇ, ਸਾਡੇ ਦਰਦ ਪਛਾਣੇ।
ਤੇਰੇ ਗੀਤਾਂ ਨੇ, ਸਾਡੇ ਗਾਏ ਗਾਣੇ।

---

# ਸਭ ਕਾਸੇ ਲਈ ਰੱਬ ਹੀ ਜ਼ਿੰਮੇਵਾਰ ਹੈ

## ਸੁਲਘਦੇ ਸਵਾਲ

### ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਮੋਰਬੀ ਵਿੱਚ ਜੋ ਹਵਾ 'ਚ ਲਹਿਰਾਉਂਦਾ ਪੁਲ ਡਿਗਿਆ ਹੈ। ਜਿਸ ਨੇ ਤਕਰੀਬਨ 135 ਤੋਂ ਵੱਧ ਬੱਚੇ ਬੱਚੀਆਂ ਸਮੇਤ ਮਨੁੱਖੀ ਰੂਪ ਨੂੰ ਲਾਸ਼ਾਂ ਵਿੱਚ ਬੱਦਲ ਦਿੱਤਾ। ਜਿਸ ਦੀ ਜ਼ਿੰਮੇਵਾਰੀ ਚੁੱਕਣ ਲਈ ਕੋਈ ਤਿਆਰ ਨਹੀਂ ਹੋ ਰਿਹਾ, ਜਾਣਦੇ ਹੋ ਕਿਸ ਸੂਬੇ ਨਾਲ ਸੰਬੰਧਤ ਹੈ? ਉਹ ਸੂਬਾ ਕੋਈ ਐਰਾ-ਗੈਰਾ ਨਹੀਂ। ਕਦੇ ਕੀ, ਅੱਜ ਵੀ ਉਹ ਬੀ ਜੇ ਪੀ ਪਾਰਟੀ ਦੀ ਪ੍ਰਯੋਗਸ਼ਾਲਾ ਵਜੋਂ ਜਾਣਿਆ ਜਾਂਦਾ ਹੈ। ਜਿਥੇ ਭਾਰਤੀ ਜਨਤਾ ਪਾਰਟੀ ਨੇ ਹਿੰਦੂ-ਮੁਸਲਮਾਨ ਦਾ ਨਾਅਰਾ ਉੱਚਾ ਕਰਕੇ ਵੋਟਾਂ ਬਟੋਰੀਆਂ, ਮੁਸਲਮਾਨਾਂ ਨੂੰ ਡਰਾ-ਧਮਕਾ ਕੇ, ਕਤਲੇਆਮ ਕਰਕੇ, ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤਾ। ਜਿਸ ਸਦਕਾ ਜਿਹੜੇ ਫੜੇ ਗਏ, ਉਮਰ ਕੈਦ ਦੇ ਭਾਗੀ ਬਣੇ, ਜਿਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਹੀ ਰਿਹਾ ਕਰ ਕੇ, ਉਨ੍ਹਾਂ ਦਾ ਜੇਤੂਆਂ ਵਾਂਗ ਸਵਾਗਤ ਕੀਤਾ ਗਿਆ। ਜਿਨ੍ਹਾਂ ਨੂੰ ਰਿਹਾਅ ਕਰਨ ਦੇ ਵਿਰੋਧ ਵਿੱਚ ਸੁਪਰੀਮ ਕੋਰਟ ਵਿੱਚ ਪੀੜਤ ਬੀਬੀ ਬਿਲਕਿਸ ਬਾਨੋ ਪਹਿਲਾਂ ਪਹੁੰਚੀ ਹੋਈ ਹੈ। ਜਿਸ ਸੂਬੇ ਵਿੱਚ ਕੱਚੀ ਅਤੇ ਮਾੜੀ ਸ਼ਰਾਬ ਕਰਕੇ ਇੱਕ ਵੱਡਾ ਕਾਂਡ ਵਾਪਰ ਚੁੱਕਿਆ ਹੈ। ਜਿਸ ਕੇਸ ਵਿੱਚ ਸਿੱਟ ਬਣਨ ਤੋਂ ਬਾਅਦ ਕੁਝ ਨਹੀਂ ਵਾਪਰਿਆ। ਜਿਸ ਸੂਬੇ ਵਿੱਚ ਹੋਰ ਅਨੇਕਾਂ ਕਾਂਡ ਹੁੰਦੇ ਰਹਿੰਦੇ ਹਨ। ਜਿਸ ਸੂਬੇ ਦੇ ਦੋ ਅਮੀਰ ਉਹ ਕੁਝ ਮੋਦੀ-ਸ਼ਾਹ ਤੋਂ ਖਰੀਦ ਰਹੇ ਹਨ ਜੋ ਮੋਦੀ-ਸ਼ਾਹ ਜੋੜੀ ਦੇਸ਼ ਦਾ ਹਿਸਾ ਵੇਚ ਰਹੇ ਹਨ। ਇਹ ਉਹ ਸੂਬਾ ਹੈ ਜਿਥੇ ਦੇ ਮਹਾਂ ਠੱਗ ਬੈਂਕਾਂ ਦਾ ਪੈਸਾ ਲੁੱਟਣ ਵਿੱਚ ਮਾਹਰ ਹਨ। ਆਪਣੇ ਵਿੱਤ ਤੋਂ ਜ਼ਿਆਦਾ ਉਧਾਰ ਲੈ ਕੇ ਦੇਸ਼ ਵਿੱਚੋਂ ਨੱਠ ਰਹੇ ਹਨ। ਇੱਕ ਸਰਵੇ ਮੁਤਾਬਕ ਇੱਕ ਅਰਬ ਕਰੋੜ ਰੁਪਿਆ ਜੋ 30 ਆਦਮੀਆਂ ਨੇ ਠੱਗਿਆ ਹੈ, ਉਨ੍ਹਾਂ ਵਿੱਚੋਂ 29 ਕੇਵਲ ਉਸ ਸੂਬੇ ਦੇ ਠੱਗ ਹੀ ਹਨ। ਇਹ ਉਹ ਸੂਬਾ ਹੀ ਹੈ, ਜਿਸ ਨੇ ਅਜ਼ਾਦੀ ਤੋਂ ਪਹਿਲਾਂ ਮਹਾਤਮਾ ਗਾਂਧੀ ਅਤੇ ਸਰਦਾਰ ਪਟੇਲ ਵਰਗੇ ਮਹਾਨ ਯੋਧੇ ਪੈਦਾ ਕੀਤੇ ਹਨ। ਕਿੰਨੀ ਸ਼ਰਮ ਦੀ ਗੱਲ ਹੈ ਕਿ ਜਦ ਦੇਸ਼ ਇਨ੍ਹਾਂ ਮਹਾਨ ਸਪੂਤਾਂ ਨੂੰ ਯਾਦ ਕਰ ਰਿਹਾ ਸੀ ਐਨ ਉਸ ਵਕਤ ਹੀ ਹਵਾਈ ਪੁਲ ਡਿਗ ਪਿਆ ਹੈ। ਇਹ ਸਭ ਉਸ ਸੂਬੇ ਵਿੱਚ ਵਾਪਰਿਆ ਜਿਸ ਨੂੰ ਮੋਦੀ ਸਾਹਿਬ ਨਮੂਨੇ ਦਾ ਸੂਬਾ ਆਖਦੇ ਹਨ। ਜਿਥੇ ਕਿਸੇ ਮੁੱਖ ਮੰਤਰੀ ਦੀ ਬਜਾਏ ਅਜੇ ਤੱਕ ਵੀ ਮੋਦੀ ਦੇ ਮੂੰਹ ਨੂੰ ਵੋਟਾਂ ਪੈਂਦੀਆਂ ਹੋਣ। ਇਹ ਸੂਬਾ ਉਹੀ ਭਾਜਪਾ ਦਾ ਸੂਬਾ ਹੈ, ਜਿਥੇ ਘੜੀਆਂ ਬਣਾਉਣ ਵਾਲੀ ਕੰਪਨੀ ਨੂੰ ਲਗਭਗ 150 ਸਾਲ ਪੁਰਾਣਾ ਪੁਲ ਮੁਰੰਮਤ ਕਰਨ ਲਈ ਠੇਕਾ ਦਿੱਤਾ ਜਾਂਦਾ ਹੈ। ਜਿਹੜੇ ਪੁੱਲਾਂ ਵਾਰੇ ਇੱਲ ਦਾ ਨਾਂਅ ਕੁੱਕੜ ਨਹੀਂ ਜਾਣਦੇ। ਜਿਹੜੇ ਬਿਨਾਂ ਕਿਸੇ ਟੈਂਡਰ ਦੇ ਅਜਿਹਾ ਕੰਮ ਆਪਣੇਹੱਥਾਂ ਵਿੱਚ ਲੈ ਲੈਂਦੇ ਹਨ। ਜਿਹੜੇ ਬਿਨਾਂ ਪੁੱਛਿਓਂ ਅਗਾਂਹ ਇੱਕ ਵੈਲਡਿੰਗ ਕਰਨ ਵਾਲੀ ਕੰਪਨੀ ਨੂੰ ਅਗਾਂਹ ਠੇਕਾ ਦੇ ਦਿੰਦੇ ਹਨ। ਜਿਨ੍ਹਾਂ ਪਾਸ ਵੀ ਅਜਿਹੇ ਪੁਲਾਂ ਦੀ ਮੁਰੰਮਤ ਕਰਨ ਦਾ ਕੋਈ ਤਜਰਬਾ ਨਹੀਂ ਹੈ। ਜਿਹੜਾ ਪਹਿਲੀ ਕੰਪਨੀ ਦਾ ਮਾਲਕ ਜੈਸੁਖ ਪਟੇਲ ਸਮੇਂ ਤੋਂ ਪਹਿਲਾਂ ਪ੍ਰੈੱਸ ਕਾਨਫ਼ਰੰਸ ਲਾ ਕੇ ਪੁਲ ਦੀ ਮਜ਼ਬੂਤੀ ਬਾਰੇ ਦੱਸਦਾ ਹੈ ਅਤੇ ਮਿੱਥੇ ਸਮੇਂ ਤੋਂ ਪਹਿਲਾਂ ਹੀ ਇਸ ਪੁਲ ਦਾ ਰੀਬਨ ਕੱਟ ਕੇ ਆਮ ਜਨਤਾ ਲਈ ਖੋਲ੍ਹ ਦਿੰਦਾ ਹੈ। ਕਿਸੇ ਸਰਕਾਰ ਜਾਂ ਮੋਰਬੀ ਨਗਰ ਨਿਗਮ ਤੋਂ ਕਿਸੇ ਕਿਸਮ ਦੀ ਆਗਿਆ ਨਹੀਂ ਲੈਂਦਾ। ਬਿਨਾਂ ਕਿਸੇ ਫਿਟਨੈੱਸ ਸਰਟੀਫਿਕੇਟ ਤੋਂ ਆਪਣੇ ਵੱਲੋਂ ਆਪਣੇ ਪਰਵਾਰ ਸਮੇਤ ਹਾਜ਼ਰ ਹੋ ਕੇ ਪੁਲ ਦੀ ਮਜ਼ਬੂਤੀ ਦੀ ਝੂਠੀ ਹੀ ਗਵਾਹੀ ਭਰਦਾ ਹੈ। ਜਿਹੜਾ ਪਰਵਾਰ ਸਮੇਤ ਉਸ ਦਿਨ ਤੋਂ ਹੀ ਆਪਣੇ ਅਲੱਗ-ਅਲੱਗ ਟਿਕਾਣਿਆਂ ਤੋਂ ਗਾਇਬ ਹੋ ਚੁੱਕਾ ਹੈ। ਜਿਹੜਾ ਬੀ ਜੇ ਪੀ ਦਾ ਏਨਾ ਚਹੇਤਾ ਲਗਦਾ ਹੈ ਕਿ ਐਫ਼ ਆਈ ਆਰ ਵਿੱਚ ਉਸ ਦਾ ਨਾਂਅ ਤੱਕ ਨਹੀਂ ਆਉਂਦਾ। ਜਿਸ ਨੂੰ ਫੜਨ ਲਈ ਸਰਕਾਰ ਕੋਈ ਉਤਾਵਲੀ ਨਹੀਂ ਲਗਦੀ।

ਬੰਗਾਲ ਵਿੱਚ ਪੁਲ ਡਿਗਣ ਸਮੇਂ ਦੀਦੀ, ਉਹ ਦੀਦੀ! ਇਹ ਐਕਟ ਆਫ਼ ਗਾਡ ਨਹੀਂ ਇਹ ਐਕਟ ਆਫ਼ ਫਰਾਡ ਹੈ ਕਹਿਣ ਵਾਲਾ ਅੱਜ ਅੰਦਰੋ ਕਿੰਨੀ ਸ਼ਰਮ ਮਹਿਸੂਸ ਕਰ ਰਿਹਾ ਹੋਵੇਗਾ ਸੋਚਣ ਦਾ ਵਿਸ਼ਾ ਹੈ। ਭਾਵੇਂ ਘਟਨਾ ਤੋਂ ਦੋ ਦਿਨ ਬਾਅਦ ਸਿਰ ਤੇ ਹੈਟ ਪਹਿਨਣ ਵਾਲਾ ਆਖਰ ਖ਼ਬਰ ਲੈਣ ਗੁਜਰਾਤ ਪਹੁੰਚ ਹੀ ਗਿਆ। ਜਿਸ ਕਰਕੇ ਰਾਤੋ-ਰਾਤ ਉਹ ਹਸਪਤਾਲ ਵੀ ਬਾਹਰੋਂ ਟੁੱਟਣ ਵਾਲੇ ਪੁਲ ਵਾਂਗ ਮੁਲਾਜ਼ਮਾਂ ਨੇ ਚਮਕਾ ਦਿੱਤਾ। ਜਿਸ ਵਿੱਚ ਪਏ ਬਹੁਤੇ ਮਰੀਜ਼ਾਂ ਨੇ ਪ੍ਰਧਾਨ ਮੰਤਰੀ ਮਿਲਣੀ 'ਤੇ ਖ਼ੁਸ਼ੀ ਨਹੀਂ ਪ੍ਰਗਟਾਈ। ਇੱਕ ਲੇਡੀ ਮਰੀਜ਼ ਨੇ ਤਾਂ ਏ ਬੀ ਪੀ ਦੀ ਪ੍ਰੈੱਸ ਰਿਪੋਰਟਰ ਚਿੱਤਰਾ ਤ੍ਰਿਪਾਠੀ ਨੂੰ ਇਥੋਂ ਤੱਕ ਕਹਿ ਦਿੱਤਾ ਕਿ "ਮੇਰੀ ਸੱਸ ਪੰਜ ਸਾਲ ਪਹਿਲਾਂ ਕਰੰਟ ਨਾਲ ਮਰ ਗਈ ਸੀ।' ਜਿਸ ਨੂੰ ਠੀਕ ਕਰਨ ਅਜੇ ਤੱਕ ਨਹੀਂ ਆਏ। ਇਸ ਕਰਕੇ ਸਾਨੂੰ ਇਸ ਸਰਕਾਰ ਤੋਂ ਕੋਈ ਉਮੀਦ ਨਹੀਂ ਕਰਨੀ ਚਾਹੀਦੀ।" ਪਰ ਅਸੀਂ ਪ੍ਰਧਾਨ ਮੰਤਰੀ ਦੀ ਅਜਿਹੀ ਪਹਿਲ ਦਾ ਸਵਾਗਤ ਕਰਦੇ ਹਾਂ, ਥੋੜ੍ਹੀ ਦੇਰ ਨਾਲ ਗਏ ਦਰੁਸਤ ਗਏ।

ਚੋਣਾਂ ਸਿਰ 'ਤੇ ਆ ਜਾਣ ਕਰਕੇ ਸਰਕਾਰ ਹਰ ਕੰਮ ਲਈ ਏਨੀ ਕਾਹਲੀ ਹੈ ਕਿ ਪ੍ਰਧਾਨ ਮੰਤਰੀ ਦੀ ਫੇਰੀ ਤੋਂ ਬਾਅਦ ਚੌਥੇ ਦਿਨ ਹੀ ਸੋਗ ਦਾ ਦਿਨ ਰੱਖ ਕੇ ਘਟਨਾ ਨੂੰ ਠੰਢੇ ਬਸਤੇ ਵਿੱਚ ਪਾਉਣ ਦੀ ਗੱਲ ਕੀਤੀ ਗਈ ਹੈ। ਜੇ ਲੋਕਾਂ ਦੀ ਇਸ ਪ੍ਰਤੀ ਹਮਦਰਦੀ ਦੇਖੀ ਜਾਵੇ ਤਾਂ ਉਨ੍ਹਾਂ ਆਪਣੀਆਂ ਦੁਕਾਨਾਂ-ਬਜ਼ਾਰ ਬੰਦ ਕਰਕੇ ਜਾਨ ਗੁਆਉਣ ਵਾਲਿਆਂ ਨਾਲ ਇਕਜੁਟਤਾ ਦਿਖਾਈ ਹੈ।

ਸਰਕਾਰ ਵੱਲੋਂ ਨਕਲੀ ਹੰਝੂ ਵਹਾਉਣ ਤੋਂ ਇਲਾਵਾ ਲੋਕਾਂ ਵਿੱਚ ਏਨਾ ਗੁੱਸਾ ਪ੍ਰਬਲ ਹੈ ਕਿ ਵਕੀਲਾਂ ਦੀਆਂ ਬਾਰਾਂ ਨੇ ਕਿਸੇ ਮੁਜਰਮ ਵੱਲੋਂ ਪੇਸ਼ ਹੋਣ 'ਤੇ ਇਨਕਾਰ ਕਰਕੇ ਉਨ੍ਹਾਂ ਪੀੜਤਾਂ ਦੇ ਹੱਕ ਵਿੱਚ ਮਾਰਚ ਕੱਢਿਆ ਹੈ। ਇਹ ਕੋਈ ਛੋਟੀ ਗੱਲ ਨਹੀਂ, ਇਕਜੁਟਤਾ ਦੀ ਇੱਕ ਵੱਡੀ ਮਿਸਾਲ ਹੈ। ਜਿਹੜੇ ਸਰਕਾਰ ਅਤੇ ਪੁਲਸ ਨੇ ਇਸ ਕੇਸ ਵਿੱਚ ਦੋਸ਼ੀ ਨਾਮਜ਼ਦ ਕੀਤੇ ਹਨ ਉਹ ਸਭ ਕਰਿੰਦੇ ਹਨ, ਜਿਨ੍ਹਾਂ ਦਾ ਪੁਲ ਬਣਾਉਣ ਵਿੱਚ ਕੋਈ ਯੋਗਦਾਨ ਨਹੀਂ ਹੈ। ਉਹ ਵੀ ਰਿਮਾਂਡ ਸਮੇਂ ਐਕਟ ਆਫ਼ ਗੌਡ ਜਾਣੀ ਬੰਦਿਆਂ ਤੋਂ ਇਲਾਵਾ ਰੱਬ ਨੂੰ ਕਸੂਰਵਾਰ ਮੰਨ ਰਹੇ ਹਨ। ਸਾਰੀ ਘੋਖ ਕਰਨ ਤੋਂ ਬਾਅਦ ਇਹ ਸਾਬਤ ਹੋਇਆ ਲਗਦਾ ਹੈ ਕਿ ਪੁਲ ਨੂੰ ਮੋਟੇ ਤੌਰ 'ਤੇ ਰੰਗ ਰੋਗਨ ਹੀ ਕੀਤਾ ਗਿਆ। ਪੁਰਾਣਾ ਸਰੀਆ ਜਾਂ ਪੁਰਾਣੇ ਲੋਹੇ ਦਾ ਸਮਾਨ ਉਂਜ ਹੀ ਰਹਿਣ ਦਿੱਤਾ ਗਿਆ। ਕੁਝ ਵੀ ਨਵਾਂ ਨਹੀਂ ਪਾਇਆ। ਤਾਰਾਂ-ਕੇਬਲਾਂ, ਬੈਰਿੰਗ ਆਦਿ ਸਭ ਪਹਿਲਾਂ ਵਾਲੇ ਹੀ ਰਹਿਣ ਦਿੱਤੇ। ਕੋਈ ਗਰੀਸ ਵਗੈਰਾ ਨਹੀਂ ਕੀਤੀ ਗਈ। ਪੁਲ ਦਾ ਫ਼ਰਸ਼ ਮੁਰੰਮਤ ਕਰਨ ਲੱਗਿਆਂ ਤਜਰਬਾ ਨਾ ਹੋਣ ਕਰਕੇ ਚਾਰ ਪਰਤਾਂ ਵਾਲੀ ਅਲੂਮੀਨੀਅਮ ਲਾ ਦਿੱਤੀ ਗਈ। ਜਿਸ ਕਰਕੇ ਭਾਰ ਪਹਿਲਾਂ ਨਾਲੋਂ ਵਧ ਗਿਆ। ਜਿੰਨਾ ਭਾਰ ਬੰਦਿਆਂ ਦਾ ਹੋਣਾ ਚਾਹੀਦਾ ਸੀ, ਪੈਸੇ ਦੇ ਲਾਲਚ 'ਚ ਵੱਧ ਤੋਂ ਵੱਧ ਬੰਦਿਆਂ ਨੂੰ ਪੁਲ 'ਤੇ ਜਾਣ ਦੀ ਆਗਿਆ ਦਿੱਤੀ ਗਈ। ਦੀਵਾਲੀ ਕਰਕੇ ਪੁਲ ਵੀ ਪਹਿਲਾਂ ਹੀ ਬਿਨਾਂ ਕਿਸੇ ਚੈਕਅਪ ਜਾਂ ਫਿਟਨੈਸ ਤੋਂ ਖੋਲ੍ਹ ਦਿੱਤਾ ਗਿਆ। ਅਜਿਹੀਆਂ ਲਾਪ੍ਰਵਾਹੀਆਂ ਬਿਨਾ ਸਰਕਾਰੀ ਇਸ਼ਾਰਿਆਂ ਤੋਂ ਨਹੀਂ ਹੋ ਸਕਦੀਆਂ। ਉਹ ਇਸ਼ਾਰੇ ਅਤੇ ਉਨ੍ਹਾਂ ਲਾਪ੍ਰਵਾਹੀਆਂ ਤਕ ਤਦ ਹੀ ਪਹੁੰਚਿਆ ਜਾ ਸਕਦਾ ਹੈ ਕਿ ਜੇਕਰ ਅਜਿਹੇ ਕੇਸ ਵਿੱਚ ਮੁੱਖ ਮੰਤਰੀ ਆਪਣੇ ਅਹੁਦੇ ਤੋਂ ਲਾਂਭੇ ਹੋਣ ਅਤੇ ਘੱਟੋ-ਘੱਟ ਸਿਟਿੰਗ ਹਾਈ ਕੋਰਟ ਦੇ ਜੱਜ ਨੂੰ ਇਨਕੁਆਰੀ ਸੌਂਪੀ ਜਾਏ। ਅਜਿਹਾ ਕਰਨ ਜਾਂ ਹੋਣ ਨਾਲ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋਵੇਗਾ। ਨਹੀਂ ਤਾਂ ਪਾਣੀ ਵਿੱਚ ਮਧਾਣੀ ਪਾਉਣ ਵਾਲੀ ਗੱਲ ਹੋਵੇਗੀ। ਸਭ ਵਿਰੋਧੀ ਅਤੇ ਸਿਆਸੀ ਪਾਰਟੀਆਂ ਨੂੰ ਇਸ ਮਸਲੇ 'ਤੇ ਇੱਕ ਅਵਾਜ਼ ਹੋ ਕੇ ਇਨਸਾਫ਼ ਲਈ ਖੜ੍ਹਨਾ ਅਤੇ ਲੜਨਾ ਚਾਹੀਦਾ ਹੈ। ਉਨ੍ਹਾਂ ਸਭ ਤਾਕਤਾਂ ਨੂੰ ਨੰਗਾ ਕਰਨਾ ਚਾਹੀਦਾ ਹੈ, ਜਿਨ੍ਹਾਂ ਕਰਕੇ ਬਿਨਾਂ ਟੈਂਡਰਾਂ ਤੋਂ ਠੇਕਾ ਦਿੱਤਾ ਗਿਆ ਅਤੇ ਅਗਾਂਹ ਬਿਨਾਂ ਆਗਿਆ ਤੋਂ ਕਿਸ ਦੀ ਸ਼ਹਿ 'ਤੇ ਘੜੀਆ ਬਣਾਉਣ ਵਾਲੀ ਕੰਪਨੀ ਨੇ ਇੱਕ ਵੈਲਡਿੰਗ ਕਰਨ ਵਾਲੀ ਕੰਪਨੀ ਨੂੰ ਆਪਣਾ ਹਿੱਸਾ ਰੱਖ ਕੇ ਅਜਿਹਾ ਕੀਤਾ। ਕਿਨ੍ਹਾਂ-ਕਿਨ੍ਹਾਂ ਦੀ ਸ਼ਹਿ 'ਤੇ ਸਮੇਂ ਤੋਂ ਪਹਿਲਾਂ ਉਦਘਾਟਨ ਅਤੇ ਕਿਨ੍ਹਾਂ-ਕਿਨ੍ਹਾਂ ਦੇ ਕਹਿਣ 'ਤੇ ਜ਼ਿਆਦਾ ਅਤੇ ਰੇਟ ਤੋਂ ਵੱਧ ਮੁੱਲ 'ਤੇ ਟਿਕਟਾਂ ਵੇਚੀਆਂ ਗਈਆਂ। ਜਿਸ ਕਰਕੇ ਅਜਿਹੀ ਦੁਰਘਟਨਾ ਵਾਪਰੀ, ਜਿਸ ਵਿੱਚ 135 ਤੋਂ ਜ਼ਿਆਦਾ ਜਾਨਾਂ ਰੱਬ ਨੂੰ ਪਿਆਰੀਆਂ ਹੋ ਚੁੱਕੀਆਂ ਤੇ 170 ਨੂੰ ਬਚਾਇਆ ਗਿਆ ਹੈ। ਪਾਰਟੀਆਂ ਨੂੰ ਸੰਘਰਸ਼ ਦੌਰਾਨ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਇਹ ਉਹ ਵਪਾਰੀ ਸੂਬਾ ਹੈ, ਜਿਸ ਦੀਆਂ ਲੋਕ ਸਭਾ ਦੀਆਂ ਸਾਰੀਆਂ ਸੀਟਾਂ ਭਾਜਪਾ ਦੀ ਝੋਲੀ ਵਿੱਚ ਪੈਂਦੀਆਂ ਰਹੀਆਂ ਹਨ ਇਸ ਕਰਕੇ ਇਹ ਤੁਸੀਂ ਸੋਚਣਾ ਹੈ ਕਿ ਸਭ ਵਿਰੋਧੀਆਂ ਨੇ ਕਿਵੇਂ ਇਕੱਠੇ ਹੋ ਕੇ ਲੜਨਾ ਹੈ ਅਤੇ ਜਿੱਤ ਵੱਲ ਵਧਣਾ ਹੈ। ਵਰਨਾ ਜੋ ਅੱਜ ਤੱਕ ਸਿੱਟ ਬਣਾਈ ਹੈ, ਜੋ ਉਸ ਵਿੱਚ ਮੈਂਬਰ ਲਏ ਗਏ ਹਨ, ਜਿਨ੍ਹਾਂ ਨੂੰ ਇਸ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਹੈ, ਉਹ ਸਭ ਵੀ ਇੱਕ ਦਿਨ ਐਕਟ ਆਫ਼ ਗੌਡ ਦੀ ਭੇਟ ਚੜ੍ਹ ਜਾਣਗੇ।

**# ਸੰਪਰਕ : 98721-65741**

---

## ਦੋ .ਗ਼ਜ਼ਲਾਂ

ਕੁਰਸੀ ਦੇ ਉਹ ਬਣਦੇ ਆਗਿਆਕਾਰ ਕਿਵੇਂ?
ਦਿਲ 'ਤੇ ਫਿਰ ਚੁੱਕਦੇ ਨੇ ਏਨਾ ਭਾਰ ਕਿਵੇਂ?

ਜਦ ਬਿਰਖਾਂ ਨੂੰ ਵੱਢਿਆ ਤੂੰ ਵੀ ਮੋਹਰੀ ਸੀ,
ਤੇਰੇ ਵਿਹੜੇ ਆਊ ਫੇਰ ਬਹਾਰ ਕਿਵੇਂ ?

ਧਰਤੀ ਦਾ ਇਤਿਹਾਸ ਪੜ੍ਹੀਂ ਤੇ ਦੇਖ ਲਵੀਂ,
ਜਰੇ ਵੀ ਬਣਦੇ ਨੇ ਸਾਹ ਅਸਵਾਰ ਕਿਵੇਂ?

ਇੱਕ ਦੀਵਾ ਹੀ ਤਲੀ 'ਤੇ ਧਰ ਕੇ ਬਾਹਰ ਤਾਂ ਆ,
ਵੇਖੀਂ ਮੂਹਰੇ ਭੱਜਦਾ ਹੈ ਅੰਧਕਾਰ ਕਿਵੇਂ ?

ਜਿਸ ਦੀਆਂ ਨੀਂਹਾਂ ਵਿੱਚ ਲਹੂ ਸੀ ਪੁਰਖਿਆਂ ਦਾ,
ਉਸ ਘਰ ਨੂੰ ਹਾਇ ! ਵੰਡ'ਗੀ ਇੱਕ ਦੀਵਾਰ ਕਿਵੇਂ?

ਇਸ ਦੀ ਮਿੱਟੀ ਵਿੱਚ ਸੀ ਖ਼ੂਨ ਸ਼ਹੀਦਾਂ ਦਾ,
ਉੱਜੜਿਆ ਫਿਰ ਏਦਾਂ ਇਹ ਗੁਲਜ਼ਾਰ ਕਿਵੇਂ?

ਇੱਕ ਫੁੱਲ ਟੁੱਟਣ 'ਤੇ ਹੀ ਜੋ ਕੰਬ ਉੱਠਦਾ ਸੀ,
ਉਸ ਦੇ ਹੱਥ ਵਿੱਚ ਆਈ ਹੈ ਤਲਵਾਰ ਕਿਵੇਂ?

ਤੂੰ ਤਾਂ ਲੋਚੀ ਸ਼ਬਦ ਗੁਰੂ ਦਾ ਜਾਇਆ ਸੀ,
ਤੇਰੇ ਅੰਦਰ ਫੈਲਿਆ ਫਿਰ ਅੰਧਕਾਰ ਕਿਵੇਂ?

(2)

ਮੈਂ ਸੁੱਚੇ ਪਾਣੀਆਂ 'ਤੇ ਤਰ ਰਿਹਾ ਹਾਂ!
ਕਿ ਪੁਸਤਕ ਵਾਂਗ ਤੈਨੂੰ ਪੜ੍ਹ ਰਿਹਾ ਹਾਂ!

ਖੜਾ ਮੁਜਰਿਮ ਹੈ ਮੇਰੇ ਐਨ ਸਾਹਵੇਂ,
ਕਿਉਂ ਉਂਗਲ ਹੋਰ ਪਾਸੇ ਕਰ ਰਿਹਾ ਹਾਂ!

ਮੈਂ ਹਾਊਮੈਂ ਤੋਂ ਕਦੇ ਨਾ ਮੁਕਤ ਹੋਇਆ,
ਕਿਤਾਬਾਂ ਕੈਸੀਆਂ ਇਹ ਪੜ੍ਹ ਰਿਹਾ ਹਾਂ!

ਕਿਸੇ ਦੇ ਦੁੱਖਾਂ ਨਾ ਸੁੱਖਾਂ 'ਚ ਸ਼ਾਮਲ,
ਮੈਂ ਕੈਸੇ ਪਿੰਜਰਿਆਂ ਵਿੱਚ ਤੜ ਰਿਹਾ ਹਾਂ!

ਮੈਂ ਬੱਦਲ ਹਾਂ ਥਲਾਂ ਨੂੰ ਲੋੜ ਮੇਰੀ,
ਤੇ ਫਿਰ ਨਦੀਆਂ 'ਤੇ ਹੀ ਕਿਉਂ ਵਰ੍ਹ ਰਿਹਾ ਹਾਂ!

ਹੈ ਜਿਸ ਥਾਂ ਰੌਸ਼ਨੀ ਪਹਿਲਾਂ ਹੀ ਬਿਖਰੀ,
ਮੈਂ ਓਥੇ ਹੀ ਕਿਉਂ ਦੀਵੇ ਧਰ ਰਿਹਾ ਹਾਂ!

ਤੂੰ ਸਭ ਦੇ ਦਿਲ 'ਚ ਲਹਿ ਜਾਣਾ ਏਂ ਲੋਚੀ,
ਤੇ ਮੈਂ ਆਪਣੀ ਹੀ ਅੱਗ ਵਿੱਚ ਸੜ ਰਿਹਾ ਹਾਂ!

**—ਤ੍ਰੈਲੋਚਨ ਲੋਚੀ**
98142-53315

---

# ਸਰਮੁ ਧਰਮੁ ਦੁਇ ਛਪਿ ਖਲੋਏ...

## ਵਾਹ-ਵਾਸਤਾ

### ਡਾ. ਸ਼ਿਆਮ ਸੁੰਦਰ ਦੀਪਤੀ

ਬਾਬਾ ਨਾਨਕ ਨੂੰ ਸਿੱਖਾਂ ਦਾ ਪਹਿਲਾ ਗੁਰੂ ਕਹਿ ਕੇ, ਆਪਣੀ ਗੱਲ ਸ਼ੁਰੂ ਕਰਨ ਦਾ ਮਤਲਬ ਹੈ ਉਨ੍ਹਾਂ ਦੀ ਵਿਸ਼ਵ ਵਿਆਪੀ ਮਨੁੱਖਤਾ ਦੇ ਹੱਕ ਵਿੱਚ ਉਚਾਰੀ ਗਈ ਬਾਣੀ ਨੂੰ ਕੁਝ ਕੁ ਲੋਕਾਂ ਤੱਕ ਸੀਮਤ ਕਰਨਾ, ਭਾਵੇਂ ਕਿ ਹੁਣ ਉਨ੍ਹਾਂ ਨਾਲ ਜਗਤ ਗੁਰੂ ਦਾ ਖਿਤਾਬ ਜੋੜ ਦਿੱਤਾ ਗਿਆ ਹੈ, ਪਰ ਮੁੱਖ ਗੱਲ ਹੁੰਦੀ ਹੈ ਉਨ੍ਹਾਂ ਦੇ ਵਿਚਾਰਾਂ ਨੂੰ ਅਪਣਾਉਂਦੇ ਹੋਏ ਆਪਣੀ ਸ਼ਖਸੀਅਤ ਵਿੱਚ ਢਾਲਦੇ ਹੋਏ ਨਜ਼ਰ ਆਉਣਾ। ਬਾਬਾ ਨਾਨਕ ਦੇ ਹੀ ਸ਼ਬਦ ਹਨ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

ਸੱਚ ਨੂੰ ਅਸੀਂ ਸੁਪਰੀਮ ਕਹਿੰਦੇ ਹਾਂ, ਸਿਖ਼ਰ ਦਾ ਦਰਜਾ ਦਿੰਦੇ ਹਾਂ, ਪਰ ਬਾਬਾ ਨਾਨਕ ਲਈ ਸੱਚ ਨੂੰ ਕਿਰਦਾਰ ਵਿੱਚ ਲਿਆਉਣਾ ਤੇ ਪੇਸ਼ ਕਰਨਾ ਉਸ ਤੋਂ ਵੀ ਅੱਗੇ ਹੈ।

ਇਹ ਨਹੀਂ ਹੈ ਕਿ ਅਜਿਹੇ ਲੋਕ ਨਹੀਂ ਹਨ, ਉਹ ਹਰ ਕੌਮ ਅਤੇ ਖਿੱਤੇ ਵਿੱਚ ਹਨ। ਬਾਬਾ ਨਾਨਕ ਦੀ ਸੋਚ ਦਾ ਪ੍ਰਗਟਾਵਾ ਉਨ੍ਹਾਂ ਦੇ ਮੂਲ ਮੰਤਰ ਵਿੱਚ ਸਮੋਇਆ ਹੈ, ਜੋ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਵਿੱਚ ਪਿਆ ਹੈ, ਪਰ ਜੋ ਦਿਸਦਾ ਹੈ, ਉਹ ਇਹ ਕਿ ਲੋਕ ਆਪਣੀ ਸੁਵਿਧਾ ਅਨੁਸਾਰ ਇਨ੍ਹਾਂ ਤਿੰਨ ਅਹਿਮ ਪੱਖਾਂ ਵਿੱਚ ਕਿਸੇ ਇੱਕ ਨੂੰ ਚੁਣ ਲੈਂਦੇ ਹਨ ਤੇ ਉਹ ਹੈ ਨਾਮ ਜੱਪਣ ਵਾਲਾ ਤੇ ਸਮਝਦੇ ਹਨ ਕਿ ਉਨ੍ਹਾਂ ਦਾ ਜਾਪ ਜਿੱਥੇ ਉਹ ਸੋਚਦੇ ਹਨ, ਤੇ ਉੱਥੇ ਪਹੁੰਚ ਰਿਹਾ ਹੈ, ਪਰ ਸਭ ਤੋਂ ਉੱਤਮ ਹੈ ਕਿਰਤ। ਨਾਨਕ ਦੀ ਬਾਣੀ ਦਾ ਮੂਲ ਰਾਹ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਬਾਬਾ ਨਾਨਕ ਦੇ ਗੁਰੂ ਹੋਣ ਨਾਤੇ, ਉਨ੍ਹਾਂ ਦਾ ਜਨਮ ਦਿਹਾੜਾ ਭਾਵੇਂ ਸਾਲ ਵਿੱਚ ਇੱਕ ਦਿਨ ਹੀ ਬੜੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ, ਪ੍ਰਭਾਤ ਫੇਰੀਆਂ ਨਿਕਲਦੀਆਂ ਹਨ, ਕੀਰਤਨ ਅਤੇ ਪਾਠ ਹੁੰਦੇ ਹਨ, ਪਰ ਉਨ੍ਹਾਂ ਦੀ ਵਿਚਾਰਧਾਰਾ ਦੀ ਉਪਯੋਗਤਾ ਰੋਜ਼ਮਰ੍ਹਾ ਦੀ ਜ਼ਿੰਦਗੀ ਦਾ ਹਿੱਸਾ ਬਣਨ ਦੇ ਯੋਗ ਹੈ। ਬਾਬਾ ਨਾਨਕ ਦਾ ਮੁੱਖ ਸੰਦੇਸ਼ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਸਭ ਨੂੰ ਮਿਲ ਕੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਲਈ ਸੰਦੇਸ਼ ਦਿੰਦੀ ਹੈ, ਉਥੇ ਦੂਸਰੇ ਪਾਸੇ ਜਿਸ ਤਰ੍ਹਾਂ ਦਾ ਮਾਹੌਲ ਦੇਸ਼ ਅੰਦਰ ਬਣ ਰਿਹਾ ਹੈ, ਉਥੇ ਜਾਤ, ਧਰਮ ਤੋਂ ਅੱਗੇ ਖਿੱਤੇ, ਬੋਲੀ, ਪਹਿਰਾਵੇ, ਖਾਣ-ਪੀਣ ਨੂੰ ਮਾਣ ਨਾਲ ਜੋੜ ਕੇ ਉਭਾਰਿਆ ਜਾ ਰਿਹਾ ਹੈ। ਮਾਣ ਨਾਲ ਕਿਤੇ ਮੈਂ ਹਿੰਦੂ ਹਾਂ, ਗਰਵ ਸੇ ਕਹੋ ਮੈਂ ਬਾਲਮੀਕ ਹਾਂ, ਮੈਨੂੰ ਰਵੀਦਾਸੀਆ ਹੋਣ ਵਿੱਚ ਮਾਣ ਹੈ...। ਮਤਲਬ ਮੈਂ ਕਿਸ ਤੋਂ ਘੱਟ ਹਾਂ।

ਬਾਬਾ ਨਾਨਕ ਜੋ ਮਨੁੱਖੀ ਸ਼ਖਸੀਅਤ ਦੇ ਮੂਲ ਵਿੱਚ ਪਿਆ ਹੈ, ਜੋ ਮਨੁੱਖ ਨੂੰ ਵਿਲੱਖਣ ਬਣਾਉਂਦੀ ਹੈ, ਇੱਕ ਅਲੱਗ ਦਰਜਾ ਦਿੰਦੀ ਹੈ, ਉਹ ਹੈ 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ' ਭਾਵ ਸਪੱਸ਼ਟ ਹੈ ਕਿ ਮਿਠਾਸ ਭਰੇ ਬੋਲਾਂ ਅਤੇ ਦੂਸਰੇ ਨੂੰ ਨਿਮਾਣੇ ਹੋ ਕੇ, ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਉਣਾ ਹੀ ਆਪਸੀ ਸਾਂਝ ਬਣਾਉਣ ਤੇ ਬਣਾਈ ਰੱਖਣ ਦਾ ਕੇਂਦਰੀ ਨੁਕਤਾ ਹੈ।

ਜੇਕਰ ਬਾਬਾ ਨਾਨਕ ਦੇ ਇਸ ਧਰਤੀ 'ਤੇ ਆਉਣ ਦੇ ਸਮੇਂ ਅਤੇ ਉਸ ਸਮੇਂ ਦੇ ਮਾਹੌਲ ਦੀ ਗੱਲ ਕਰੀਏ ਤਾਂ ਇਹ ਸ਼ਬਦ ਖੁਦ ਬਿਆਨ ਕਰਨ ਵਾਲੇ ਹਨ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ
ਧਰਮੁ ਧਰਮੁ ਦੁਇ ਛਪਿ ਖਲੋਏ॥
ਕੂੜ ਫਿਰੈ ਪਰਧਾਨ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨ ਵੇ ਲਾਲੋ।

ਸੰਖੇਪ ਵਿੱਚ ਕਹੀਏ ਤਾਂ ਪਾਪੀ, ਅਜਿਹਾ ਸ਼ਖਸ ਧਾਵਾ ਬੋਲ ਰਿਹਾ ਹੈ ਕਿ ਧਰਮ, ਸ਼ਰਮ ਲੁਕ ਗਏ ਹਨ ਤੇ ਸ਼ੈਤਾਨ ਅਤੇ ਕੂੜ ਦਾ ਬੋਲਬਾਲਾ ਹੈ।

ਕੀ ਬਾਬਾ ਨਾਨਕ ਦੀ ਪੰਜ ਸੌ ਸਾਲ ਪਹਿਲਾਂ ਬਿਆਨੀ ਗਈ ਇਹ ਬਾਣੀ, ਸਾਨੂੰ ਇੰਜ ਨਹੀਂ ਜਾਪਦਾ, ਜਿਵੇਂ ਸਾਡੇ ਸਮਾਜ ਦਾ ਅਜੋਕਾ ਦ੍ਰਿਸ਼ ਪੇਸ਼ ਕਰ ਰਹੀ ਹੋਵੇ। ਕਿਵੇਂ ਇੱਕ ਫਿਰਕਾ ਪੂਰੀ ਬੇਸ਼ਰਮੀ ਨਾਲ ਦੂਸਰੇ ਫਿਰਕੇ 'ਤੇ ਭਾਰੂ ਹੈ, ਸ਼ਰੇਆਮ ਮਾਰ ਮੁਕਾਉਣ ਦੀ ਗੱਲ ਹੋ ਰਹੀ ਹੈ ਤੇ ਹੱਥ ਵਿੱਚ ਹਥਿਆਰ ਲੈਣ ਦੀ ਗੱਲ ਹੋ ਰਹੀ ਹੈ।

ਇਸ ਦਾ ਇੱਕ ਪੱਖ ਹੋਰ ਵੀ ਹੈ, ਇਸ ਵਿੱਚ ਸ਼ਾਮਲ ਹੈ ਕਿ ਬਾਬਾ ਨਾਨਕ ਬਾਬਰ ਵਰਗੇ ਧਾੜਵੀ ਨੂੰ 'ਪਾਪ ਦੀ ਜੰਞ ਲੈ ਕੇ ਆਉਣ ਵਾਲਾ' ਤੇ ਫਿਰ ਕਿਸੇ ਹੋਰ ਬਾਣੀ 'ਰਾਜੇ ਸੀਹ ਮੁਕਦਮ ਕੁਤੇ' ਕਹਿਣ ਦੀ ਹਿੰਮਤ ਦਿਖਾਉਂਦਾ ਹੈ ਤੇ ਧੰਨੁ ਲਿਖਾਰੀ ਨਾਨਕਾ ਦੀ ਗੱਲ ਆਉਂਦੀ ਹੈ ਤਾਂ ਅੱਜ ਦੇ ਲਿਖਾਰੀ ਵੀ ਧਰਮ ਸ਼ਰਮ ਵਾਂਗ ਚੁੱਪ ਹੀ ਹਨ ਜਾਂ ਫਿਰ ਇਸ ਗੱਲੋਂ ਡਰਦੇ ਹਨ ਕਿ ਜੇਲ੍ਹਾਂ ਵਿੱਚ ਨਾ ਭੇਜ ਦਿੱਤੇ ਜਾਣ।

ਬਾਬਾ ਨਾਨਕ ਦੇ ਸਾਹਮਣੇ ਲੁਕਾਈ ਹੈ, ਉਸ ਦੇ ਲਈ ਜ਼ਿੰਦਗੀ ਦੀ ਕਤਾਰ ਵਿੱਚ ਖੜਾ ਆਖਰੀ ਆਦਮੀ ਹੈ ਉਹ ਫਰਮਾਉਂਦੇ ਵੀ ਹਨ—

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥

ਇਸੇ ਤਰ੍ਹਾਂ ਔਰਤਾਂ ਨੂੰ ਮੰਦਾ ਬੋਲਣ ਦੇ ਵੀ ਖ਼ਿਲਾਫ਼ ਹਨ।

ਬਾਬਾ ਨਾਨਕ ਦੀ ਬਾਣੀ ਲੋਕ ਮਨਾਂ ਨੂੰ ਛੂਹਣ ਵਾਲੀ, ਲੋਕ ਮਨਾਂ ਦੀ ਬਾਤ ਪਾਉਣ ਵਾਲੀ ਤਾਂ ਹੈ ਹੀ, ਨਾਲ ਹੀ ਉਹ ਲੋਕਾਂ ਨੂੰ ਨਿਰਭੈ ਬਣਾਉਣ ਵਾਲੀ ਵੀ ਹੈ ਤੇ ਨਿਰਭੈ ਉਹੀ ਹੋ ਸਕਦਾ ਹੈ, ਜਿਸ ਦੇ ਪੱਲੇ ਸੱਚ ਹੋਵੇ। ਜੇਕਰ ਅਸੀਂ ਅੱਜ ਦੀ ਵਿਵਸਥਾ ਨੂੰ ਲੋਕਤੰਤਰ ਕਹਿੰਦੇ ਹਾਂ, ਉਸ ਬਾਰੇ ਬੋਲਦੇ ਹਾਂ, ਵਿਚਾਰਦੇ ਹਾਂ, ਪਰ ਜੇਕਰ ਇਸ ਦੀ ਰੂਹ ਨੂੰ ਪਛਾਣ ਕੇ, ਇਸ ਦਾ ਡੂੰਘਾਈ ਨਾਲ ਅਧਿਐਨ ਕਰਕੇ ਨਤੀਜਾ ਕੱਢੀਏ ਤਾਂ ਇਹ ਤਾਨਾਸ਼ਾਹੀ ਹੈ ਤੇ ਮੁਗਲ ਰਾਜ ਦੇ ਰਾਜਿਆਂ ਦੇ ਨੇੜੇ ਦੀ ਹੈ, ਰਾਜਸੀ ਤਰਜ਼ ਦੀ ਵਿਵਸਥਾ ਹੈ, ਜਿੱਥੇ ਕਿਸੇ ਤਰ੍ਹਾਂ ਦਾ ਸੰਵਾਦ ਨਹੀਂ ਹੈ ਤੇ ਲੋਕ ਮਾਨਸਿਕਤਾ ਨੂੰ ਤਿਆਰ ਕੀਤਾ ਜਾ ਰਿਹਾ ਹੈ ਕਿ 'ਮੋਦੀ ਹੈ ਤਾਂ ਮੁਮਕਿਨ ਹੈ', ਇਹ ਮੁਮਕਿਨ ਹੋਣਾ ਹਿਟਲਰ-ਮੁਸੋਲਿਨੀ ਜ਼ਿੱਦ ਹੈ, ਇਹ ਲੋਕਤੰਤਰ ਦੀ ਨਿਸ਼ਾਨੀ ਨਹੀਂ ਹੈ, ਜਦੋਂ ਕਿ ਬਾਬਾ ਨਾਨਕ ਨੇ ਆਪਣੀ ਸਾਰੀ ਬਾਣੀ ਵਿੱਚ ਜੋ ਵਿਆਖਿਆ ਕੀਤੀ ਹੈ, ਉਹ ਸੰਵਾਦ ਦਾ ਹੀ ਨਤੀਜਾ ਹੈ। ਉਹ ਕਹਿੰਦੇ ਹਨ-

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥

ਨਾਲ ਸੱਚ ਨਾਲ ਜੁੜਿਆ ਇਹ ਪੱਖ ਵੀ ਹੈ ਕਿ ਸੱਚ ਦਾ ਪੱਲਾ ਛੱਡ ਦੇਣਾ, ਝੂਠ ਨੂੰ ਬੋਲਣ ਲਈ ਆਵਾਜ਼ ਨੂੰ ਉੱਚਾ ਚੁੱਕਣਾ ਤੇ ਨਾਲ ਹੀ ਹੰਕਾਰ ਦਾ ਸਹਾਰਾ ਲੈਣਾ ਪੈਂਦਾ ਹੈ— ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨ॥ ਤੇ ਨਾਲ ਹੀ ਬਾਬਾ ਨਾਨਕ ਕਹਿੰਦੇ ਹਨ—

ਹਉਮੈ ਬੁਝੈ ਤਾ ਦਰ ਸੂਝੈ॥
ਗਿਆਨ ਵਿਹੂਣਾ ਕਥਿ ਕਥਿ ਲੂਝੈ॥

ਜਦੋਂ ਬਾਬਾ ਨਾਨਕ ਦੀ ਬਾਣੀ ਦੀ ਵਿਵੇਚਨਾ-ਵਿਆਖਿਆ ਹੁੰਦੀ ਹੈ, ਉਸ ਦਾ ਗੂੜ੍ਹਾ ਅਧਿਐਨ ਹੁੰਦਾ ਹੈ ਤਾਂ ਸਮੇਂ ਦਾ ਸੱਚ ਸਾਹਮਣੇ ਆਉਂਦਾ ਹੈ। ਇਤਿਹਾਸ ਭਾਵੇਂ ਰਾਜੇ ਆਪ ਲਿਖਵਾਉਂਦੇ ਹਨ, ਜੋ ਕਿ ਪ੍ਰਸੰਸਾ ਨਾਲ ਭਰਿਆ ਹੁੰਦਾ ਹੈ, ਪਰ ਅਸਲੀ ਤਸਵੀਰ ਲਿਖਾਰੀ ਦੀ ਕਲਮ ਤੋਂ ਸਾਹਮਣੇ ਆਉਂਦੀ ਹੈ। ਜੋ ਅਸੀਂ ਬਾਬਾ ਨਾਨਕ ਦੀ ਬਾਣੀ ਤੋਂ ਸਾਫ਼ ਸਪੱਸ਼ਟ ਦੇਖ ਸਕਦੇ ਹਾਂ ਤੇ ਉਸ ਨੂੰ ਸਮਕਾਲੀ ਹਾਲਤਾਂ ਦੇ ਮੱਦੇਨਜ਼ਰ ਵਿਚਾਰ ਕਰ ਸਕਦੇ ਹਾਂ।

ਅੱਜ ਜਦੋਂ ਹਰ ਪਾਸੇ ਨਫ਼ਰਤੀ ਮਾਹੌਲ ਹੈ, ਸਭ ਨੂੰ ਇੱਕ ਹਨੇਰਾ ਹੀ ਨਜ਼ਰ ਆ ਰਿਹਾ ਹੈ। ਬਾਬਾ ਨਾਨਕ ਨੇ ਜਿਸ ਹਿੰਮਤ ਨਾਲ ਬਾਣੀ ਰਚੀ, ਬਾਬਰ ਦੇ ਜ਼ੁਰਮਾਂ ਦੀ ਪਰਵਾਹ ਕੀਤੇ ਬਿਨਾਂ ਲਿਖਿਆ ਤੇ ਪ੍ਰਚਾਰਿਆ। ਬਾਬਾ ਨਾਨਕ ਦੀ ਆਵਾਜ਼ ਹਜ਼ਾਰਾਂ ਲੋਕਾਂ ਦੀ ਆਵਾਜ਼ ਬਣੀ। ਉਨ੍ਹਾਂ ਨੇ ਨਾ ਸਿਰਫ਼ ਸਮੇਂ ਦੀ ਤਰਾਸਦੀ ਨੂੰ, ਸਗੋਂ ਉਸ ਦੀ ਦਸ਼ਾ ਨੂੰ ਦਿਸ਼ਾ ਵੀ ਦਿੱਤੀ। ਇਸ ਪੀੜਤ ਲੁਕਾਈ ਨੂੰ ਸੋਧਣ ਲਈ ਰਾਹ ਵੀ ਦੱਸਿਆ, ਜੋ ਕਿ ਅੱਜ ਵੀ ਕਾਰਗਰ ਹੈ।

ਨਫ਼ਰਤ, ਵਿਤਕਰੇ, ਨਾ-ਬਰਾਬਰੀ ਨੂੰ ਖਤਮ ਕਰਨ ਦਾ ਇੱਕੋ-ਇੱਕ ਕਾਰਗਰ ਹਥਿਆਰ ਹੈ, ਜੋ ਮਨੁੱਖਤਾ ਦਾ ਸਦੀਵੀ ਅੰਗ ਹੈ, ਉਹ ਪਿਆਰ, ਮਿਲ ਕੇ ਰਹਿਣਾ, ਇੱਕ-ਦੂਸਰੇ ਦਾ ਸਹਾਰਾ ਬਣਨਾ। ਬਾਬਾ ਨਾਨਕ ਦੇ ਬੋਲ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਪਿਆਰ ਕਰਨਾ, ਮਿਲ ਕੇ ਰਹਿਣਾ, ਇਕਜੁਟਤਾ, ਇਕ ਰਸ, ਇਕਮਿਕ ਹੋਣਾ, ਸੱਤਾ ਨੂੰ ਕਦੇ ਪਸੰਦ ਨਹੀਂ ਆਉਂਦੇ। ਉਨ੍ਹਾਂ ਨੂੰ ਸੱਤਾ ਤੱਕ ਪਹੁੰਚਾਉਣ ਅਤੇ ਸੱਤਾ ਵਿੱਚ ਬਣੇ ਰਹਿਣ ਲਈ ਇਹ ਰੋੜਾ ਸਮਝਦੇ ਹਨ। ਇਸੇ ਸਮਝ ਵਿੱਚੋਂ ਹੀ ਨਿਕਲਿਆ ਹੈ, 'ਪਾੜੋ ਤੇ ਰਾਜ ਕਰੋ' ਵਾਲਾ ਮੰਤਰ। ਇਸ ਲਈ ਜਿੱਥੇ ਸੱਤਾ ਪਾੜਨਾ ਚਾਹੁੰਦੀ ਹੈ ਤਾਂ ਜੋ ਲੋਕ ਸਮਾਜ ਨੂੰ ਸਾਂਝਾ ਦੇਖਣ ਦੀ ਚਾਹਵਾਨ ਹੁੰਦੀ ਹੈ, ਉਹ ਪਿਆਰ ਦੀ, ਮਿਲਵਰਤਨ ਦੀ ਗੱਲ ਕਰਦੀ ਹੈ। ਪਿਆਰ ਕਰਨ ਵਾਲਿਆਂ ਨੂੰ ਹਮੇਸ਼ਾ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਭਾਵੇਂ ਉਹ ਉਨ੍ਹਾਂ ਦੇ ਨਿੱਜੀ ਪੱਧਰ 'ਤੇ ਵਾਪਰੇ ਜਾਂ ਸਮੂਹਿਕ ਪੱਧਰ 'ਤੇ।

ਕਬੀਰ ਦੀ ਬਾਣੀ, ਜੋ ਕਿ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਵੀ ਹੈ, ਉਹ ਵੀ ਇਹੀ ਭਾਵ ਪ੍ਰਗਟਾਉਂਦੀ ਹੈ—

ਯੋ ਤੋ ਘਰ ਹੈ ਪ੍ਰੇਮ ਕਾ ਖਾਲਾ ਕਾ ਘਰ ਨਾਹੀ
ਸੀਸ ਉਤਾਰੈ ਭੁਇੰ ਧਰੈ ਫਿਰ ਬੈਠੇ ਘਰ ਮਾਹੀ॥

ਕਹਿਣ ਤੋਂ ਭਾਵ ਹੈ ਕਿ ਪਿਆਰ ਕਰਨਾ ਚੁਣੌਤੀ ਭਰਪੂਰ ਹੈ। ਇਸ ਦੇ ਲਈ ਜਾਨ ਤਲੀ 'ਤੇ ਧਰਨੀ ਪੈਂਦੀ ਹੈ, ਪਰ ਸਮੂਹਿਕ ਰੂਪ ਵਿੱਚ ਸਾਵੀਂ ਸੋਚ ਅਤੇ ਇਕੱਠੇ ਹੋ ਕੇ ਇਹ ਚੁਣੌਤੀ ਪਾਰ ਕੀਤੀ ਜਾ ਸਕਦੀ ਹੈ। ਲੇਖਕਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਪਹਿਲਾਂ ਸੋਚਦਾ ਹੈ, ਪਹਿਲ ਕਰਦਾ ਹੈ ਤੇ ਪਾਠਕ ਫਿਰ ਉਸ ਦੇ ਪਿੱਛੇ ਲੱਗਦੇ ਹਨ।

ਬਾਬਾ ਨਾਨਕ ਦੇ ਪੈਰੋਕਾਰ ਲੱਖਾਂ 'ਚ ਨਹੀਂ, ਕਰੋੜਾਂ ਵਿੱਚ ਹਨ, ਉਹ ਸੱਚਮੁੱਖ ਹੀ ਜਗਤ ਗੁਰੂ ਹੈ ਤਾਂ ਜੇਕਰ ਉਨ੍ਹਾਂ ਦੀ ਵਿਚਾਰਧਾਰਾ ਨੂੰ ਆਪਣਾ ਰਾਹ-ਦਸੇਰਾ ਬਣਾਵਾਂਗੇ ਤਾਂ ਚੁਣੌਤੀ ਦੀ ਹਿੰਮਤ ਹੀ ਨਹੀਂ ਪੈਣੀ ਕਿ ਉਹ ਮਨੁੱਖਤਾ ਨੂੰ ਅੱਗੇ ਵਧਣ ਲਈ ਰੋਕਣ ਜਾਂ ਕਿਸੇ ਵੀ ਤਰ੍ਹਾਂ ਦਾ ਅੜਿੱਕਾ ਬਣਨ।

***# ਸੰਪਰਕ : 98158-08506***

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

2-Nov-Sunday.qxd 11/5/2022 10:22 PM Page 4



# ਪਰਵਾਸੀਆਂ ਦੀ ਮਾਣਮੱਤੀ 'ਮੀਨਾਰ' ਦਾ ਗਲਪੀ ਬਿਰਤਾਂਤ

## ਸਫਰ

(ਨਾਵਲ)
**ਹਰਜੀਤ ਅਟਵਾਲ**
**ਪੰਨੇ : 192, ਮੁੱਲ : 295 ਰੁਪਏ**
**ਸੰਗਮ ਪਬਲੀਕੇਸ਼ਨਜ਼, ਸਮਾਣਾ**

ਕਿਤਾਬ ਦੀ ਪਰਖ ਪੜਚੋਲ

**ਹਰਜਿੰਦਰ ਸਿੰਘ ਅਟਵਾਲ (ਡਾ.)**



ਹਰਜੀਤ ਅਟਵਾਲ ਦਾ ਇਹ ਨਵਾਂ ਨਾਵਲ 'ਸਫਰ...' ਉਸ ਦੀਆਂ ਪਹਿਲੀਆਂ ਗਲਪ ਰਚਨਾਵਾਂ ਵਾਂਗ ਇੱਕ ਵਾਰ ਫਿਰ ਨਵੇਂ ਦਿਸਹੱਦੇ ਉਸਾਰਦਾ ਹੈ। ਹਰਜੀਤ ਦੀਆਂ ਹੁਣ ਤੱਕ ਦੋ ਦਰਜਨ ਗਲਪ ਰਚਨਾਵਾਂ ਸਮੇਤ ਤੀਹ ਪੁਸਤਕਾਂ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹਨ। ਉਹ ਆਪਣੇ ਪਹਿਲੇ ਨਾਵਲ ਵਨ-ਵੇਅ ਤੋਂ ਆਰੰਭ ਹੋ ਕੇ ਵੱਖੋ-ਵੱਖਰੇ ਨਾਵਲਾਂ ਰਾਹੀਂ ਬਰਤਾਨੀਆ ਵਿੱਚ ਵਸੇ ਪਰਵਾਸੀ ਖਾਸ ਕਰਕੇ ਪੰਜਾਬੀ ਭਾਈਚਾਰੇ ਦੇ ਪਰਵਾਸ ਦਾ ਇਤਿਹਾਸਕ ਪ੍ਰਸੰਗ, ਸੱਭਿਆਚਾਰਕ ਪ੍ਰਸੰਗ, ਇਸ ਭਾਈਚਾਰੇ ਦੀ ਸਮਾਜਕ ਜ਼ਿੰਦਗੀ ਵਿੱਚ ਆ ਰਹੀ ਤਬਦੀਲੀ, ਉਸ ਤਬਦੀਲੀ ਨਾਲ ਆ ਰਹੇ ਸਮਾਜਿਕ ਸੰਕਟ ਆਦਿ ਬਾਰੇ ਬਹੁਤ ਹੀ ਬੇਬਾਕੀ ਨਾਲ ਲਿਖਦਾ ਆ ਰਿਹਾ ਹੈ। ਉਸ ਦੇ ਪਹਿਲੇ ਹੀ ਨਾਵਲ 'ਵਨ-ਵੇਅ' ਬਾਰੇ ਪਾਰਖੂਆਂ ਦੀ ਇਸ ਰਾਏ ਨਾਲ ਆਮ ਸਹਿਮਤੀ ਸੀ ਕਿ ਇਹ ਨਾਵਲ ਪੰਜਾਬੀਆਂ ਦੇ ਪਰਵਾਸ ਦੀ ਇਤਿਹਾਸਕ ਦਸਤਾਵੇਜ਼ ਹੈ। ਇਸੇ ਤਰ੍ਹਾਂ ਰੇਤ, ਸਾਊਥਾਲ, ਬ੍ਰਿਟਿਸ਼ ਬੌਰਨ ਦੇਸੀ ਅਤੇ ਹੋਰ ਰਚਨਾਵਾਂ ਬਾਰੇ ਵੀ। ਹਰਜੀਤ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਬਰਤਾਨੀਆ ਵਿੱਚ ਟਿਕਿਆ ਹੋਇਆ ਹੈ, 'ਸਾਊਥਾਲ' ਉਸ ਦੀ ਕਰਮ ਭੂਮੀ ਵੀ ਹੈ। ਸਾਊਥਾਲ ਦਾ ਬਰਤਾਨੀਆ ਵਿਚਲੇ ਪਰਵਾਸੀਆਂ ਨਾਲ ਇੱਕ ਭਾਵੁਕ ਅਤੇ ਭਾਵਨਾਤਮਕ ਰਿਸ਼ਤਾ ਹੈ। ਪਰਵਾਸੀਆਂ ਲਈ ਉਹ ਮਹਿਜ਼ ਇੱਕ ਸ਼ਹਿਰ ਜਾਂ ਵਪਾਰਕ ਕੇਂਦਰ ਹੀ ਨਹੀਂ, ਸਗੋਂ ਆਪਣੇ ਸੱਭਿਆਚਾਰਕ ਪਿਛੋਕੜ ਕਾਰਨ ਇਸ ਸ਼ਹਿਰ ਨਾਲ ਉਹ ਇੰਤਹਾ ਦੀ ਹੱਦ ਤੱਕ ਭਾਵਨਾਤਮਕ ਸਾਂਝ ਪਾਲੀ ਬੈਠੇ ਹਨ। ਸਾਊਥਾਲ ਆਪਣੀਆਂ ਵਿਸ਼ੇਸ਼ਤਾਵਾਂ (ਗੁਣਾਂ-ਔਗੁਣਾਂ) ਕਾਰਨ ਪੰਜਾਬੀ ਪਰਵਾਸੀਆਂ ਦੀ ਖਿੱਚ ਦਾ ਕੇਂਦਰ ਰਿਹਾ ਹੈ। ਸਾਊਥਾਲ ਦਾ ਇਤਿਹਾਸ ਇਹਨਾਂ ਪਰਵਾਸੀਆਂ (ਖਾਸ ਕਰਕੇ ਪੰਜਾਬੀ) ਦੀਆਂ ਵਿਰਾਸਤਾਂ ਨੂੰ ਸਾਂਭਣ ਦਾ ਗਵਾਹ ਰਿਹਾ ਹੈ, ਹਰਜੀਤ ਦੀ ਦਿਲਚਸਪੀ ਇਸ ਸਾਰੇ ਕੁਝ ਨੂੰ ਗਲਪੀ ਬਿਰਤਾਂਤ ਵਿੱਚ ਪੇਸ਼ ਕਰਨ ਦੀ ਰਹੀ ਹੈ, ਜੋ ਉਹ ਲਗਾਤਾਰ ਕਰ ਰਿਹਾ ਹੈ।

ਉਸ ਦੀ ਇਹ ਸੱਜਰੀ ਗਲਪ ਰਚਨਾ (ਨਾਵਲ) ਸਫਰ ਨੂੰ ਉਸੇ ਲੜੀ ਵਿੱਚ ਹੀ ਦੇਖਿਆ ਜਾ ਸਕਦਾ ਹੈ, ਪਰ ਇਸ ਵਿੱਚ ਉਹ ਵਿਅਕਤੀ ਜਾਂ ਵਿਅਕਤੀਆਂ ਦੀ ਥਾਂ ਇੱਕ ਅਜਿਹੀ ਸੰਸਥਾ ਨੂੰ ਕੇਂਦਰ ਵਿੱਚ ਰੱਖਦਾ ਹੈ, ਜਿਸ ਦੀਆਂ ਪ੍ਰਾਪਤੀਆਂ ਦਾ ਲੰਮਾ ਇਤਿਹਾਸ ਤਾਂ ਹੈ ਹੀ, ਜਿਸ ਦੀ ਕਾਰਗੁਜ਼ਾਰੀ ਨੇ ਪੰਜਾਬੀ ਪਰਵਾਸੀਆਂ ਦੇ ਨਾਲ-ਨਾਲ ਹੋਰ ਪਰਵਾਸੀਆਂ ਦੇ ਪਰਵਾਸ ਵਿਚਲੇ ਸੰਕਟ ਨੂੰ ਹੱਲ ਕਰਨ ਜਾਂ ਘੱਟੋ-ਘੱਟ ਵਿਰੋਧ ਕਰਨ ਦੀ ਸਮਰੱਥਾ ਜ਼ਰੂਰ ਪ੍ਰਦਾਨ ਕੀਤੀ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਸਾਊਥਾਲ (ਆਈ ਡਬਲਊ ਏ) ਨਾਂਅ ਦੀ ਭਾਰਤੀ ਮਜ਼ਦੂਰ ਸੰਘ ਵਾਲੀ ਸੰਸਥਾ ਦੀਆਂ ਪ੍ਰਾਪਤੀਆਂ/ਅਪ੍ਰਾਪਤੀਆਂ/ਕਮਜ਼ੋਰੀਆਂ/ਨਿੱਜੀ ਮੁਫਾਦਾਂ ਆਦਿ ਨੂੰ ਜਿਸ ਬੇਬਾਕੀ ਨਾਲ ਹਰਜੀਤ ਨੇ ਇਸ ਨਾਵਲ ਵਿੱਚ ਪੇਸ਼ ਕੀਤਾ ਹੈ, ਉਹ ਮਿਸਾਲੀ ਤਾਂ ਹੈ ਹੀ, ਪਰਵਾਸੀਆਂ ਦੀ ਜ਼ਿੰਦਗੀ ਦੀ ਇੱਕ ਮੁਕੰਮਲ ਤਸਵੀਰ ਵੀ ਪਾਠਕਾਂ ਸਾਹਮਣੇ ਪੇਸ਼ ਹੁੰਦੀ ਨਜ਼ਰ ਆਵੇਗੀ। ਆਈ. ਡਬਲਯੂ ਏ ਕੇਵਲ ਸਾਊਥਾਲ ਹੀ ਨਹੀਂ, ਸਗੋਂ ਇਸ ਤੋਂ ਵੀ ਪਹਿਲਾਂ ਇਸ ਦੀ ਪਹਿਲੀ ਸ਼ਾਖਾ ਮਿਡਲੈਂਡ ਦੇ ਸ਼ਹਿਰ ਕਵੈਂਟਰੀ ਵਿੱਚ ਆਰੰਭ ਹੁੰਦੀ ਹੈ, ਫਿਰ ਵੁਲਵਰਹੈਪਟਨ, ਬਰਮਿੰਘਮ ਅਤੇ ਫਿਰ ਲੈਸਟਰ ਆਦਿ ਸ਼ਹਿਰਾਂ ਵਿੱਚ ਵੀ। ਇਸ ਸੰਸਥਾ ਦੀ ਮਜ਼ਦੂਰ ਲਹਿਰਾਂ ਵਿੱਚ ਇੱਕ ਮਾਣਮੱਤੀ ਭੂਮਿਕਾ ਰਹੀ ਹੈ, ਉਹ ਚਾਹੇ ਕੋਲ ਮਾਈਕਰਜ਼ ਦੀ ਹੜਤਾਲ ਹੋਵੇ, ਰੇਲਵੇ ਕਰਮਚਾਰੀਆਂ ਜਾਂ ਹੋਰ ਕਿਸੇ ਅਦਾਰੇ ਦੀ ਉਸ ਵਿੱਚ ਇਹ ਸੰਸਥਾ ਹਮੇਸ਼ਾ ਆਪਣੀ ਭਰਪੂਰ ਹਾਜ਼ਰੀ ਲੁਆਉਂਦੀ ਰਹੀ ਹੈ। ਸਾਊਥਾਲ ਦੀ ਇਸ ਸੰਸਥਾ ਨੂੰ ਛੱਡ ਕੇ ਬਾਕੀ ਸ਼ਹਿਰਾਂ ਵਿੱਚ ਇਸ 'ਤੇ ਕਾਬਜ਼ ਕੱਟੜ ਕਮਿਊਨਿਸਟ ਹੀ ਰਹੇ, ਉਹਨਾਂ ਦੀ ਵਿਚਾਰਧਾਰਾ ਵਿਚਲੀ ਕੱਟੜਤਾ ਕਰਕੇ ਉਹਨਾਂ ਦਾ ਇੱਕ ਵੱਖਰਾ ਅੰਦਾਜ਼ ਰਿਹਾ ਅਤੇ ਵੱਖਰੀ ਹੋਂਦ ਵੀ, ਪਰ ਸਾਊਥਾਲ ਵਾਲੀ ਇਸ ਸੰਸਥਾ ਵਿੱਚ ਹਰ ਵਿਚਾਰਧਾਰਾ ਅਤੇ ਸੋਚ ਵਾਲੇ ਲੋਕ ਸ਼ਾਮਲ ਰਹੇ। ਇਹ ਨਾਵਲ ਭਾਵੇਂ ਪ੍ਰਸੰਗ ਅਨੁਸਾਰ ਬਾਕੀ ਸ਼ਹਿਰਾਂ ਵਿਚਲੀਆਂ ਉਹਨਾਂ ਸੰਸਥਾਵਾਂ ਦਾ ਸੰਕੇਤਕ ਜ਼ਿਕਰ ਤਾਂ ਕਰਦਾ ਹੈ, ਪਰ ਇਸ ਦੀ ਮੁੱਖ ਦਿਲਚਸਪੀ ਆਈ ਡਬਲਯੂ ਏ ਸਾਊਥਾਲ ਦੀਆਂ ਅੰਤਰ-ਵਿਰੋਧਤਾਈਆਂ ਨੂੰ ਪੇਸ਼ ਕਰਨ ਦੀ ਹੈ, ਜਿਸ ਦਾ ਲੰਮਾ-ਚੌੜਾ ਵਿਸਥਾਰ ਇਸ ਨਾਵਲ ਦੀ ਬਿਰਤਾਂਤਕਾਰੀ ਦਾ ਹਿੱਸਾ ਬਣਦਾ ਹੈ।




ਨਾਵਲ ਦਾ ਆਰੰਭ 1955 ਤੋਂ ਹੁੰਦਾ ਹੈ। ਕੁੰਦਨ ਸਿੰਘ ਅਤੇ ਸਤਿਕਾਰ (ਜੋ ਸਮੁੱਚੇ ਨਾਵਲ ਦਾ ਕੇਂਦਰੀ ਧੁਰਾ ਰਹਿੰਦਾ ਹੈ) ਨਾਲ ਇਸ ਨਾਵਲ ਦੀ ਕਥਾ ਆਰੰਭ ਕਰਕੇ ਹਰਜੀਤ ਇਸ ਨੂੰ ਵਿਸਥਾਰ ਦਿੰਦਾ ਜਾਂਦਾ ਹੈ। ਇਸ ਵਿੱਚ ਜਗੀਰ ਸਿੰਘ, ਸੁਰਜੀਤ ਥਾਂਦੀ, ਚੈਨ ਸਿੰਘ, ਗੁਰਮੇਲ ਸਹੋਤਾ, ਚੀਮਾ (ਜਿਸ ਨੇ ਸ਼ਹੀਦ ਊਧਮ ਸਿੰਘ ਦੀ ਮਦਦ ਕੀਤੀ ਸੀ) ਵਤਨ ਸ਼ੇਰ ਗਿੱਲ, ਗੈਰੀ ਬਰਾਊਨ, ਜੇਮਜ਼ ਵਿਲੀਅਮ, ਕਾਰਲ ਬਾਈਗਰੇਟ, ਮੁਹੰਮਦ ਇਕਬਾਲ, ਅਸਲਮ ਮੁੱਦਸਰ ਅਤੇ ਹੋਰ ਰਲਦੇ ਜਾਂਦੇ ਹਨ ਅਤੇ ਇਹ ਇਸ ਸੰਸਥਾ ਨੂੰ ਕਾਫਲੇ ਦੇ ਰੂਪ ਵਿੱਚ ਪੈਰਾਂ ਸਿਰ ਖੜੇ ਵੀ ਕਰਦੇ ਹਨ ਅਤੇ ਨਾਲ ਦੀ ਨਾਲ ਇਸ ਦੀਆਂ ਜੜ੍ਹਾਂ ਖੋਖਲੀਆਂ ਕਰਕੇ ਇਸ ਨੂੰ ਡੇਗਣ ਦੀ ਭੂਮਿਕਾ ਵੀ ਨਿਭਾਉਂਦੇ ਹਨ। ਜਦੋਂ ਸਾਊਥਾਲ ਵਾਲੀ ਸੰਸਥਾ ਦਾ ਗਠਨ ਕਰਨ ਦੀ ਸਤਿਕਾਰ ਹੁਰੀਂ ਵਿਉਂਤ ਬਣਾਉਂਦੇ ਹਨ ਤਾਂ ਕਾਵੈਂਟਰੀ ਤੋਂ ਇਸੇ ਨਾਂਅ ਦੀ ਸੰਸਥਾ ਦਾ ਮੋਹਰੀ ਰਾਮ ਸਿੰਘ ਆਉਂਦਾ ਹੈ, ਜੋ ਇੱਕ ਹੀ ਸਮੇਂ ਬਰਤਾਨੀਆ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਵਿਰੋਧ ਕਰਦਾ ਹੈ ਅਤੇ ਨਾਲ ਭਾਰਤ ਵਿੱਚ ਆਜ਼ਾਦੀ ਉਪਰੰਤ ਨਹਿਰੂ ਦੀਆਂ ਨੀਤੀਆਂ ਦਾ ਵੀ ਵਿਰੋਧ ਕਰਦਾ ਹੈ, ਪਰ ਸਾਊਥਾਲ ਵਾਲੇ ਇਸ ਨਾਲ ਸਹਿਮਤ ਨਹੀਂ ਹੁੰਦੇ, ਭਾਵੇਂ ਵਤਨ ਸ਼ੇਰਗਿੱਲ ਵਰਗੇ ਕੱਟੜ ਕਮਿਊਨਿਸਟ ਇਸ ਸੰਸਥਾ ਦਾ ਹਿੱਸਾ ਰਹਿੰਦੇ ਹੋਏ ਵੀ ਵਿਰੋਧ ਕਰਦੇ ਹਨ, ਪਰ ਇਹ ਸੰਸਥਾ ਨਹਿਰੂ ਅਤੇ ਉਸ ਦੀ ਭੈਣ ਵਿਜੈ ਲਕਸ਼ਮੀ ਪੰਡਤ ਜੋ ਉਸ ਸਮੇਂ ਲੰਡਨ ਵਿੱਚ ਭਾਰਤ ਦੀ ਸਫੀਰ ਨਿਯੁਕਤ ਹੁੰਦੀ ਹੈ ਅਤੇ ਪੰਜਾਬ ਜਾਂ ਭਾਰਤ ਵਿੱਚੋਂ ਗਏ ਸਰਕਾਰੀ ਲੋਕ ਜਾਂ ਕਾਂਗਰਸ ਪਾਰਟੀ ਨਾਲ ਜੁੜੇ ਲੋਕਾਂ ਨੂੰ ਆਪਣੇ ਮੰਚ 'ਤੇ ਮਾਣ-ਸਤਿਕਾਰ ਦਿੰਦੀ ਰਹਿੰਦੀ ਹੈ। ਇਹਨਾਂ ਅੰਤਰ-ਵਿਰੋਧਾਂ ਨਾਲ ਹੀ ਇਹ ਸੰਸਥਾ ਚੱਲਦੀ ਰਹਿੰਦੀ ਹੈ। ਹਰਜੀਤ ਇਸ ਸਾਰੇ ਵਰਤਾਰੇ ਨੂੰ ਉਸ ਦੇ ਇਤਿਹਾਸਕ ਪ੍ਰਸੰਗ ਵਿੱਚ ਉਸਾਰਦਾ ਤਾਂ ਹੈ, ਪਰ ਨਾਲ ਦੀ ਨਾਲ ਕੁਝ ਇੱਕ ਉਨ੍ਹਾਂ ਘਟਨਾਵਾਂ/ਸੋਚ ਪੱਧਤੀਆਂ ਦਾ ਜ਼ਿਕਰ ਵੀ ਕਰਦਾ ਜਾਂਦਾ ਹੈ, ਜਿਸ ਨਾਲ ਸਮਕਾਲ ਦੇ ਇਤਿਹਾਸ ਨੂੰ ਯਥਾਰਥਮੁਖੀ ਸੇਧ ਮਿਲਦੀ ਹੈ।

ਸਤਿਕਾਰ ਦੀ ਪਤਨੀ 'ਜੀਤੀ' ਜੋ ਸਤਿਕਾਰ ਤੋਂ ਬਿਨਾਂ ਉਸ ਦੇ ਪਿੰਡ ਰਹਿੰਦੀ ਹੈ, ਦੀ ਮਾਨਸਿਕਤਾ ਵਿੱਚ 'ਸ਼ਹੀਦਾਂ' ਦਾ ਇੱਕ ਅਜਿਹਾ ਸੰਕਲਪ ਬੈਠਾ ਹੈ, ਜੋ ਹਰ ਮੁਸ਼ਕਲ ਦੀ ਘੜੀ ਵਿੱਚ ਉਸ ਦੀ ਠਾਹਰ ਬਣਦਾ ਹੈ। ਪਹਿਲਾਂ ਸ਼ਹੀਦਾਂ ਦੀ ਟੇਕ ਲੈ ਕੇ ਉਹ ਗੋਰੀਆਂ ਬਾਰੇ ਬੰਗਾਲਣਾਂ ਦੇ ਜਾਦੂਗਰ ਹੋਣ ਵਾਲਾ ਪ੍ਰਸੰਗ ਨਾਲ ਜੋੜ ਕੇ ਆਪਣੇ ਪਤੀ ਸਤਿਕਾਰ ਨੂੰ ਇਸ ਲਾਗ ਤੋਂ ਬਚਾਉਣ ਲਈ ਅਰਦਾਸ ਕਰਦੀ ਹੈ। ਫਿਰ ਆਪਣੇ ਬੇਟੇ ਰਾਣਾ ਅਤੇ ਬੇਟੀ 'ਰਸ਼ਮੀ' ਲਈ ਆਪਣੀ ਮਰਜ਼ੀ ਦੇ ਸਿਰਜੇ ਸੁਪਨਿਆਂ 'ਤੇ ਤੁਰਦੇ ਰਹਿਣ ਲਈ ਭਾਵੇਂ ਉਸ ਨੂੰ ਅਜਿਹੇ ਕਾਰਜ ਵਿੱਚ ਅੰਸ਼ਕ ਰੂਪ ਵਿੱਚ ਹੀ ਸਫਲਤਾ ਮਿਲਦੀ ਹੈ, ਪਰ ਹਰਜੀਤ ਨੇ ਇਸ ਪ੍ਰਸੰਗ ਨੂੰ ਸਿਰਜ ਕੇ ਇਤਿਹਾਸਕ ਤੱਥ ਉਜਾਗਰ ਕਰਨ ਦਾ ਯਤਨ ਕੀਤਾ ਹੈ। ਪਹਿਲਾਂ-ਪਹਿਲ ਪੰਜਾਬੀ ਪਰਵਾਸੀ ਛੋਟੇ-ਛੋਟੇ ਘਰਾਂ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਰਹੀ ਜਾਂਦੇ ਹਨ, ਉਹ ਘਰ ਇਸ ਕਰਕੇ ਲੈ ਨਹੀਂ ਰਹੇ, ਕਿਉਂ ਜੋ ਉਹ ਮਾਨਸਿਕ ਤੌਰ 'ਤੇ ਉੱਥੇ ਸਥਾਈ ਤੌਰ 'ਤੇ ਰਹਿਣ ਦੀ ਸੋਚ ਤੋਂ ਕੋਹਾਂ ਦੂਰ ਸਨ, ਉਹਨਾਂ ਦਾ ਮਨੋਰਥ ਤਾਂ ਉੱਥੇ ਜਾ ਕੇ ਕਮਾਈ ਕਰਕੇ ਚੋਖੇ ਪੈਸੇ ਇਕੱਠੇ ਕਰਕੇ ਵਾਪਸ ਆ ਕੇ ਭਾਈਚਾਰੇ ਵਿੱਚ ਆਪਣੀ ਭੱਲ (ਟੌਹਰ) ਬਣਾ ਕੇ ਰਹਿਣ ਦੀ ਲਾਲਸਾ ਕੰਮ ਕਰਦੀ ਸੀ। ਇਸ ਸਾਰੇ ਦਾ ਮਾਰਮਿਕ ਵੇਰਵਾ ਮਰਹੂਮ ਸ਼ਾਇਰ ਅਵਤਾਰ ਜੰਡਿਆਲਵੀ ਦੀ ਲੰਮੀ ਕਵਿਤਾ 'ਮੇਰੇ ਪਰਤ ਆਉਣ ਤੱਕ' ਵਿੱਚ ਬਾਖੂਬੀ ਦਰਜ ਹੋਇਆ ਮਿਲਦਾ ਹੈ, ਪਰ ਹੌਲੀ-ਹੌਲੀ ਪਰਵਾਸੀ ਇਸ ਸੋਚ ਤੋਂ ਪਰ੍ਹੇ ਜਾਂਦੇ ਹਨ ਅਤੇ ਅਗਲੀ ਪੀੜ੍ਹੀ ਇਸ ਸੋਚ ਨੂੰ ਤਿਲਾਂਜਲੀ ਦੇ ਕੇ ਅੱਗੇ ਵਧਦੀ ਹੈ। ਉਹ ਬਰਤਾਨੀਆ ਨੂੰ ਆਪਣਾ ਦੇਸ਼ ਸਮਝ ਕੇ ਅੱਗੇ ਵਧਦੇ ਹਨ। ਇਸੇ ਕਰਕੇ ਹੀ ਨਸਲਵਾਦੀ ਗੋਰਿਆਂ ਦਾ ਮੁਕਾਬਲਾ ਕਰਨ ਲਈ ਉਹਨਾਂ ਵਾਂਗ ਹੀ ਗਰੁੱਪ ਬਣਾ ਕੇ ਵਿਚਰਦੇ ਹਨ, ਮੁਕਾਬਲਾ ਕਰਦੇ ਹਨ, ਵਿਰੋਧੀ ਸਥਿਤੀਆਂ ਦੇ ਬਾਵਜੂਦ ਉਹ ਅੱਗੇ ਵਧਦੇ ਹਨ।

ਆਈ ਡਬਲਯੂ ਏ ਸਾਊਥਾਲ ਵਾਲੀ ਇਸ ਸੰਸਥਾ ਦਾ ਆਗਾਜ਼ ਪਹਿਲਾਂ ਘਰਾਂ ਤੋਂ, ਫਿਰ ਕਿਰਾਏ ਦੀ ਇਮਾਰਤ, ਫਿਰ ਕੌਂਸਲ ਦੇ ਦਫਤਰ ਤੋਂ ਹੁੰਦਾ-ਹੁੰਦਾ ਇਹ ਸਾਊਥਾਲ ਦੇ 'ਡੁਮੇਨੀਅਨ' ਸਿਨਮੇ ਤੱਕ ਪਹੁੰਚਦਾ ਹੈ, ਜੋ ਇੱਕ ਧੁਰੇ ਵਜੋਂ ਕੰਮ ਕਰਦਾ ਹੈ। ਭਾਵੇਂ ਸ਼ੁਰੂਆਤ ਭਾਰਤੀ ਸਿਨਮੇ ਦੀਆਂ ਚੋਣਵੀਆਂ ਫਿਲਮਾਂ ਦੇ ਪ੍ਰਦਰਸ਼ਨ ਤੋਂ ਹੁੰਦੀ ਹੈ, ਪਰ ਹੌਲੀ-ਹੌਲੀ ਇਹ ਇੱਕ ਸੱਭਿਆਚਾਰਕ ਕੇਂਦਰ ਵਜੋਂ ਸਥਾਪਤ ਹੋ ਕੇ ਰਾਜਨੀਤਕ ਅਖਾੜੇ ਤੱਕ ਪਹੁੰਚਦਾ ਹੈ, ਪਰ ਸੰਸਥਾ ਇੱਥੇ ਆ ਕੇ ਕਈ ਛੋਟੇ-ਵੱਡੇ ਮਸਲੇ ਵੀ ਹੱਲ ਕਰਦੀ ਹੈ, ਜੋ ਪਰਵਾਸੀਆਂ ਲਈ ਸੰਕਟ ਬਣ ਕੇ ਆਉਂਦੇ ਰਹੇ ਸਨ। 'ਗਰੇਪਸ ਪੱਬ' ਵਿੱਚ ਪਹਿਲਾਂ 'ਕਾਲਿਆਂ' ਦੇ ਪਰਵੇਸ਼ 'ਤੇ ਪਾਬੰਦੀ ਸੀ, ਪਰ ਇਸ ਸੰਸਥਾ ਨਾਲ ਜੁੜੇ ਲੋਕ ਇਸ ਦਾ ਵਿਰੋਧ ਕਰਦੇ ਹਨ ਅਤੇ ਜਿੱਤਦੇ ਹਨ। ਇਸ ਪਾਬੰਦੀ ਨੂੰ ਸ਼ਖਸੀ ਆਜ਼ਾਦੀ ਅਤੇ ਬਰਾਬਰੀ ਦੇ ਸਰੋਕਾਰ ਨਾਲ ਜੋੜ ਕੇ ਦੇਖਣ ਦੀ ਲੋੜ ਹੈ, ਨਾ ਕਿ ਇਸ ਨੂੰ ਮਹਿਜ਼ ਸ਼ਰਾਬਖਾਨੇ ਵਿਚਲੇ ਦਾਖਲੇ ਨਾਲ ਘਟਾ ਕੇ। ਉਜਾਗਰ ਸਿੰਘ ਨੂੰ ਅੰਡਰ-ਗਰਾਊਂਡ ਟਰੇਨ ਵਿੱਚ ਡਰਾਈਵਰ ਦੇ ਅਹੁਦੇ ਤੋਂ ਇਸ ਕਰਕੇ ਹਟਾ ਦਿੱਤਾ ਜਾਂਦਾ ਹੈ ਕਿਉਂਕਿ ਉਹ ਪੱਗ ਬੰਨ੍ਹਦਾ ਹੈ ਪਰ ਸੰਸਥਾ ਇਸ ਦਾ ਵਿਰੋਧ ਕਰਦੀ ਹੈ ਅਤੇ ਉਸ ਨੂੰ ਅਹੁਦੇ 'ਤੇ ਬਹਾਲ ਕਰਾਉਂਦੀ ਹੈ। ਬਰਤਾਨੀਆ ਵੱਲੋਂ ਪਾਰਲੀਮੈਂਟ ਵਿੱਚ 1962 ਵਿੱਚ ਕਾਮਨਵੈਲਥ ਇਮੀਗਰੇਸ਼ਨ ਐਕਟ ਆਉਂਦਾ ਹੈ, ਜਿਸ ਨਾਲ ਪਰਵਾਸੀਆਂ ਦੀ ਆਮਦ ਨੂੰ ਘਟਾਉਣ ਦਾ ਮਨੋਰਥ ਹੈ। ਇਹ ਸੰਸਥਾ ਉਸ ਦਾ ਵੀ ਵਿਰੋਧ ਕਰਦੀ ਹੈ। ਇਕ ਪਾਸੇ ਸਰਕਾਰ ਇਸ ਯਤਨ ਵਿੱਚ ਹੈ ਕਿ ਕਿਵੇਂ ਹੌਲੀ-ਹੌਲੀ ਪਰਵਾਸੀਆਂ ਦੀ ਗਿਣਤੀ ਘੱਟ ਕੀਤੀ ਜਾ ਸਕੇ ਜਾਂ ਸੀਮਤ ਕੀਤੀ ਜਾ ਸਕੇ, ਪਸੰਦੀਦਾ ਲੋਕ ਹੀ ਆ ਜਾ ਸਕਨ, ਪਰ ਉਸ ਦੇ ਮੁਕਾਬਲੇ 'ਤੇ ਇਹ ਸੰਸਥਾ ਇੱਕ ਨਵਾਂ ਬਿਰਤਾਂਤ ਸਿਰਜਦੀ ਜਾਂਦੀ ਹੈ। ਡੁਮੇਨੀਅਨ ਸਿਨਮਾ ਇਸ ਦਾ ਕੇਂਦਰ ਬਣਦਾ ਹੈ, ਇਸ ਕੇਂਦਰ ਨੂੰ ਸ਼ੁਰੂ ਭਾਵੇਂ ਭਾਰਤੀ ਲੋਕਾਂ ਖਾਸ ਕਰਕੇ ਪੰਜਾਬੀਆਂ ਨੇ ਹੀ ਕੀਤਾ ਸੀ, ਪਰ ਹੌਲੀ-ਹੌਲੀ ਇਸ ਵਿੱਚ ਸਾਰੇ ਪਰਵਾਸੀ ਹੀ ਸ਼ਾਮਲ ਹੁੰਦੇ ਜਾ ਰਹੇ ਹਨ। ਇਹ ਸੰਸਥਾ ਗੁਜਰਾਤੀ ਕਾਂਤੀ ਪਟੇਲ ਦਾ ਮਸਲਾ ਵੀ ਹੱਲ ਕਰਦੀ ਹੈ। ਉਸ ਦੀ ਮੌਤ ਤੋਂ ਬਾਅਦ ਉਸ ਦੇ ਪਰਵਾਰ ਦੀ ਜ਼ਿੰਮੇਵਾਰੀ ਵੀ ਨਿਭਾਉਂਦੀ ਹੈ। ਅਨਮੋਲ ਚੱਢਾ ਫੁੱਟਬਾਲ ਦੀ ਟੀਮ ਤਿਆਰ ਕਰਦਾ ਹੈ, ਕੋਈ ਕਬੱਡੀ ਖਿਡਾ ਰਿਹਾ ਹੈ, ਕੋਈ ਭੰਗੜਾ ਪੁਆ ਰਿਹਾ ਹੈ। ਇਹ ਸਾਰਾ ਕੁਝ ਬਰਤਾਨੀਆ ਦੀ ਸਰਕਾਰ ਵੱਲੋਂ ਪਰਵਾਸੀਆਂ ਉੱਪਰ ਕੱਸਿਆ ਜਾ ਰਿਹਾ ਸ਼ਿਕੰਜਾ ਅਤੇ ਉਸ ਦੇ ਸਮਾਂਤਰ ਦੇਖਿਆਂ ਸਹੀ ਸੰਦਰਭ 'ਚ ਸਮਝਿਆ ਜਾ ਰਿਹਾ ਹੈ। ਪਰਵਾਸੀਆਂ ਦੇ ਬੱਚਿਆਂ ਦੀ ਸਕੂਲਾਂ ਵਿੱਚ ਗਿਣਤੀ ਸੀਮਤ ਕਰਨ ਹਿੱਤ 'ਬਸਿੰਗ' ਸਿਸਟਮ ਦਾ ਵਿਰੋਧ ਕੀਤਾ ਜਾਂਦਾ ਹੈ ਭਾਵੇਂ ਕਾਮਯਾਬੀ ਨਹੀਂ ਮਿਲਦੀ, ਜਿਸ ਦਾ ਅਸਰ ਇਹ ਹੁੰਦਾ ਹੈ ਕਿ ਪਰਵਾਸੀਆਂ ਦੀ ਇੱਕ ਪੀੜ੍ਹੀ ਇਸ ਦਾ ਸ਼ਿਕਾਰ ਹੁੰਦੀ ਹੈ, ਉਸ ਉਮਰ ਵਿੱਚ ਬੱਚਿਆਂ ਨੂੰ ਸਹੀ ਦਿਸ਼ਾ ਮਿਲਣੀ ਚਾਹੀਦੀ ਸੀ, ਪਰ ਘਰੋਂ ਦੁਰੇਡੇ ਹੋਣ ਕਰਕੇ ਉਹ ਇਸ ਤੋਂ ਵਿਰਵੇ ਹੀ ਰਹਿ ਜਾਂਦੇ ਹਨ।

ਪਰ ਇਹ ਸੰਸਥਾ ਹੌਲੀ-ਹੌਲੀ ਰਾਜਨੀਤਕ ਛੜਯੰਤਰ ਦਾ ਸ਼ਿਕਾਰ ਹੁੰਦੀ ਹੈ, ਜਿਸ ਦਾ ਆਰੰਭ ਅਸਲ ਵਿੱਚ ਇਸ ਦੇ ਗਠਨ ਤੋਂ ਹੀ ਹੋ ਜਾਂਦਾ ਹੈ। ਜਦੋਂ ਕੱਟੜ ਲੋਕ ਕਿਸੇ ਵੀ ਸੰਸਥਾ ਵਿੱਚ ਸ਼ਾਮਲ ਹੋਣ ਤਾਂ ਅਜਿਹੀ ਸੰਭਾਵਨਾ ਬਣੀ ਰਹਿੰਦੀ ਹੈ, ਉਹ ਕੱਟੜਤਾ ਚਾਹੇ ਹਾਂ-ਪੱਖੀ ਹੋਵੇ, ਚਾਹੇ ਨਾਂਹ-ਪੱਖੀ। ਨਹਿਰੂ ਦੀ ਮੌਤ ਤੋਂ ਬਾਅਦ ਇਸ ਜਥੇਬੰਦੀ ਵੱਲੋਂ ਸੋਗ ਮਨਾਇਆ ਜਾਂਦਾ ਹੈ, ਕੁਝ ਵਿਰੋਧ ਦੀਆਂ ਸੁਰਾਂ ਉੱਠਦੀਆਂ ਹਨ। ਇੰਦਰਾ ਗਾਂਧੀ ਵੱਲੋਂ 1975 ਵਿੱਚ ਐਮਰਜੈਂਸੀ ਲਾਉਣ ਦੀ ਹਮਾਇਤ 'ਤੇ ਇਸ ਸੰਸਥਾ ਦੇ ਲੋਕ ਖੜਦੇ ਹਨ, ਨਾਲ ਹੀ ਵਿਰੋਧ ਵਿੱਚ ਵੀ। ਇੰਦਰਾ ਗਾਂਧੀ, ਗੁਰਮੁਖ ਸਿੰਘ ਮੁਸਾਫਰ, ਜਗਜੀਵਨ ਰਾਮ, ਦਰਬਾਰਾ ਸਿੰਘ ਅਤੇ ਹੋਰ ਕਾਂਗਰਸੀ ਲੋਕ ਜਦੋਂ ਇਸ ਸੰਸਥਾ ਵਿੱਚ ਆਉਂਦੇ ਹਨ ਤਾਂ ਵਿਰੋਧ ਤਿੱਖਾ ਹੁੰਦਾ ਜਾਂਦਾ ਹੈ ਅਤੇ ਨਾਲ ਹੀ ਰਾਜਨੀਤੀ ਵੀ ਆਪਣੀ ਚਰਮਸੀਮਾ ਤੱਕ ਪਹੁੰਚ ਜਾਂਦੀ ਹੈ। ਇੰਦਰਾ ਗਾਂਧੀ ਸਰਕਾਰ ਵੱਲੋਂ ਦਰਬਾਰ ਸਾਹਿਬ 'ਤੇ ਫੌਜੀ ਹਮਲਾ, ਇੰਦਰਾ ਗਾਂਧੀ ਦਾ ਕਤਲ, ਦਿੱਲੀ ਦੰਗੇ ਇਸ ਦੂਰੀ ਨੂੰ/ਵਿਰੋਧ ਨੂੰ ਹੋਰ ਤਿੱਖਾ ਕਰਦੇ ਹਨ। ਦੂਜੇ ਪਾਸੇ ਈ ਨੋਕ ਪਾਵੇਲ ਵਰਗੇ ਨਸਲਵਾਦੀ (ਨੈਸ਼ਨਲ ਫਰੰਟ) ਮੌਕੇ ਦੀ ਨਜ਼ਾਕਤ ਦੇਖ ਕੇ ਅੱਗੇ ਵਧਦੇ ਹਨ। ਸੰਸਥਾ ਉਸ ਦੇ ਮੁਕਾਬਲੇ ਆਪਣੀ ਸੋਚ ਤੇ ਸਮਝ ਅਨੁਸਾਰ ਕਰਨ ਦਾ ਯਤਨ ਕਰਦੀ ਹੈ, ਪਰ ਅਗਲੀ ਪੀੜ੍ਹੀ ਇਹਨਾਂ ਦੀ ਸੋਚ/ਸਮਝ ਨੂੰ ਰੱਦ ਕਰਦੀ ਹੈ ਅਤੇ ਉਹਨਾਂ ਦੀ ਭਾਸ਼ਾ ਵਿੱਚ ਹੀ ਉਹਨਾਂ ਨੂੰ ਜਵਾਬ ਦੇਣ ਦਾ ਯਤਨ ਕਰਦੀ ਹੈ। ਸੰਸਥਾ ਦੀ ਪ੍ਰਧਾਨਗੀ ਬਚਾਈ ਰੱਖਣ ਲਈ ਸੰਸਥਾ ਦੇ ਪੈਸੇ ਨਿੱਜੀ ਹਿੱਤਾਂ ਲਈ ਵਰਤੇ ਜਾਣ ਲੱਗਦੇ ਹਨ ਤੇ ਹੌਲੀ-ਹੌਲੀ ਸੰਸਥਾ ਕਰਜ਼ਾਈ ਹੋ ਜਾਂਦੀ ਹੈ ਅਤੇ ਲੱਗਦਾ ਹੈ ਕਿ ਇਹ 'ਮੀਨਾਰ' ਹੌਲੀ-ਹੌਲੀ ਢਹਿ ਰਹੀ ਹੈ। ਭਾਵੇਂ ਜ਼ਮੀਨੀ ਪੱਧਰ 'ਤੇ ਇਹ ਵਾਪਰ ਰਿਹਾ ਹੈ ਕਿ ਆਈ ਡਬਲਯੂ ਏ ਸਾਊਥਾਲ ਪਹਿਲਾਂ ਵਰਗੀ ਨਹੀਂ ਰਹੀ, ਪਰ ਇਸ ਬਾਰੇ ਜਦੋਂ ਸਤਿਕਾਰ ਦੀ ਬੇਟੀ ਰਸ਼ਮੀ ਉਸ ਨੂੰ ਪੁੱਛਦੀ ਹੈ ਕਿ ਕੀ ਤੁਹਾਡੇ ਮੁਤਾਬਕ ਇਹ ਅੱਜ ਤੱਕ ਕਾਮਯਾਬ ਰਹੀ ਤਾਂ ਸਤਿਕਾਰ ਦਾ ਜੁਆਬ ਹੀ ਇਸ ਸੰਸਥਾ ਬਾਰੇ ਸੰਖੇਪ ਅਤੇ ਮੁਕੰਮਲ ਟਿੱਪਣੀ ਹੈ। ਉਹ ਕਹਿੰਦਾ ਹੈ :

"ਬਹੁਤ ਕਾਮਯਾਬ, ਇਸ ਨੇ ਸਾਡੇ ਜੀਉਣ ਢੰਗ ਨੂੰ ਉੱਪਰ ਚੁੱਕਿਆ, ਇਸ ਨੇ ਉਹ ਕੰਮ ਕੀਤੇ ਆ, ਜਿਹੜੇ ਇਤਿਹਾਸ ਬਣ ਗਏ, ਇਹ ਸਭਾ ਮਹਿਜ਼ ਇੱਕ ਸਭਾ ਨਹੀਂ ਐ, ਇਹ ਸਾਡਾ ਮਾਣ ਐ।"

ਅਜਿਹੀ ਸੰਸਥਾ ਬਾਰੇ ਹਰਜੀਤ ਨੇ ਇੱਕ ਦਸਤਾਵੇਜ਼ੀ ਰਚਨਾ ਕਰਕੇ ਇਤਿਹਾਸ ਨੂੰ ਸਾਂਭਣ ਦਾ ਯਤਨ ਕੀਤਾ ਹੈ। ਅਸੀਂ ਇਤਿਹਾਸ ਨੂੰ ਕਦੇ ਭੁਲਾ ਨਹੀਂ ਸਕਦੇ, ਇਤਿਹਾਸ ਨੇ ਹੀ ਸਾਨੂੰ ਵਰਤਮਾਨ ਅਤੇ ਭਵਿੱਖ ਨੂੰ ਸੇਧਣ ਲਈ ਨਵੀਂ ਦਿਸ਼ਾ ਪ੍ਰਦਾਨ ਕਰਨੀ ਹੁੰਦੀ ਹੈ। ਇਹ ਤਬਦੀਲੀ ਇਸ ਨਾਵਲ ਦੇ ਬਿਰਤਾਂਤ ਦੇ ਅਖੀਰ ਵਿੱਚ ਨਜ਼ਰ ਆਉਂਦੀ ਹੈ, ਜਦੋਂ ਅਵਤਾਰ ਦਾ ਬੇਟਾ ਬਾਪ ਦੇ ਵਿਰੋਧ ਵਿੱਚ ਖੜਦਾ ਹੈ ਅਤੇ ਸਤਿਕਾਰ ਦਾ ਬੇਟਾ ਸਾਊਥਾਲ ਨੂੰ ਹੀ 'ਹੇਟ' (ਨਫਰਤ) ਕਰਦਾ ਹੈ, ਜੋ ਉਸ ਦੇ ਬਾਪ ਦੀ ਕਰਮ ਭੂਮੀ ਰਹੀ ਹੈ। ਸੋ ਇਹ ਤਬਦੀਲੀ ਨਾ ਟਾਲਣਯੋਗ ਹੈ। ਇਹ ਵਾਪਰਨਾ ਹੀ ਹੁੰਦਾ ਹੈ। ਪਰਵਾਸੀ ਪਹਿਲਾਂ ਸਿਰਫ ਉੱਥੋਂ ਦੀ ਲੇਬਰ ਪਾਰਟੀ ਵਿੱਚ ਸ਼ਾਮਲ ਹੁੰਦੇ ਸਨ, ਪਰ ਅਗਲੀ ਪੀੜ੍ਹੀ ਕੰਜ਼ਰਵੇਟਿਵ ਪਾਰਟੀ ਦਾ ਹਿੱਸਾ ਵੀ ਬਣ ਰਹੀ ਹੈ, ਇਸੇ ਤਰ੍ਹਾਂ ਕੈਨੇਡਾ ਵਿੱਚ ਵੀ ਹੋ ਰਿਹਾ ਹੈ, ਇਹ ਇੱਕ ਅਜਿਹੀ ਤਬਦੀਲੀ ਹੈ, ਜੋ ਵਾਪਰਨੀ ਹੀ ਹੁੰਦੀ ਹੈ। ਨਾਵਲ ਇਸੇ ਨੋਟ 'ਤੇ ਹੀ ਸਮਾਪਤ ਹੁੰਦਾ ਹੈ।

ਇਹ ਭਾਵੇਂ ਨਿਰੋਲ ਇਤਿਹਾਸਕ ਨਾਵਲ ਨਹੀਂ, ਪਰ ਇਹ ਪਰਵਾਸੀਆਂ ਦੇ ਇਤਿਹਾਸ ਦੇ ਇੱਕ ਕਾਲ ਖੰਡ ਨੂੰ ਪੇਸ਼ ਕਰਨ ਦਾ ਯਤਨ ਜ਼ਰੂਰ ਹੈ, ਪਰ ਕੁਝ ਇੱਕ ਉਕਾਈਆਂ ਪਾਠਕ ਨੂੰ ਜ਼ਰੂਰ ਅੱਖੜਨਗੀਆਂ। ਦਰਬਾਰ ਸਾਹਿਬ 'ਤੇ ਫੌਜੀ ਹਮਲਾ ਜੂਨ 1984 ਵਿੱਚ ਹੁੰਦਾ ਹੈ, ਕਨਿਸ਼ਕ ਜਹਾਜ਼ ਹਾਦਸਾ ਜੂਨ 1985 ਵਿੱਚ, ਜਿਸ ਦੇ ਸਾਜ਼ਿਸ਼ਕਰਤਾ ਖਾਲਿਸਤਾਨੀ ਲਹਿਰ ਨਾਲ ਸੰਬੰਧਤ ਦੱਸੇ ਜਾਂਦੇ ਹਨ। ਸਾਕਾ ਨੀਲਾ ਤਾਰਾ ਦੀ ਤਾਰੀਖ ਦੀ ਚੋਣ ਕਰਦਿਆਂ ਦਿਨ ਵੀ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਨ ਨੂੰ ਰੱਖਿਆ ਜਾਂਦਾ ਹੈ ਤਾਂ ਕਿ ਇਸ ਵਰਗ ਨੂੰ ਸਬਕ ਸਿਖਾਇਆ ਜਾ ਸਕੇ। ਇਹ ਤੱਥ ਵੀ ਬਾਅਦ 'ਚ ਆਇਆ ਕਿ ਇਸ ਦੀ ਸਲਾਹ ਵੀ ਬਰਤਾਨੀਆ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੀ ਸੀ। ਪੰਜਾਬ ਦੇ ਉਹ ਹਾਲਾਤ ਜਿਸ ਕਾਰਨ ਸਾਕਾ ਨੀਲਾ ਤਾਰਾ ਵਾਪਰਿਆ, ਉਹ ਕੇਵਲ ਅਕਾਲੀ ਅਤੇ ਕਾਂਗਰਸ ਕਰਕੇ ਨਹੀਂ, ਸਗੋਂ ਕਾਂਗਰਸ ਦੇ ਗਿਆਨੀ ਜ਼ੈਲ ਸਿੰਘ ਜੋ ਪਹਿਲਾਂ ਭਾਰਤ ਦਾ ਗ੍ਰਹਿ ਮੰਤਰੀ ਸੀ, ਫਿਰ ਰਾਸ਼ਟਰਪਤੀ ਬਣਦਾ ਅਤੇ ਉਸ ਦੇ ਸਿਆਸੀ ਵਿਰੋਧੀ ਦਰਬਾਰਾ ਸਿੰਘ ਕਰਕੇ ਜ਼ਿਆਦਾ ਸਨ। ਇਹਨਾਂ ਦੀ ਪੇਸ਼ਕਾਰੀ ਭਾਵੇਂ ਇਤਿਹਾਸ ਦਾ ਹਿੱਸਾ ਬਹੁਤ ਘੱਟ ਬਣਦੀ ਹੈ, ਪਰ ਗਲਪਕਾਰੀ ਵਿੱਚ ਇਸ ਦੀ ਪੇਸ਼ਕਾਰੀ ਹੋਣੀ ਚਾਹੀਦੀ ਸੀ, ਕਿਉਂ ਜੋ ਸਾਰਾ ਬਿਰਤਾਂਤ ਉਸਰਦਾ ਹੀ ਇਤਿਹਾਸਕ ਘਟਨਾਵਾਂ 'ਤੇ ਹੈ। ਹਰਜੀਤ ਦਾ ਇਹ ਨਾਵਲ ਪੰਜਾਬੀ ਨਾਵਲ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

# ਅਸਾਵੇਂ ਵਿਕਾਸ ਦੀਆਂ ਵਿਸੰਗਤੀਆਂ ਦਾ ਕਾਵਿ ਪ੍ਰਵਚਨ

## ਕਵਿਤਾ ਮੇਰੇ ਚਾਰ ਚੁਫੇਰੇ

(ਕਵਿਤਾਵਾਂ)
**ਡਾ. ਸ਼ਿਆਮ ਸੁੰਦਰ ਦੀਪਤੀ**
**ਮੁੱਲ : 100 ਰੁਪਏ, ਪੰਨੇ : ਸੁਜਿਲਦ : 136**
**ਪ੍ਰੇਰਣਾ ਪ੍ਰਕਾਸ਼ਨ, ਅੰਮ੍ਰਿਤਸਰ**

**ਡਾ. ਅਮਰ ਕੋਮਲ**

ਡਾ. ਸ਼ਿਆਮ ਸੁੰਦਰ ਦੀਪਤੀ ਪੰਜਾਬੀ ਸਾਹਿਤ ਦੇ ਕਈ ਰੂਪਾਂ ਉਪਰ ਕਲਮ ਚਲਾਉਂਦਾ, ਤਰਕ-ਪੂਰਵਕ ਵਿਚਾਰਧਾਰਾ ਦਾ ਲੇਖਕ ਹੈ। ਜਦੋਂ ਪੰਜਾਬੀ ਵਿੱਚ ਮਿੰਨੀ-ਕਹਾਣੀ ਲਿਖਣੀ ਅੱਜ ਪ੍ਰਚੱਲਤ ਨਹੀਂ ਸੀ ਹੋਈ, ਤਾਂ ਉਸ ਨੇ ਇਸ ਨਵੀਂ ਵਿਧੀ ਨੂੰ ਪ੍ਰਚੱਲਿਤ ਕਰਨ ਲਈ ਆਪਣੇ ਕੁਝ ਉਸ ਸਮੇਂ ਦੇ ਸਾਥੀ ਲੇਖਕਾਂ ਨੂੰ ਨਾਲ ਰਲਾ ਕੇ ਇਸ ਨਵੀਂ ਵਿਧਾ ਦਾ ਖ਼ੂਬ ਪ੍ਰਚਾਰ ਕੀਤਾ ਸੀ, ਜਿਸ ਦੇ ਫਲਸਰੂਪ ਅੱਜ ਇਹ ਮਿੰਨੀ ਕਹਾਣੀ ਲਿਖਣ ਵਾਲੇ ਸੈਂਕੜੇ ਲੇਖਕ ਹਨ। ਆਪ ਨੇ ਆਪਣੀ ਨਵੀਂ ਅਤੇ ਪ੍ਰਗਤੀਵਾਦੀ ਵਿਚਾਰਧਾਰਾ ਦੇ ਪਾਸਾਰ ਅਤੇ ਵਿਚਾਰਧਾਰਾ ਨੂੰ ਲੈ ਕੇ ਵਾਰਤਕ ਵਿਧਾ ਦੀ ਲੇਖ-ਲੜੀ ਆਰੰਭ ਵੀ ਕੀਤੀ ਹੋਈ ਹੈ, ਜੋ ਧਿਆਨਯੋਗ ਹੈ।




ਆਪ ਦੀ ਕਵਿਤਾ ਦੀਆਂ ਪਹਿਲੀਆਂ ਪੁਸਤਕਾਂ, 'ਕੀ ਲਿਖਾਂ ਕਵਿਤਾ', 'ਕਵਿਤਾ ਮੇਰੇ ਅੰਦਰ' ਹਨ। ਸਾਹਿਤ ਲਿਖਣ, ਪ੍ਰਚਾਰਨ, ਉਸਾਰਨ ਦੇ ਖੇਤਰ ਤੋਂ ਇਲਾਵਾ ਆਪ ਨੇ ਡਾਕਟਰੀ ਨਾਲ ਸੰਬੰਧਤ ਵਿਚਾਰਣਯੋਗ ਪੁਸਤਕਾਂ ਲਿਖਣ ਤੋਂ ਇਲਾਵਾ ਉਨ੍ਹਾਂ ਦੇ ਲੇਖ, ਅਖ਼ਬਾਰਾਂ ਤੇ ਰਸਾਲਿਆਂ ਵਿੱਚ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਅਨੇਕ ਵਿਧਾਵਾਂ ਉਪਰ ਡਾ. ਸ਼ਿਆਮ ਸੁੰਦਰ ਦੀਪਤੀ ਦੀ ਵਿਚਾਰਧਾਰਾ ਅਜੋਕੇ ਸਮੇਂ (ਭਾਰਤ) ਪੰਜਾਬ 'ਚ ਲੋਕ-ਸਮਾਜ ਦੇ ਲੋਕਾਂ ਦੀਆਂ ਵਰਤਮਾਨ ਸਥਿਤੀਆਂ-ਪ੍ਰਸਥਿਤੀਆਂ ਤੇ ਸੰਦਰਭ ਵਿੱਚ, ਜੋ ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਸਮੱਸਿਆਵਾਂ ਹਨ, ਉਨ੍ਹਾਂ ਸਮੱਸਿਆਵਾਂ ਦੇ ਮੂਲ ਕਾਰਨਾਂ ਅਤੇ ਇਨ੍ਹਾਂ ਦੇ ਹੱਲ ਲਈ ਜੋ ਵਿਚਾਰ ਦੇ ਰੂਪ ਵਿੱਚ ਪੇਸ਼ ਕੀਤੇ ਜਾਂਦੇ ਹਨ, ਉਹ ਵਿਗਿਆਨਕ ਵਿਚਾਰਧਾਰਾ ਦੇ ਅਨੁਕੂਲ ਹੁੰਦੇ ਹਨ।

'ਕਵਿਤਾ ਮੇਰੇ ਚਾਰ ਚੁਫੇਰੇ' ਲੇਖਕ ਦੀ ਤੀਜੀ ਕਾਵਿ ਪੁਸਤਕ ਹੈ, ਇਸ ਵਿੱਚ ਕਵਿਤਾ 'ਮੇਰੇ ਚਾਰ ਚੁਫੇਰੇ (1-34 ਪੰਨਿਆਂ ਦੀਆਂ 34 ਕਵਿਤਾਵਾਂ ਹਨ। ਦੂਜਾ ਭਾਗ, 'ਕਵਿਤਾ, ਮੈਨੂੰ ਹਰਦਮ ਘੇਰੇ' ਦੀਆਂ 1-14 ਪੰਨਿਆਂ ਦੀਆਂ ਕਵਿਤਾਵਾਂ ਤੇ 'ਕਵਿਤਾ-ਘੁੰਮੇ, ਕਵਿਤਾ ਦੁਆਲੇ, 1-16, ਕਵਿਤਾਵਾਂ ਹਨ। 7 ਕੋਰੋਨਾ ਕਾਲ ਦੀਆਂ, ਕਿਸਾਨੀ-ਘੋਲ ਦੇ ਅੰਗ-ਸੰਗ 10 ਕਵਿਤਾਵਾਂ ਹਨ। ਅੱਗੇ ਇਤਿਹਾਸ ਵਿੱਚੋਂ ਵਰਤਮਾਨ ਤਲਾਸ਼ਦੀ ਭਾਗ ਵਿੱਚ 8 ਕਵਿਤਾਵਾਂ ਹਨ। ਇੰਜ ਇਸ ਪੁਸਤਕ ਦੀ ਰੂਪ-ਰੇਖਾ ਹੈ।

ਇਨ੍ਹਾਂ ਸਮੁੱਚੀਆਂ ਕਵਿਤਾਵਾਂ ਵਿੱਚ ਵਰਤਮਾਨ ਸਮੇਂ ਦੀਆਂ ਅਸਾਵੇਂ ਵਿਕਾਸ ਸਮਾਜਿਕ ਵਿਸੰਗਤੀਆਂ, ਸਮਾਜ ਦੀਆਂ ਅਨੇਕਾਂ ਵਲਗਣਾਂ, ਮਨੁੱਖੀ ਸਮਾਜ ਦੀ ਮਾਨਸਿਕਤਾ ਸੰਬੰਧੀ ਕਵੀ ਦੇ ਸਾਰਥਿਕ, ਵਿਗਿਆਨਕ ਅਤੇ ਹੋਰ ਵਰਤਮਾਨ ਕਾਲ ਦੀਆਂ ਵਿਸੰਗਤੀਆਂ ਨਾਲ ਵਿਸ਼ਿਆਂ ਨੂੰ ਲੈ ਕੇ ਕਵਿਤਾਵਾਂ ਪੇਸ਼ ਹਨ।

ਡਾ. ਦੀਪਤੀ ਦੀ ਵਿਚਾਰਧਾਰਾ ਮਨੋਵਿਗਿਆਨਕ, ਚੇਤਨਾ-ਮੁਖੀ ਹੈ। ਉਸ ਦੀਆਂ ਇਹ ਕਵਿਤਾਵਾਂ ਉਸ ਦੇ ਮਨ ਦੇ ਪ੍ਰਵਾਹ ਅਨੁਸਾਰ ਲਿਖੀਆਂ ਗਈਆਂ ਹਨ। ਇਨ੍ਹਾਂ ਵਿੱਚ ਲੋਕਾਂ ਦੀ ਖੰਡਿਤ ਮਾਨਸਿਕਤਾ ਇਸ ਲਈ ਹੈ ਕਿ ਏਥੇ ਗ਼ਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਬਹੁ-ਪਾਸਾਰੀ ਸਮੱਸਿਆਵਾਂ ਹਨ। ਜਦੋਂ ਮੈਂ ਡਾ. ਦੀਪਤੀ ਦੀਆਂ ਕਵਿਤਾਵਾਂ ਵਿੱਚ ਚੇਤਨਾ ਦੀ ਗੱਲ ਕਰਦਾ ਹਾਂ, ਇਸ ਵਿੱਚ ਹਾਂਵਾਦੀ ਚੇਤਨਾ ਵੀ ਹੈ, ਖੰਡਿਤ ਚੇਤਨਾ ਵੀ ਹੈ, ਦੀਪਤੀ ਕਾਵਿ ਦੀ ਚੇਤਨਾ ਦੇ ਪਾਸਾਰ ਇਹ ਹਨ ਕਿ ਉਸ ਨੇ ਇਨ੍ਹਾਂ ਕਵਿਤਾਵਾਂ ਵਿੱਚ ਸਮੇਂ ਦੇ ਯਥਾਰਥ ਨੂੰ ਪੇਸ਼ ਕੀਤਾ ਹੈ; ਜਿਵੇਂ ਇਹ ਕਾਵਿ ਟੂਕਾਂ ਚੇਤਨ ਮੁਖੀ ਕਾਵਿ ਦੀਆਂ ਉਸ ਦੀਆਂ ਕਵਿਤਾਵਾਂ ਵਿੱਚ ਇਹੋ ਦ੍ਰਿਸ਼ਟੀ ਅਭੀਵਿਅਕਤ ਹੈ:-

ਭੁੱਖ ਵੀ, ਕਿੱਥੇ ਕਿੱਥੇ ਲੈ ਜਾਂਦੀ ਹੈ ਬੰਦੇ ਨੂੰ,
ਮੈਂ ਬਿਹਾਰੀ ਮਜ਼ਦੂਰ ਨੂੰ ਪਲੱਸਤਰ ਲਈ ਮਸਾਲਾ
ਬਣਾਉਂਦੇ ਦੇਖਦਾ ਹਾਂ
ਭੁੱਖ ਮਿਟ ਜਾਵੇ, ਤਾਂ ਤਸੱਲੀ ਹੋ ਜਾਂਦੀ ਹੈ
ਪੰਨਾ 15, ਪਹਿਲੀ ਕਵਿਤਾ

ਅਜੇ ਕਾਰੀਗਰ ਨੇ ਇਹ ਨਹੀਂ ਦੱਸਿਆ,
ਕਿਵੇਂ, ਉਸ ਦੇ ਵੱਡ-ਵਡੇਰਿਆਂ ਨੇ,
ਮਿੱਟੀ ਤੇ ਅੱਗ ਦਾ ਰਿਸ਼ਤਾ ਲੱਭ ਬਣਾਇਆ ਇੱਕ ਭਾਂਡਾ
ਜੋ ਮਿੱਟੀ ਤੋਂ ਇੱਕ ਮੂਰਤ ਹੋ ਗਿਆ ਹੈ।

ਇਹ ਮਨੁੱਖੀ ਚੇਤਨਾ ਹੈ, ਜਿਵੇਂ ਮਨ ਵਿੱਚ ਉਸਾਰੂ ਖ਼ਿਆਲਾਂ ਦੀ ਉਤਪਤੀ ਤੇ ਵਿਕਾਸ ਹੁੰਦਾ ਹੈ। ਇਨ੍ਹਾਂ ਕਵਿਤਾਵਾਂ ਵਿੱਚ ਪਰਿਭਾਸ਼ਾ ਕਰਨ ਪਿੱਛੋਂ ਵਿਕਾਸ ਅਤੇ ਅਭੀਵਿਅਕਤੀ ਅਤੇ ਏਕੀਕਰਨ ਦਾ ਮਕਸਦ ਪੂਰਨ ਹੁੰਦਾ ਹੈ।

ਇਸ ਕਾਵਿ ਦੀਆਂ ਤਲਖ਼ੀਆਂ, ਚੋਟਾਂ ਤੇ ਹਕੀਕਤਾਂ ਦੇ ਇਹ ਨਮੂਨੇ ਪੇਸ਼ ਹਨ:

ਸਿਰਫ਼, ਭੁੱਖ ਹੀ ਨਹੀਂ ਭੇਜਦੀ
ਆਪਣੀ ਮਿੱਟੀ ਤੋਂ ਦੂਰ
ਡਰ ਵੀ ਭੇਜਦਾ ਹੈ,
ਪੰਨਾ 18 (ਚੌਥੀ ਕਵਿਤਾ)
ਜੋਬਨ-ਜਵਾਨੀ ਦੀ ਪਰਿਭਾਸ਼ਾ ਵੇਖੋ:
ਜਵਾਨੀ, ਸੁੰਦਰਤਾ, ਦਮਕ ਸਜਾਵਟ
ਇਨ੍ਹਾਂ ਦੀ ਮੁਥਾਜ਼ ਹੁੰਦੀ ਨਹੀਂ ਨਾ ?
(ਪੰਨਾ-20 ਛੇਵੀਂ ਕਵਿਤਾ)

ਕਵੀ ਕਦੇ ਮਾਲੀ ਦੀਆਂ ਕਰਾਮਾਤੀ ਰਚਨਾਵਾਂ, ਪ੍ਰਾਪਤੀਆਂ ਦਾ ਮੁਕਾਬਲਾ ਉਸ ਦੀ ਗੁਰਬਤ ਭਰੇ ਜੀਵਨ ਨਾਲ ਕਰਦਾ ਹੈ। ਗਰੀਬ ਮਜ਼ਦੂਰ ਕਿਰਤੀ ਕਿਸਾਨ, ਹਰ ਵਿਅਕਤੀ, ਜੋ ਮਿਹਨਤਕਸ਼ ਹੈ, ਉਸ ਦੀਆਂ ਪ੍ਰਾਪਤੀਆਂ ਤਾਂ ਹੁਨਰੀ ਖ਼ੂਬਸੂਰਤ, ਕਲਾਤਮਿਕ ਅਤੇ ਰਚਨਾਤਮਿਕ ਹੁੰਦੀਆਂ ਹਨ;

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੱਜਰਾ ਬਾਲ ਸਾਹਿਤ

## ਪੰਛੀ ਮਾਰ ਉਡਾਰੀ

**ਨਵਰਾਹੀ ਘੁਗਿਆਣਵੀ**
**(ਬਾਲ ਕਾਵਿ-ਸੰਗ੍ਰਹਿ)**
**ਪੰਨੇ : 64, ਮੁੱਲ : 150 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**




ਜਿੱਥੋਂ ਤੱਕ ਬਾਲ ਸਾਹਿਤ ਦੀ ਗੱਲ ਹੈ, ਇਸ ਦੀ ਹਾਲਤ ਤਾਂ ਹੋਰ ਵੀ ਤਰਸਯੋਗ ਹੈ। ਏਥੋਂ ਤੱਕ ਕਿ ਕਈ ਸਥਾਪਤ ਲੇਖਕ ਵੀ ਆਪਣੇ ਆਪ ਨੂੰ 'ਬਾਲ ਸਾਹਿਤ ਲੇਖਕ' ਅਖਵਾਉਣ ਵਿੱਚ ਝਿਜਕ ਮੰਨਦੇ ਹਨ। ਬਹੁਤ ਸਾਰੇ ਲੇਖਕਾਂ ਨੇ ਬਾਲ ਸਾਹਿਤ ਤੋਂ ਲਿਖਣਾ ਸ਼ੁਰੂ ਕੀਤਾ। ਜਦੋਂ ਹੋਰ ਵਿਧਾ ਵਿੱਚ ਮਾਨਤਾ ਮਿਲ ਗਈ ਤਾਂ ਬਾਲ ਸਾਹਿਤ ਨੂੰ ਭੁੱਲ ਗਏ। ਮੈਂ ਕਿਸੇ ਦਾ ਨਾਂਅ ਨਹੀਂ ਲੈਂਦਾ, ਤੁਸੀਂ ਆਪ ਹੀ ਵੇਖ ਲਓ। ਮੇਰਾ ਆਪਣਾ ਤਜਰਬਾ ਹੈ ਕਿ ਬੱਚਿਆਂ ਲਈ ਲਿਖਣਾ ਦੂਜੇ ਸਾਹਿਤ ਤੋਂ ਕਠਿਨ ਹੈ। ਬੱਚਿਆਂ ਲਈ ਲਿਖਣ ਲਈ ਤੁਹਾਨੂੰ ਬੱਚੇ ਬਣਨਾ ਪਏਗਾ। ਉਨ੍ਹਾਂ ਦੇ ਮਾਨਸਿਕ ਪੱਧਰ 'ਤੇ ਉੱਤਰ ਕੇ ਰਚਿਆ ਸਾਹਿਤ ਹੀ ਉਨ੍ਹਾਂ ਵਿੱਚ ਪ੍ਰਵਾਨ ਚੜ੍ਹਦਾ ਹੈ।

## ਰੇਡੀਓ ਦੀ ਕਹਾਣੀ

**ਜਰਨੈਲ ਸਿੰਘ ਬੱਧਣ**
**(ਬਾਲ ਸਾਹਿਤ)**
**ਪੰਨੇ : 78, ਮੁੱਲ : 150 ਰੁਪਏ**
**ਕਿਡਜ਼ ਵਰਲਡ ਪਬਲੀਕੇਸ਼ਨਜ਼, ਜਲੰਧਰ**




ਇਸ ਪੁਸਤਕ ਵਿੱਚ ਜਰਨੈਲ ਸਿੰਘ ਬੱਧਣ ਨੇ ਸੰਚਾਰ ਦੇ ਸ਼ਕਤੀਸ਼ਾਲੀ ਮਾਧਿਅਮ ਰੇਡੀਓ ਬਾਰੇ ਨਵੀਂ ਪੀੜ੍ਹੀ ਨੂੰ ਗਿਆਨ-ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਬਹੁਮੁੱਲੀ ਵਾਕਫ਼ੀਅਤ ਕਰਵਾਈ ਹੈ। ਅਸਲ ਵਿੱਚ ਰੇਡੀਓ ਦੇ ਹੋਂਦ ਵਿੱਚ ਆਉਣ ਦੀ ਯਾਤਰਾ ਬੜੀ ਲੰਮੀ ਅਤੇ ਦਿਲਚਸਪ ਹੈ। ਬੱਧਣ ਨੇ ਇਸ ਸੰਚਾਰ ਮਾਧਿਅਮ ਨਾਲ ਸੰਬੰਧਤ ਵਿਗਿਆਨੀਆਂ/ ਖੋਜੀਆਂ ਦੇ ਸੰਘਰਸ਼ ਅਤੇ ਅਨੁਭਵ ਨੂੰ ਅੰਕੜਿਆਂ ਅਤੇ ਤੱਥਾਂ ਦੀ ਮਦਦ ਨਾਲ ਬਹੁਤ ਦਿਲਚਸਪ ਬਣਾ ਕੇ ਪੇਸ਼ ਕੀਤਾ ਹੈ। ਅੱਜ ਦੇ ਜ਼ਮਾਨੇ ਵਿੱਚ ਇਸ ਪੁਸਤਕ ਦਾ ਬਹੁਤ ਮਹੱਤਵ ਹੈ।

## ਹੀਰਾ

**ਅਵਤਾਰ ਸਿੰਘ ਸੰਧੂ**
**(ਬਾਲ ਨਾਵਲ)**
**ਪੰਨੇ: 32 ਮੁੱਲ: 60 ਰੁਪਏ**
**ਸੰਧੂ ਕਿਤਾਬ ਘਰ ਸ਼ਹੀਦ ਭਗਤ ਸਿੰਘ ਨਗਰ**




ਕਿਸ਼ਨ ਦੋ ਬੰਦਿਆਂ ਨੂੰ ਨਾਲ ਲੈ ਕੇ, ਸਰਪੰਚ ਦਾ ਟਰੈਕਟਰ- ਟਰਾਲੀ ਲੈ ਕੇ ਹਸਪਤਾਲ ਨੂੰ ਚਲਾ ਗਿਆ। ਸਾਰੇ ਚਾਹੁੰਦੇ ਸਨ ਕਿ ਅੱਜ ਸ਼ਾਮ ਨੂੰ ਹੀ ਕੇਸਰ ਦਾ ਸਸਕਾਰ ਕਰ ਦਿੱਤਾ ਜਾਵੇ। ਕੇਸਰ ਦੇ ਨਜ਼ਦੀਕੀ ਰਿਸ਼ਤੇਦਾਰ ਘਰ ਪਹੁੰਚਣ ਲੱਗ ਪਏ। ਸ਼ਰੀਕਾ ਭਾਈਚਾਰਾ ਇਸ ਦੁੱਖ ਦੀ ਘੜੀ ਉਹਦੇ ਘਰ ਆ ਜੁੜਿਆ ਸੀ। ਭਾਵੇਂ ਕੇਸਰ ਦੀ ਬਹੁਤੀ ਰਿਸ਼ਤੇਦਾਰੀ ਨਹੀਂ ਸੀ, ਪਰ ਫਿਰ ਵੀ ਮਿਲਣ-ਗਿਲਣ ਵਾਲੇ ਕਾਫ਼ੀ ਆ ਗਏ ਸਨ। ਉਂਝ ਵੀ ਦੁੱਖ ਦੀ ਘੜੀ ਹਰ ਕੋਈ ਹਮਦਰਦੀ ਜਤਾਉਂਦਾ ਹੈ।

# ਪੁਸਤਕ ਰੀਵਿਊ

## ਕਰਤਾਰ ਕੈਂਥ

(ਕਾਵਿ ਚਿੰਤਨ)
**ਜੋਗਿੰਦਰ ਸਿੰਘ ਨਿਰਾਲਾ (ਡਾ.)**
**ਪੰਨੇ :152, ਕੀਮਤ :200 ਰੁਪਏ**
**ਤਾਲਿਫ ਪ੍ਰਕਾਸ਼ਨ, ਬਰਨਾਲਾ**

ਜੋਗਿੰਦਰ ਸਿੰਘ ਨਿਰਾਲਾ (ਡਾ.) ਵੱਲੋਂ ਸੰਪਾਦਿਤ ਚਰਚਾ ਅਧੀਨ ਪੁਸਤਕ 'ਚ ਲਿਖਾਰੀ ਸਭਾ ਬਰਨਾਲਾ ਦੇ ਸੰਸਥਾਪਕ ਪ੍ਰਧਾਨ ਕਰਤਾਰ ਕੈਂਥ ਦੀ ਕਾਵਿ ਸਿਰਜਣਾ ਦਾ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵਿਸ਼ਲੇਸ਼ਣ ਸ਼ਾਮਲ ਕੀਤਾ ਗਿਆ ਹੈ। ਪੁਰਾਣੀ ਅਤੇ ਨਵੀਂ ਪੀੜ੍ਹੀ ਦੇ 16 ਵਿਦਵਾਨ ਲੇਖਕਾਂ ਵੱਲੋਂ ਕਰਤਾਰ ਕੈਂਥ ਦੀ ਕਵਿਤਾ ਦੇ ਕਾਰਕ ਤੱਤਾਂ ਅਤੇ ਕਵਿਤਾ 'ਚੋਂ ਉਘੜਦੇ ਪੱਖਾਂ ਦਾ ਬਾਖੂਬੀ ਵਰਣਨ ਕੀਤਾ ਗਿਆ ਹੈ। ਸਕੂਲੀ ਸਿੱਖਿਆ ਤੋਂ ਕੋਰੇ ਕੈਂਥ ਵੱਲੋਂ ਤਿੰਨ ਕਾਵਿ ਪੁਸਤਕਾਂ 'ਤੀਸਰੀ ਅੱਖ, ਜਦੋਂ ਪਿੰਡ ਬੋਲਦਾ ਹੈ, ਕੁਸ਼ਗਣੀ ਰੁੱਤ' ਸਮੇਤ ਸੰਪਾਦਤ ਪੁਸਤਕ 'ਨਾਇਕ, ਪੱਤਝੜ ਤੇ ਸੂਰਜ' ਪਾਠਕਾਂ ਦੀ ਝੋਲੀ ਪਾਈਆਂ ਗਈਆਂ। ਜਗੀਰ ਸਿੰਘ ਜਗਤਾਰ ਵੱਲੋਂ ਸੰਪਾਦਿਤ ਪੁਸਤਕ 'ਢਾਈ ਕਦਮ' 'ਚ ਕੈਂਥ ਦੀ ਮੌਤ ਉਪਰੰਤ ਉਹਨਾ ਦੀਆਂ ਬਾਕੀ ਕਵਿਤਾਵਾਂ ਨੂੰ ਸ਼ੁਮਾਰ ਕਰਦਿਆਂ ਪ੍ਰਕਾਸ਼ਤ ਕੀਤਾ ਗਿਆ।

ਪੁਸਤਕ ਦੀ ਸ਼ੁਰੂਆਤ ਜੋਗਿੰਦਰ ਸਿੰਘ ਨਿਰਾਲਾ (ਡਾ.) ਵੱਲੋਂ ਲਿਖੇ ਹਰਫੇ-ਅੱਵਲ ਨਾਲ ਹੁੰਦੀ ਹੈ। ਇਹਨਾਂ ਸ਼ਬਦਾਂ 'ਚ ਨਿਰਾਲਾ ਵੱਲੋਂ ਕੁੱਜੇ 'ਚ ਸਮੁੰਦਰ ਬੰਦ ਕਰਦਿਆਂ ਕਰਤਾਰ ਕੈਂਥ ਦੀ ਸਾਹਿਤਕ ਖੇਤਰ 'ਚ ਆਮਦ ਬਾਰੇ ਦੱਸਣ ਦੇ ਨਾਲ-ਨਾਲ ਉਹਨਾ ਦੀ ਅਸੂਲ-ਪ੍ਰਸਤ ਜ਼ਿੰਦਗੀ ਬਾਰੇ ਵਰਣਨ ਕੀਤਾ ਗਿਆ ਹੈ। ਅਮਰ ਕੋਮਲ (ਡਾ.) ਨੇ ਪੁਸਤਕ ਦੇ ਪਲੇਠੇ ਲੇਖ ਕਰਤਾਰ ਕੈਂਥ ਅਤੇ ਉਸ ਦਾ ਕਾਵਿ-ਪ੍ਰਵਚਨ 'ਚ ਕੈਂਥ ਦੀ ਕਵਿਤਾ ਦਾ ਵਿਦਵਤਾ ਭਰਪੂਰ ਵਿਸ਼ਲੇਸ਼ਣ ਕਰਦਿਆਂ ਕੈਂਥ ਦੀ ਕਵਿਤਾ ਨੂੰ ਸਮਾਜਵਾਦੀ ਯਥਾਰਥਕ ਅਤੇ ਉੱਚੀਆਂ-ਸੁੱਚੀਆਂ ਮਨੁੱਖੀ ਕਦਰਾਂ-ਕੀਮਤਾਂ ਦੀ ਕਵਿਤਾ ਦਾ ਦਰਜਾ ਦਿੱਤਾ ਹੈ। ਲੇਖ 'ਸਮੇਂ ਦੀ ਨਬਜ਼ ਟਟੋਲਦਾ-ਕਵੀ ਕਰਤਾਰ ਕੈਂਥ' 'ਚ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦੇ ਬਾਬਾ ਬੋਹੜ ਜਗੀਰ ਸਿੰਘ ਜਗਤਾਰ ਨੇ ਬਰਨਾਲਾ ਦੀ ਧਰਤੀ 'ਤੇ ਹੋਏ ਸਮਕਾਲੀ ਸਾਹਿਤਕ ਲਹਿਰ ਦੇ ਉਥਾਨ ਤੋਂ ਲੈ ਕੇ ਉਭਾਰ ਤੱਕ ਦਾ ਵਰਣਨ ਕਰਦਿਆਂ ਕੈਂਥ ਦੀ ਕਵਿਤਾ ਦਾ ਸਾਰਥਿਕ ਵਿਸ਼ਲੇਸ਼ਣ ਪਾਠਕਾਂ ਦੇ ਰੂਬਰੂ ਕੀਤਾ ਹੈ। ਜਗਤਾਰ ਲਿਖਦਾ ਹੈ ਕਿ ਬਰਨਾਲਾ ਸ਼ਹਿਰ 'ਚ ਸਾਹਿਤ ਸਭਾ 'ਪੰਜਾਬੀ ਸਾਹਿਤ ਸਭਾ ਬਰਨਾਲਾ' ਦੀ ਸਥਾਪਨਾ ਨੇ ਨੌਜਵਾਨ ਮਨਾਂ 'ਚ ਸਾਹਿਤ ਦਾ ਬੀਜ ਬੀਜਿਆ। ਸ਼ਾਇਦ ਕਰਤਾਰ ਕੈਂਥ ਦੀ ਕਵਿਤਾ ਦਾ ਉਥਾਨ ਵੀ ਇਸੇ ਸਾਹਿਤ ਸਭਾ ਬਦੌਲਤ ਹੋਇਆ ਹੋਵੇ। ਜੋਗਿੰਦਰ ਸਿੰਘ ਨਿਰਾਲਾ ਦੇ ਕਥਨ ਦੀ ਤਾਈਦ ਕਰਦਿਆਂ ਜਗਤਾਰ ਦਾ ਕਹਿਣਾ ਹੈ ਕਿ ਸਾਹਿਤ ਸਭਾ ਦੀ ਸਥਾਪਨਾ ਦੇ ਤਕਰੀਬਨ ਇੱਕ ਦਹਾਕੇ ਬਾਅਦ ਸ਼ਹਿਰ ਦੇ ਸਮੇਂ ਦੇ ਨੌਜਵਾਨਾਂ ਵੱਲੋਂ ਵੱਖਰੀ ਸਾਹਿਤ ਸਭਾ 'ਲਿਖਾਰੀ ਸਭਾ ਬਰਨਾਲਾ' ਦੀ ਸਥਾਪਨਾ ਕੀਤੀ ਗਈ ਅਤੇ ਕਰਤਾਰ ਕੈਂਥ ਨੂੰ ਸਭਾ ਦਾ ਪ੍ਰਧਾਨ ਬਣਾਇਆ ਗਿਆ। ਜਗੀਰ ਸਿੰਘ ਜਗਤਾਰ ਨੇ ਆਪਣੇ ਸੰਖੇਪ ਜਿਹੇ ਲੇਖ 'ਚ ਕੈਂਥ ਦੀ ਕਵਿਤਾ ਨੂੰ ਸਮੇਂ ਦੇ ਸਮਾਜਕ, ਰਾਜਨੀਤਕ ਅਤੇ ਧਾਰਮਕ ਬਦਲਾਅ 'ਚੋਂ ਨਿਕਲੀ ਕਵਿਤਾ ਦਾ ਦਰਜਾ ਦਿੱਤਾ ਹੈ।

ਵਿਦਵਾਨ ਲੇਖਕ ਤੇਜਵੰਤ ਮਾਨ (ਡਾ.) ਨੇ ਕੈਂਥ ਦੀਆਂ ਕਾਵਿ ਪੁਸਤਕਾਂ 'ਚੋਂ ਕਾਵਿ ਟੋਟੇ ਲੈ ਕੇ ਕੈਂਥ ਦੀ ਕਵਿਤਾ ਨੂੰ ਵੱਖਰੀ ਪਹਿਚਾਣ ਦੀ ਕਵਿਤਾ ਦਾ ਦਰਜਾ ਦਿੱਤਾ ਹੈ। ਕੈਂਥ ਦੀ ਕਾਵਿ ਸਿਰਜਣਾ ਦੇ ਰੰਗਾਂ ਨੂੰ ਸਮਝਣ ਲਈ ਜਸਬੀਰ ਕੌਰ ਬਰਨਾਲਾ, ਤੇਜਾ ਸਿੰਘ ਤਿਲਕ, ਸੰਧੂ ਵਰਿਆਣਵੀ (ਪ੍ਰੋ.), ਗੁਲਜ਼ਾਰ ਸਿੰਘ ਪੰਧੇਰ (ਡਾ.), ਨਿਰੰਜਣ ਬੋਹਾ, ਮੇਘਾ ਸਿੰਘ (ਡਾ.) ,ਚਰਨ ਸਿੰਘ ਝਲੂਰ (ਡਾ.), ਤੇਜਿੰਦਰ ਚੰਡਿਹੋਕ, ਭੁਪਿੰਦਰ ਸਿੰਘ ਬੇਦੀ (ਡਾ.), ਹਰਿਭਗਵਾਨ (ਡਾ.), ਅਰਵਿੰਦਰ ਕੌਰ ਕਾਕੜਾ, ਤਰਸਪਾਲ ਕੌਰ (ਡਾ.) ਅਤੇ ਗੁਰਦੀਪ ਸਿੰਘ ਦੇ ਲੇਖ ਵੀ ਪੜ੍ਹਨ ਅਤੇ ਵਿਚਾਰਨਯੋਗ ਹਨ। ਅੰਤਕਾਵਾਂ ਵਜੋਂ ਦਰਜ ਲੇਖਾਂ 'ਮਤੇ ਅਸੀਂ ਵਿਸਰ ਨਾ ਜਾਈਏ' ਵਿੱਚ ਮਰਹੂਮ ਪ੍ਰੋ. ਪ੍ਰੀਤਮ ਸਿੰਘ ਰਾਹੀ ਅਤੇ 'ਮੁੱਢਲੇ ਸ਼ਬਦ' ਵਿੱਚ ਮਰਹੂਮ ਪ੍ਰੋ. ਜੋਗਾ ਸਿੰਘ ਵੱਲੋਂ ਕੈਂਥ ਦੀ ਕਵਿਤਾ ਬਾਰੇ ਕੀਤੇ ਅਧਿਐਨ ਵੀ ਸ਼ੁਮਾਰ ਕੀਤੇ ਗਏ ਹਨ।

ਪੁਸਤਕ ਵਿੱਚ ਸਿਰਲੇਖ 'ਮੇਰੇ ਪਿਤਾ ਜੀ' ਅਧੀਨ ਕੈਂਥ ਦੇ ਪੁੱਤਰ ਅੰਕੁਰ ਕੈਂਥ ਅਤੇ ਸਿਰਲੇਖ 'ਪੁਸਤਕਾਂ ਪੜ੍ਹ ਕੇ ਗਿਆਨ ਹਾਸਿਲ ਕਰੋ' ਅਧੀਨ ਕੈਂਥ ਦੀ ਪੁੱਤਰੀ ਡਾ. ਸੰਕੇਤ ਕੌਰ ਦੇ ਆਪਣੇ ਪਿਤਾ ਬਾਰੇ ਵਿਚਾਰ ਸ਼ੁਮਾਰ ਕੀਤੇ ਗਏ ਹਨ। ਬੱਚਿਆਂ ਦੇ ਵਿਚਾਰਾਂ ਤੋਂ ਕੈਂਥ ਦੀ ਸ਼ਖਸੀਅਤ ਦੇ ਬਹੁਤ ਸਾਰੇ ਪੱਖ ਉੱਘੜ ਕੇ ਸਾਹਮਣੇ ਆਉਂਦੇ ਹਨ। ਇਸ ਤੋਂ ਇਲਾਵਾ ਪੁਸਤਕ 'ਚ ਕਰਤਾਰ ਕੈਂਥ ਦੀ ਪਤਨੀ ਸੁਰਿੰਦਰ ਕੌਰ ਨਾਲ ਮਰਹੂਮ ਰਾਮ ਸਰੂਪ ਅਣਖੀ ਅਤੇ ਤੇਜਾ ਸਿੰਘ ਤਿਲਕ ਵੱਲੋਂ ਕੀਤੀਆਂ ਮੁਲਾਕਾਤਾਂ ਸ਼ਾਮਲ ਕੀਤੀਆਂ ਗਈਆਂ ਹਨ। ਦੋਵਾਂ ਮੁਲਾਕਾਤਾਂ 'ਚ ਮੁਲਾਕਾਤੀਆਂ ਵੱਲੋਂ ਕੈਂਥ ਦੀ ਪਤਨੀ ਨਾਲ ਗੱਲਬਾਤ ਜ਼ਰੀਏ ਕੈਂਥ ਦੀ ਸਾਹਿਤਕ ਚੇਟਕ ਸਮੇਤ ਜੀਵਨ ਬਾਰੇ ਬਹੁਤ ਕੁਝ ਪਾਠਕਾਂ ਦੇ ਰੂਬਰੂ ਕੀਤਾ ਗਿਆ ਹੈ। ਪੁਸਤਕ ਦੇ ਅਖੀਰ 'ਚ ਕੈਂਥ ਦੇ ਜੀਵਨ ਅਤੇ ਪਰਵਾਰ ਨਾਲ ਸੰਬੰਧਤ ਬਹੁਤ ਸਾਰੀਆਂ ਤਸਵੀਰਾਂ ਵੀ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਵਿਦਵਾਨ ਲੇਖਕਾਂ ਦੇ ਵਿਚਾਰਾਂ ਦੇ ਆਧਾਰ 'ਤੇ ਕੈਂਥ ਦੀ ਕਵਿਤਾ ਨੂੰ ਸੂਹੇ ਫੁੱਲ ਅਤੇ ਚੜ੍ਹਦੇ ਸੂਰਜ ਦਾ ਦਰਜਾ ਦਿੱਤਾ ਜਾ ਸਕਦਾ ਹੈ। ਕੈਂਥ ਦੀ ਕਵਿਤਾ ਕਿਧਰੇ ਵੀ ਨਿਰਾਸ਼ਾਵਾਦੀ ਜਾਂ ਸਮਝੌਤਾਵਾਦੀ ਹੋਣ ਦਾ ਸੰਦੇਸ਼ ਨਹੀਂ ਦਿੰਦੀ, ਸਗੋਂ ਉਹ ਤਾਂ ਸਮਾਜ ਦੀਆਂ ਤਲਖ-ਹਕੀਕਤਾਂ ਨਾਲ ਖਹਿ ਕੇ ਲੰਘਦੀ ਹੈ। ਕੈਂਥ ਦੀ ਕਵਿਤਾ ਸਕਾਰਾਤਮਕਤਾ ਨਾਲ ਭਰਪੂਰ ਕਵਿਤਾ ਹੈ। ਕੈਂਥ ਦੀਆਂ ਕਵਿਤਾਵਾਂ ਇਨਸਾਨ ਨੂੰ ਹਾਲਤਾਂ ਦਾ ਟਾਕਰਾ ਕਰਨ ਦਾ ਸਾਹਸ ਦਿੰਦਿਆਂ ਪ੍ਰਤੀਤ ਹੁੰਦੀਆਂ ਹਨ। ਬਰਨਾਲਾ ਸ਼ਹਿਰ ਦੇ ਮੁਢਲੇ ਸਾਹਿਤਕ ਕਵੀਆਂ 'ਚ ਸ਼ੁਮਾਰ ਕੈਂਥ ਦੀ ਕਾਵਿ ਕਲਾ ਨੂੰ ਸਮਝਣ ਲਈ ਪੁਸਤਕ ਬਹੁਮੁੱਲਾ ਦਸਤਾਵੇਜ਼ ਹੈ। ਲਿਖਾਰੀ ਸਭਾ ਬਰਨਾਲਾ ਆਪਣੇ ਸੰਸਥਾਪਕ ਪ੍ਰਧਾਨ ਕਰਤਾਰ ਕੈਂਥ ਦੀ ਕਾਵਿ ਕਲਾ ਦੇ ਬਹੁਪੱਖੀ ਅਧਿਐਨ ਨੂੰ ਪਾਠਕਾਂ ਦੇ ਰੂਬਰੂ ਕਰਨ ਲਈ ਮੁਬਾਰਕਬਾਦ ਦੀ ਹੱਕਦਾਰ ਹੈ।

**— ਬਿੰਦਰ ਸਿੰਘ ਖੁੱਡੀ ਕਲਾਂ**

## ਕੰਧ 'ਤੇ ਲੱਗੀ ਬਿੰਦੀ

(ਕਹਾਣੀ ਸੰਗ੍ਰਹਿ)
**ਇੰਦਰਜੀਤ ਪਾਲ ਕੌਰ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

9 ਕਹਾਣੀਆਂ 'ਤੇ ਆਧਾਰਤ ਕਹਾਣ ਸੰਗ੍ਰਹਿ 'ਕੰਧ 'ਤੇ ਲੱਗੀ ਬਿੰਦੀ' ਕਹਾਣੀਕਾਰਾ ਇੰਦਰਜੀਤ ਪਾਲ ਕੌਰ ਦਾ ਚੌਥਾ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੇ ਤਿੰਨ ਕਹਾਣੀ ਸੰਗ੍ਰਹਿ ਤੇ ਇਕ ਬਾਲ ਕਹਾਣੀ ਸੰਗ੍ਰਹਿ ਪੰਜਾਬੀ ਵਿੱਚ ਪ੍ਰਕਾਸ਼ਤ ਹੋ ਚੁੱਕੇ ਹਨ। ਇਨ੍ਹਾਂ ਵਿੱਚੋਂ ਇਕ ਕਹਾਣੀ ਸੰਗ੍ਰਹਿ ਅਤੇ ਇਕ ਬਾਲ ਕਹਾਣੀ ਸੰਗ੍ਰਹਿ ਹਿੰਦੀ ਵਿੱਚ ਵੀ ਪ੍ਰਕਾਸ਼ਤ ਹੋ ਚੁੱਕੇ ਹਨ। ਹਥਲੇ ਕਹਾਣੀ ਸੰਗ੍ਰਹਿ ਵਿੱਚ ਸ਼ਾਮਲ ਕਹਾਣੀਆਂ ਉਸ ਦੇ ਜ਼ਿੰਦਗੀ ਦੇ ਅਨੁਭਵਾਂ 'ਤੇ ਆਧਾਰਤ ਹਨ ਅਤੇ ਇਨ੍ਹਾਂ ਕਹਾਣੀਆਂ ਲਈ ਉਸ ਦੁਆਰਾ ਕੀਤੀ ਵਿਸ਼ਿਆਂ ਦੀ ਚੋਣ ਉਸ ਦੀ ਜੀਵਨ ਪ੍ਰਤੀ ਚੇਤੰਨਤਾ, ਸੋਚ ਅਤੇ ਵਿਲੱਖਣ ਜੀਵਨ ਤਜਰਬਿਆਂ ਨੂੰ ਦਰਸਾਉਂਦੀ ਹੈ। ਸਹਿਜ ਬਿਰਤਾਂਤ ਅਤੇ ਸਫ਼ਲ ਪੇਸ਼ਕਾਰੀ ਦੇ ਗੁਣਾਂ ਕਾਰਨ ਇਹ ਵਿਸ਼ੇ ਪਾਠਕ ਦੇ ਜ਼ਿਹਨ ਤਕ ਪਹੁੰਚਣ ਅਤੇ ਉਹਨਾਂ ਨੂੰ ਝੰਜੋੜਨ ਵਿੱਚ ਕਾਮਯਾਬ ਹੋਏ ਹਨ। ਅਸਲ ਜ਼ਿੰਦਗੀ ਵਿਚਲੇ ਪਾਤਰਾਂ ਦਾ ਇਨ੍ਹਾਂ ਕਹਾਣੀਆਂ ਵਿੱਚ ਚਿਤਰਨ ਅਤੇ ਇਸਤਰੀ ਪਾਤਰਾਂ ਦਾ ਜੋਸ਼ ਤੇ ਹਿੰਮਤ ਇਨ੍ਹਾਂ ਕਹਾਣੀਆਂ ਦੇ ਗੁਣ ਬਣਦੇ ਹਨ। ਕਹਾਣੀਆਂ ਦੇ ਅੰਤ 'ਤੇ ਅਚਨਚੇਤ ਮੋੜ ਅਤੇ ਟਕਰਾਅ ਇਨ੍ਹਾਂ ਕਹਾਣੀਆਂ ਨੂੰ ਦਿਲਚਸਪ ਬਣਾਉਂਦੇ ਹਨ। ਸਮਾਜ ਦਾ ਮੂੰਹ ਬੋਲਦਾ ਦ੍ਰਿਸ਼ ਇੰਦਰਜੀਤ ਪਾਲ ਕੌਰ ਦੀਆਂ ਕਹਾਣੀਆਂ ਵਿੱਚ ਦ੍ਰਿਸ਼ਟਮਾਨ ਹੁੰਦਾ ਹੈ ਤੇ ਮਨੁੱਖੀ ਜੀਵਨ ਵਿੱਚ ਇਹਨਾਂ ਮਸਲਿਆਂ ਦੇ ਹੱਲ ਪਾਠਕਾਂ ਦੀ ਝੋਲੀ ਪੈਂਦੇ ਹਨ।

ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਬਸੰਤੀ' ਹੈ, ਜਿਸ ਵਿੱਚ ਕਹਾਣੀਕਾਰਾ ਵੱਲੋਂ ਵਰਜਿਤ ਰਿਸ਼ਤਿਆਂ ਵਿਚਲੀ ਪਾਰਦਰਸ਼ਤਾ ਅਤੇ ਸਿਦਕ ਨੂੰ ਖ਼ੂਬਸੂਰਤ ਢੰਗ ਨਾਲ ਚਿਤਰਿਆ ਗਿਆ ਹੈ। ਇਸ ਕਹਾਣੀ ਦੀ ਖਾਸ ਗੱਲ ਇਸ ਦੇ ਬਿਰਤਾਂਤ ਦੀ ਸਾਦਗੀ ਅਤੇ ਨਿਵੇਕਲੇ ਘਟਨਾਕ੍ਰਮ ਵਿੱਚ ਹੈ, ਜੋ ਇਕ ਅਚਨਚੇਤ ਮੋੜ ਲੈ ਕੇ ਸਿਖਰ ਨੂੰ ਪੁੱਜਦਾ ਹੈ। ਦੂਜੀ ਕਹਾਣੀ ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਕੰਧ 'ਤੇ ਲੱਗੀ ਬਿੰਦੀ' ਹੈ, ਜਿਸ ਵਿੱਚ ਮਹਾਂਮਾਰੀਆਂ ਸਮੇਂ ਮਿਲਣ ਵਾਲੀਆਂ ਡਾਕਟਰੀ ਸਹੂਲਤਾਂ ਸਮੇਂ ਵੀ ਗਰੀਬ ਲੋਕਾਂ ਨਾਲ ਹੋਣ ਵਾਲੇ ਵਿਤਕਰੇ ਨੂੰ ਵਿਸ਼ਾ ਬਣਾਇਆ ਗਿਆ ਹੈ। ਇਕ ਬਿੰਦੀ ਨੂੰ ਸੁਹਾਗ ਦੀ ਨਿਸ਼ਾਨੀ ਵਜੋਂ ਚਿਤਰਤ ਕਰਕੇ ਉਸ ਦੀ ਲੋੜ ਨੂੰ ਡਾਕਟਰੀ ਸਹੂਲਤਾਂ ਘੱਟ ਹੋਣ ਦੀ ਆੜ ਵਿੱਚ ਖਤਮ ਹੁੰਦਾ ਵਿਖਾਉਣਾ ਹੀ ਇਸ ਕਹਾਣੀ ਦੀ ਕਾਮਯਾਬੀ ਸਿੱਧ ਕਰਦਾ ਹੈ। ਕਹਾਣੀ 'ਉਹ ਗੱਲ' ਧਾਰਮਕ ਵੱਖਰਤਾਵਾਂ ਅਤੇ ਮਸਲਿਆਂ ਨੂੰ ਮਜ਼ਾਹੀਆ ਢੰਗ ਨਾਲ ਹੱਲ ਕੀਤਾ ਗਿਆ ਹੈ। ਅਗਲੀ ਕਹਾਣੀ 'ਬਿੰਦਾਸ ਬਾਈ' ਵੱਡੀ ਉਮਰ ਦੇ ਲੋਕਾਂ ਦੀ ਪਿਆਰ ਕਹਾਣੀ ਹੈ। 'ਕਾਲੀ ਭੇਡ' ਸਕੂਲੀ ਬੱਚਿਆਂ 'ਤੇ ਹੱਥ ਚੁੱਕਣ ਦੀ ਪ੍ਰਵਿਰਤੀ ਨੂੰ ਨਿੰਦਦੀ ਕਹਾਣੀ ਹੈ। ਕਹਾਣੀ 'ਸੀਮਾ ਰੇਖਾ' ਇਕ ਸੁਪਨੇ 'ਤੇ ਆਧਾਰਤ ਹੈ। ਕਹਾਣੀ 'ਦਰਾਰ' ਅੰਧਵਿਸ਼ਵਾਸਾਂ ਨੂੰ ਮੰਨਣ ਦੀ ਪ੍ਰਵਿਰਤੀ 'ਤੇ ਚੋਟ ਕਰਦੀ ਹੈ ਅਤੇ 'ਚਾਲੂ ਚਾਹ ਦਾ ਕੱਪ' ਪਤੀ-ਪਤਨੀ ਵਿਚਲੇ ਰਿਸ਼ਤਿਆਂ ਅਤੇ ਅਵਿਸ਼ਵਾਸ ਦੀ ਕਹਾਣੀ ਹੈ। ਅੰਤਮ ਕਹਾਣੀ 'ਜੁਹੂ ਬੀਚ ਔਰਤਾਂ ਦੇ ਦੇਣ' ਗਰੀਬੀ ਨੂੰ ਦੂਰ ਕਰਨ ਲਈ ਅਕਾਨੂੰਨੀ ਢੰਗਾਂ ਨੂੰ ਅਪਨਾਉਣ ਦੀ ਕਹਾਣੀ ਹੈ। ਇਸ ਢੰਗ ਨਾਲ ਇਸ ਸੰਗ੍ਰਹਿ ਰਾਹੀਂ ਕਹਾਣੀਕਾਰਾ ਦੇ ਉਤਮ ਅਨੁਭਵਾਂ ਅਤੇ ਉਤਮ ਗਲਪ ਕਲਾ ਦੇ ਦਰਸ਼ਨ ਪਾਠਕ ਨੂੰ ਹੁੰਦੇ ਹਨ। ਸਰਲ ਭਾਸ਼ਾ ਅਤੇ ਸਹਿਜ ਬਿਰਤਾਂਤਕ ਸ਼ੈਲੀ ਰਾਹੀਂ ਕਹਾਣੀਕਾਰਾ ਨੇ ਇਹਨਾਂ ਕਹਾਣੀਆਂ ਨੂੰ ਹੋਰ ਜ਼ਿਆਦਾ ਖ਼ੂਬਸੂਰਤ ਬਣਾਇਆ ਹੈ ਅਤੇ ਇਨ੍ਹਾਂ ਰਚਨਾਵਾਂ ਨਾਲ ਕਹਾਣੀਕਾਰਾ ਨੇ ਆਪਣੀ ਪਹਿਚਾਨ ਨੂੰ ਵੀ ਹੋਰ ਜ਼ਿਆਦਾ ਪੁਖਤਾ ਕੀਤਾ ਹੈ।

**— ਡਾ. ਸੰਦੀਪ ਰਾਣਾ**

## 'ਨਵਾਂ ਜ਼ਮਾਨਾ ਟੀ ਵੀ'
## 'ਸਿਰਜਣਾ ਦੇ ਅੰਗ-ਸੰਗ' 'ਚ ਸੁਰਿੰਦਰ ਸਿੰਘ ਨੇਕੀ



**ਜਲੰਧਰ** : ਨਵਾਂ ਜ਼ਮਾਨਾ ਵੈੱਬ ਟੀ ਵੀ 'ਤੇ ਨਵਾਂ ਸਾਹਿਤਕ ਪ੍ਰੋਗਰਾਮ 'ਸਿਰਜਣਾ ਦੇ ਅੰਗ-ਸੰਗ' ਵਿੱਚ **ਨਾਵਲਕਾਰ ਸੁਰਿੰਦਰ ਸਿੰਘ ਨੇਕੀ** ਨਾਲ ਉਨ੍ਹਾਂ ਦੀ ਸਿਰਜਣਾ ਦੇ ਵੱਖ-ਵੱਖ ਪਾਸਾਰਾਂ ਬਾਰੇ ਗੱਲਬਾਤ ਕੀਤੀ ਗਈ ਹੈ। ਇਸ ਨਾਲ ਜੁੜਨ ਲਈ **https://www.youtube.com/c/nawanzamanatv** 'ਤੇ ਜਾਓ।

# ਇਟਲੀ 'ਚ ਦੂਜੀ ਯੂਰਪੀ ਪੰਜਾਬੀ ਕਾਨਫਰੰਸ

**ਰੋਮ** : ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਦੂਜੀ ਯੂਰਪੀ ਕਾਨਫਰੰਸ ਪੰਜਾਬ ਭਵਨ ਸਰੀ, ਕੈਨੇਡਾ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਲੁਧਿਆਣਾ ਦੇ ਸਹਿਯੋਗ ਨਾਲ ਕਿੰਗ ਪੇਲੈਸ ਕਾਸਤੇਨੇਦਲੋ ਬਰੇਸੀਆ (ਇਟਲੀ) ਵਿਖੇ ਕਰਵਾਈ ਗਈ। ਵੱਖ-ਵੱਖ ਦੇਸ਼ਾਂ ਤੋਂ ਪਹੁੰਚੇ ਸਾਹਿਤਕਾਰ ਮਹਿਮਾਨਾਂ ਦੀ ਸਮੂਲੀਅਤ ਨਾਲ ਕਾਨਫਰੰਸ ਦੀ ਸ਼ੁਰੂਆਤ ਕੀਤੀ ਗਈ। ਸ਼ੁਭ ਸ਼ਗਨ ਲਈ ਰੂਪ ਦਵਿੰਦਰ, ਜੀਤ ਸੁਰਜੀਤ, ਸਤਵੀਰ ਸਾਂਝ, ਮਨਜੀਤ ਪੱਡਾ ਅਤੇ ਭਿੰਦਰਜੀਤ ਕੌਰ ਨੇ ਸ਼ਮ੍ਹਾ ਰੋਸ਼ਨ ਕੀਤੀ।



ਪਹਿਲੇ ਭਾਗ—1 ਵਿੱਚ ਪ੍ਰਧਾਨਗੀ ਮੰਡਲ ਵਿੱਚ ਸੁੱਖੀ ਬਾਠ ਕੈਨੇਡਾ , ਕੇਹਰ ਸ਼ਰੀਫ , ਮਨਦੀਪ ਖੁਰਮੀ ਇੰਗਲੈਂਡ ਅਤੇ ਦਰਸ਼ਨ ਬੁਲੰਦਵੀ ਇੰਗਲੈਂਡ ਤੋਂ ਸੁਸ਼ੋਭਿਤ ਹੋਏ। ਕੇਹਰ ਸ਼ਰੀਫ ਨੇ 'ਯੂਰਪ ਵਿਚ ਪੰਜਾਬੀ ਸਾਹਿਤ-ਵਰਤਮਾਨ ਅਤੇ ਭਵਿੱਖ' 'ਤੇ ਪਰਚਾ ਪੇਸ਼ ਕੀਤਾ। ਉਹਨਾ ਪ੍ਰਦੇਸ਼ਾਂ ਵਿੱਚ ਰਚੇ ਗਏ ਸਮੁੱਚੇ ਪੰਜਾਬੀ ਸਾਹਿਤ ਦੇ ਨਿਖਾਰ ਅਤੇ ਮਿਆਰ ਨੂੰ ਬਿਆਨਿਆ ਅਤੇ ਸਲਾਹਿਆ। ਅਕਾਦਮਿਕ ਖੇਤਰ ਵਿੱਚ ਇਸ ਦੀ ਦੇਣ ਨੂੰ ਵਿਸਥਾਰ ਨਾਲ ਦੱਸਿਆ। ਪੰਜਾਬੀ ਸਾਹਿਤ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਦਿਆਂ ਇਸ ਦੀਆਂ ਪ੍ਰਾਪਤੀਆਂ ਨੂੰ ਵਡਿਆਇਆ।

ਇੰਗਲੈਂਡ ਤੋਂ ਮਨਦੀਪ ਖੁਰਮੀ ਨੇ 'ਯੂਰਪ ਵਿੱਚ ਪੰਜਾਬੀ ਸਮਾਜ- ਪ੍ਰਾਪਤੀਆਂ, ਸਮੱਸਿਆਵਾਂ ਤੇ ਸੰਭਾਵਨਾਵਾਂ' ਉਤੇ ਪਰਚਾ ਪੜ੍ਹਿਆ। ਪੰਜਾਬੀ ਸਮਾਜ ਦੀ ਗੱਲ ਕਰਦਿਆਂ ਉਸ ਨੇ ਕਿਹਾ ਕਿ ਪੰਜਾਬੀਆਂ ਨੇ ਜਿੱਥੇ ਕਾਰੋਬਾਰ ਦੇ ਖੇਤਰ ਵਿੱਚ ਅਥਾਹ ਤਰੱਕੀ ਕੀਤੀ, ਆਪਣੇ ਆਪ ਨੂੰ ਆਰਥਕ ਤੌਰ 'ਤੇ ਖੁਸ਼ਹਾਲ ਕੀਤਾ, ਉੱਥੇ ਕਲਾ ਦੇ ਖੇਤਰ ਵਿੱਚ ਵੀ ਪਿੱਛੇ ਨਹੀਂ ਰਹੇ। ਖੇਡਾਂ ਅਤੇ ਧਾਰਮਕ ਅਦਾਰਿਆਂ ਨੂੰ ਵਿਸਥਾਰਿਆ ਹੈ। ਤੇਜ਼ ਸੰਚਾਰ ਸਾਧਨਾਂ ਦੀ ਬਦੌਲਤ ਰੇਡੀਓ ਅਤੇ ਟੀ ਵੀ ਕਲਚਰ ਦਾ ਪ੍ਰਸਾਰ ਹੋਇਆ ਹੈ। ਜਿੱਥੇ ਪੰਜਾਬੀ ਲੋਕ ਆ ਕੇ ਵਸੇ, ਉੱਥੇ ਸਾਹਿਤ ਸਭਾਵਾਂ ਬਣੀਆਂ ਅਤੇ ਆਪਣੀ ਮਾਂ ਬੋਲੀ ਦੇ ਵਿਕਾਸ ਲਈ ਯਤਨਸ਼ੀਲ ਹਨ।

ਦਰਸ਼ਨ ਬੁਲੰਦਵੀ ਨੇ ਯੂਰਪ ਵਿੱਚ ਪੰਜਾਬੀ ਸਮਾਜ ਦੀਆਂ ਪ੍ਰਾਪਤੀਆਂ, ਸਮੱਸਿਆਵਾਂ ਅਤੇ ਸੰਭਾਵਨਾਵਾਂ ਪ੍ਰਤੀ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਅਮੀਰ ਵਿਰਸੇ ਨਾਲ ਜੁੜਨ ਦੀ ਜ਼ਰੂਰਤ ਹੈ। ਮਾਂ ਬੋਲੀ ਦਾ ਵਿਕਾਸ ਪੰਜਾਬੀ ਲੋਕਾਂ ਦੇ ਆਪਣੇ ਹੱਥਾਂ ਵਿੱਚ ਹੈ. ਵਿਕਾਸ ਲਈ ਰਾਜ ਸੱਤਾ ਦਾ ਸਹਿਯੋਗ ਵੀ ਜ਼ਰੂਰੀ ਹੈ। ਜੇ ਕੋਈ ਰਾਜ ਸੱਤਾ ਲੋਕ-ਵਿਰੋਧੀ ਹੈ, ਆਪਣੀ ਰਾਜ ਭਾਸ਼ਾ ਦੇ ਵਿਰੋਧ ਵਿੱਚ ਜਾਂਦੀ ਹੈ ਤਾਂ ਸਾਨੂੰ ਰੋਕਣ, ਟੋਕਣ ਦੇ ਸਮਰੱਥ ਵੀ ਹੋਣਾ ਚਾਹੀਦਾ। ਭਾਸ਼ਾ ਵਿਰੋਧੀ ਸਿਆਸਤ ਨੂੰ ਸਮਝਣ ਦੇ ਯੋਗ ਵੀ ਹੋਣਾ ਚਾਹੀਦਾ ਹੈ।

ਪਹਿਲੇ ਭਾਗ—2 ਵਿੱਚ ਕੁਲਵੰਤ ਕੌਰ ਢਿੱਲੋਂ ਨੇ ਪੰਜਾਬੀ ਬੋਲੀ, ਵਿਰਸਾ, ਵਿਰਾਸਤ ਤੇ ਨਵੀਂ ਪੀੜ੍ਹੀ ਉੱਪਰ ਆਪਣਾ ਪਰਚਾ ਪੇਸ਼ ਕੀਤਾ । ਗਰੀਸ ਤੋਂ ਆਈ ਕਵਿਤਰੀ ਗੁਰਪ੍ਰੀਤ ਕੌਰ ਗਾਇਦੂ ਨੇ ਅਜੋਕੇ ਪੰਜਾਬੀ ਸੰਗੀਤ ਦੇ ਪ੍ਰਭਾਵ ਅਤੇ ਦੁਰਪ੍ਰਭਾਵ 'ਤੇ ਆਪਣਾ ਪਰਚਾ ਪੇਸ਼ ਕੀਤਾ। ਰੂਪ ਦੇਵਿੰਦਰ ਨੇ ਪੜ੍ਹੇ ਗਏ ਪਰਚਿਆਂ ਉੱਤੇ ਆਪਣੀ ਰਾਇ ਦਿੰਦਿਆਂ ਮਾਂ ਬੋਲੀ ਸੰਬੰਧੀ ਨਿੱਜੀ ਤਜਰਬੇ ਸਾਂਝੇ ਕੀਤੇ ਕਿ ਕਿਵੇਂ ਕੁਝ ਪੰਜਾਬੀ ਲੋਕ ਪੰਜਾਬੀ ਜਾਣਦੇ ਹੋਏ ਵੀ ਹਿੰਦੀ ਬੋਲਣ ਨੂੰ ਤਰਜੀਹ ਦੇ ਰਹੇ ਹਨ।

ਟੀਮ ਦੇ ਮੈਂਬਰ ਪ੍ਰਧਾਨ ਬਲਵਿੰਦਰ ਸਿੰਘ ਚਾਹਲ, ਬਿੰਦਰ ਕੋਲੀਆਂਵਾਲ, ਦਲਜਿੰਦਰ ਰਹਿਲ, ਮੇਜਰ ਸਿੰਘ ਖੱਖ, ਪ੍ਰੋ. ਜਸਪਾਲ ਸਿੰਘ ਸਿੱਕੀ, ਝੱਜੀ ਪਿੰਡ ਵਾਲਾ ਨਿਰਵੈਰ ਸਿੰਘ ਢਿੱਲੋਂ ਆਦਿ ਦੀ ਮਿਹਨਤ ਨੂੰ ਸਿਜਦਾ ਕੀਤਾ ਗਿਆ। ਦੂਜੇ ਭਾਗ-1 ਵਿੱਚ ਕਵੀ ਦਰਬਾਰ ਕਰਵਾਇਆ ਗਿਆ। ਮੰਚ 'ਤੇ ਅਮਜ਼ਦ ਆਰਫੀ ਜਰਮਨ ਤੋਂ, ਨਛੱਤਰ ਭੋਗਲ , ਦਰਸ਼ਨ ਢਿੱਲੋਂ ਯੂ ਕੇ, ਜੀਤ ਸੁਰਜੀਤ ਬੈਲਜੀਅਮ ਅਤੇ ਕਰਮਜੀਤ ਰਾਣਾ ਇਟਲੀ ਤੋਂ ਸੁਸ਼ੋਭਿਤ ਹੋਏ। ਮੰਚ ਸੰਚਾਲਨ ਦਲਜਿੰਦਰ ਰਹਿਲ ਅਤੇ ਪ੍ਰੇਮਪਾਲ ਸਿੰਘ ਵਿਦਵਤਾ ਭਰਪੂਰ ਨਿਭਾਇਆ। ਕਾਨਫਰੰਸ ਵਿੱਚ ਹਾਜ਼ਰ ਸਰੋਤਿਆਂ ਨੇ ਮੀਰ-ਏ-ਮਹਿਫਲ ਹੋ ਕੇ ਪੂਰੇ ਸਹਿਯੋਗ ਨਾਲ ਗੁਣਾਤਮਿਕ ਪੱਖ ਤੋਂ ਸੰਪੂਰਨ ਬਣਾਇਆ ।

ਦੂਜਾ ਸੈਸ਼ਨ ਭਾਗ-2 ਵਿੱਚ ਮਿਆਰੀ ਲੋਕ ਬੋਲੀਆਂ ਅਤੇ ਇਸ ਤੋਂ ਬਾਅਦ ਹੋਣਹਾਰ ਮੁਟਿਆਰਾਂ ਨੇ ਗਿੱਧੇ ਦਾ ਪਿੜ ਗਰਮਾ ਕੇ ਸਰੋਤਿਆਂ ਨੂੰ ਆਪਣੇ ਲੋਕ ਸੱਭਿਆਚਾਰ ਦੇ ਰੂਬਰੂ ਕਰਵਾਇਆ। ਅਖੀਰ 'ਚ ਸਾਹਿਤਕ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਨਾਲ ਨਿਵਾਜਿਆ ਗਿਆ। ਇਸ ਸਨਮਾਨ ਸਮਾਰੋਹ ਦੀ ਰਸਮ ਤੋਂ ਬਾਅਦ ਪ੍ਰੋ. ਜਸਪਾਲ ਸਿੰਘ ਨੇ ਸਥਾਨਕ ਅਤੇ ਬਾਹਰੋਂ ਆਏ ਸਰੋਤਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਭਵਿੱਖ ਵਿੱਚ ਮਾਂ ਬੋਲੀ ਦੇ ਵਿਕਾਸ ਲਈ ਅਜਿਹੇ ਪ੍ਰੋਗਰਾਮ ਉਲੀਕੇ ਜਾਣ ਦੀ ਆਸ ਪ੍ਰਗਟ ਕੀਤੀ ਗਈ। ਕਿੰਗ ਪੈਲੇਸ ਕਾਸਤੇਨੇਦਲੋ ਬਰੇਸੀਆ ਦਾ ਹਾਲ ਆਪਣੀ ਪ੍ਰਭਾਵਸ਼ਾਲੀ ਦਿੱਖ ਨਾਲ ਸਭ ਨੂੰ ਜੀ ਆਇਆਂ ਕਹਿ ਰਿਹਾ ਸੀ।

**—ਦਰਸ਼ਨ ਬੁਲੰਦਵੀ**

# ਸਮਕਾਲ

## ਕਹਾਣੀ ਧਾਰਾ : ਅਕਤੂਬਰ-ਦਸੰਬਰ-2022

ਇਸ ਅੰਕ ਦੀ ਸੰਪਾਦਕੀ ਭਾਰਤੀ ਸਾਹਿਤ ਅਕਾਦਮੀ ਵੱਲੋਂ ਇਸ ਵਰ੍ਹੇ (2021-2022) ਵਿੱਚ ਦਿੱਤੇ ਜਾਣ ਵਾਲੇ ਬਾਲ ਸਾਹਿਤ ਪੁਰਸਕਾਰਾਂ ਵਿੱਚ ਪੰਜਾਬੀ ਭਾਸ਼ਾ ਵਿੱਚੋਂ ਕਿਸੇ ਨੂੰ ਵੀ ਇਨਾਮ ਨਾ ਦਿੱਤੇ ਜਾਣ ਬਾਰੇ ਹੈ। ਅਕਾਦਮੀ ਦੀ ਨੀਅਤ ਅਤੇ ਨੀਤੀ 'ਤੇ ਕਈ ਗੰਭੀਰ ਸਵਾਲ ਖੜੇ ਕਰਦੀ ਹੈ ਇਹ ਸੰਪਾਦਕੀ। 'ਆਂਦਰੇ ਜ਼ੀਦ' ਵੱਲੋਂ 'ਨੌਜਵਾਨ ਲੇਖਕ ਨੂੰ ਸਲਾਹ' ਵਾਲੇ ਸੰਖੇਪ ਲੇਖ ਵਿੱਚ ਬਹੁਤ ਹੀ ਜ਼ਰੂਰੀ ਅਤੇ ਮਹੱਤਵਪੂਰਨ ਨੁਕਤੇ ਉਠਾਏ ਹਨ। ਕਹਾਣੀਆਂ ਵਿੱਚ ਸੇਫ਼ਟੀ ਕਿੱਟ (ਜਿੰਦਰ), ਕਣ (ਬਲੀਜੀਤ), ਪੰਜਵਾਂ ਮੋਢਾ (ਦੀਪਤੀ ਬਬੂਟਾ), ਕੋਈ ਤਾਂ ਹੈ (ਨਿਰੰਜਣ ਬੋਹਾ), ਦੇਹ ਦਾ ਦੁੱਖ (ਗੁਰਮੀਤ ਪਨਾਗ), ਅਣਕਹੀ ਪੀੜ (ਵਿਪਨ/ਗਿੱਲ) ਸ਼ਾਮਲ ਹਨ। ਬਾਲ ਸਾਹਿਤ ਪੁਰਸਕਾਰ ਦੇ ਸੰਦਰਭ ਵਿੱਚ ਭਾਰਤੀ ਸਾਹਿਤ ਅਕਾਦਮੀ ਬਾਰੇ ਵੱਖ-ਵੱਖ ਵਿਦਵਾਨਾਂ, ਬਾਲ ਲੇਖਕਾਂ ਦੇ ਵਿਚਾਰ ਹਨ। ਜਸਬੀਰ ਭੁੱਲਰ ਵੱਲੋਂ ਗੁਰਮਿੰਦਰ ਸਿੱਧੂ ਦਾ ਸ਼ਬਦ ਚਿੱਤਰ, ਗੁਰਦਾਸ ਮਾਨ ਬਾਰੇ ਤਸਕੀਨ ਦਾ ਲੇਖ, ਮਨਮੋਹਨ ਵੱਲੋਂ ਬਲੀਜੀਤ ਦੀਆਂ ਕਹਾਣੀਆਂ ਬਾਰੇ ਪੁਸਤਕ ਪੜਚੋਲ ਆਦਿ ਕਾਲਮ ਵੀ ਹਾਜ਼ਰ ਹਨ। ਪੰਨੇ 160, ਮੁੱਲ 50 ਰੁਪਏ, ਸੰਪਾਦਕ : ਭਗਵੰਤ ਰਸੂਲਪੁਰੀ

ਸੰਪਰਕ : ਕਹਾਣੀ ਧਾਰਾ, ਪਿੰਡ : ਧਰਮਪੁਰਾ ਡਾਕਘਰ ਖਾਂਬੜਾ, ਜ਼ਿਲ੍ਹਾ ਜਲੰਧਰ 144026, (ਮੋ.) 94170-64350



## ਕੌਮਾਂਤਰੀ ਕਲਾਕਾਰ ਵੱਲੋਂ ਸਨਮਾਨ ਸਮਾਗਮ



**ਬਰਨਾਲਾ** : ਕੌਮਾਂਤਰੀ ਕਲਾਕਾਰ ਸੰਗਮ, ਪੰਜਾਬ ਵੱਲੋਂ ਆਪਣਾ ਸਾਲਾਨਾ ਸਾਹਿਤਕ ਸਨਮਾਨ ਸਮਾਗਮ, ਕਲਾਕਾਰ ਭਵਨ, ਪੱਤੀ ਰੋਡ ਵਿਖੇ ਆਯੋਜਿਤ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ ਸਨ। ਪ੍ਰਧਾਨਗੀ ਸ਼ਾਇਰ ਪ੍ਰੋ. ਰਵਿੰਦਰ ਭੱਠਲ ਹੁਰਾਂ ਨੇ ਕੀਤੀ। ਵਿਸ਼ੇਸ਼ ਮਹਿਮਾਨ ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਤੇ ਡਾ. ਗੁਰਇਕਬਾਲ ਸਿੰਘ ਜਨਰਲ ਸਕੱਤਰ ਅਕਾਡਮੀ ਸਨ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿਚ ਓਮ ਪ੍ਰਕਾਸ਼ ਗਾਸੋ, ਪਰਮਜੀਤ ਮਾਨ, ਡਾ. ਜੋਗਿੰਦਰ ਨਿਰਾਲਾ ਤੇ ਸ਼੍ਰੋਮਣੀ ਸਾਹਿਤਕ ਪੱਤਰਕਾਰ ਕੰਵਰਜੀਤ ਭੱਠਲ ਸੁਸ਼ੋਭਿਤ ਸਨ। ਪ੍ਰੋਗਰਾਮ ਦਾ ਆਰੰਭ ਕਰਦਿਆਂ ਕੰਵਰਜੀਤ ਭੱਠਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਸਨਮਾਨਾਂ ਬਾਰੇ ਵਿਸਥਾਰ ਵਿਚ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਕਵੀਆਂ, ਕਹਾਣੀਕਾਰਾਂ, ਪੱਤਰਕਾਰਾਂ, ਆਲੋਚਕਾਂ ਨੂੰ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰਾਂ ਨਾਲ ਨਿਵਾਜਿਆ ਜਾ ਰਿਹਾ ਹੈ, ਜਿਨ੍ਹਾਂ ਨੂੰ ਸਰਕਾਰੀ ਅਦਾਰਿਆਂ ਵੱਲੋਂ ਅਣਗੌਲਿਆ ਕਰ ਰੱਖਿਆ ਹੈ। ਵੀਹਵਾਂ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ-2022 ਸਰਬਾਂਗੀ ਲੇਖਕ ਸੁਖਮਿੰਦਰ ਸੇਖੋਂ ਨੂੰ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਪ੍ਰਦਾਨ ਕੀਤਾ ਗਿਆ, ਜਿਸ ਵਿਚ 21000 ਰੁਪਏ ਨਗਦ, ਸਨਮਾਨ ਪੱਤਰ, ਦੋਸ਼ਾਲਾ ਤੇ ਪੁਸਤਕਾਂ ਦਾ ਸੈੱਟ ਭੇਟ ਕੀਤਾ ਗਿਆ।

ਉਪਰੰਤ 16ਵੇਂ ਭਾਈ ਘਨ੍ਹੱਈਆ ਨਿਸ਼ਕਾਮ ਸੇਵਾ ਸਨਮਾਨ-2022 ਨਾਲ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੂੰ ਨਿਵਾਜਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਸੁਖਜਿੰਦਰ ਕੌਰ ਵੀ ਪ੍ਰਧਾਨਗੀ ਮੰਡਲ ਵੱਲੋਂ ਕੀਤੇ ਗਏ ਸਨਮਾਨ ਦੀ ਰਸਮ ਵਿਚ ਸ਼ਾਮਲ ਸਨ। ਇਸ ਮੌਕੇ ਮੰਚ ਦਾ ਸੰਚਾਲਨ ਕਰ ਰਹੀ ਡਾ. ਤਰਸਪਾਲ ਕੌਰ ਵੱਲੋਂ 'ਕਲਾਕਾਰ' ਦੇ ਸੰਪਾਦਕ ਕੰਵਰਜੀਤ ਭੱਠਲ ਦਾ ਸਨਮਾਨ ਕੀਤਾ ਗਿਆ। ਇਸ ਮੌਕੇ 'ਕਲਾਕਾਰ' ਦਾ 138ਵਾਂ ਤਾਜ਼ਾ ਅੰਕ ਤੇ ਡਾ. ਉਜਾਗਰ ਸਿੰਘ ਮਾਨ ਦੀ ਕਾਵਿ ਪੁਸਤਕ 'ਅੱਲੜ੍ਹ ਵਰੇਸ' ਵੀ ਲੋਕ ਅਰਪਣ ਕੀਤੇ ਗਏ। ਕਵੀ ਦਰਬਾਰ ਵਿਚ ਸੁਰਿੰਦਰ ਭੱਠਲ, ਤੇਜਾ ਸਿੰਘ ਤਿਲਕ, ਰਾਮ ਸਰੂਪ ਸ਼ਰਮਾ, ਹਾਕਮ ਰੂੜੇਕੇ, ਪ੍ਰਸ਼ੋਤਮ ਪੱਤੋ, ਚਰਨੀ ਬੇਦਿਲ, ਹਾਕਮ ਨੂਰ ਆਦਿ ਸ਼ਾਇਰਾਂ ਵੱਲੋਂ ਸ਼ਾਇਰੀ ਤੇ ਟੱਲੇਵਾਲੀਆ ਜਥੇ ਵੱਲੋਂ ਕਵੀਸ਼ਰੀ ਪੇਸ਼ ਕੀਤੀ ਗਈ।

ਪ੍ਰਧਾਨਗੀ ਮੰਡਲ ਵੱਲੋਂ ਬੋਲਦਿਆਂ ਡਾ. ਗੁਰਇਕਬਾਲ ਨੇ ਕਿਹਾ, 'ਬਰਨਾਲੇ ਦੀ ਮਿੱਟੀ ਦੀ ਛੋਹ ਹੀ ਲੇਖਕ ਬਣਾ ਦੇਂਦੀ ਹੈ।' ਦਰਸ਼ਨ ਬੁੱਟਰ ਨੇ ਕਿਹਾ, 'ਭੱਠਲ ਪਿਛਲੇ 50 ਸਾਲਾਂ ਤੋਂ ਸਾਹਿਤ ਦੀ ਸੇਵਾ ਕਰ ਰਿਹਾ ਹੈ।' ਪ੍ਰੋ. ਰਵਿੰਦਰ ਭੱਠਲ ਨੇ ਕਿਹਾ, 'ਕੰਵਰਜੀਤ ਭੱਠਲ ਦੇ ਸਿਰੜ 'ਤੇ ਸਿਦਕ ਦੀ ਕਦਰ ਕਰਦਾ ਹਾਂ।' ਉਨ੍ਹਾਂ ਆਪਣੀ ਇਕ ਕਵਿਤਾ 'ਮਾਂ' ਸਾਂਝੀ ਕੀਤੀ। ਡਾ. ਜੌਹਲ ਨੇ ਬਰਨਾਲੇ ਦੀ ਜ਼ਰਖ਼ੇਜ਼ ਭੂਮੀ ਦੀ ਸਰਾਹਣਾ ਕਰਦਿਆਂ ਕਿਹਾ ਕਿ 'ਬਰਨਾਲੇ ਆਉਣਾ ਮੈਨੂੰ ਸਦਾ ਹੀ ਇਕ ਜ਼ਿਆਰਤ ਜਿਹਾ ਲੱਗਦਾ ਹੈ। ਕਲਾਕਾਰ ਨਾਲ ਮੈਂ 30 ਸਾਲ ਤੋਂ ਜੁੜਿਆ ਹੋਇਆ ਹਾਂ।' ਪਰਮਜੀਤ ਮਾਨ ਨੇ ਆਏ ਮਹਿਮਾਨਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।

**—ਕੰਵਰਜੀਤ ਭੱਠਲ**

## ਵਿਸ਼ੇਸ਼ ਲੋਕਾਂ ਦਾ ਨਾਚ

**ਟੋਰਾਂਟੋ**-ਕਈ ਵਾਰ ਅਸੀਂ ਆਪਣੀਆਂ ਨਿੱਕੀਆਂ-ਨਿੱਕੀਆਂ ਸਰੀਰਕ ਬਿਮਾਰੀਆਂ ਜਾਂ ਦਿੱਕਤਾਂ ਨੂੰ ਲੈ ਕੇ ਉਦਾਸ ਹੋ ਜਾਂਦੇ ਹਾਂ ਜਾਂ ਇਹਨਾਂ ਤਕਲੀਫਾਂ ਲਈ ਖਾਸ ਰਿਆਇਤਾਂ ਜਾਂ ਸੁਵਿਧਾਵਾਂ ਦੀ ਮੰਗ ਕਰਨ ਲੱਗ ਪੈਂਦੇ ਹਾਂ। ਅਜੇ ਕੱਲ੍ਹ ਦੀ ਗੱਲ ਹੈ ਕਿ ਜਿਸ ਨੇ ਮੇਰੀ ਸੋਚ ਨੂੰ ਬਦਲ ਕੇ ਰੱਖ ਦਿੱਤਾ, ਕੱਲ੍ਹ ਮੈਨੂੰ ਸਕੂਲ ਦੀ ਡਿਊਟੀ ਦੌਰਾਨ ਆਪਣੀ ਕਲਾਸ ਦੇ ਬੱਚਿਆਂ ਨਾਲ ਸਾਡੇ ਸਕੂਲ ਦੇ ਨੇੜੇ ਹੀ ਸਥਿਤ ਰੋਜ਼ ਥਿਏਟਰ (ਬਰੈਂਪਟਨ) ਵਿਖੇ ਇੱਲ-ਅਬਿਲਿਟੀਜ਼ ਨਾਂਅ ਦੇ ਅੰਤਰਰਾਸ਼ਟਰੀ ਡਾਂਸ-ਸਮੂਹ ਦਾ ਸ਼ਾਨਦਾਰ ਪ੍ਰਦਰਸ਼ਨ ਦੇਖਣ ਦਾ ਮੌਕਾ ਮਿਲਿਆ।



ਅਸੀਂ ਸਾਰੇ ਸਕੂਲ ਦੇ ਅਧਿਆਪਕ ਅਤੇ ਲੱਗਭੱਗ 700 ਵਿਦਿਆਰਥੀ ਇਸ ਇੱਲ-ਅਬਿਲਿਟੀਸ ਨਾਂਅ ਦੇ ਅੰਤਰਰਾਸ਼ਟਰੀ ਡਾਂਸ-ਸਮੂਹ ਦੀ ਪ੍ਰਫਾਰਮੈਂਸ ਦੇਖਣ ਲਈ ਰੋਜ਼ ਥੀਏਟਰ ਗਏ। ਇਸ ਗਰੁੱਪ ਵਿੱਚ ਵੱਖੋ-ਵੱਖਰੀਆਂ ਸਰੀਰਕ ਅਸਮੱਰਥਾਵਾਂ ਵਾਲ਼ੇ ਵਿਅਕਤੀ ਭਾਗ ਲੈ ਰਹੇ ਸਨ। ਮੈਂ ਆਪਣੀ ਜ਼ਿੰਦਗੀ ਵਿੱਚ ਇਸ ਕਿਸਮ ਦਾ ਪ੍ਰੇਰਕ ਮਨੋਰੰਜਨ ਅੱਜ ਤੱਕ ਨਹੀਂ ਦੇਖਿਆ। ਮੈਂ ਅਤੇ ਮੇਰੇ ਸਾਰੇ ਸਾਥੀ ਉਨ੍ਹਾਂ ਦੇ ਡਾਂਸ ਪ੍ਰਦਰਸ਼ਨ ਦੀ ਵਿਲੱਖਣ ਕਾਰਗੁਜ਼ਾਰੀ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਦੇ ਨਿੱਜੀ ਜੀਵਨ ਅਨੁਭਵ ਅਤੇ ਡਾਂਸ ਪ੍ਰਦਰਸ਼ਨ ਨੇ ਸਾਨੂੰ ਹੱਸਣ, ਰੋਣ ਅਤੇ ਆਪਣੀਆਂ ਸੀਟਾਂ ਤੋਂ ਉੱਠ-ਉੱਠ ਨੱਚਣ ਲਈ ਮਜਬੂਰ ਕਰ ਦਿੱਤਾ। ਇੱਲ-ਅਬਿਲਿਟੀਜ਼ ਇੱਕ ਅੰਤਰਰਾਸ਼ਟਰੀ ਬ੍ਰੇਕਡੈਂਸ ਕ੍ਰਿਊ ਹੈ ਜਿਸ ਵਿੱਚ ਦੁਨੀਆ ਭਰ ਦੇ ਸੱਤ ਸਰਗਰਮ ਮੈਂਬਰ ਸ਼ਾਮਲ ਹਨ : ਰੇਡੌਆਨ "ਰੀਡੋ" ਆਈਟ ਚਿੱਟ (ਨੀਦਰਲੈਂਡ), ਸਰਜੀਓ "ਚੇਚੋ" ਕਾਰਵਾਜਲ (ਚਿੱਲੀ), ਜੁੰਗ ਸੂ "ਕਰੋਪਸ" ਲੀ (ਦੱਖਣੀ ਕੋਰੀਆ), ਜੈਕਬ "ਕੁਜੋ" ਲਿਓਨਸ (ਯੂ.ਐੱਸ.ਏ.), ਲੂਕਾਸ "ਪਰਨਿਨਹਾ" ਮਚਾਡੋ (ਬ੍ਰਾਜ਼ੀਲ), ਲੂਕਾ "ਲੈਜ਼ੀਲੇਗਜ" ਪਤੁਏਲੀ (ਕੈਨੇਡਾ), ਸੈਮੂਅਲ ਹੈਨਰੀਕ "ਸਮੂਕਾ" ਦਾ ਸਿਲਵੇਰਾ ਲੀਮਾ (ਬ੍ਰਾਜ਼ੀਲ)

ਇਹ ਡਾਂਸ ਗਰੁੱਪ ਮਾਂਟਰੀਅਲ-ਅਧਾਰਤ ਡਾਂਸਰ/ਪ੍ਰੇਰਣਾਦਾਇਕ ਸਪੀਕਰ ਲੂਕਾ "ਲੈਜ਼ੀਲੇਗਜ" ਪੈਟੁਏਲੀ ਦੁਆਰਾ ਦੁਨੀਆ ਦੇ ਸਭ ਤੋਂ ਵਧੀਆ ਵੱਖ-ਵੱਖ-ਸਰੀਰਕ ਤੌਰ 'ਤੇ ਅਸਮਰੱਥ ਡਾਂਸਰਾਂ ਦੀ ਇੱਕ ਆਲ-ਸਟਾਰ ਟੀਮ ਬਣਾਉਣ ਲਈ ਇੱਕ ਵਿਚਾਰ ਤੋਂ ਉਤਪੰਨ ਹੋਇਆ ਹੈ, ਜਿਨ੍ਹਾਂ ਦਾ ਟੀਚਾ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਨਾ ਅਤੇ ਪ੍ਰਦਰਸ਼ਨ ਕਰਨਾ ਸੀ, ਦੁਨੀਆ ਨੂੰ ਦਿਖਾਉਣਾ ਕਿ ਕੁਝ ਵੀ ਸੰਭਵ ਹੈ। ਇਹਨਾਂ ਦਾ ਕਹਿਣਾ ਹੈ ਕਿ : No Excuses !No LImits ! ! ਤਸਵੀਰ ਇਸ ਗਰੁੱਪ ਦੀ ਨ੍ਰਿਤ ਕਲਾ ਦਾ ਸਿਖਰਲਾ ਨਮੂਨਾ ਹੈ।

## ਕੇਂਦਰੀ ਸਭਾ ਵੱਲੋਂ ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਦਾ ਫ਼ੈਸਲਾ

**ਜਲੰਧਰ**-ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੀ ਮੀਟਿੰਗ ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਬਾਰੇ ਪ੍ਰੈੱਸ ਨਾਲ ਗੱਲ ਸਾਂਝੀ ਕਰਦਿਆਂ ਸਭਾ ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਨੇ ਦੱਸਿਆ ਕਿ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਕੇਂਦਰੀ ਸਭਾ ਦੀ ਸਮੂਹ ਟੀਮ ਵੱਲੋਂ ਮੁੱਖ ਮੰਤਰੀ ਪੰਜਾਬ ਅਤੇ ਵਿੱਦਿਆ ਮੰਤਰੀ ਪੰਜਾਬ ਨੂੰ ਸਭਾ ਦਾ ਮੰਗ ਪੱਤਰ ਦਿੱਤਾ ਜਾਵੇਗਾ ਅਤੇ ਸਭਾ ਨਾਲ ਮੀਟਿੰਗ ਦੀ ਮੰਗ ਕੀਤੀ ਜਾਵੇਗੀ। ਸਭਾ ਨੇ ਕੇਂਦਰੀ ਸਭਾ ਦੇ ਮੈਂਬਰਾਂ ਦੀ ਨਾਮਜ਼ਦਗੀ ਹੇਠ ਲਿਖੇ ਅਨੁਸਾਰ ਕੀਤੀ, ਜਿਨ੍ਹਾਂ ਵਿੱਚ ਸਰਵਸ੍ਰੀ ਨਿਰੰਜਨ ਬੋਹਾ, ਸੁਰਿੰਦਰ ਕਾਹਲੋਂ, ਸੁਖਦੇਵ ਔਲਖ, ਡਾ. ਸ਼ਿੰਦਰਪਾਲ ਭੱਠਲ, ਪ੍ਰਿੰ. ਸੁਰਜੀਤ ਸਿੰਘ ਸੰਧੂ, ਮਿੱਠਾ ਸਿੰਘ ਸੇਖੋਂ, ਹਰੀ ਸਿੰਘ ਢੁੱਡੀਕੇ, ਤੇਜਾ ਸਿੰਘ ਤਿਲਕ, ਡਾ. ਮੁਹੰਮਦ ਅਦਰੀਸ਼, ਦਰਸ਼ਨ ਸਿੰਘ ਰੋਮਾਣਾ, ਰਣਜੀਤ ਸਿੰਘ ਥਾਂਦੇਵਾਲ, ਵਿਵੇਕ ਕੋਟ ਈਸੇ ਖਾਂ, ਜੋਗਿੰਦਰ ਕੌਰ ਅਗਨੀਹੋਤਰੀ, ਗੁਰਦੀਪ ਸਿੰਘ ਜੈਤੋ, ਹਰਦੀਪ ਕੌਰ ਬਾਵਾ, ਜਸਪਾਲ ਕੌਰ ਜੱਸ, ਤਰਲੋਚਨ ਸਿੰਘ ਮੀਰ, ਚਰਨਜੀਤ ਸਿੰਘ ਗਿੱਲ, ਸੁਰਿੰਦਰ ਪਾਲ ਕੌਰ ਰਸੀਆ, ਕਰਨੈਲ ਸਿੰਘ ਅਸਪਾਲ, ਗੁਰਚਰਨ ਸਿੰਘ ਚਰਨ, ਡਾ. ਮੇਘਾ ਸਿੰਘ, ਡਾ. ਪਰਮਿੰਦਰ ਸਿੰਘ ਬੈਨੀਪਾਲ, ਡਾ. ਗੁਰਵਿੰਦਰ ਸਿੰਘ ਅਮਨ, ਰਾਜਿੰਦਰ ਸ਼ੌਕੀ, ਰਿਪਨਜੀਤ ਕੌਰ ਸੋਨੀ ਬੱਗਾ, ਗੁਰਨਾਮ ਸਿੰਘ, ਜੰਗੀਰ ਸਿੰਘ ਖੋਖਰ, ਸਤਪਾਲ ਸਾਹਲੋਂ, ਕਮਲਜੀਤ ਕੰਵਰ, ਪ੍ਰੋ. ਅਕਵੀਰ ਕੌਰ, ਗੁਰਚਰਨ ਚੀਮਾ, ਹਰੀ ਸਿੰਘ ਮਠਾੜੂ, ਪੋਪਿੰਦਰ ਸਿੰਘ ਪਾਰਸ ਤੇ ਡਾ. ਜਗਦੀਪ ਕੌਰ ਆਹੂਜਾ ਆਦਿ।

ਇਸ ਮੌਕੇ ਭੁਪਿੰਦਰ ਜਗਰਾਓਂ, ਗੁਰਚਰਨ ਕੌਰ ਕੋਚਰ, ਡਾ. ਬਲਦੇਵ ਬੱਦਨ, ਜਗਦੀਸ਼ ਰਾਣਾ, ਨੱਕਾਸ ਚਿੱਤੇਵਾਣੀ, ਡਾ. ਗੁਰਜੰਟ ਸਿੰਘ, ਗੁਰਚਰਨ ਚੀਮਾ, ਇਕਬਾਲ ਘਾਰੂ, ਬਲਬੀਰ ਸਿੰਘ ਬੱਲੀ, ਜਗਦੇਵ ਸਿੰਘ ਕਲਸੀ, ਗੁਲਜ਼ਾਰ ਸਿੰਘ ਸ਼ੌਂਕੀ, ਗੁਰਚਰਨ ਸਿੰਘ ਢੁੱਡੀਕੇ, ਹਰਜੀਤ ਸਿੰਘ ਸੱਧਰ, ਕੰਵਰ ਜਸਮਿੰਦਰਪਾਲ ਸਿੰਘ, ਡਾ. ਭਗਵੰਤ ਸਿੰਘ, ਦਰਸ਼ਨ ਸਿੰਘ ਪ੍ਰੀਤੀਮਾਨ ਆਦਿ ਨੇ ਆਪਣੇ-ਆਪਣੇ ਵਿਚਾਰ ਪ੍ਰਗਟਾਏ।

**—ਸੰਧੂ ਵਰਿਆਣਵੀ**

## ਸਮਕਾਲੀ ਸਾਹਿਤ : ਅਕਤੂਬਰ-ਦਸੰਬਰ 2022



ਸੰਸਾਰ-ਸਾਹਿਤ ਵਿੱਚ ਡਾ. ਪਰਮਜੀਤ ਢੀਂਗਰਾ ਦਾ ਲੇਖ 'ਕੰਠ ਕੀਤੇ ਸ਼ਬਦ' ਨਾਲ ਆਰੰਭ ਹੁੰਦਾ ਹੈ ਇਹ ਅੰਕ। ਜਗਤਾਰ ਦੀਆਂ 12 ਗ਼ਜ਼ਲਾਂ, ਮਨਮੋਹਨ ਸੁਰਿੰਦਰ ਗਿੱਲ, ਪੰਕਜ ਕੁਮਾਰ ਸਿੰਘ ਦੀਆਂ ਕਵਿਤਾਵਾਂ ਦੇ ਨਾਲ-ਨਾਲ ਕਹਾਣੀ ਭਾਗ ਵਿੱਚ ਪ੍ਰੀਤਮਾ ਦੋਮੇਲ ਦੀ ਕਾਂਚਾ, ਸਿੱਦੀਕ ਆਲਮ ਦੀ ਮਿੱਟੀ ਫਰੋਸ਼, ਵਿਸ਼ਵਾਸ ਪਾਟਿਲ ਦੀ 'ਦੋ ਮੁੱਠੀਆਂ ਮਿੱਟੀ', ਜੈਸ਼ੰਕਰ ਦੀ ਖੰਡਰ, ਮੋਪਾਂਸਾ ਦੀ ਅੰਕਲ ਜਿਊਲਜ਼ ਦੇ ਨਾਲ-ਨਾਲ ਮਿਖਾਇਲ ਬੁਲਗਾਕੋਵ ਦੇ ਨਾਵਲ ਸੁਲਤਾਨ ਸੁਪਨਾ ਦਾ ਅੰਸ਼, ਰੂਸੀ ਪ੍ਰਿੰਸ ਦੀ ਪੰਜਾਬ ਯਾਤਰਾ, ਵਿਚਾਰਧਾਰਾ ਕਾਲਮ ਅਧੀਨ ਇਸਮਤ ਚੁਗਤਾਈ ਨੇ 'ਪ੍ਰਗਤੀਸ਼ੀਲ ਸਾਹਿਤ ਤੇ ਮੈਂ' ਵਿੱਚ ਮਹੱਤਵਪੂਰਨ ਗੱਲਾਂ ਕੀਤੀਆਂ ਹਨ। ਇਸੇ ਹੀ ਕਾਲਮ ਵਿੱਚ ਸੰਤ ਸਿੰਘ ਸੇਖੋਂ ਵੱਲੋਂ ਅਕਤੂਬਰ ਕ੍ਰਾਂਤੀ ਤੇ ਪੰਜਾਬੀ ਸਾਹਿਤ ਬਾਰੇ ਲਿਖਿਆ ਲੇਖ ਵੀ ਹੈ। ਹਰਬੰਸ ਸਿੰਘ ਧੀਮਾਨ ਵੱਲੋਂ ਮਲਿਕ ਮਿਹਰ ਅਲੀ ਨਾਲ ਮੁਲਾਕਾਤ, ਸੁਤਿੰਦਰ ਸਿੰਘ ਨੂਰ ਵੱਲੋਂ ਆਲੋਚਕਾਂ ਦੀ ਨਜ਼ਰ ਵਿੱਚ ਹੀਰ ਵਾਰਿਸ, ਬਚਿੰਤ ਕੌਰ ਦੀ ਸਵੈ-ਜੀਵਨੀ ਅੰਸ਼, ਪੁਸਤਕ ਪੜਚੋਲ ਵਿੱਚ ਵਿਜੈ ਬੰਬੇਲੀ ਦੀ ਪੁਸਤਕ 'ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ, ਬਲਬੀਰ ਮਾਧੋਪੁਰੀ ਵੱਲੋਂ ਅਨੁਵਾਦ ਕਾਵਿ ਸੰਗ੍ਰਹਿ 'ਬਲੈਕ ਟਾਰਚ', ਅਵਤਾਰ ਸਿੰਘ ਬਿਲਿੰਗ ਦੀ 'ਮੇਰਾ ਪਿੰਡ ਮੇਰੇ ਲੋਕ' ਆਦਿ ਪੁਸਤਕਾਂ ਦੀ ਸਮੀਖਿਆ ਪੇਸ਼ ਹੈ। ਪੰਨੇ : 168 ਮੁੱਲ : 60 ਰੁਪਏ, ਸੰਪਾਦਕ : ਬਲਬੀਰ ਮਾਧੋਪੁਰੀ, ਸੰਪਰਕ : ਪੰਜਾਬੀ ਸਾਹਿਤ ਸਭਾ, 10 ਰਾਊਜ਼ ਐਵੇਨਿਊ, ਇੰਸਟੀਚਿਊਸ਼ਨਲ ਏਰੀਆ, ਨਵੀਂ ਦਿੱਲੀ-110002

## ਮਾਤਾ ਸੁੰਦਰੀ ਕਾਲਜ ਵੱਲੋਂ ਤਿੰਨ ਦਿਨਾਂ ਸਮਾਗਮ

**ਨਵੀਂ ਦਿੱਲੀ**-ਦਿੱਲੀ ਯੂਨੀਵਰਸਿਟੀ ਸ਼ਤਾਬਦੀ ਸਮਾਰੋਹ-2022 ਦੇ ਮੌਕੇ 'ਤੇ ਦਿੱਲੀ ਯੂਨੀਵਰਸਿਟੀ ਦੇ ਮਾਤਾ ਸੁੰਦਰੀ ਕਾਲਜ ਫਾਰ ਵੂਮੈਨ ਦੇ ਅੰਦਰੂਨੀ ਕੁਆਲਿਟੀ ਅਸ਼ੋਰੈਂਸ ਸੈੱਲ ਦੁਆਰਾ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ (ਆਈ.ਸੀ.ਐੱਸ.ਐੱਸ.ਆਰ) ਅਤੇ ਪੰਜਾਬੀ ਸਾਹਿਤ ਸਭਾ, ਪੰਜਾਬੀ ਭਵਨ, ਨਵੀਂ ਦਿੱਲੀ ਦੇ ਸਹਿਯੋਗ ਨਾਲ 3 ਤੋਂ 5 ਨਵੰਬਰ ਤੱਕ "ਵੰਡ ਤੇ ਮੁੜ-ਵਿਚਾਰ ਕਰਦਿਆਂ : 75 ਵਰ੍ਹੇ" ਵਿਸ਼ੇ 'ਤੇ ਤਿੰਨ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਕਾਨਫਰੰਸ ਦੀ ਕਨਵੀਨਰ ਪ੍ਰਿੰਸੀਪਲ ਪ੍ਰੋ. ਹਰਪ੍ਰੀਤ ਕੌਰ, ਡਾ. ਲੋਕੇਸ਼ ਕੁਮਾਰ ਗੁਪਤਾ, ਕਾਨਫਰੰਸ ਕੋਆਰਡੀਨੇਟਰ/ਡਾਇਰੈਕਟਰ, ਆਈ.ਕਊ.ਏ.ਸੀ ਅਤੇ ਡਾ. ਹਰਵਿੰਦਰ ਸਿੰਘ ਪ੍ਰਬੰਧਕੀ ਸਕੱਤਰ ਹਨ। ਕਾਨਫਰੰਸ ਦੇ ਸੈਸ਼ਨ ਕਾਲਜ ਦੇ ਮਾਤਾ ਸਾਹਿਬ ਕੌਰ ਆਡੀਟੋਰੀਅਮ, ਮਾਤਾ ਗੁਜਰੀ ਹਾਲ ਅਤੇ ਕਾਨਫਰੰਸ ਰੂਪ ਵਿਚ (ਔਨਲਾਈਨ ਮੋਡ ਵਿਚ ਵੀ) ਕੀਤੇ ਜਾਣਗੇ। ਕਾਨਫਰੰਸ ਦੀ ਸ਼ੁਰੂਆਤ ਉਦਘਾਟਨੀ ਅਤੇ ਤਕਨੀਕੀ ਸੈਸ਼ਨ-1 ਤੋਂ ਕੀਤੀ ਜਾਵੇਗੀ, ਜਿਸ ਵਿੱਚ ਕਈ ਖਾਸ ਸ਼ਖ਼ਸੀਅਤਾਂ ਜਿਨ੍ਹਾਂ ਵਿੱਚੋਂ ਸ੍ਰੀ ਨਵਦੀਪ ਸੂਰੀ, ਆਬਜ਼ਰਵਰ ਰਿਸਰਚ ਫਾਊਂਡੇਸ਼ਨ ਮੁੱਖ ਮਹਿਮਾਨ ਤੇ ਪ੍ਰੋ: ਰੇਣੂਕਾ ਸਿੰਘ, ਚੇਅਰਪਰਸਨ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਹਨ। ਇਸ ਸੈਸ਼ਨ ਦੀ ਪ੍ਰਧਾਨਗੀ ਡਾ: ਮਹਿੰਦਰ ਸਿੰਘ, ਡਾਇਰੈਕਟਰ, ਨੈਸ਼ਨਲ ਇੰਸਟੀਚਿਊਟ ਆਫ ਪੰਜਾਬ ਸਟੱਡੀਜ਼, ਨਵੀਂ ਦਿੱਲੀ ਕਰ ਰਹੇ ਹਨ। ਇਸ ਸੈਸ਼ਨ ਵਿਚ ਮੁੱਖ ਭਾਸ਼ਣ ਕਰਤਾ ਦੇ ਰੂਪ ਵਿਚ ਪ੍ਰੋ. ਭਗਵਾਨ ਜੋਸ਼, ਉੱਘੇ ਇਤਿਹਾਸਕਾਰ, ਜੇ.ਐੱਨ.ਯੂ., ਦਿੱਲੀ ਆਪਣੀ ਵਿਸ਼ੇਸ਼ ਭੂਮਿਕਾ ਵਿਚ ਹਨ। ਇਸ ਦੇ ਨਾਲ ਹੀ ਇਸ ਕਾਨਫਰੰਸ ਨੂੰ ਨੌਂ ਤਕਨੀਕੀ ਸੈਸ਼ਨਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਵਿੱਚ ਵੰਡ ਨਾਲ ਸੰਬੰਧਤ ਵਿਭਿੰਨ ਵਿਸ਼ਿਆਂ 'ਤੇ ਬਹੁ-ਭਾਸ਼ਾਵਾਂ ਵਿੱਚ ਕਈ ਨਾਮਵਰ ਸ਼ਖ਼ਸੀਅਤਾਂ ਦੁਆਰਾ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਕਾਨਫਰੰਸ ਦੇ ਅਖੀਰਲੇ ਸੈਸ਼ਨ 'ਚ ਕਵੀ ਦਰਬਾਰ ਦੇ ਨਾਲ-ਨਾਲ ਉੱਘੇ ਸ਼ਾਇਰ ਡਾ. ਮੋਹਨਜੀਤ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

## ਪੰਜਾਬ ਦਿਵਸ ਨੂੰ ਸਮਰਪਿਤ ਸਮਾਗਮ

**ਅੰਮ੍ਰਿਤਸਰ** : ਜਨਵਾਦੀ ਲੇਖਕ ਸੰਘ ਅਤੇ ਪੰਜਾਬੀ ਸਾਹਿਤ ਸੰਗਮ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੰਜਾਬ ਦਿਵਸ ਮੌਕੇ ਸਾਹਿਤਕ ਸੰਵਾਦ ਰਚਾਇਆ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਇਸ ਮੌਕੇ ਕਿਹਾ ਕਿ ਇਹ ਤਲਖ ਹਕੀਕਤ ਹੈ ਕਿ ਨਿਰੋਲ ਭਾਸ਼ਾ ਦੇ ਅਧਾਰ ਉੱਤੇ ਕਾਇਮ ਹੋਏ ਇਸ ਸੂਬੇ ਨੂੰ ਅੱਧੀ ਸਦੀ ਬੀਤਣ 'ਤੇ ਵੀ ਨਾ ਆਪਣੀ ਰਾਜਧਾਨੀ ਅਤੇ ਨਾ ਹੀ ਆਪਣੀ ਹਾਈਕੋਰਟ ਨਸੀਬ ਹੋਈ ਹੈ। ਭਾਸ਼ਾ ਐਕਟ ਅੰਦਰ ਚੋਰ-ਮੋਰੀਆਂ ਹੋਣ ਕਰਕੇ ਅਫਸਰਸ਼ਾਹੀ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦਿਆਂ ਦਫਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਤੋਂ ਆਨਾਕਾਨੀ ਕਰਦੀ ਹੈ। ਉਹਨਾਂ ਕਿਹਾ ਕਿ ਸਰਕਾਰਾਂ ਮਾਤ ਭਾਸ਼ਾ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਪੰਜਾਬ ਦੇ ਸਕੂਲਾਂ, ਕਾਲਜਾਂ ਵਿਚ ਪੱਕੀ ਭਰਤੀ ਕਰਕੇ ਰੁਜ਼ਗਾਰ ਦੇ ਠੋਸ ਵਸੀਲੇ ਪਹਿਲ ਦੇ ਆਧਾਰ 'ਤੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਅਜੋਕੀ ਨੌਜਵਾਨ ਪੀੜ੍ਹੀ ਜਿਹੜੀ ਚੰਗੇ ਭਵਿੱਖ ਦੀ ਆਸ ਵਿਚ ਵਿਦੇਸ਼ਾਂ ਨੂੰ ਭੱਜ ਰਹੀ ਹੈ, ਆਪਣੇ ਸੂਬੇ ਵਿਚ ਹੀ ਰੋਜ਼ੀ-ਰੋਟੀ ਕਮਾ ਸਕੇ।

ਪ੍ਰਮੁੱਖ ਕਥਾਕਾਰ ਮੁਖਤਾਰ ਗਿੱਲ, ਮਨਮੋਹਨ ਸਿੰਘ ਢਿੱਲੋਂ ਅਤੇ ਸਰਬਜੀਤ ਸਿੰਘ ਸੰਧੂ ਨੇ ਕਿਹਾ ਕਿ ਸਮੁੱਚੀਆਂ ਰਾਜਨੀਤਕ ਪਾਰਟੀਆਂ ਆਪੋ-ਆਪਣੇ ਚੋਣ ਮੈਨੀਫੈਸਟੋ ਵਿੱਚ ਪੰਜਾਬੀ ਭਾਸ਼ਾ ਦੇ ਮਸਲਿਆਂ ਨੂੰ ਹੱਲ ਕਰਨ ਲਈ ਵਚਨਬੱਧ ਹੋਣ। ਹਰਜੀਤ ਸਿੰਘ ਸੰਧੂ, ਡਾ. ਮੋਹਨ ਅਤੇ ਜਗਤਾਰ ਗਿੱਲ ਨੇ ਮਾਂ ਬੋਲੀ ਪੰਜਾਬੀ ਸਮੇਤ ਹੋਰਨਾਂ ਖੇਤਰੀ ਭਾਸ਼ਾਵਾਂ ਨੂੰ ਮਾਈਨਰ ਵਿਸ਼ੇ ਵਿਚ ਰੱਖਣ ਦੇ ਫੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰਾਂ ਨੂੰ ਭਾਸ਼ਾਵਾਂ ਪ੍ਰਤੀ ਆਪਣੀ ਨੀਤ ਅਤੇ ਨੀਤੀ ਸਪੱਸ਼ਟ ਕਰਨੀ ਚਾਹੀਦੀ ਹੈ। ਸ਼ਾਇਰ ਚੰਨ ਅਮਰੀਕ ਅਤੇ ਜਸਵੰਤ ਧਾਪ ਨੇ ਅਦਾਲਤੀ ਕੰਮਕਾਜ ਪੰਜਾਬੀ ਵਿਚ ਕਰਨ ਅਤੇ ਮਹਿਕਮਾ ਮਾਲ ਦੇ ਰਿਕਾਰਡ ਵਿਚਲੀ ਅਰਬੀ-ਫਾਰਸੀ ਦੀ ਉਲ਼ਝਾਊ ਸ਼ਬਦਾਵਲੀ ਦਾ ਵਿਦਵਾਨਾਂ ਕੋਲੋਂ ਪੰਜਾਬੀਕਰਨ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

## ਸੁਖਦੇਵ ਸਾਹਿਲ ਦੀ ਗਾਇਕੀ ਦੇ ਰੰਗ

**ਸਰੀ**-ਬੀਤੇ ਦਿਨੀਂ ਨਿਊਯਾਰਕ (ਕੈਲੇਫੋਰਨੀਆ) ਦੇ ਮਹਿਰਾਨ ਰੈਸਟੋਰੈਂਟ ਵਿਖੇ ਪ੍ਰਸਿੱਧ ਸੂਫੀਆਨਾ ਅਤੇ ਗ਼ਜ਼ਲ ਗਾਇਕ ਸੁਖਦੇਵ ਸਾਹਿਲ ਦੀ ਗਾਇਕੀ ਦਾ ਆਨੰਦ ਮਾਨਣ ਲਈ ਅਵਤਾਰ ਸਿੰਘ ਲਾਖਾ ਵੱਲੋਂ



'ਮਹਿਫ਼ਿਲ-ਏ-ਸਾਹਿਲ' ਪ੍ਰੋਗਰਾਮ ਕਰਵਾਇਆ ਗਿਆ। ਵਿਸ਼ੇਸ਼ ਸੱਦੇ 'ਤੇ ਪਹੁੰਚੇ ਸੌ ਦੇ ਕਰੀਬ ਸੰਗੀਤ ਪ੍ਰੇਮੀਆਂ ਨੇ ਦੇਰ ਰਾਤ ਤੱਕ ਇਸ ਮਹਿਫ਼ਿਲ ਵਿਚ ਸਾਫ-ਸੁਥਰੀ ਗਾਇਕੀ ਦੇ ਵੱਖ-ਵੱਖ ਰੰਗਾਂ ਨੂੰ ਮਾਣਿਆ।

ਵਿਜੇ ਸਿੰਘ ਦੇ ਸਵਾਗਤੀ ਸ਼ਬਦਾਂ ਨਾਲ ਇਸ ਪ੍ਰੋਗਰਾਮ ਦਾ ਆਗਾਜ਼ ਹੋਇਆ ਅਤੇ ਫਿਰ ਤਾੜੀਆਂ ਦੇ ਭਰਵੇਂ ਸਵਾਗਤ ਨਾਲ ਸੁਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਸਭ ਦੇ ਰੂਬਰੂ ਹੋਏ। ਸਾਹਿਲ ਨੇ ਸੂਫ਼ੀ ਗਾਇਨ ਤੋਂ ਸ਼ੁਰੂਆਤ ਕਰਕੇ ਮਿਆਰੀ ਗਜ਼ਲਾਂ, ਗੀਤਾਂ ਅਤੇ ਲੋਕਗੀਤਾਂ ਦੀ ਮਨਮੋਹਕ ਪੇਸ਼ਕਾਰੀ ਨਾਲ ਮਹਿਫ਼ਿਲ ਨੂੰ ਦਿਲਕਸ਼ ਅਤੇ ਸੁਰਮਈ ਬਣਾ ਦਿੱਤਾ। ਸੁਖਦੇਵ ਸਾਹਿਲ ਨੇ ਰਾਗ ਚਾਰੂਕੇਸ਼ੀ ਵਿੱਚ ਤੁਫੈਲ ਨਿਆਜ਼ੀ ਦਾ 'ਸਾਡਾ ਚਿੜੀਆਂ ਦਾ ਚੰਬਾ' ਸ਼ਿਵ ਕੁਮਾਰ ਬਟਾਲਵੀ ਦਾ 'ਪੀੜਾਂ ਦਾ ਪਰਾਗਾ' ਤੇ 'ਸ਼ਿਕਰਾ ਯਾਰ...' ਅਲਮਸਤ ਦੇਸਰਪੁਰੀ ਦਾ 'ਚੰਨ ਤੈਨੂੰ ਟੋਲਦਾ ਫਿਰੇ', ਹਰਜਿੰਦਰ ਕੰਗ ਦਾ 'ਤੇਰੇ ਬਾਝੋਂ ਲੱਗਦਾ ਨਾ ਜੀਅ ਵੇ', ਜੱਸ ਔਲਖ ਦਾ 'ਤੂੰ ਸਾਹਾਂ ਵਰਗੀ ਏਂ', ਵਿੱਕੀ ਸੀਲੋ ਦਾ 'ਜੇ ਦੀਵਾ ਹੋਵੇਂ ਤੂੰ ਮਿੱਤਰਾ', ਮੱਖਣ ਲੁਹਾਰ ਦਾ 'ਤੈਨੂੰ ਭੇਜਿਆ ਪੁੱਤ ਪਰਦੇਸਾਂ ਨੂੰ' ਗੀਤਾਂ ਤੋਂ ਇਲਾਵਾ ਹਾਜ਼ਰੀਨ ਦੀ ਫਰਮਾਇਸ਼ 'ਤੇ 'ਨੈਣਾਂ ਦੀ ਝੜੀ' ਅਤੇ ਟੱਪੇ ਰਸ-ਭਿੰਨੀ ਆਵਾਜ਼ ਵਿਚ ਪੇਸ਼ ਕੀਤੇ। ਕੁਲਵਿੰਦਰ ਦੀਆਂ ਕੁਝ ਗ਼ਜ਼ਲਾਂ ਨਾਲ ਖੂਬ ਰੰਗ ਬੰਨ੍ਹਦਿਆਂ ਜਸਵੰਤ ਸ਼ਾਦ ਦੀ ਫਰਮਾਇਸ਼ 'ਤੇ ਕੁਲਵਿੰਦਰ ਦੀ ਰਚਨਾ 'ਸੀ ਪੈਰਾਂ 'ਚ ਛਾਲੇ ਤੇ ਰਾਹਾਂ 'ਚ ਕਿਰਚਾਂ' ਦਾ ਗਾਇਨ ਕਰਕੇ ਪ੍ਰੋਗਰਾਮ ਨੂੰ ਚਾਰ ਚੰਨ੍ਹ ਲਾ ਦਿੱਤੇ। ਸਰੋਤਿਆਂ ਨੇ ਸੁਖਦੇਵ ਸਾਹਿਲ ਨੂੰ ਭਰਵੀਂ ਦਾਦ ਦੀ ਰਹਿਮਤ ਨਾਲ ਖੂਬ ਨਿਵਾਜਿਆ।

**—ਹਰਦਮ ਮਾਨ**

## ਮੀਰਜ਼ਾਦਾ ਬੋਲਿਆ : ਅਕਤੂਬਰ-ਦਸੰਬਰ 2022

(ਤ੍ਰੈ ਮਾਸਿਕ)



ਸੰਪਾਦਕੀ 'ਡੰਡੇ 'ਤੇ ਟੰਗਿਆ ਬੰਦਾ' ਵਿੱਚ ਬੇਦੀ ਨੇ ਮਹੱਤਵਪੂਰਨ ਗੱਲ ਕੀਤੀ ਹੈ। ਹਰੀ ਕਾਦਿਆਨੀ (ਬਾਪੂ ਯੱਭਲੀਆਂ ਮਾਰੇ), ਆਤਮਾ ਰਾਮ ਭਾਟੀ (ਸਟੇਜ ਸਕੱਤਰ ਦੀ ਅਗਨੀ ਪ੍ਰੀਖਿਆ), ਨਿਰੰਜਨ ਸ਼ਰਮਾ ਸੇਖਾ (ਜਾਗਦੇ ਰਹੋ...), ਡਾ. ਮੋਨੋਜੀਤ (ਕਵੀਸ਼ਰ ਜੀ ਦ ੀ ਆਟੋਬਾਇਓਗਰਾਫ਼ੀ), ਭਗਵਾਨ ਸਿੰਘ ਤੱਗੜ (ਮੂਰਖਾਂ ਵਾਲੀਆਂ ਗੱਲਾਂ), ਪ੍ਰਭਾਤ ਗੋਸਵਾਮੀ (ਇੱਕ ਸੀ ਕਾਰਟੂਨਿਸਟਾਂ ਦਾ ਚੌਕ), ਮੰਗਤ ਕੁਲਜਿੰਦ (ਸਾਡੇ ਤਾਂ ਚਿਹਰੇ ਹੀ ਵਲੂੰਧਰੇ ਗਏ), ਦਲੀਪ ਸਿੰਘ ਜੁਨੇਜਾ (ਅਮਰੀਕਨ ਤਲਾਕ) ਦੇ ਨਾਲ-ਨਾਲ ਮਿਨੀ ਵਿਅੰਗ, ਕਵਿਤਾਵਾਂ, ਦੋਹੇ ਅਤੇ ਹੋਰ ਦਿਲਚਸਪ ਸਮੱਗਰੀ ਲੈ ਕੇ ਹਾਜ਼ਰ ਹੈ ਇਹ ਅੰਕ।

ਪੰਨੇ : 46 ਮੁੱਲ: 50 ਰੁਪਏ, ਸੰਪਾਦਕ : ਕੁਲਦੀਪ ਸਿੰਘ ਬੇਦੀ

ਸੰਪਰਕ : 12 ਬਸੰਤ ਨਗਰ, ਸੋਡਲ ਰੋਡ-ਜਲੰਧਰ-144004, (ਮੋ.) 98760-95392

## ਲੋਹਮਣੀ : ਅਕਤੂਬਰ-ਦਸੰਬਰ-2022



ਇਸ ਅੰਕ ਦੇ ਮੁੱਖ ਪੰਨੇ 'ਤੇ ਸ਼ਹੀਦ-ਇ-ਆਜ਼ਮ ਸਰਦਾਰ ਭਗਤ ਸਿੰਘ ਦੀ ਤਸਵੀਰ ਅਤੇ ਉਸ ਦੀ ਵਿਚਾਰਧਾਰਾ ਨੂੰ ਸਪੱਸ਼ਟ ਕਰਦੇ ਕਾਵਿ ਸ਼ਬਦ ਹਨ। ਟਾਈਟਲ ਪੰਨੇ ਦੇ ਅੰਦਰ-ਬਾਰ ਨਾਜ਼ਮ ਹਿਕਮਤ ਦੀ 7 ਨਵੰਬਰ 1917 ਸਿਰਲੇਖ ਹੇਠ ਕਵਿਤਾ ਪੇਸ਼ ਹੈ। ਸੰਪਾਦਕੀ ਵਿੱਚ ਪਿੱਛੇ ਜਿਹੇ ਸਿਮਰਨਜੀਤ ਸਿੰਘ ਮਾਨ ਦੇ ਬੇਤੁਕੇ ਬਿਆਨ ਉਪਰ ਟਿੱਪਣੀ ਹੈ। ਗੁਰਮੀਤ ਸਿੰਘ, ਤਸਕੀਨ, ਜਸਵਿੰਦਰ ਸੰਧੂ, ਡਾ. ਲਕਸ਼ਮੀ ਨਰਾਇਣ ਭੀਖੀ, ਹਾਕਮ ਸਿੰਘ ਭੁੱਲਰ, ਡਾ. ਅਜੀਤਪਾਲ ਸਿੰਘ ਐੱਮ ਡੀ, ਮੁਹੰਮਦ ਮਨਸ਼ਾ ਯਾਦ, ਆਦਿ ਲੇਖਾਂ ਨਾਲ ਕੁਲਵੰਤ ਸਿੰਘ ਵਿਰਕ ਦੀ ਯਾਦਗਾਰੀ ਕਹਾਣੀ 'ਤੂੜੀ ਦੀ ਪੰਡ' ਅਤੇ ਪ੍ਰਤੀਨਿਧ ਕਵਿਤਾਵਾਂ ਹਾਜ਼ਰ ਹਨ। ਪੰਨੇ 72 ਮੁੱਲ 30 ਰੁਪਏ, ਮੁੱਖ ਸੰਪਾਦਕ : ਪ੍ਰੋ. ਨਿਰਮਲਜੀਤ ਕੌਰ ਸਿੱਧੂ, ਸੰਪਰਕ : ਸੁਰਜੀਤ ਦੌਧਰ, ਪਿੰਡ ਤੇ ਡਾਕ : ਕਾਉਂਕੇ ਕਲਾਂ, ਤਹਿਸੀਲ ਜਗਰਾਵਾਂ-ਲੁਧਿਆਣਾ-142035 (ਮੋ.) 94174-36156

*- ਹਰਜਿੰਦਰ ਅਟਵਾਲ (ਡਾ.)*

# ਪਾਠਕਾਂ ਦੇ ਝਰੋਖੇ 'ਚੋਂ

## ਮੰਤਰੀ ਹਰਜੋਤ ਬੈਂਸ ਦੀ ਪਹਿਲ ਦਾ ਸੁਆਗਤ

30 ਅਕਤੂਬਰ ਦੇ 'ਐਤਵਾਰਤਾ' ਵਿਚ ਪ੍ਰਕਾਸ਼ਿਤ ਇਹ ਖ਼ਬਰ ਸੰਤੁਸ਼ਟੀਜਨਕ ਹੈ ਕਿ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਕੂਲੀ ਵਿਦਿਆਰਥੀਆਂ ਦੇ ਦਿਲ-ਓ-ਦਿਮਾਗ਼ ਵਿਚ ਛੁਪੀ ਹੋਈ ਸਿਰਜਣਾਤਮਕ ਊਰਜਾ ਨੂੰ ਜੱਗ ਜ਼ਾਹਿਰ ਕਰਨ ਲਈ ਸਾਰੇ ਸਰਕਾਰੀ ਸਕੂਲਾਂ ਨੂੰ ਆਪੋ-ਆਪਣਾ ਰਸਾਲਾ ਸੰਪਾਦਿਤ ਕਰਨ ਦੇ ਆਦੇਸ਼ ਦਿੱਤੇ ਹਨ। ਮੈਂ ਪੰਜਾਬੀ ਭਾਸ਼ਾ ਅਤੇ ਬਾਲ ਸਾਹਿਤ ਦੇ ਵਿਕਾਸ ਲਈ ਚੁੱਕੇ ਜਾ ਰਹੇ ਇਸ ਠੋਸ ਕਦਮ ਲਈ ਬੈਂਸ ਹੁਰਾਂ ਨੂੰ ਮੁਬਾਰਕਵਾਦ ਦਿੰਦਾ ਹਾਂ ਕਿਉਂਕਿ ਪੱਛਮੀ ਸੱਭਿਆਚਾਰ ਦੀ ਹਨੇਰੀ ਅਤੇ ਸੋਸ਼ਲ ਮੀਡੀਆ ਦੀ ਕੁਵਰਤੋਂ ਨੇ ਪੰਜਾਬ ਦੀ ਨਵੀਂ ਪੀੜ੍ਹੀ ਦੀ ਮਾਨਸਿਕਤਾ ਉਪਰ ਨਿਰੰਤਰ ਹਮਲੇ ਕਰਕੇ ਉਸ ਦੇ ਮਨ ਵਿਚ ਰਚਨਾਤਮਿਕਤਾ ਦੇ ਪੁੰਗਰਨ ਵਾਲੇ ਬੂਟੇ ਨੂੰ ਉਠ ਵਾਂਗ ਮਿੱਧਿਆ ਹੈ, ਜੋ ਚਰਦਾ ਘੱਟ ਅਤੇ ਮਿੱਧ ਕੇ ਨੁਕਸਾਨ ਬਹੁਤਾ ਕਰਦਾ ਹੈ। ਹਰ ਸਕੂਲ ਵੱਲੋਂ ਤਿਆਰ ਕੀਤੇ ਜਾਣ ਵਾਲੇ ਇਹ ਰਸਾਲੇ ਪੰਜਾਬੀ ਵਿਚ ਲੰਮਾ ਸਮਾਂ ਛਪਦੇ ਰਹੇ ਅਤੇ ਹੁਣ ਬੰਦ ਹੋ ਚੁੱਕੇ ਬਾਲ ਰਸਾਲਿਆਂ 'ਬਾਲ ਸੰਦੇਸ਼', 'ਬਾਲਕ', 'ਬੀਬਾ ਰਾਣਾ', 'ਬਾਲ ਦਰਬਾਰ' ਅਤੇ 'ਅੱਲੜ੍ਹ ਬੱਲੜ੍ਹ' ਆਦਿ ਦੀ ਘਾਟ ਨੂੰ ਵੀ ਯਕੀਨਨ ਪੂਰਾ ਕਰਨਗੇ। ਇਸ ਸੁਚੱਜੇ ਕਾਰਜ ਨੂੰ ਠੋਸ ਢੰਗ ਨਾਲ ਅਮਲ ਵਿਚ ਲਿਆਉਣ ਦੀ ਤੁਰੰਤ ਜ਼ਰੂਰਤ ਹੈ।

**- ਡਾ. ਦਰਸ਼ਨ ਸਿੰਘ ਆਸ਼ਟ,**
**ਪੰਜਾਬੀ ਯੂਨੀਵਰਸਿਟੀ**

## ਵਿਜੈ ਬੰਬੇਲੀ ਦਾ ਲੇਖ

30 ਅਕਤੂਬਰ ਦੇ 'ਐਤਵਾਰਤਾ' ਵਿਚ ਵਿਜੈ ਬੰਬੇਲੀ ਦਾ ਲੇਖ 'ਫਿਰਕਾਪ੍ਰਸਤੀ ਦੇ ਜ਼ਹਿਰ ਤੋਂ ਬਚੋ ਪੰਜਾਬੀ ਸ਼ੇਰੋ' ਦਾ ਸਿਰਲੇਖ ਪੜ੍ਹ ਕੇ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਖਾੜਕੂ ਬਿਰਤੀ ਵਾਲੇ ਪੁਰਾਣੇ ਲੇਖ ਯਾਦ ਆਏ, ਜੋ ਕਿਸੇ ਵੇਲੇ ਅਖ਼ਬਾਰਾਂ ਵਿਚ ਅੱਸੀਵਿਆਂ, ਨੱਬੇਵਿਆਂ ਵਿਚ ਛਪਿਆ ਕਰਦੇ ਸਨ। ਬੰਬੇਲੀ ਨੇ ਦੇਸ਼ ਵੰਡ ਦਾ ਅਰਥ ਕੇਵਲ ਪੰਜਾਬ ਤੇ ਬੰਗਾਲ ਦੀ ਵੰਡ ਤੋਂ ਲਿਆ ਹੈ। ਦਸ ਲੱਖ ਲੋਕਾ ਦੀਆਂ ਮੌਤਾਂ ਵੀ ਪੰਜਾਬੀਆਂ ਦੀਆਂ ਹੀ ਹੋਈਆਂ ਸੀ। ਸੰਨ ਸੰਤਾਲੀ ਤੋਂ ਪਿੱਛੋਂ ਸੰਨ ਛਿਆਠ ਤੇ ਫਿਰ ਸੰਨ ਚੁਰਾਸੀ ਦਾ ਨੀਲਾ ਤਾਰਾ ਸਾਕਾ ਵੱਡੀਆਂ ਘਟਨਾਵਾਂ ਹਨ, ਜੋ ਫਿਰਕਾਪ੍ਰਸਤੀ ਕਾਰਨ ਵਾਪਰੀਆਂ। ਪੰਜਾਬੀ ਨੂੰ ਮਾਂ ਬੋਲੀ ਨਾ ਮੰਨਣ ਵਾਲੇ ਅਖੀਰ ਨਿੱਜੀ ਸਕੂਲਾਂ ਤੋਂ ਪੰਜਾਬੀ ਨੂੰ ਬੇਦਖਲ ਕਰਨ ਦਾ ਸਬੱਬ ਬਣੇ। ਸਿੱਖਿਆ ਦਾ ਮਾਧਿਅਮ ਪੰਜਾਬੀ ਰੱਖਣ ਤੋਂ ਕਿਨਾਰਾ ਕਰ ਲਿਆ। ਉਹ ਵੀ ਪੰਜਾਬ ਵਿਚ ਜੋ ਸੰਵਿਧਾਨ ਅਨੁਸਾਰ ਪੰਜਾਬੀ ਭਾਸ਼ਾਈ ਸੂਬਾ ਹੈ, ਪਰ ਸਿੱਖਿਆ ਵੱਲੋਂ ਵੇਖੀਏ ਤਾਂ ਪੰਜਾਬੀ ਦਰਕਿਨਾਰ ਹੈ, ਕਿਹੋ ਜਿਹਾ ਇਹ ਪੰਜਾਬ? ਸਿੱਟੇ ਵਜੋਂ ਹੁਣ ਸਰਕਾਰੀ ਸਕੂਲਾਂ ਤੇ ਕੇਂਦਰੀ ਬੋਰਡ ਦੇ ਸਕੂਲਾਂ ਵਿਚ ਮੁਢਲੀ ਸਿੱਖਿਆ ਦਾ ਚਿਹਰਾ ਬਿਲਕੁਲ ਬਦਲ ਚੁੱਕਾ ਹੈ, ਇਸੇ ਕਰਕੇ ਸਾਡੇ ਪੰਜਾਬੀ ਪਰਵਾਰਾਂ ਵਿਚ ਇਹ ਗੱਲ ਭਰ ਦਿੱਤੀ ਗਈ ਕਿ ਪੰਜਾਬੀ ਤਾਂ ਗੰਵਾਰਾਂ ਦੀ ਭਾਸ਼ਾ ਹੈ। ਬੰਬੇਲੀ ਦੀ ਖੋਜ ਸਹੀ ਹੈ ਕਿ ਅੰਗਰੇਜ਼ਾਂ ਨੇ ਫਿਰਕਾਪ੍ਰਸਤੀ ਦੇ ਬੀਜ ਬੀਜੇ ਸੀ, ਜਿਸ ਕਰਕੇ ਪੰਜਾਬੀ ਗੁਰਮੁਖੀ ਸਿੱਖਾਂ ਦੇ ਪੇਟੇ ਪਾ ਦਿੱਤੀ ਗਈ। ਮੁਸਲਮਾਨ ਤਾਂ ਪੰਜਾਬੀ ਦੀ ਲਿਪੀ ਗੁਰਮੁਖੀ ਮੰਨਣ ਤੋਂ ਹੀ ਇਨਕਾਰੀ ਹਨ। ਉਹ ਉਰਦੂ, ਫਾਰਸੀ ਵਿਚ ਪੰਜਾਬੀ ਲਿਖਦੇ-ਪੜ੍ਹਦੇ ਹਨ। ਪੰਜਾਬ ਦੀ ਵੰਡ ਦੀ ਇਹ ਸ਼ੁਰੂਆਤ ਸੀ, ਜੋ ਬਾਅਦ ਵਿਚ ਫਿਰਕੂ ਸੋਚ ਵਾਲੇ ਕੁਝ ਹਿੰਦੂ ਲੋਕਾਂ ਵੱਲੋਂ ਪੰਜਾਬੀ ਨੂੰ ਮਾਂ ਬੋਲੀ ਵਜੋਂ ਮੰਨਣ ਤੋਂ ਇਨਕਾਰੀ ਹੋਣ ਤੱਕ ਪਹੁੰਚ ਗਿਆ। ਇਹ ਰੇੜਕਾ ਸੰਨ 66 ਤੋਂ ਚੱਲਦਾ ਸਹੀ ਪੰਜਾਬੀ ਬੋਲਦਾ ਸੂਬਾ ਬਣਾਏ ਜਾਣ ਵਿਚ ਪਿਆ, ਜਿਸ ਕਰਕੇ ਕੇਂਦਰ ਦੀ ਸਰਕਾਰ ਨੇ ਲੰਗੜਾ ਪੰਜਾਬ ਦਿੱਤਾ।

ਕੇਂਦਰ ਦੀ ਫਿਰਕੂ ਸੋਚ ਕਰਕੇ ਹੀ ਹੁਣ ਤੱਕ ਪੰਜਾਬੀ ਨੂੰ ਬਣਦਾ ਹੱਕ ਨਹੀਂ ਮਿਲਿਆ। ਪੰਜਾਬ ਦੀ ਸਭ ਤੋਂ ਵੱਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਭਾਜਪਾ ਨਾਲ ਹੱਥ ਮਿਲਾ ਕੇ ਲੰਮਾ ਸਮਾਂ ਰਾਜ ਕੀਤਾ ਤੇ ਕੁਰਸੀਆਂ ਖਾਤਰ ਪੰਜਾਬੀ ਤੋਂ ਟਾਲਾ ਵੱਟੀ ਰੱਖਿਆ। ਚੰਗੀ ਤਰ੍ਹਾਂ ਸਾਡੇ ਆਪਣੇ ਪੰਜਾਬ ਵਿਚ ਪੰਜਾਬੀ ਲਾਗੂ ਨਾ ਕਰ ਸਕੇ, ਕਿਉਂਕਿ ਯਾਰੀ ਦਾ ਸਵਾਲ ਸੀ। ਸਾਂਝ ਫਿਰਕੂ ਪਾਰਟੀ ਨਾਲ ਰਹੀ ਸੀ। ਇਸ ਲੇਖ ਵਿਚ ਪੰਜਾਬ ਦੇ ਭਾਸ਼ਾਈ ਮਸਲੇ ਦੇ ਨਾਲ ਫਿਰਕੂ ਸੋਚ ਨੂੰ ਵੀ ਲੇਖਕ ਨੇ ਮੁੱਖ ਮੁੱਦਾ ਬਣਾਇਆ ਹੈ, ਪਰ ਹੁਣ ਦਾ ਕਰਜ਼ਾਈ ਪੰਜਾਬ ਪਰਵਾਸ ਦੇ ਦਰਦ ਵਿੱਚੋਂ ਲੰਘਦਾ ਗਹਿਰਾ ਸੰਤਾਪ ਹੰਢਾ ਰਿਹਾ ਹੈ। ਕੌਣ ਹੈ ਇਸ ਦਾ ਜ਼ਿੰਮੇਵਾਰ? ਲੇਖ ਕਈ ਸਵਾਲ ਖੜੇ ਕਰਦਾ ਹੈ। ਗਦਰੀ ਬਾਬਿਆਂ ਦੇ ਮੇਲੇ ਬਾਰੇ ਗੁਰਮੀਤ ਸਿੰਘ ਦੀ ਲਿਖਤ ਮਹਾਨ ਯੋਧਿਆਂ ਬਾਰੇ ਜਾਣਕਾਰੀ ਦੇ ਗਈ। ਇੰਜ ਯੋਧਿਆਂ ਦੀ ਕੁਰਬਾਨੀ ਸਦਕਾ ਹੀ ਪੰਜਾਬ ਜੁਝਾਰੂ ਬਿਰਤੀ ਵਾਲਾ ਪੰਜਾਬ ਹੈ। ਇਹ ਬਹੁਮੁੱਲੀ ਵਿਰਾਸਤ ਹੈ। ਸੁਮੀਤ ਸਿੰਘ ਨੇ ਜਲ੍ਹਿਆਂਵਾਲਾ ਬਾਗ ਦੀ ਟਿਕਟ ਰੱਖਣ ਦਾ ਖਦਸ਼ਾ ਪ੍ਰਗਟ ਕੀਤਾ ਹੈ। ਨਾਲ ਹੀ ਚਿੰਤਾ ਕੀਤੀ ਹੈ ਜਲ੍ਹਿਆਂਵਾਲੇ ਬਾਗ ਦੀ ਦਿੱਖ ਬਦਲਣ ਦੀ, ਨਵੀਨੀਕਰਨ ਦੇ ਨਾਂਅ 'ਤੇ ਇਹ ਕੁਝ ਹੋਣਾ ਦੁਖਦਾਈ ਹੈ।

ਪੰਜਾਬ ਦੀ ਇਹ ਉਹ ਪਾਵਨ ਥਾਂ ਹੈ, ਜਿੱਥੇ ਸਾਂਝੇ ਪੰਜਾਬੀਆਂ ਦਾ ਖੂਨ ਡੁੱਲ੍ਹਿਆ ਸੀ। ਸ਼ਾਇਦ ਕੇਂਦਰ ਨੂੰ ਇਹੀ ਰੜਕ ਹੈ ਕਿ ਪੰਜਾਬੀਆਂ ਦੀ ਸਾਂਝੀ ਪੰਜਾਬੀਅਤ ਦਾ ਨਿਸ਼ਾਨ ਜਲ੍ਹਿਆਂਵਾਲਾ ਬਾਗ ਭਵਿੱਖ ਵਿਚ ਮੁਢਲੇ ਸਰੂਪ ਵਿਚ ਨਾ ਰਹਿਣ ਦਿੱਤਾ ਜਾਵੇ। ਇਹ ਫਿਰਕੂ ਸੋਚ ਦਾ ਹਰੇਕ ਪੰਜਾਬੀ ਵਿਰੋਧ ਕਰੇਗਾ। ਅਮੋਲਕ ਸਿੰਘ ਦਾ ਝੰਡੇ ਦਾ ਗੀਤ ਪੜ੍ਹ ਕੇ ਸਾਡਾ ਸ਼ਾਨਾਮੱਤਾ ਇਤਿਹਾਸ ਯਾਦ ਆ ਗਿਆ। ਇਹ ਲੰਮਾ ਗੀਤ ਸਾਡੀ ਵਿਰਾਸਤ ਹੈ। ਅਰਵਿੰਦਰ ਕਾਕੜਾ ਦੇ ਹਾਇਕੂ ਸੰਖੇਪ ਵਿੱਚ ਗਦਰੀ ਬਾਬਿਆਂ ਦੀ ਸ਼ਹਾਦਤ ਨੂੰ ਯਾਦ ਕਰਦੇ ਹਨ। ਭਾਈ ਵੀਰ ਸਿੰਘ ਨਿਵਾਸ 'ਤੇ ਕਹਾਣੀ ਦਰਬਾਰ ਦੀ ਰਿਪੋਰਟ ਪੜ੍ਹ ਕੇ ਬਹੁਤ ਚੰਗਾ ਲੱਗਾ। ਵ੍ਹਾਈਟ ਕਰੋਅ ਪਬਲੀਕੇਸ਼ਨਜ਼ ਦੀਆਂ ਨਵੀਆਂ ਛਪੀਆਂ ਕਿਤਾਬਾਂ ਦੀ ਜਾਣਕਾਰੀ ਮਿਲੀ।

ਇਸ ਪਬਲੀਕੇਸ਼ਨਜ਼ ਦੀਆਂ ਕੁਝ ਕਿਤਾਬਾਂ ਦੇ ਮੈਂ ਰੀਵਿਊ ਵੀ ਕੀਤੇ ਹਨ। ਵਧੇਰੇ ਅਨੁਵਾਦਤ ਕਿਤਾਬਾਂ ਇਹ ਅਦਾਰਾ ਛਾਪ ਰਿਹਾ ਹੈ। ਵ੍ਹਾਈਟ ਕਰੋਅ ਪ੍ਰਕਾਸ਼ਨ ਪੰਜਾਬੀ ਸਾਹਿਤ ਦੀ ਵਡਮੁੱਲੀ ਸੇਵਾ ਕਰ ਰਿਹਾ ਹੈ। ਡਾ. ਹਰਜਿੰਦਰ ਸਿੰਘ ਅਟਵਾਲ ਨੇ ਮਦਨਵੀਰਾ ਦੀ ਸ਼ਾਇਰੀ ਬਾਰੇ ਬਹੁਤ ਵਧੀਆ ਜਾਣਕਾਰੀ ਦਿੱਤੀ ਹੈ। ਨਿੰਦਰ ਨੇ ਸਾਧਾਰਨ ਜਿਹੇ ਕਲਾਕਾਰ ਬਾਰੇ ਇਹ ਪੰਨਾ ਲਿਖ ਕੇ ਉਸ ਦਰਵੇਸ਼ ਬੰਦੇ ਦੀ ਕਲਾਕਾਰੀ ਨੂੰ ਮਾਣ ਦਿੱਤਾ ਹੈ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**
**3/1751 ਕੈਲਾਸ਼ ਨਗਰ, ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਕੁਦਰਤ ਅਤੇ ਸਮਾਜਕ ਦਵੰਦਵਾਦ ਦੇ ਨੇਮ ਤੇ ਸੱਤਾ -8 : ਜਗਰੂਪ**

**ਔਕਸਫੋਰਡ 'ਚ ਇਕ ਦਿਨ -2 : ਸੁਕੀਰਤ**

**'ਕੰਜ ਕੁਆਰੀ ਧਰਤੀ' ਦੀ ਪਰਖ ਪੜਚੋਲ : ਪ੍ਰਭਜੋਤ ਕੌਰ**

**ਅੰਜੂ ਬਾਲਾ ਸਾਨਿਆਲ ਦੀਆਂ ਨਵੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

6-NOV-PAGE-1.qxd 11/5/2022 10:41 PM Page 1

ਐਤਵਾਰ, 6 ਨਵੰਬਰ, 2022
21 ਕੱਤਕ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 156

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • SUNDAY, 6 NOVEMBER, 2022 ਜਲੰਧਰ
You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

## ਸੂਰੀ ਕਤਲ ਕਾਂਡ: ਲੰਡਾ ਨੇ ਲਈ ਜ਼ਿੰਮੇਵਾਰੀ-ਸੰਨੀ ਦਾ 7 ਦਿਨਾ ਪੁਲਸ ਰਿਮਾਂਡ

### ਅੰਮ੍ਰਿਤਪਾਲ ਸਮੇਤ ਸ਼ਿਵ ਸੈਨਾ ਤੇ ਭਾਜਪਾ ਆਗੂ ਨਜ਼ਰਬੰਦ



**ਅੰਮ੍ਰਿਤਸਰ** : ਅੰਮ੍ਰਿਤਸਰ 'ਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੀ ਹੱਤਿਆ ਦੀ ਜ਼ਿੰਮੇਵਾਰੀ ਕੈਨੇਡਾ ਰਹਿੰਦੇ ਖਤਰਨਾਕ ਗੈਂਗਸਟਰ ਲਖਬੀਰ ਸਿੰਘ ਲੰਡਾ ਨੇ ਲਈ ਹੈ। ਲੰਡਾ ਦੇ ਖਾਲਿਸਤਾਨੀ ਅੱਤਵਾਦੀਆਂ ਨਾਲ ਸੰਬੰਧ ਮੰਨੇ ਜਾਂਦੇ ਹਨ। ਕੌਮੀ ਜਾਂਚ ਏਜੰਸੀ ਨੇ ਵੀ ਕਤਲ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੁਰੱਖਿਆ ਏਜੰਸੀਆਂ ਇਸ ਕਤਲ 'ਚ ਖਾਲਿਸਤਾਨੀ ਐਂਗਲਾਂ ਦੀ ਜਾਂਚ ਕਰ ਰਹੀਆਂ ਹਨ। ਇਸ ਦੇ ਨਾਲ ਹੀ ਮੁਲਜ਼ਮ ਸੰਦੀਪ ਸਿੰਘ ਸੰਨੀ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ ਸੱਤ ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ। ਲਖਬੀਰ ਸਿੰਘ ਲੰਡਾ ਨੇ ਇੰਟਰਨੈੱਟ 'ਤੇ ਪੋਸਟ ਪਾ ਕੇ ਸੁਧੀਰ ਸੂਰੀ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਲਖਬੀਰ ਪਾਕਿਸਤਾਨ 'ਚ ਬੈਠੇ ਅੱਤਵਾਦੀ ਹਰਮਿੰਦਰ ਸਿੰਘ ਰਿੰਦਾ ਨਾਲ ਮਿਲ ਕੇ ਪੰਜਾਬ 'ਚ ਅੱਤਵਾਦ ਦਾ ਨੈੱਟਵਰਕ ਚਲਾ ਰਿਹਾ ਹੈ।

ਦੂਸਰੇ ਪਾਸੇ ਸੂਰੀ ਦੀ ਹੱਤਿਆ ਮਾਮਲੇ ਨਾਲ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦਾ ਨਾਂਅ ਵੀ ਜੁੜ ਰਿਹਾ ਹੈ। ਮੋਗਾ ਦੇ ਪਿੰਡ ਸਿੰਘਾਂਵਾਲਾ ਵਿਖੇ ਡੇਰਾ ਭਾਈ ਸੇਵਾ ਸਿੰਘ 'ਚ ਅੰਮ੍ਰਿਤਪਾਲ ਸਿੰਘ ਨੂੰ ਨਜ਼ਰਬੰਦ ਕਰ ਲਿਆ ਗਿਆ ਹੈ। ਜਥੇਬੰਦੀ ਦੇ ਮੈਂਬਰ ਸੁਖਰਾਜ ਸਿੰਘ ਨੇ ਇਹ ਦਾਅਵਾ ਕੀਤਾ ਹੈ। ਡੇਰੇ 'ਚ ਭਾਰੀ ਪੁਲਸ ਫੋਰਸ ਤਾਇਨਾਤ ਹੈ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਹ ਜੇਲ੍ਹ ਜਾਣ ਨੂੰ ਵੀ ਤਿਆਰ ਹੈ। ਉਸ ਨੇ ਦੱਸਿਆ ਕਿ ਮੁਲਜ਼ਮ ਦੀ ਕਾਰ 'ਤੇ ਪੁਲਸ ਦਾ ਵੀ ਸਟਿੱਕਰ ਲੱਗਾ ਹੋਇਆ ਹੈ, ਜਿਸ ਤੋਂ ਇਹ ਵੀ ਸਮਝਿਆ ਜਾ ਸਕਦਾ ਹੈ ਕਿ ਪੁਲਸ ਵੀ ਇਸ ਮਾਮਲੇ 'ਚ ਸ਼ਾਮਲ ਹੈ।

• ਬਾਕੀ ਸਫ਼ਾ 10 'ਤੇ

## ਦੇਸ਼ ਦੇ ਪਹਿਲੇ ਵੋਟਰ ਸ਼ਿਆਮ ਸਰਨ ਨੇਗੀ ਨਹੀਂ ਰਹੇ



**ਸ਼ਿਮਲਾ** : ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਦੇਸ਼ 'ਚ 1952 'ਚ ਚੋਣਾਂ ਹੋਈਆਂ ਸਨ ਅਤੇ ਲੋਕਾਂ ਨੇ ਪਹਿਲੀ ਵਾਰ ਹਿੱਸਾ ਲਿਆ ਸੀ, ਪਰ ਕੀ ਤੁਹਾਨੂੰ ਪਤਾ ਹੈ ਕਿ ਦੇਸ਼ 'ਚ ਇੱਕ ਸੂਬਾ ਇਸ ਤਰ੍ਹਾਂ ਦਾ ਵੀ ਸੀ, ਜਿੱਥੇ ਪ੍ਰਸਥਿਤੀਆਂ ਨੂੰ ਦੇਖਦੇ ਹੋਏ ਛੇ ਮਹੀਨੇ ਪਹਿਲਾਂ ਹੀ ਚੋਣਾਂ ਕਰਾਈਆਂ ਗਈਆਂ ਸਨ। ਸ਼ਿਆਮ ਸਰਨ ਨੇਗੀ ਉਹ ਨਾਂਅ ਹੈ, ਜਿਸ ਨੇ ਆਜ਼ਾਦੀ ਤੋਂ ਬਾਅਦ ਹੋਈਆਂ ਚੋਣਾਂ 'ਚ ਸਭ ਤੋਂ ਪਹਿਲਾਂ ਵੋਟ ਪਾਈ। ਉਨ੍ਹਾ 25 ਅਕਤੂਬਰ 1951 ਦੀਆਂ ਆਮ ਚੋਣਾਂ 'ਚ ਆਪਣੀ ਪਹਿਲੀ ਵੋਟ ਦਿੱਤੀ ਸੀ। ਸ਼ਨੀਵਾਰ ਸਵੇਰੇ ਉਨ੍ਹਾ ਦਾ ਦੇਹਾਂਤ ਹੋ ਗਿਆ। ਉਨ੍ਹਾ ਦੀ ਉਮਰ 106 ਸਾਲ ਸੀ।

ਉਨ੍ਹਾ ਜਦ ਪਹਿਲੀ ਵਾਰ ਵੋਟ ਪਾਈ ਸੀ ਤਾਂ ਉਸ ਸਮੇਂ ਉਨ੍ਹਾ ਦੀ ਉਮਰ 33 ਸਾਲ ਸੀ। ਉਦੋਂ ਤੋਂ ਲੈ ਕੇ ਮਰਨ ਤੱਕ ਉਨ੍ਹਾ ਕਦੀ ਵੀ ਆਪਣਾ ਵੋਟ ਬੇਕਾਰ ਨਹੀਂ ਕੀਤਾ। ਕਨੌਰ ਦੇ ਕਲਪਾ ਕਸਬੇ ਦੇ ਰਹਿਣ ਵਾਲੇ ਸ਼ਿਆਮ ਸਰਨ ਅਧਿਆਪਕ ਦੇ ਅਹੁਦੇ ਤੋਂ 51 ਸਾਲ ਪਹਿਲਾਂ ਰਿਟਾਇਰ ਹੋਏ ਸਨ।

ਭਾਰਤ ਦੀ ਪਹਿਲੀ ਚੋਣ 1952 'ਚ ਹੋਈ ਸੀ, ਪਰ ਹਿਮਾਚਲ ਪ੍ਰਦੇਸ਼ ਦੇ ਦੂਰ-ਦਰਾਜ ਆਦਿਵਾਸੀ ਇਲਾਕੇ 'ਚ ਖਰਾਬ ਮੌਸਮ ਕਾਰਨ ਸਰਦੀਆਂ 'ਚ ਵੋਟਿੰਗ ਕਰਾਉਣੀ ਸੰਭਵ ਨਹੀਂ ਸੀ। ਇਸ ਲਈ ਉਥੇ 23 ਅਕਤੂਬਰ 1951 ਨੂੰ ਪਹਿਲਾਂ ਹੀ ਵੋਟਿੰਗ ਕਰਾਈ ਗਈ। ਨੇਗੀ ਨੇ ਇਸ ਵੋਟਿੰਗ 'ਚ ਸਭ ਤੋਂ ਪਹਿਲਾ ਵੋਟ ਪਾਈ ਸੀ, ਜੋ ਦੇਸ਼ ਦੀ ਪਹਿਲੀ ਚੋਣ ਸੀ। ਜੀਵਨ ਦੇ 106 ਬਸੰਤ ਦੇਖਣ ਵਾਲੇ ਨੇਗੀ ਨੇ 34ਵੀਂ ਵਾਰ ਆਪਣੀ ਵੋਟ ਦਾ ਇਸਤੇਮਾਲ ਕੀਤਾ। ਆਖਰੀ ਸਮੇਂ ਵੀ ਉਹ ਆਪਣੀ ਵੋਟ ਬੈਲਟ ਪੇਪਰ ਜ਼ਰੀਏ ਪਾ ਕੇ ਗਏ।

## ਦਫ਼ਤਰ ਆਉਣ ਤੋਂ ਪਹਿਲਾਂ ਜਾਂਚ ਲਓ, ਨੌਕਰੀ ਹੈ ਜਾਂ ਨਹੀਂ : ਮਸਕ

**ਸਾਨਫਰਾਂਸਿਸਕੋ** : ਟਵਿੱਟਰ ਦੇ ਨਵੇਂ ਮਾਲਕ ਨੇ ਕੰਪਨੀ ਮੁਲਾਜ਼ਮਾਂ ਦੀ ਛਾਂਟੀ ਸ਼ੁਰੂ ਕਰ ਦਿੱਤੀ ਹੈ। ਟਵਿਟਰ ਦੇ ਮੁਲਾਜ਼ਮ ਸਵੇਰੇ ਸੁੱਤੇ ਉਠੇ ਤਾਂ ਕੰਪਨੀ ਵੱਲੋਂ ਭੇਜੇ ਈ ਮੇਲ ਨੇ ਉਨ੍ਹਾਂ ਦੇ ਹੋਸ਼ ਉਡਾ ਦਿੱਤੇ। ਈ ਮੇਲ 'ਚ ਕਿਹਾ— ਜੇਕਰ ਅੱਜ ਦਫ਼ਤਰ ਆਉਣ ਦੀ ਸੋਚ ਰਹੇ ਹੋ ਤਾਂ ਰੁਕ ਜਾਓ, ਪਹਿਲਾਂ ਚੈੱਕ ਕਰ ਲਓ ਕਿ ਤੁਹਾਡੀ ਨੌਕਰੀ ਬਚੀ ਹੈ ਜਾਂ ਨਹੀਂ। ਪਹਿਲਾਂ ਤੋਂ ਮੰਨਿਆ ਜਾ ਰਿਹਾ ਸੀ ਕਿ ਮਸਕ ਟਵਿੱਟਰ ਦੇ ਕਈ ਮੁਲਾਜ਼ਮਾਂ ਨੂੰ ਕੱਢ ਦੇਵੇਗਾ, ਪਰ ਇਸ ਤਰ੍ਹਾਂ ਕੱਢੇਗਾ, ਇਹ ਨਹੀਂ ਸੋਚਿਆ ਸੀ। ਐਲੋਨ ਮਸਕ ਨੇ ਕਿਹਾ ਕਿ ਟਵਿਟਰ ਦੇ ਅੱਧੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਤੋਂ ਇਲਾਵਾ ਕੋਈ ਚਾਰਾ ਨਹੀਂ, ਕਿਉਂਕਿ ਕੰਪਨੀ ਨੂੰ ਰੋਜ਼ਾਨਾ 40 ਲੱਖ ਡਾਲਰ ਤੋਂ ਵੱਧ ਦਾ ਨੁਕਸਾਨ ਹੋ ਰਿਹਾ ਹੈ। ਭਾਰਤ ਸਮੇਤ ਦੁਨੀਆ ਭਰ ਦੇ 3800 ਕਰਮਚਾਰੀਆਂ ਨੂੰ ਕੱਢਣ ਤੋਂ ਬਾਅਦ ਟਵਿੱਟਰ ਦੇ ਨਵੇਂ ਸੀ ਈ ਓ ਨੇ ਇਹ ਗੱਲ ਕਹੀ।

ਮੁਲਾਜ਼ਮਾਂ ਨੇ ਸਾਨਫਰਾਂਸਿਸਕੋ ਦੀ ਇੱਕ ਅਦਾਲਤ 'ਚ ਮੁਕੱਦਮਾ ਦਰਜ ਕੀਤਾ ਹੈ। ਮੁਲਾਜ਼ਮਾਂ ਦਾ ਕਹਿਣਾ ਹੈ ਕਿ ਕੰਪਨੀ ਪ੍ਰਾਪਤ ਨੋਟਿਸ ਦਿੱਤੇ ਬਗੈਰ ਉਨ੍ਹਾਂ ਨੂੰ ਕੱਢ ਰਹੀ ਹੈ। ਭੇਜੀਆਂ ਗਈਆਂ ਈ ਮੇਲਾਂ 'ਚ ਲਿਖਿਆ ਗਿਆ ਹੈ—ਟਵਿਟਰ ਲਈ



ਮਹੱਤਵਪੂਰਨ ਯੋਗਦਾਨ ਵਾਲੇ ਕਈ ਮੁਲਾਜ਼ਮ ਪ੍ਰਭਾਵਿਤ ਹੋਣਗੇ, ਪਰ ਟਵਿਟਰ ਨੂੰ ਸਫਲਤਾ ਦੇ ਰਸਤੇ 'ਤੇ ਲਿਜਾਣ ਲਈ ਇਹ ਕਦਮ ਜ਼ਰੂਰੀ ਹੈ। ਈਮੇਲ 'ਚ ਲਿਖਿਆ ਹੈ— ਆਪਣੇ ਸਪੈਮ ਫੋਲਡਰ ਸਮੇਤ ਮੇਲ ਚੈੱਕ ਕਰੋ। ਜੇਕਰ ਤੁਹਾਡੀ ਨੌਕਰੀ ਪ੍ਰਭਾਵਤ ਨਹੀਂ ਹੋਈ ਹੈ ਤਾਂ ਤੁਹਾਨੂੰ ਟਵਿਟਰ ਈਮੇਲ ਜ਼ਰੀਏ ਨੋਟੀਫਿਕੇਸ਼ਨ ਮਿਲੇਗਾ। ਨੌਕਰੀ ਪ੍ਰਭਾਵਤ ਹੋਈ ਹੈ ਤਾਂ ਅਗਲੇ ਕਦਮਾਂ ਲਈ ਈਮੇਲ ਜ਼ਰੀਏ ਇੱਕ ਨੋਟੀਫਿਕੇਸ਼ਨ ਮਿਲੇਗਾ।

## ਆਟੋ ਰਿਕਸ਼ਾ ਤੇ ਟਰੱਕ ਦੀ ਟੱਕਰ, 7 ਔਰਤਾਂ ਦੀ ਮੌਤ, 6 ਜ਼ਖਮੀ



**ਬਿਦਰ** : ਕਰਨਾਟਕ ਦੇ ਚਿੱਟਗੁੱਪਾ ਤਾਲੁਕ ਦੇ ਇੱਕ ਪਿੰਡ ਵਿੱਚ ਸ਼ੁੱਕਰਵਾਰ ਦੇਰ ਰਾਤ ਇੱਕ ਆਟੋ ਰਿਕਸ਼ਾ ਅਤੇ ਇੱਕ ਟਰੱਕ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਸ ਹਾਦਸੇ 'ਚ 7 ਔਰਤਾਂ ਦੀ ਮੌਤ ਹੋ ਗਈ ਅਤੇ 6 ਹੋਰ ਜ਼ਖਮੀ ਹੋ ਗਈਆਂ। ਇਹ ਔਰਤਾਂ ਮਜ਼ਦੂਰ ਸਨ ਅਤੇ ਇੱਕ ਆਟੋ ਰਿਕਸ਼ਾ ਵਿੱਚ ਕੰਮ ਕਰਕੇ ਘਰ ਪਰਤ ਰਹੀਆਂ ਸਨ, ਜਦੋਂ ਬੇਮਲਾ ਖੇੜਾ ਸਰਕਾਰੀ ਸਕੂਲ ਨੇੜੇ ਇੱਕ ਟਰੱਕ ਨਾਲ ਟਕਰਾਅ ਗਈ। ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਪਾਰਵਤੀ (40), ਪ੍ਰਭਾਵਵਤੀ (36), ਗੁੰਡਮਾ (60), ਯਾਦਮਾ (40), ਜਗਮਾ (34), ਈਸਵਰਮਾ (55) ਅਤੇ ਰੁਕਮਣੀ ਬਾਈ (60) ਵਜੋਂ ਹੋਈ ਹੈ।

## ਸ਼ਾਲੀਮਾਰ ਐੱਕਸਪ੍ਰੈੱਸ ਨੂੰ ਲੱਗੀ ਅੱਗ



**ਮੁੰਬਈ** : ਮਹਾਰਾਸ਼ਟਰ ਦੇ ਨਾਸਿਕ ਰੋਡ ਸਟੇਸ਼ਨ 'ਤੇ ਸ਼ਨੀਵਾਰ ਸਵੇਰੇ ਮੁੰਬਈ ਜਾ ਰਹੀ ਸ਼ਾਲੀਮਾਰ ਐੱਕਸਪ੍ਰੈੱਸ ਦੇ ਪਾਰਸਲ ਡੱਬੇ ਵਿੱਚ ਅੱਗ ਲੱਗ ਗਈ। ਹਾਲਾਂਕਿ ਇਸ ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰੇਲਵੇ ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ ਕਰੀਬ 8.45 ਵਜੇ ਸ਼ਾਲੀਮਾਰ (ਪੱਛਮੀ ਬੰਗਾਲ) ਅਤੇ ਮੁੰਬਈ ਦੇ ਲੋਕਮਾਨਿਆ ਤਿਲਕ ਟਰਮੀਨਲ ਵਿਚਕਾਰ ਚੱਲ ਰਹੀ ਰੇਲ ਗੱਡੀ ਦੇ ਇੰਜਣ ਦੀ ਅਗਲੀ ਬੋਗੀ ਪਾਰਸਲ ਵੈਨ ਵਿੱਚ ਅੱਗ ਲੱਗ ਗਈ।

## ਈਰਾਨ ਨੇ ਰੂਸ ਨੂੰ ਡਰੋਨ ਸ਼ਿਪਮੈਂਟ ਦੀ ਸਪੁਰਦਗੀ ਸਵੀਕਾਰੀ



**ਤਹਿਰਾਨ** : ਈਰਾਨ ਨੇ ਸ਼ਨੀਵਾਰ ਨੂੰ ਪਹਿਲੀ ਵਾਰ ਮੰਨਿਆ ਕਿ ਉਸ ਨੇ ਮਾਸਕੋ ਨੂੰ ਡਰੋਨ ਸਪਲਾਈ ਕੀਤੇ ਸਨ। ਪਰ ਕਿਹਾ ਕਿ ਉਸਨੂੰ ਯੂਕਰੇਨ ਵਿੱਚ ਜੰਗ ਤੋਂ ਪਹਿਲਾਂ ਭੇਜਿਆ ਗਿਆ ਸੀ। ਰੂਸ ਨੇ ਪਾਵਰ ਸਟੇਸਨਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਲਈ ਡਰੋਨ ਦੀ ਵਰਤੋਂ ਕੀਤੀ ਹੈ। ਈਰਾਨ ਦੇ ਵਿਦੇਸ਼ ਮੰਤਰੀ ਹੁਸੈਨ ਅਮੀਰਬਦੌਲਾਹੀਅਨ ਨੇ ਕਿਹਾ ਕਿ ਮਾਸਕੋ ਦੀ ਫੌਜ ਨੇ 24 ਫਰਵਰੀ ਨੂੰ ਯੂਕਰੇਨ 'ਤੇ ਹਮਲਾ ਕਰਨ ਤੋਂ ਕੁਝ ਮਹੀਨੇ ਪਹਿਲਾਂ ਰੂਸ ਨੂੰ "ਥੋੜ੍ਹੇ ਜਿਹੇ" ਡਰੋਨ ਦੀ ਸਪਲਾਈ ਕੀਤੀ ਸੀ। ਡਰੋਨ ਬਾਰੇ ਈਰਾਨ ਦੇ ਸਭ ਤੋਂ ਵਿਸਤ੍ਰਿਤ ਜਵਾਬ ਵਿੱਚ, ਅਮੀਰਬਦੌਲਾਹੀਅਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਤਹਿਰਾਨ ਮਾਸਕੋ ਨੂੰ ਡਰੋਨ ਸਪਲਾਈ ਕਰਨਾ ਜਾਰੀ ਰੱਖ ਰਿਹਾ ਹੈ।

• ਬਾਕੀ ਸਫ਼ਾ 10 'ਤੇ

## ਅਮਨ-ਭਾਈਚਾਰੇ ਤੇ ਏਕੇ ਦੀ ਰਾਖੀ ਲਈ ਦੁਸ਼ਮਣਾਂ ਤੋਂ ਸਾਵਧਾਨ ਰਹੋ : ਸੀ ਪੀ ਆਈ

**ਚੰਡੀਗੜ੍ਹ** : ਅੰਮ੍ਰਿਤਸਰ ਵਿਖੇ ਸ਼ਿਵ ਸੈਨਾ (ਹਿੰਦੁਸਤਾਨ) ਦੇ ਪ੍ਰਧਾਨ ਸੁਧੀਰ ਸੂਰੀ ਦੇ ਦਿਨ-ਦਿਹਾੜੇ ਕਤਲ ਉਪਰੰਤ ਪੰਜਾਬ ਵਿਚ ਫੈਲਾਏ ਜਾ ਰਹੇ ਫਿਰਕੂ ਤਣਾਅ 'ਤੇ ਪੰਜਾਬ ਸੀ ਪੀ ਆਈ ਨੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਸਮੁੱਚੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅਮਨ-ਸ਼ਾਂਤੀ ਅਤੇ ਆਪਸੀ ਭਾਈਚਾਰੇ ਨੂੰ ਕਾਇਮ ਰੱਖਣ। ਸੀ ਪੀ ਆਈ ਨੇ ਆਖਿਆ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਪੰਜਾਬ ਦੀ ਸ਼ਾਂਤੀ, ਆਪਸੀ ਭਾਈਚਾਰੇ ਤੇ ਏਕਤਾ ਵਿਚ ਫਿਰਕੂ ਜ਼ਹਿਰ ਘੋਲਣ ਅਤੇ ਹਿੰਸਾ ਫੈਲਾਉਣ ਦੀਆਂ ਦੇਸੀ ਅਤੇ ਬਦੇਸ਼ੀ ਏਜੰਸੀਆਂ ਵੱਲੋਂ ਖਤਰਨਾਕ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਅੰਮ੍ਰਿਤਸਰ ਵਿਖੇ ਹੋਇਆ ਕਤਲ ਵੀ ਇਹਨਾਂ ਕਾਰਵਾਈਆਂ ਦਾ ਹੀ ਹਿੱਸਾ ਹੈ। ਪਿਛਲੇ ਕਾਫੀ ਸਮੇਂ ਤੋਂ ਪੰਜਾਬ ਵਿਚਲੇ ਦੋ ਪ੍ਰਮੁੱਖ ਧਰਮਾਂ ਤੇ ਆਪੇ ਬਣੇ ਅਖੌਤੀ ਧਰਮ ਰਕਸ਼ਕਾਂ ਨੇ ਖੁੱਲ੍ਹ ਕੇ ਫਿਰਕੂ ਤਕਰੀਰਾਂ ਰਾਹੀਂ ਭੜਕਾਊ ਵਾਤਾਵਰਣ ਤਿਆਰ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ, ਜਿਸ ਪ੍ਰਤੀ ਪੰਜਾਬ ਸਰਕਾਰ ਅਤੇ ਪ੍ਰਮੁੱਖ ਰਾਜਸੀ ਪਾਰਟੀਆਂ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਆਦਿ ਨੇ ਆਪਣੇ ਸੌੜੇ ਰਾਜਸੀ ਹਿੱਤਾਂ ਲਈ ਇਹਨਾਂ ਸਰਗਰਮੀਆਂ ਵਿਰੁੱਧ ਕੋਈ ਵੀ ਕਦਮ ਨਹੀਂ ਚੁੱਕਿਆ। ਪੰਜਾਬ ਸਰਕਾਰ ਦੀ ਗੈਰ-ਜ਼ਿੰਮੇਵਾਰੀ 'ਤੇ ਹਮਲਾ ਕਰਦਿਆਂ ਸੀ ਪੀ ਆਈ ਆਗੂਆਂ ਬੰਤ ਸਿੰਘ ਬਰਾੜ, ਹਰਦੇਵ ਸਿੰਘ ਅਰਸ਼ੀ, ਜਗਰੂਪ ਸਿੰਘ ਅਤੇ ਨਿਰਮਲ ਸਿੰਘ ਧਾਲੀਵਾਲ ਨੇ ਇਕ ਸਾਂਝੇ ਬਿਆਨ ਵਿਚ ਆਖਿਆ ਕਿ ਪੰਜਾਬ ਸਰਕਾਰ ਅਮਨ-ਕਾਨੂੰਨ ਦੀ ਬਹਾਲੀ ਲਈ ਮਾਫੀਆ ਗਰੁੱਪਾਂ, ਫਿਰਕੂ ਤੇ ਵੰਡਪਾਊ ਤੱਤਾਂ 'ਤੇ ਕਾਬੂ ਪਾਉਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ ਅਤੇ ਨਾ ਹੀ

• ਬਾਕੀ ਸਫ਼ਾ 10 'ਤੇ

## ਰੂਸ ਦੇ ਕੈਫੇ 'ਚ ਅੱਗ ਲੱਗਣ ਕਾਰਨ 15 ਦੀ ਮੌਤ, 5 ਜ਼ਖਮੀ



**ਮਾਸਕੋ** : ਸ਼ਨੀਵਾਰ ਨੂੰ ਰੂਸ ਦੇ ਕੋਸਟ੍ਰੋਮਾ ਸ਼ਹਿਰ 'ਚ ਇਕ ਕੈਫੇ 'ਚ ਅੱਗ ਲੱਗਣ ਕਾਰਨ 15 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਅੱਗ ਉਦੋਂ ਸ਼ੁਰੂ ਹੋਈ, ਜਦੋਂ ਕਿਸੇ ਨੇ ਝਗੜੇ ਦੌਰਾਨ ਜ਼ਾਹਰ ਤੌਰ 'ਤੇ ਫਲੇਅਰ ਗਨ ਦੀ ਵਰਤੋਂ ਕੀਤੀ। ਬਚਾਅ ਕਰਮੀਆਂ ਨੇ 250 ਲੋਕਾਂ ਨੂੰ

• ਬਾਕੀ ਸਫ਼ਾ 10 'ਤੇ

## ਮਨੀਸ਼ ਸਿਸੋਦੀਆ ਦੇ ਪੀ ਏ ਦੇ ਘਰ 'ਤੇ ਈ ਡੀ ਦਾ ਛਾਪਾ

**ਨਵੀਂ ਦਿੱਲੀ** : ਦਿੱਲੀ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਵਿੱਚ ਕਥਿਤ ਘਪਲੇ ਦੇ ਮਾਮਲੇ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਟੀਮ ਨੇ ਸ਼ਨੀਵਾਰ ਨੂੰ ਇੱਕ ਹੋਰ ਕਾਰਵਾਈ ਕੀਤੀ ਹੈ। ਆਮ ਆਦਮੀ ਪਾਰਟੀ ਦੇ ਨੇਤਾ ਅਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਉਨ੍ਹਾਂ ਦੇ ਪੀ ਏ ਦੇ ਘਰ 'ਤੇ ਈ ਡੀ ਦੀ ਛਾਪੇਮਾਰੀ ਦਾ ਦਾਅਵਾ ਕੀਤਾ ਹੈ। ਉਨ੍ਹਾਂ ਇਸ ਸੰਬੰਧ 'ਚ ਟਵੀਟ ਕਰਕੇ ਭਾਰਤੀ ਜਨਤਾ ਪਾਰਟੀ 'ਤੇ ਹਮਲਾ ਬੋਲਿਆ ਹੈ। ਉਸ ਨੇ ਕਿਹਾ, "ਉਨ੍ਹਾਂ ਨੇ ਝੂਠੀ ਐੱਫ ਆਈ ਆਰ ਕਰਕੇ ਮੇਰੇ ਘਰ ਛਾਪਾ ਮਾਰਿਆ, ਬੈਂਕ ਲਾਕਰਾਂ ਦੀ ਤਲਾਸ਼ੀ ਲਈ, ਮੇਰੇ ਪਿੰਡ ਵਿੱਚ ਜਾਂਚ ਕੀਤੀ, ਪਰ ਮੇਰੇ ਵਿਰੁੱਧ ਕੁਝ ਨਹੀਂ ਮਿਲਿਆ। ਅੱਜ ਮੇਰੇ ਪੀ ਏ ਦੇ ਘਰ 'ਤੇ ਈਡੀ ਨੇ ਛਾਪਾ ਮਾਰਿਆ, ਜੇਕਰ ਉੱਥੇ ਵੀ ਕੁਝ ਨਹੀਂ ਮਿਲਿਆ ਤਾਂ ਹੁਣ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਲੈ ਗਏ ਹਨ। ਭਾਜਪਾ ਵਾਲੇ! ਚੋਣਾਂ ਵਿੱਚ ਹਾਰ ਦਾ ਬਹੁਤ ਡਰ ਹੈ..." ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਉਨ੍ਹਾਂ ਨੇ ਇਕ ਹੋਰ ਟਵੀਟ 'ਚ ਵੱਡਾ ਦਾਅਵਾ ਕਰਦੇ ਹੋਏ ਭਾਜਪਾ 'ਤੇ ਗੰਭੀਰ ਦੋਸ਼ ਲਗਾਏ ਸਨ। ਉਸ ਨੇ ਟਵੀਟ ਕੀਤਾ ਅਤੇ ਲਿਖਿਆ, "ਐੱਮ ਸੀ ਡੀ ਅਤੇ ਗੁਜਰਾਤ ਵਿੱਚ ਭਿਆਨਕ ਹਾਰ ਦੇ ਡਰੋਂ ਬੀ ਜੇ ਪੀ ਨੇ ਤਿਹਾੜ ਵਿੱਚ ਦਰਜ ਇੱਕ ਠੱਗ ਨਾਲ ਨਜਿੱਠਿਆ ਹੈ- ਹਰ ਰੋਜ਼ ਉਹ ਕੇਜਰੀਵਾਲ 'ਤੇ ਬੇਤੁਕੇ ਇਲਜ਼ਾਮ ਲਗਾਏਗੀ ਅਤੇ ਬਦਲੇ ਵਿੱਚ ਭਾਜਪਾ ਉਨ੍ਹਾਂ ਦੇ ਕੇਸ ਵਿੱਚ ਉਸ ਦੀ ਮਦਦ ਕਰੇਗੀ। ਮੈਂ ਸੁਣਿਆ ਕਿ ਅਗਲੇ ਹਫਤੇ ਜੇ.ਪੀ. ਨੱਢਾ ਉਨ੍ਹਾਂ ਨੂੰ ਭਾਜਪਾ 'ਚ ਸ਼ਾਮਲ ਕਰਨਗੇ। ਜ਼ਿਕਰਯੋਗ ਹੈ ਕਿ 4 ਨਵੰਬਰ ਨੂੰ ਦਿੱਲੀ ਨਗਰ ਨਿਗਮ (ਐੱਮ.ਸੀ.ਡੀ.) ਦੀਆਂ ਚੋਣਾਂ ਦਾ ਐਲਾਨ ਕੀਤਾ ਗਿਆ ਸੀ। ਏਕੀਕ੍ਰਿਤ ਨਗਰ ਨਿਗਮ ਦੀਆਂ ਚੋਣਾਂ 4 ਦਸੰਬਰ ਨੂੰ ਹੋਣਗੀਆਂ ਅਤੇ ਵੋਟਾਂ ਦੀ ਗਿਣਤੀ 7 ਦਸੰਬਰ ਨੂੰ ਹੋਵੇਗੀ। ਇਸ ਦੇ ਨਾਲ ਹੀ 7 ਨਵੰਬਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ, ਜਿਸ ਦੇ ਨਾਲ ਹੀ ਨਾਮਜ਼ਦਗੀਆਂ ਸ਼ੁਰੂ ਹੋ ਜਾਣਗੀਆਂ।

## ਵਿਗਿਆਨਕ ਸਰਵੇਖਣ ਦੀ ਮੰਗ 'ਤੇ ਹੁਣ 21 ਨੂੰ ਹੋਵੇਗੀ ਸੁਣਵਾਈ

**ਪ੍ਰਯਾਗਰਾਜ** : ਇਲਾਹਾਬਾਦ ਹਾਈ ਕੋਰਟ ਨੇ ਗਿਆਨਵਾਪੀ ਕੰਪਲੈਕਸ ਦੀ ਕਾਰਬਨ ਡੇਟਿੰਗ ਸਮੇਤ ਵਿਗਿਆਨਕ ਸਰਵੇਖਣ ਕਰਾਉਣ ਦੀ ਮੰਗ 'ਚ ਦਾਖਲ ਪਟੀਸ਼ਨ ਨੂੰ ਸੁਣਵਾਈ ਲਈ ਹੁਣ 21 ਨਵੰਬਰ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਨਾਲ ਹੀ ਸੂਬਾ ਸਰਕਾਰ ਸਮੇਤ ਵਿਰੋਧੀ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਪਟੀਸ਼ਨ 'ਚ ਆਰਕੋਲਾਜੀਕਲ ਸਰਵੇ ਆਫ ਇੰਡੀਆ, ਉੱਤਰ ਪ੍ਰਦੇਸ਼ ਸਰਕਾਰ ਸਮੇਤ ਹੋਰਨਾਂ ਨੂੰ ਪੱਖ ਬਣਾਇਆ ਗਿਆ ਹੈ। ਪਟੀਸ਼ਨ 'ਚ ਵਕੀਲ ਹਰੀਸ਼ੰਕਰ ਜੈਨ ਤੇ ਵਿਸ਼ਨੂੰ ਸ਼ੰਕਰ ਜੈਨ ਨੇ ਬਹਿਸ ਕੀਤੀ। ਉਨ੍ਹਾਂ ਕਿਹਾ ਕਿ ਵਿਗਿਆਨਕ ਸਰਵੇਖਣ ਹੋਣ ਨਾਲ ਗਿਆਨਵਾਪੀ ਕੰਪਲੈਕਸ 'ਚ ਮਿਲੇ ਸ਼ਿਵਲਿੰਗ ਸਮੇਤ ਹੋਰਨਾਂ ਧਾਰਮਕ ਉਸਾਰੀਆਂ ਦੀ ਸਹੀ ਜਾਣਕਾਰੀ ਮਿਲ ਸਕੇਗੀ ਕਿ ਉਥੋਂ ਮਿਲੇ ਸ਼ਿਵਲਿੰਗ, ਮੂਰਤੀਆਂ ਤੇ ਧਾਰਮਕ ਚੀਜ਼ਾਂ ਕਿੰਨੀਆਂ ਪੁਰਾਣੀਆਂ ਹਨ। ਅਦਾਲਤ ਨੇ ਸਾਰੀਆਂ ਛੇ ਧਿਰਾਂ ਨੂੰ ਨੋਟਿਸ ਜਾਰੀ

• ਬਾਕੀ ਸਫ਼ਾ 10 'ਤੇ

## ਪਾਕਿਸਤਾਨ 'ਚ ਸੰਗਤ ਦੀ ਟਰੇਨ ਪਟੜੀ ਤੋਂ ਉਤਰੀ



**ਨਨਕਾਣਾ ਸਾਹਿਬ** : ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦੇ ਸੂਬਾ ਸਿੰਧ ਤੋਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਆ ਰਹੀ ਸਿੰਧੀ ਹਿੰਦੂ ਸੰਗਤ ਦੀ ਭਰੀ ਟਰੇਨ ਪਟੜੀ ਤੋਂ ਉਤਰ ਜਾਣ ਬਾਰੇ ਜਾਣਕਾਰੀ ਪ੍ਰਾਪਤ ਹੋਈ। ਪਾਕਿਸਤਾਨ ਦੇ ਸੂਬਾ ਸਿੰਧ ਦੇ ਸ਼ਹਿਰ ਡੇਹਰਕੀ ਕਸ਼ਮੋਰ ਜੈਕਬਾਬਾਦ ਵਜੀਰਾਬਾਦ ਤੋਂ ਇਕੱਤਰ ਹੋ ਕੇ ਵੱਡੀ ਗਿਣਤੀ 'ਚ ਸਿੰਧੀ ਹਿੰਦੂ ਸੰਗਤ ਹਰ ਸਾਲ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਪਾਕਿਸਤਾਨੀ ਸਿੰਧੀ ਹਿੰਦੂ ਸੰਗਤਾਂ ਆਉਂਦੀਆਂ ਹਨ। ਇਸੇ ਲੜੀ ਤਹਿਤ ਸ਼ਨਿਚਰਵਾਰ ਨੂੰ ਸੂਬਾ ਸਿੰਧ ਤੋਂ ਸਿੰਧੀ ਹਿੰਦੂ ਸੰਗਤਾਂ ਨੂੰ ਲੈ ਕੇ ਸਪੈਸ਼ਲ ਟਰੇਨ ਨਨਕਾਣਾ ਸਾਹਿਬ ਆ ਰਹੀ ਸੀ। ਨਨਕਾਣਾ ਸਾਹਿਬ ਤੋਂ ਕੁਝ ਕੁ ਕਿਲੋਮੀਟਰ ਦੂਰੀ 'ਤੇ ਇਲਾਕੇ ਟੋਬਾ ਟੇਕ ਸਿੰਘ ਵਿਖੇ ਇਸ ਟਰੇਨ ਦੇ ਸਵਾਰੀ ਡੱਬੇ ਪਟੜੀ ਤੋਂ ਉਤਰ ਗਏ। ਮੁੱਖ ਗੱਲ ਇਹ ਰਹੀ ਕਿ ਇਸ ਘਟਨਾ ਦੌਰਾਨ ਕਿਸੇ ਵੀ ਸਿੰਧੀ ਸੰਗਤ ਦਾ ਕੋਈ ਨੁਕਸਾਨ ਨਹੀਂ ਹੋਇਆ। ਟ੍ਰੇਨ ਦੀ ਰਫ਼ਤਾਰ ਘੱਟ ਹੋਣ ਕਾਰਨ ਮਾਮੂਲੀ ਸੱਟਾਂ ਲੱਗੀਆਂ ਹਨ ਜਿਨ੍ਹਾਂ ਨੂੰ ਨਨਕਾਣਾ ਸਾਹਿਬ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ ਗਿਆ। ਇੱਥੇ ਇਹ ਵੀ ਦੱਸਣਯੋਗ ਹੈ ਕਿ ਟਰੇਨ ਦੇ ਪਟੜੀ ਤੋਂ ਉਤਰ ਜਾਣ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਸਿੰਧੀ ਸੰਗਤਾਂ ਨੂੰ ਵਿਸ਼ੇਸ਼ ਬੱਸਾਂ ਰਾਹੀਂ ਪੂਰੀ ਸੁਰੱਖਿਆ ਤਹਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਲਿਆਂਦਾ ਗਿਆ। ਟਰੇਨ ਹਾਦਸੇ ਦਾ ਸ਼ਿਕਾਰ ਹੋਣ ਬਾਰੇ ਭਗਤ ਸਨ ਰੇਲਵੇ ਨੇ ਇਨਕੁਆਰੀ ਵੀ ਖੋਲ੍ਹ ਦਿੱਤੀ ਗਈ ਹੈ ਤਾਂ ਜੋ ਪਤਾ ਲੱਗ ਸਕੇ ਕਿ ਇਹ ਘਟਨਾ ਕਿਵੇਂ ਤੇ ਕਿਉਂ ਵਾਪਰੀ ਹੈ। ਸਰਕਾਰੀ ਸੂਤਰਾਂ ਅਨੁਸਾਰ ਇਸ ਟ੍ਰੇਨ ਵਿੱਚ 225 ਸਿੰਧੀ ਹਿੰਦੂ ਸੰਗਤ ਤੇ 246 ਪਾਕਿਸਤਾਨੀ ਸਿੰਧ ਦੀ ਸਿੱਖ ਸੰਗਤ ਦੇ ਮੈਂਬਰ ਸਫਰ ਕਰ ਰਹੇ ਸਨ ਜੋ ਕੁਝ ਕੁ ਜਖਮੀਆਂ ਤੋਂ ਇਲਾਵਾ ਬਾਕੀ ਬਿਲਕੁਲ ਠੀਕਠਾਕ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਪੁੱਜ ਗਏ।

### ਉਮਰਾਂ 'ਚ ਕੀ ਰੱਖਿਆ...

## 83 ਸਾਲਾ ਔਰਤ ਵੱਲੋਂ 28 ਸਾਲ ਦੇ ਪ੍ਰੇਮੀ ਨਾਲ ਵਿਆਹ



**ਲਾਹੌਰ**- ਪਾਕਿਸਤਾਨ ਤੋਂ ਇਕ ਹੋਰ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆਈ ਹੈ। ਇੱਥੇ ਇਕ 28 ਸਾਲਾ ਨੌਜਵਾਨ ਨੇ ਲੰਮੇ ਅਫੇਅਰ ਤੋਂ ਬਾਅਦ ਆਪਣੀ 83 ਸਾਲਾ ਬਜ਼ੁਰਗ ਪ੍ਰੇਮਿਕਾ ਨਾਲ ਵਿਆਹ ਕਰਵਾ ਲਿਆ। ਖਾਸ ਗੱਲ ਇਹ ਹੈ ਕਿ ਮਹਿਲਾ ਅਜੇ ਕੁਆਰੀ ਹੈ ਤੇ ਉਹ ਪੋਲੈਂਡ ਦੀ ਰਹਿਣ ਵਾਲੀ ਹੈ। ਦੋਵਾਂ ਦੀ ਮੁਲਾਕਾਤ ਫੇਸਬੁਕ 'ਤੇ ਹੋਈ ਸੀ ਤੇ ਹੁਣ ਦੋਵਾਂ ਨੇ ਵਿਆਹ ਕਰ ਕੇ ਜ਼ਿੰਦਗੀ ਭਰ ਇਕੱਠੇ ਰਹਿਣ ਦਾ ਫੈਸਲਾ ਕੀਤਾ ਹੈ। ਹਾਲ ਹੀ 'ਚ ਇਕ ਪੋਲਿਸ਼ ਔਰਤ ਨੇ ਪਾਕਿਸਤਾਨ ਪਹੁੰਚ ਕੇ ਆਪਣੇ ਪ੍ਰੇਮੀ ਨਾਲ ਵਿਆਹ ਕਰਵਾ ਲਿਆ। ਇਕ ਵਿਦੇਸ਼ੀ ਬਜ਼ੁਰਗ ਔਰਤ ਤੇ 28 ਸਾਲਾ ਨੌਜਵਾਨ ਹਾਫਿਜ ਨਦੀਮ ਦਾ ਵਿਆਹ ਇਕ ਸਾਲ ਪਹਿਲਾਂ ਨਵੰਬਰ 2021 ਵਿਚ ਪਾਕਿਸਤਾਨ

• ਬਾਕੀ ਸਫ਼ਾ 10 'ਤੇ

## ਮੋਦੀ ਪੁੱਜੇ ਡੇਰਾ ਬਿਆਸ



**ਅੰਮ੍ਰਿਤਸਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਨੀਵਾਰ ਨੂੰ ਪੰਜਾਬ 'ਚ ਰਾਧਾ ਸੁਆਮੀ ਸੰਪਰਦਾ ਦੇ ਡੇਰਾ ਬਿਆਸ ਪਹੁੰਚੇ ਤੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ । ਇਸ ਤੋਂ ਪਹਿਲਾਂ ਜਲੰਧਰ ਦੇ ਆਦਮਪੁਰ ਏਅਰਬੇਸ 'ਤੇ ਪਹੁੰਚਣ 'ਤੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਡੇਰੇ 'ਚ ਮੋਦੀ ਸੰਗਤ ਨੂੰ ਵੀ ਮਿਲੇ। ਇਸ ਤੋਂ ਬਾਅਦ ਉਹ ਹਿਮਾਚਲ ਪ੍ਰਦੇਸ਼ 'ਚ ਚੋਣ ਰੈਲੀਆਂ ਨੂੰ ਸੰਬੋਧਨ ਕਰਨ ਲਈ ਰਵਾਨਾ ਹੋ ਗਏ। ਡੇਰਾ ਬਿਆਸ ਪੁੱਜਣ 'ਤੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਪੀ ਐਮ ਮੋਦੀ ਨੇ ਡੇਰੇ 'ਚ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ। ਇਸ ਦੌਰਾਨ ਪ੍ਰਧਾਨ ਮੰਤਰੀ ਸੰਗਤ ਭਵਨ ਵੀ ਪੁੱਜੇ ਤੇ ਉਥੇ ਮੌਜੂਦ ਡੇਰਾ ਸਮਰਥਕਾਂ ਦਾ ਨਮਸਕਾਰ ਵੀ ਕਬੂਲਿਆ। ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਡੇਰੇ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਦੋਵਾਂ ਨੇ ਬੰਦ

• ਬਾਕੀ ਸਫ਼ਾ 10 'ਤੇ

## ਪਾਕਿ ਫੌਜ ਵੱਲੋਂ ਇਮਰਾਨ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ

**ਇਸਲਾਮਾਬਾਦ** : ਪਾਕਿਸਤਾਨੀ ਫੌਜ ਨੇ ਸ਼ਾਹਬਾਜ਼ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਫੌਜ ਦੇ ਇਕ ਸੀਨੀਅਰ ਅਧਿਕਾਰੀ ਨੂੰ ਬਦਨਾਮ ਕਰਨ ਲਈ ਇਮਰਾਨ ਖਾਨ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕਰੇ। ਖਾਨ ਦਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ, ਗ੍ਰਹਿ ਮੰਤਰੀ ਰਾਣਾ ਸਨਾਉੱਲਾ ਅਤੇ ਆਈ ਐੱਸ ਆਈ ਦੇ ਚੋਟੀ ਦੇ ਜਨਰਲ ਮੇਜਰ ਫੈਜਲ ਦੇ ਇਸ਼ਾਰੇ 'ਤੇ ਉਨ੍ਹਾ 'ਤੇ ਗੋਲੀਆਂ ਚਲਾਈਆਂ ਗਈਆਂ ਸਨ।

ਇਮਰਾਨ ਦੇ ਦੋਸ਼ਾਂ 'ਤੇ ਖੁਫੀਆ ਏਜੰਸੀ ਦੇ ਡਾਇਰੈਕਟਰ ਜਨਰਲ (ਡੀ ਜੀ ਆਈ ਐੱਸ ਪੀ ਆਰ) ਮੇਜਰ ਜਨਰਲ ਬਾਬਰ ਇਫਤਿਖਾਰ ਨੇ ਕਿਹਾ ਕਿ ਪੀ ਟੀ ਆਈ ਦੇ ਚੇਅਰਮੈਨ ਦੁਆਰਾ ਸੰਸਥਾ ਅਤੇ ਖਾਸ ਤੌਰ 'ਤੇ ਫੌਜ ਦੇ ਇਕ ਸੀਨੀਅਰ ਅਧਿਕਾਰੀ 'ਤੇ ਲਗਾਏ ਗਏ ਦੋਸ਼ ਬੇਬੁਨਿਆਦ ਅਤੇ ਗੈਰ-ਜ਼ਿੰਮੇਵਾਰਾਨਾ ਹਨ। ਇਸ ਦੇ ਨਾਲ ਹੀ ਉਨ੍ਹਾ

• ਬਾਕੀ ਸਫ਼ਾ 10 'ਤੇ

## ਕਾਂਗਰਸ ਵੱਲੋਂ ਹਿਮਾਚਲ ਲਈ ਚੋਣ ਮਨੋਰਥ ਪੱਤਰ ਜਾਰੀ




**ਸ਼ਿਮਲਾ** : ਕਾਂਗਰਸ ਨੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਦੀ ਮੌਜੂਦਗੀ ਵਿੱਚ ਸ਼ਨੀਵਾਰ ਨੂੰ ਹਿਮਾਚਲ ਪ੍ਰਦੇਸ਼ ਵਿੱਚ 12 ਨਵੰਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ। ਪਾਰਟੀ ਨੇ ਪੁਰਾਣੀ ਪੈਨਸ਼ਨ ਸਕੀਮ ਬਹਾਲ, 300 ਯੂਨਿਟ ਮੁਫਤ ਬਿਜਲੀ, 18 ਤੋਂ 60 ਸਾਲ ਦੀਆਂ ਸਾਰੀਆਂ ਔਰਤਾਂ ਨੂੰ 1500 ਰੁਪਏ ਮਹੀਨਾ ਪੈਨਸ਼ਨ ਦੇਣ ਅਤੇ ਹਰ ਹਲਕੇ ਵਿੱਚ 10 ਕਰੋੜ 'ਸਟਾਰਟਅੱਪ ਫੰਡ' ਦੇਣ ਦਾ ਵਾਅਦਾ ਕੀਤਾ ਹੈ।

ਭਾਜਪਾ ਦੀ ਘੇਰਾਬੰਦੀ ਦਰਮਿਆਨ ਕਾਂਗਰਸ ਨੇ ਵੀ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਪ੍ਰਿਯੰਕਾ ਦੇ ਨਾਲ-ਨਾਲ ਸੋਨੀਆ ਗਾਂਧੀ ਅਤੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਮੁਹਿੰਮ ਦੀ ਕਮਾਨ ਸੰਭਾਲਣਗੇ। ਖੜਗੇ 9 ਨਵੰਬਰ ਨੂੰ ਪਹਿਲਾਂ ਸ਼ਿਮਲਾ ਦਿਹਾਤੀ ਵਿਧਾਨ ਸਭਾ ਹਲਕੇ ਅਤੇ ਬਾਅਦ ਵਿੱਚ ਨਾਲਾਗੜ੍ਹ ਵਿੱਚ ਰੈਲੀ ਕਰਨਗੇ। ਇਸੇ ਦਿਨ ਸੋਨੀਆ ਗਾਂਧੀ

• ਬਾਕੀ ਸਫ਼ਾ 10 'ਤੇ

## ਅੱਜ-ਨਾਮਾ

ਵਿਗੜਦੀ ਹਾਲਤ ਪੰਜਾਬ ਦੀ ਲੋਕ ਆਖਣ,
ਕਰਦੀ ਲੱਗੇ ਨਹੀਂ ਫਿਕਰ ਸਰਕਾਰ ਬੇਲੀ।
ਚਿੰਤਾ ਗੱਦੀਆਂ ਦੀ ਥਾਓਂ-ਥਾਂ ਹੋਈ ਭਾਰੀ,
ਇਸ ਤੋਂ ਵੇਖ ਰਿਹਾ ਕੋਈ ਨਾ ਪਾਰ ਬੇਲੀ।
ਪਹਾੜਾਂ ਵੰਨੀਂ ਉਡਾਰੀ ਜਦ ਕੋਈ ਲਾਉਂਦਾ,
ਜਾਵੇ ਉਹ ਕਰਨ ਲਈ ਚੋਣ ਪ੍ਰਚਾਰ ਬੇਲੀ।
ਦੂਜਾ ਉੱਡਦਾ, ਗੁਜਰਾਤ ਵਿੱਚ ਜਾ ਵੜਦਾ,
ਉਡੀਕਦੀ ਜਿੱਤ ਉਹ ਕਹੇ ਤਿਆਰ ਬੇਲੀ।
ਬਣੀ ਆ ਹਾਲਤ ਕੀ ਮਗਰ ਪੰਜਾਬ ਅੰਦਰ,
ਦੋਵਾਂ ਈ ਧਿਰਾਂ ਨੂੰ ਫਿਕਰ ਨਾ ਕੋਈ ਬੇਲੀ।
ਘੜੀਆਂ ਵੇਖਣ ਤੋਂ ਬਿਨਾਂ ਉਹ ਜਾਣ ਬੋਲੀ,
ਜਾਂਦੇ ਈ ਜੜ੍ਹਾਂ ਨੂੰ ਅੱਕ ਜਿਹਾ ਚੋਈ ਬੇਲੀ।

-ਤੀਸ ਮਾਰ ਖਾਂ

## ਕਸ਼ਮੀਰ 'ਚ ਬਰਫ਼ਬਾਰੀ



**ਜੰਮੂ ਕਸ਼ਮੀਰ** : ਉੱਤਰ ਭਾਰਤ 'ਚ ਹਲਕੀ-ਹਲਕੀ ਠੰਢ ਸ਼ੁਰੂ ਹੋਣ ਲੱਗੀ ਹੈ। ਦੀਵਾਲੀ ਤੋਂ ਬਾਅਦ ਮੌਸਮ 'ਚ ਬਦਲਾਅ ਦਿਖਾਈ ਦੇ ਰਿਹਾ ਹੈ। ਪਹਾੜੀ ਸੂਬਿਆਂ 'ਚ ਬਰਫ਼ਬਾਰੀ ਕਾਰਨ ਦੋਹਰੀ ਮਾਰ ਪੈ ਰਹੀ ਹੈ। ਉੱਧਰ ਦੱਖਣ ਦੇ ਸੂਬਿਆਂ 'ਚ ਬਾਰਿਸ਼ ਨੇ ਆਫ਼ਤ ਮਚਾਈ ਹੋਈ ਹੈ। ਮੌਸਮ ਵਿਭਾਗ ਨੇ ਕਿਹਾ ਕਿ ਜੰਮੂ ਕਸ਼ਮੀਰ, ਲੱਦਾਖ, ਗਿਲਗਿਤ, ਬਾਲਿਟਸਤਾਨ, ਹਿਮਾਚਲ ਪ੍ਰਦੇਸ਼ 'ਚ 6 ਅਤੇ 7 ਨਵੰਬਰ ਨੂੰ ਬਾਰਿਸ਼ ਅਤੇ ਬਰਫ਼ਬਾਰੀ ਹੋਣ ਦੀ ਸੰਭਾਵਨਾ ਹੈ। ਇਸ ਨਾਲ ਇਲਾਕੇ 'ਚ ਠੰਢ ਵਧਣ ਦੀ ਸੰਭਾਵਨਾ ਹੈ। ਉਤਰਾਖੰਡ 'ਚ ਛੇ ਅਤੇ ਸੱਤ ਨੂੰ ਬਰਫ਼ਬਾਰੀ ਅਤੇ ਬਾਰਿਸ਼ ਦੀ ਸੰਭਾਵਨਾ ਹੈ। ਉਥੇ ਹੀ ਪੰਜਾਬ 'ਚ 6 ਨਵੰਬਰ ਨੂੰ ਬਾਰਿਸ਼ ਦੀ ਭਵਿੱਖ ਕੀਤੀ ਗਈ ਹੈ। ਉਥੇ ਹੀ ਰਾਜਧਾਨੀ ਦਿੱਲੀ 'ਚ ਵਾਯੂ ਗੁਣਵੱਤਾ ਗੰਭੀਰ ਸ਼੍ਰੇਣੀ 'ਚ ਬਣੀ ਹੋਈ ਹੈ, ਜਦਕਿ ਘੱਟੋ-ਘੱਟ ਤਾਪਮਾਨ ਆਮ ਨਾਲੋਂ ਤਿੰਨ ਡਿਗਰੀ ਜ਼ਿਆਦਾ 17.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ ਦਿੱਲੀ 'ਚ ਵਾਯੂ ਗੁਣਵੱਤਾ 408 ਦਰਜ ਕੀਤਾ ਗਿਆ।

## 'ਦੀ ਵਾਇਰ' 'ਤੇ ਛਾਪੇਮਾਰੀ ਮੋਦੀ ਸਰਕਾਰ ਦੀ ਅਣਐਲਾਨੀ ਐਮਰਜੈਂਸੀ : ਤਰਕਸ਼ੀਲ ਸੁਸਾਇਟੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਤਰਕਸ਼ੀਲ ਸੁਸਾਇਟੀ ਪੰਜਾਬ ਨੇ ਦਿੱਲੀ ਪੁਲਸ ਵੱਲੋਂ ਮੀਡੀਆ ਅਦਾਰੇ 'ਦੀ ਵਾਇਰ' ਦੇ ਸੰਸਥਾਪਕ ਅਤੇ ਮੁੱਖ ਸੰਪਾਦਕ ਸਿਧਾਰਥ ਵਰਦਰਾਜਨ ਅਤੇ ਸਾਥੀ ਸੰਪਾਦਕਾਂ-ਕਰਮਚਾਰੀਆਂ ਦੇ ਖਿਲਾਫ ਕੇਸ ਦਰਜ ਕਰਨ ਅਤੇ ਦਿੱਲੀ ਅਤੇ ਮੁੰਬਈ ਸਥਿਤ ਦਫਤਰਾਂ ਅਤੇ ਘਰਾਂ 'ਤੇ ਇਕੋ ਵਕਤ ਛਾਪੇ ਮਾਰ ਕੇ ਅਦਾਰੇ ਨਾਲ ਸੰਬੰਧਤ ਲੈਪਟਾਪ, ਆਈ ਪੈਡ ਅਤੇ ਮੋਬਾਈਲ ਜ਼ਬਤ ਕੀਤੇ ਜਾਣ ਦੀ ਫਾਸ਼ੀਵਾਦੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਇਸ ਕੇਸ ਨੂੰ ਬਿਨਾਂ ਸ਼ਰਤ ਤੁਰੰਤ ਰੱਦ ਕਰਨ ਅਤੇ ਜ਼ਬਤ ਉਪਕਰਨਾਂ ਨੂੰ ਵਾਪਸ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਦਿੱਲੀ ਪੁਲਸ ਦੀ ਇਸ ਧੱਕੇਸ਼ਾਹੀ ਨੂੰ ਮੀਡੀਏ ਉਤੇ ਅਣਐਲਾਨੀ ਐਮਰਜੈਂਸੀ ਕਰਾਰ ਦਿੰਦਿਆਂ ਤਰਕਸ਼ੀਲ ਆਗੂਆਂ ਜਸਪਾਲ ਬਾਸਰਕੇ, ਸੁਮੀਤ ਸਿੰਘ ਅਤੇ ਅਸ਼ਵਨੀ ਕੁਮਾਰ ਨੇ ਕਿਹਾ ਕਿ ਮੋਦੀ ਸਰਕਾਰ ਦੇ ਘਪਲਿਆਂ, ਝੂਠ ਅਤੇ ਲੋਕ ਵਿਰੋਧੀ ਨੀਤੀਆਂ-ਸਾਜ਼ਿਸ਼ਾਂ ਦਾ ਪਰਦਾਫਾਸ਼ ਕਰਨ ਵਾਲੇ ਇਸ ਮੀਡੀਆ ਅਦਾਰੇ ਉਤੇ ਦਿੱਲੀ ਪੁਲਸ ਵੱਲੋਂ ਭਾਜਪਾ ਆਈ ਟੀ ਸੈੱਲ ਦੇ ਆਗੂ ਅਮਿਤ ਮਾਲਵੀਆ ਦੀ ਨਿੱਜੀ ਸ਼ਿਕਾਇਤ ਦੀ ਜਾਂਚ-ਪੜਤਾਲ ਕੀਤੇ ਬਗ਼ੈਰ ਛਾਪੇ ਮਾਰਨ ਅਤੇ ਡਿਜ਼ੀਟਲ ਉਪਕਰਨ ਜ਼ਬਤ ਕਰਨ ਦੀ ਗ਼ੈਰ ਜਮਹੂਰੀ ਕਾਰਵਾਈ ਪ੍ਰੈੱਸ ਦੀ ਆਜ਼ਾਦੀ ਅਤੇ ਪੱਤਰਕਾਰਾਂ ਦੀ ਨਿੱਜੀ ਆਜ਼ਾਦੀ ਦੇ ਅਧਿਕਾਰਾਂ ਉਤੇ ਸਿੱਧਾ ਹਮਲਾ ਹੈ। ਤਰਕਸ਼ੀਲ ਆਗੂਆਂ ਦਿੱਲੀ ਪੁਲਸ ਉਤੇ ਦੋਸ਼ ਲਾਇਆ ਕਿ ਭਾਜਪਾ ਦੇ ਆਈ ਟੀ ਸੈੱਲ ਵੱਲੋਂ ਪਿਛਲੇ ਕਈ ਸਾਲਾਂ ਤੋਂ ਫੇਕ ਨਿਊਜ਼, ਘੱਟ-ਗਿਣਤੀਆਂ ਖਿਲਾਫ ਫ਼ਿਰਕੂ ਨਫ਼ਰਤ ਅਤੇ ਅਫਵਾਹਾਂ ਫੈਲਾਉਣ ਦੀ ਲਗਾਤਾਰ ਸਾਜ਼ਿਸ਼ ਕੀਤੀ ਜਾ ਰਹੀ ਹੈ, ਪਰ ਉਸ ਦੇ ਖਿਲਾਫ ਕਦੇ ਕਿਸੇ ਪੁਲਸ ਜਾਂ ਜਾਂਚ ਏਜੰਸੀ ਵੱਲੋਂ ਛਾਪੇਮਾਰੀ ਜਾਂ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ।

ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਪੁਲਸ ਵੱਲੋਂ ਜ਼ਬਤ ਕੀਤੇ ਉਪਕਰਨਾਂ ਦੀ ਹੈਸ਼ ਵੈਲਿਊ ਸਿਧਾਰਥ ਵਰਦਰਾਜਨ ਅਤੇ ਸੰਪਾਦਕਾਂ ਨੂੰ ਦੇਣ ਤੋਂ ਇਨਕਾਰ ਕਰਨ ਨਾਲ ਇਹ ਖਦਸ਼ਾ ਜ਼ਾਹਿਰ ਹੁੰਦਾ ਹੈ ਕਿ ਮੋਦੀ ਸਰਕਾਰ ਦਿੱਲੀ ਪੁਲਸ ਰਾਹੀਂ ਇਨ੍ਹਾਂ ਉਪਕਰਨਾਂ ਵਿਚ ਇਕ ਸਾਜ਼ਿਸ਼ ਹੇਠ ਛੇੜਛਾੜ ਰਾਹੀਂ ਇਤਰਾਜ਼ਯੋਗ ਸਮੱਗਰੀ ਲੋਡ ਕਰਕੇ ਇਸ ਇਨਸਾਫ਼ਪਸੰਦ ਮੀਡੀਏ ਅਤੇ ਸੰਪਾਦਕਾਂ-ਪੱਤਰਕਾਰਾਂ ਨੂੰ ਯੂ ਏ ਪੀ ਏ ਤਹਿਤ ਗ੍ਰਿਫ਼ਤਾਰ ਕਰਕੇ ਉਸੇ ਤਰ੍ਹਾਂ ਜੇਲ੍ਹਾਂ 'ਚ ਸੁੱਟਣਾ ਚਾਹੁੰਦੀ ਹੈ, ਜਿਵੇਂ ਪੁਣੇ ਪੁਲਸ ਵੱਲੋਂ 2018 ਦੇ ਭੀਮਾ-ਕੋਰੇਗਾਓਂ ਕੇਸ ਵਿਚ ਪ੍ਰੋ. ਰੋਨਾ ਵਿਲਸਨ ਅਤੇ ਐਡਵੋਕੇਟ ਸੁਰਿੰਦਰ ਗਾਡਲਿੰਗ ਦੇ ਕੰਪਿਊਟਰਾਂ ਵਿਚ ਇਤਰਾਜ਼ਯੋਗ ਸਮੱਗਰੀ ਲੋਡ ਕਰਕੇ ਇਨ੍ਹਾਂ ਬੇਗੁਨਾਹਾਂ ਨੂੰ ਫਸਾਇਆ ਗਿਆ ਸੀ ਅਤੇ ਇਨ੍ਹਾਂ ਤੋਂ ਇਲਾਵਾ 18 ਹੋਰ ਬੁੱਧੀਜੀਵੀ ਪਿਛਲੇ ਚਾਰ ਸਾਲ ਤੋਂ ਬਿਨਾਂ ਕਿਸੇ ਸਬੂਤ ਅਤੇ ਸੁਣਵਾਈ ਦੇ ਜੇਲ੍ਹਾਂ ਵਿਚ ਸੜ ਰਹੇ ਹਨ। ਤਰਕਸ਼ੀਲ ਆਗੂਆਂ ਨੇ ਕਿਹਾ ਕਿ ਜਦ ਇਸ ਮੀਡੀਆ ਅਦਾਰੇ ਵੱਲੋਂ ਆਪਣੇ ਇਕ ਪੱਤਰਕਾਰ ਦੀ ਵਿਵਾਦਤ ਰਿਪੋਰਟ ਵਾਪਸ ਲੈ ਕੇ ਉਸ ਦੇ ਖਿਲਾਫ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਸੀ ਅਤੇ ਮਾਫ਼ੀ ਵੀ ਮੰਗੀ ਗਈ ਸੀ ਤਾਂ ਇਸ ਦੇ ਬਾਵਜੂਦ ਉਨ੍ਹਾਂ ਖਿਲਾਫ ਕੇਸ ਦਰਜ ਕਰਕੇ ਛਾਪੇ ਮਾਰਨ ਅਤੇ ਡਿਜ਼ੀਟਲ ਸਾਮਾਨ ਜ਼ਬਤ ਕਰਨ ਨੂੰ ਮੋਦੀ ਸਰਕਾਰ ਦੀ ਦਹਿਸ਼ਤੀ ਅਤੇ ਬਦਲਾਲਊ ਕਾਰਵਾਈ ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਇਸ ਅਦਾਰੇ ਨੇ ਹੀ ਮੋਦੀ ਸਰਕਾਰ ਵੱਲੋਂ ਇਸਰਾਇਲੀ ਜਾਸੂਸੀ ਯੰਤਰ ਪੈਗਾਸਸ ਰਾਹੀਂ ਕੁਝ ਪੱਤਰਕਾਰਾਂ, ਸਿਆਸਤਦਾਨਾਂ ਅਤੇ ਅਹਿਮ ਸ਼ਖ਼ਸੀਅਤਾਂ ਦੀ ਕੀਤੀ ਗਈ ਜਾਸੂਸੀ ਦਾ ਪਰਦਾਫਾਸ਼ ਕੀਤਾ ਸੀ ਅਤੇ ਮੋਦੀ ਸਰਕਾਰ ਦੀ ਸੁਪਰੀਮ ਕੋਰਟ ਵਿਚ ਜਵਾਬਤਲਬੀ ਹੋਣ ਕਾਰਨ ਉਸ ਨੂੰ ਸ਼ਰਮਸਾਰ ਹੋਣਾ ਪਿਆ ਸੀ।

ਤਰਕਸ਼ੀਲ ਆਗੂਆਂ ਨੇ ਦੇਸ਼ ਭਰ ਦੀਆਂ ਤਮਾਮ ਲੋਕਪੱਖੀ ਅਤੇ ਜਮਹੂਰੀ ਸੰਸਥਾਵਾਂ ਅਤੇ ਖਾਸ ਕਰ ਮੀਡੀਆ ਸੰਗਠਨਾਂ ਨੂੰ ਦਿੱਲੀ ਪੁਲਸ ਦੀ ਅਜਿਹੀ ਫਾਸ਼ੀਵਾਦੀ ਕਾਰਵਾਈ ਦਾ ਵੱਡੇ ਪੱਧਰ 'ਤੇ ਡਟਵਾਂ ਜਨਤਕ ਵਿਰੋਧ ਕਰਨ ਅਤੇ ਕੇਸ ਰੱਦ ਕਰਵਾਉਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

page-6-6-(November)-2022-G-(BV).qxd 11/5/2022 10:45 PM Page 1



# ਪ੍ਰਕਾਸ਼ ਪੁਰਬ ਮਨਾਉਣ ਲਈ ਜਥਾ ਅੱਜ ਹੋਵੇਗਾ ਪਾਕਿ ਰਵਾਨਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਜਥੇ ਲਈ 910 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ, ਜਿਨ੍ਹਾਂ ਨੂੰ ਭਲਕੇ ਪਾਕਿਸਤਾਨ ਲਈ ਰਵਾਨਾ ਕੀਤਾ ਜਾਵੇਗਾ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸੇ ਦੌਰਾਨ ਅੱਜ ਸ਼ਰਧਾਲੂਆਂ ਨੇ ਆਪਣੇ ਵੀਜ਼ਾ ਲੱਗੇ ਪਾਸਪੋਰਟ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਪ੍ਰਾਪਤ ਕੀਤੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ 1496 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ ਸਫ਼ਾਰਤਖ਼ਾਨੇ ਨੇ 910 ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ 586 ਸ਼ਰਧਾਲੂਆਂ ਨੂੰ ਦੂਤਾਵਾਸ ਨੇ ਵੀਜ਼ਾ ਨਹੀਂ ਦਿੱਤਾ।

ਉਨ੍ਹਾਂ ਇਤਰਾਜ਼ ਕੀਤਾ ਕਿ ਸਿੱਖ ਸ਼ਰਧਾਲੂਆਂ ਦੇ ਵੀਜ਼ੇ ਰੱਦ ਕਰਨਾ ਮੰਦਭਾਗਾ ਹੈ। ਜਦੋਂ ਸ਼ਰਧਾਲੂਆਂ ਨੂੰ ਵੀਜ਼ਾ ਨਹੀਂ ਮਿਲਦਾ ਤਾਂ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ।

ਪ੍ਰਤਾਪ ਸਿੰਘ ਨੇ ਦੱਸਿਆ ਕਿ ਜਥੇ ਦੀ ਰਵਾਨਗੀ ਲਈ ਤਿਆਰੀਆਂ ਮੁਕੰਮਲ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜਥੇ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਮਾਸਟਰ ਪ੍ਰੀਤ ਸਿੰਘ ਕਰ ਰਹੇ ਹਨ ਜਦਕਿ ਜਥੇ ਦੇ ਪ੍ਰਬੰਧਕ ਵਜੋਂ ਸ਼੍ਰੋਮਣੀ ਕਮੇਟੀ ਵੱਲੋਂ ਇੰਚਾਰਜ ਵਰਿੰਦਰ ਸਿੰਘ ਠਰੂ ਅਤੇ ਹਰਪਾਲ ਸਿੰਘ ਭੇਜੇ ਜਾ ਰਹੇ ਹਨ। ਇਸ ਦੌਰਾਨ ਸ਼ਰਧਾਲੂਆਂ ਨੂੰ ਪਾਸਪੋਰਟ ਵੰਡਣ ਮੌਕੇ ਯਾਤਰਾ ਵਿਭਾਗ ਦੇ ਇੰਚਾਰਜ ਰਾਜਿੰਦਰ ਸਿੰਘ ਰੂਬੀ ਨੇ ਦੱਸਿਆ ਕਿ ਜਥਾ 6 ਨਵੰਬਰ ਨੂੰ ਸਵੇਰੇ 8:30 ਵਜੇ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਪਾਕਿਸਤਾਨ ਲਈ ਰਵਾਨਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਸ਼ਰਧਾਲੂ ਅੱਜ ਪਾਸਪੋਰਟ ਲੈਣ ਨਹੀਂ ਪੁੱਜ ਸਕੇ ਉਹ ਸਵੇਰੇ ਜਥੇ ਦੀ ਰਵਾਨਗੀ ਤੋਂ ਪਹਿਲਾਂ ਪਾਸਪੋਰਟ ਪ੍ਰਾਪਤ ਕਰਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ ਵੀ ਮੌਜੂਦ ਸਨ।

# ਕਿਸਾਨ ਕਣਕ ਦੀ ਸਿੱਧੀ ਬਿਜਾਈ ਕਰਕੇ ਸਮੇਂ ਤੇ ਪੈਸੇ ਦੀ ਬੱਚਤ ਕਰਨ : ਹਰਜਿੰਦਰ ਪਰਿੰਗੜੀ

ਪੱਟੀ (ਬਲਦੇਵ ਸਿੰਘ ਸੰਧੂ)-ਝੋਨੇ ਦੀ ਰਹਿੰਦ-ਖੂੰਹਦ ਨੂੰ ਮਿੱਟੀ 'ਚ ਮਿਲਾਉਣ ਤੇ ਕਣਕ ਦੀ ਸਿੱਧੀ ਬਿਜਾਈ ਨਾਲ ਜਿਥੇ ਸਮੇਂ ਤੇ ਪੈਸੇ ਦੀ ਬੱਚਤ ਹੁੰਦੀ ਹੈ ਉਥੇ ਕਣਕ ਦਾ ਝਾੜ ਵੱਧ ਨਿਕਲਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪਰਿੰਗੜੀ ਤੋਂ ਸਾਬਕਾ ਸਰਪੰਚ ਤੇ ਵਾਤਾਵਰਨ ਪ੍ਰੇਮੀ ਹਰਜਿੰਦਰ ਸਿੰਘ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਉਹ ਕਣਕ ਤੇ ਝੋਨੇ ਦੀ ਰਹਿੰਦ-ਖੂੰਹਦ ਨੂੰ ਮਿੱਟੀ 'ਚ ਮਿਲਾਉਣ ਦੇ ਨਾਲ ਨਾਲ ਕਣਕ ਦੀ ਸਿੱਧੀ ਬਿਜਾਈ ਕਰਦੇ ਆ ਰਹੇ ਨੇੜਲੇ ਪਿੰਡਾਂ ਦੇ ਕਿਸਾਨਾਂ ਨੂੰ ਵੀ ਕਣਕ ਦੀ ਸਿੱਧੀ ਬਿਜਾਈ ਤੇ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰਦੇ ਆ ਰਹੇ ਹਨ। ਹਰਜਿੰਦਰ ਸਿੰਘ ਨੇ ਦੱਸਿਆ ਕਿ ਅਜੋਕੇ ਮਹਿੰਗਾਈ ਦੇ ਯੁੱਗ ਵਿਚ ਜਿਥੇ ਡੀਜ਼ਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ ਉਥੇ ਕਣਕ ਦੀ ਸਿੱਧੀ ਬਿਜਾਈ ਕਰਨ ਨਾਲ ਸਮੇਂ ਤੇ ਪੈਸੇ ਦੀ ਵੱਡੀ ਬੱਚਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪਸ਼ੂਆਂ ਦੀ ਤੂੜੀ ਨਾ ਪਾਉਣ ਕਾਰਨ ਤੇ ਰਸਾਇਣਕ ਖਾਦਾਂ ਦੀ ਹੱਦੋਂ ਵੱਧ ਵਰਤੋਂ ਕਰਨ ਨਾਲ ਜ਼ਮੀਨ ਬਹੁਤ ਜ਼ਿਆਦਾ ਕਮਜ਼ੋਰ ਹੋਣ ਕਾਰਨ ਉਪਜਾਊ ਸ਼ਕਤੀ ਗੁਆ ਚੁੱਕੀ ਹੈ। ਫਸਲੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਦੀ ਬਜਾਏ ਮਿੱਟੀ 'ਚ ਮਿਲਾਉਣ ਨਾਲ ਧਰਤੀ ਹੇਠਲੀ ਉਪਜਾਊ ਸ਼ਕਤੀ ਵਿਚ ਵਾਧਾ ਹੋਣ ਦੇ ਨਾਲ-ਨਾਲ ਕਿਸਾਨ ਦੇ ਮਿੱਤਰ ਕੀੜੇ ਵੀ ਜ਼ਿੰਦਾ ਰਹਿਣ ਕਾਰਨ ਫਸਲ ਭਿਆਨਕ ਬਿਮਾਰੀਆਂ ਤੋਂ ਬਚੀ ਰਹਿੰਦੀ ਹੈ। ਹਰਜਿੰਦਰ ਸਿੰਘ ਨੇ ਦੱਸਿਆ ਉਨ੍ਹਾਂ ਦੇ ਪਿੰਡ ਸਿਰਫ ਦਸ ਪ੍ਰਤੀਸ਼ਤ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਗਈ। ਸਰਪੰਚ ਨੇ ਇਹ ਦੱਸਿਆ ਕਿ ਕਣਕ ਦੀ ਸਿੱਧੀ ਬਿਜਾਈ ਕਿਸਾਨਾਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ।

# ਮਾਡਲ ਟਾਊਨ ਪੁਲਸ ਨੇ 24 ਘੰਟਿਆਂ ਵਿੱਚ ਹੀ ਕਾਬੂ ਕੀਤੇ ਚੋਰ

ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ) ਥਾਣਾ ਮਾਡਲ ਟਾਊਨ ਪੁਲਸ ਨੂੰ ਉਦੋਂ ਵੱਡੀ ਸਫਲਤਾ ਮਿਲੀ ਜਦੋਂ ਪੁਰਹੀਰਾਂ ਚੌਂਕੀ ਅਧੀਨ ਆਉਂਦੀਆਂ ਦੁਕਾਨਾਂ 'ਤੇ ਚੋਰੀ ਕਰਨ ਵਾਲੇ ਅਨਸਰਾਂ ਨੂੰ ਕਾਬੂ ਕਰ ਲਿਆ। ਜ਼ਿਕਰਯੋਗ ਹੈ ਕਿ ਮੰਗਲਵਾਰ ਤੇ ਬੁੱਧਵਾਰ ਦੀ ਦਰਮਿਆਨੀ ਰਾਤ ਨੂੰ ਚੋਰਾਂ ਨੇ ਫਗਵਾੜਾ ਰੋਡ 'ਤੇ ਦੁਕਾਨਾਂ ਵਿੱਚ ਚੋਰੀ ਦੀਆਂ ਵਾਰਦਾਤਾਂ ਕਰਕੇ ਵੱਡਾ ਨੁਕਸਾਨ ਪਹੁੰਚਾਇਆ ਸੀ ਤੇ ਡੀ ਵੀ ਡੀ ਆਰ ਵੀ ਨਾਲ ਹੀ ਲੈ ਗਏ ਸਨ। ਇੰਜ ਪੁਲਸ ਨੇ ਚੋਰੀ ਦੀਆਂ ਵਾਰਦਾਤਾਂ ਚੌਵੀ ਘੰਟਿਆਂ ਵਿੱਚ ਹੀ ਹੱਲ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਮਾਡਲ ਟਾਊਨ ਦੇ ਮੁਖੀ ਇੰਸਪੈਕਟਰ ਨੇ ਦੱਸਿਆ ਕਿ ਐਸ ਐਸ ਪੀ ਹੁਸ਼ਿਆਰਪੁਰ ਸਰਤਾਜ ਸਿੰਘ ਚਾਹਲ ਆਈ ਪੀ ਐਸ ਅਤੇ ਮਨਪ੍ਰੀਤ ਸਿੰਘ ਢਿੱਲੋਂ ਐਸ ਪੀ ਇਨਵੈਸਟੀਗੇਸ਼ਨ ਦੇ ਦਿਸ਼ਾ ਨਿਰਦੇਸ਼ਾਂ ਤੇ ਪਲਵਿੰਦਰ ਸਿੰਘ ਪੀ ਪੀ ਐਸ ਦੀ ਰਹਿਨੁਮਾਈ ਹੇਠ ਮਾੜੇ ਅਨਸਰਾਂ ਨੂੰ ਠੱਲ੍ਹ ਪਾਉਣ ਲਈ ਆਰੰਭੀ ਮੁਹਿੰਮ ਤਹਿਤ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਐੱਸ ਆਈ ਰਜਿੰਦਰ ਸਿੰਘ ਚੌਕੀ ਇੰਚਾਰਜ ਪੁਰਹੀਰਾਂ ਨੂੰ ਜਗਦੀਪ ਸਿੰਘ ਪੁੱਤਰ ਚਮਨ ਸਿੰਘ ਵਾਸੀ ਸੈਂਟਰਲ ਟਾਊਨ ਹੁਸ਼ਿਆਰਪੁਰ ਨੇ ਆਪਣਾ ਗਿਆਨ ਪਾਇਆ ਕਿ ਸਿਟੀ ਇਨਕਲੇਵ ਫ਼ਗਵਾੜਾ ਰੋਡ ਵਿਖੇ ਉਸ ਦੀ ਆਈਸਕ੍ਰੀਮ ਅਤੇ ਬੇਕਰੀ ਦੀ ਦੁਕਾਨ ਹੈ, ਜਦੋਂ ਉਹ ਦੋ ਨਵੰਬਰ ਨੂੰ ਸਵੇਰੇ ਆਪਣੀ ਦੁਕਾਨ ਖੋਲ੍ਹਣ ਪੁੱਜਾ ਤਾਂ ਦੇਖਿਆ ਕਿ ਦੁਕਾਨ ਵਿਚ ਚੋਰੀ ਹੋ ਗਈ ਸੀ। ਉਕਤ ਦੇ ਬਿਆਨਾਂ 'ਤੇ ਪੁਲਸ ਨੇ ਮਾਮਲਾ ਦਰਜ ਕਰ ਲਿਆ ਅਤੇ ਤਫਤੀਸ਼ ਦੌਰਾਨ ਵਾਰਦਾਤਾਂ ਕਰਨ ਲਈ ਜ਼ਿੰਮੇਵਾਰ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਿਨ੍ਹਾਂ ਦੀ ਪਛਾਣ ਗੌਰਵ ਵਰਮਾ ਪੁੱਤਰ ਰਾਜ ਕੁਮਾਰ ਵਾਸੀ ਕੀਰਤੀ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਅਤੇ ਦੂਸਰੇ ਦੀ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਰਣਜੀਤ ਸਿੰਘ ਵਾਸੀ ਸਕੀਮ ਨੰਬਰ ਦੋ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਜੋਂ ਹੋਈ ਹੈ, ਜਿਨ੍ਹਾਂ ਪਾਸੋਂ ਡੂੰਘਾਈ ਨਾਲ ਕੀਤੀ ਪੁੱਛਗਿੱਛ ਉਪਰੰਤ ਚੋਰੀ ਦਾ ਸਮਾਨ ਬਰਾਮਦ ਕਰ ਲਿਆ ਗਿਆ ਹੈ। ਥਾਣਾ ਮੁਖੀ ਮਾਡਲ ਟਾਊਨ ਨੇ ਦੱਸਿਆ ਕਿ ਪੁਲਸ ਉਨ੍ਹਾਂ ਪਾਸੋਂ ਹੋਰ ਵਾਰਦਾਤਾਂ ਬਾਰੇ ਵੀ ਪੁੱਛਗਿੱਛ ਕਰ ਰਹੀ ਹੈ।

# ਮਜ਼ਬੂਤ ਇਰਾਦੇ ਵਾਲੇ ਜੁਝਾਰੂ ਆਗੂ ਸਨ ਕਾਮਰੇਡ ਜਗਜੀਤ ਸਿੰਘ ਔਜਲਾ

**ਭੋਗ 'ਤੇ ਵਿਸ਼ੇਸ਼**



ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਜ਼ਿਲ੍ਹਾ ਗੁਰਦਾਸਪੁਰ ਦੇ ਸਾਬਕਾ ਕੌਂਸਲ ਮੈਂਬਰ ਤੇ ਬਲਾਕ ਗੁਰਦਾਸਪੁਰ ਦੇ ਸਾਬਕਾ ਸਕੱਤਰ ਅਤੇ ਫਿਰਕਾਪ੍ਰਸਤੀ ਵਿਰੋਧੀ ਕਾਮਰੇਡ ਜਗਜੀਤ ਸਿੰਘ ਔਜਲਾ (ਗੁਰਦਾਸਪੁਰ) ਦਾ ਸ਼ਰਧਾਂਜਲੀ ਸਮਾਗਮ ਅੱਜ ਜ਼ਿਲ੍ਹਾ ਗੁਰਦਾਸਪੁਰ ਵਿੱਚ ਉਨ੍ਹਾਂ ਦੇ ਗ੍ਰਹਿ ਨਿਵਾਸ ਪਿੰਡ ਔਜਲਾ (ਨੇੜੇ ਗੁਰਦਾਸਪੁਰ ਦੇ ਬਾਹਰਵਾਰ ਨੈਸ਼ਨਲ ਹਾਈਵੇ ਬਾਈਪਾਸ) ਵਿਖੇ ਹੋਵੇਗਾ। ਕਾਮਰੇਡ ਜਗਜੀਤ ਸਿੰਘ ਔਜਲਾ ਮਜ਼ਬੂਤ ਇਰਾਦੇ ਵਾਲੇ ਮਿਹਨਤੀ ਇਨਸਾਨ, ਗਰੀਬਾਂ ਤੇ ਮਜ਼ਦੂਰਾਂ ਦੇ ਹਮਦਰਦ ਅਤੇ ਜੁਝਾਰੂ ਆਗੂ ਸਨ। ਉਨ੍ਹਾਂ ਦਾ ਜਨਮ ਸਤੰਬਰ 1945 ਵਿੱਚ ਸ਼ਹਿਰ ਗੁਰਦਾਸਪੁਰ ਲਾਗਲੇ ਪਿੰਡ ਔਜਲਾ ਵਿਖੇ ਪਿਤਾ ਕਾਮਰੇਡ ਮੋਹਣ ਸਿੰਘ ਦੇ ਘਰ ਮਾਤਾ ਅਜੀਤ ਕੌਰ ਦੀ ਕੁੱਖੋਂ ਹੋਇਆ। ਆਪ ਨੇ ਖਾਲਸਾ ਹਾਈ ਸਕੂਲ ਗੁਰਦਾਸਪੁਰ ਤੋਂ ਦਸਵੀਂ ਜਮਾਤ ਤੱਕ ਦੀ ਸਿੱਖਿਆ ਗ੍ਰਹਿਣ ਕੀਤੀ। ਆਪ ਆਪਣੇ ਭਰਾਵਾਂ ਕਾਮਰੇਡ ਹਰਦਿਆਲ ਸਿੰਘ ਔਜਲਾ (ਮਰਹੂਮ), ਰਘਬੀਰ ਸਿੰਘ ਔਜਲਾ, ਰਜਿੰਦਰ ਸਿੰਘ ਔਜਲਾ ਤੇ ਐਡਵੋਕੇਟ ਦਵਿੰਦਰ ਸਿੰਘ ਔਜਲਾ ਵਿੱਚੋਂ ਸਭ ਤੋਂ ਵੱਡੇ ਸਨ। ਉਨ੍ਹਾਂ ਦੇ ਪਿਤਾ ਕਾਮਰੇਡ ਮੋਹਣ ਸਿੰਘ ਮਹਾਨ ਦੇਸ਼ ਭਗਤ ਤੇਜਾ ਸਿੰਘ ਸੁਤੰਤਰ ਦੇ ਨੇੜਲੇ ਸਾਥੀ ਸਨ ਅਤੇ ਇਹ ਸਾਰਾ ਪਰਿਵਾਰ ਸੀ.ਪੀ. ਆਈ. ਨਾਲ ਜੁੜਿਆ ਹੋਣ ਕਰਕੇ ਆਪ ਨੂੰ ਵਿਰਾਸਤ ਵਿੱਚੋਂ ਹੀ ਭਾਰਤੀ ਕਮਿਊਨਿਸਟ ਪਾਰਟੀ ਦੀ ਗੁੜ੍ਹਤੀ ਆਪਣੇ ਪਿਤਾ ਕਾਮਰੇਡ ਮੋਹਣ ਸਿੰਘ ਤੋਂ ਮਿਲੀ। ਆਪ ਦੀ ਸ਼ਾਦੀ 1972 ਵਿੱਚ ਸ਼ਹਿਰ ਧਾਰੀਵਾਲ ਨਾਲ ਲੱਗਦੇ ਪਿੰਡ ਰਣੀਆਂ ਦੇ ਕਰਮ ਸਿੰਘ ਦੀ ਪੁੱਤਰੀ ਕੁਲਦੀਪ ਕੌਰ ਨਾਲ ਹੋਈ। ਆਪ ਦੇ ਘਰ ਦੋ ਬੇਟੀਆਂ ਅਤੇ ਇਕ ਬੇਟੇ ਨੇ ਜਨਮ ਲਿਆ, ਜਿਨ੍ਹਾਂ ਨੂੰ ਆਪ ਨੇ ਉੱਚ ਵਿੱਦਿਆ ਹਾਸਲ ਕਰਵਾਈ। ਆਪ ਦੀ ਪ੍ਰੇਰਨਾ ਸਦਕਾ ਦੋਵੇਂ ਲੜਕੀਆਂ ਜਤਿੰਦਰ ਕੌਰ ਤੇ ਅਮਰਿੰਦਰ ਕੌਰ ਆਪਣੇ ਸਹੁਰਾ ਪਰਿਵਾਰ ਵਿੱਚ ਵਧੀਆ ਜੀਵਨ ਬਸਰ ਕਰ ਰਹੀਆਂ ਹਨ ਅਤੇ ਉਨ੍ਹਾਂ ਦੇ ਲੜਕੇ ਨਵਤੇਜ ਸਿੰਘ ਔਜਲਾ ਸਮੇਤ ਸਮੁੱਚਾ ਪਰਿਵਾਰ ਵੀ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਦੇ ਨਾਲ-ਨਾਲ ਸਮਾਜ ਸੇਵਾ ਕਰਕੇ ਚੰਗਾ ਨਾਮਣਾ ਖੱਟ ਰਿਹਾ ਹੈ। ਕਾਮਰੇਡ ਜਗਜੀਤ ਸਿੰਘ ਔਜਲਾ ਕਿੱਤੇ ਵਜੋਂ ਖੇਤੀਬਾੜੀ ਦਾ ਕੰਮ ਕਰਦੇ ਸਨ। ਆਪ ਕਿਸਾਨੀ ਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਆਪ ਨੇ ਸਾਰਾ ਜੀਵਨ ਗਰੀਬਾਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਦਿਆਂ ਬਤੀਤ ਕੀਤਾ ਜਿਸ ਕਾਰਨ ਆਪ ਇਲਾਕੇ ਵਿੱਚ ਗਰੀਬਾਂ ਤੇ ਮਜ਼ਦੂਰਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਨੇ ਜ਼ਿੰਦਗੀ ਵਿੱਚ ਸਖਤ ਮਿਹਨਤ ਕੀਤੀ ਅਤੇ ਇਲਾਕੇ ਲਈ ਚੰਗੇ ਮਾਰਗ ਦਰਸ਼ਕ ਵਜੋਂ ਵੀ ਜਾਣੇ ਜਾਂਦੇ ਸਨ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਗੁਰਦਾਸਪੁਰ ਦੇ 15 ਸਾਲ ਸੈਕਟਰੀ ਅਤੇ 15 ਸਾਲ ਜ਼ਿਲ੍ਹਾ ਕੌਂਸਲ ਮੈਂਬਰ ਰਹੇ। ਆਪ ਜੀ ਦੀ ਪ੍ਰੇਰਨਾ ਸਦਕਾ ਹੀ ਉਨ੍ਹਾਂ ਸਾਰਾ ਪਰਿਵਾਰ ਗਰੀਬਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ਾਂ ਵਿੱਚ ਯੋਗਦਾਨ ਪਾ ਰਿਹਾ ਹੈ। ਸੰਘਰਸ਼ਮਈ ਜੀਵਨ ਦੀ ਚਾਲ ਚੱਲਦਿਆਂ 27 ਅਕਤੂਬਰ 2022 ਨੂੰ ਆਪਣੀ ਜ਼ਮੀਨ ਵਿੱਚੋਂ ਆਪਣੇ ਘਰ ਪਿੰਡ ਔਜਲਾ ਨੂੰ ਵਾਪਿਸ ਆਉਂਦੇ ਸਮੇਂ ਨੈਸ਼ਨਲ ਹਾਈਵੇ ਉਪਰ ਅਚਾਨਕ ਹੋਏ ਹਾਦਸੇ ਦੌਰਾਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਜਾਣ ਮਗਰੋਂ 28 ਅਕਤੂਬਰ ਨੂੰ ਉਹ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨਮਿਤ ਰੱਖੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ 6 ਨਵੰਬਰ 2022, ਦਿਨ ਐਤਵਾਰ ਨੂੰ ਉਨ੍ਹਾਂ ਦੇ ਗ੍ਰਹਿ ਨਿਵਾਸ ਪਿੰਡ ਔਜਲਾ (ਗੁਰਦਾਸਪੁਰ) ਵਿਖੇ ਪੈਣਗੇ। ਉਪਰੰਤ ਕੀਰਤਨ, ਸ਼ਰਧਾਂਜਲੀ ਸਮਾਗਮ ਅਤੇ ਅੰਤਿਮ ਅਰਦਾਸ ਦੁਪਹਿਰ 11 ਵਜੇ ਤੋਂ 2 ਵਜੇ ਤੱਕ ਹੋਵੇਗੀ।

**-ਮਨਦੀਪ ਵਿੱਕੀ, ਪੱਤਰਕਾਰ ਧਾਰੀਵਾਲ।**

## Guru Nanak Mission Public School

**Guru Nanak Mission Public School, Dalla-Bhogpur, Jalandhar, Estd 1994 (aff. with CBSE Delhi) Co-ed, Eng. Medium, School Reguires qualified :**

1. PGT English for XI, XII Classes,
2. PGT Math for XI, XII Classes,
3. English Teacher (TGT) upto X Classes ,
4. Social Science (TGT) upto X Classes,
5. Art and Craft Teacher upto X Classes

Candidates must be good in speaking English Qualified having sufficient experience. Apply on e-mail-prbikramsingh@gmail.com within 10 days of publication or whatsapp on 95308-13048

-Principal

## ਦਫਤਰ ਨਗਰ ਕੌਂਸਲ ਧਨੌਲਾ (ਬਰਨਾਲਾ) ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਸ਼ਨ ਲਾਲ ਪੁੱਤਰ ਚਰੰਜੀ ਲਾਲ ਵਾਸੀ ਨਾਨਕਪੁਰਾ ਮੁਹੱਲਾ ਧਨੌਲਾ, ਤਹਿ. ਵਾ ਜ਼ਿਲ੍ਹਾ ਬਰਨਾਲਾ ਨੇ ਆਪਣੇ ਮਕਾਨ ਦਾ ਨਕਸ਼ਾ, ਜੋ ਕਿ ਨਗਰ ਕੌਂਸਲ ਧਨੌਲਾ ਦੀ ਹਦੂਦ ਦੇ ਅੰਦਰ ਹੈ, ਪਾਸ ਕਰਵਾਉਣ ਲਈ ਦਰਖਾਸਤ ਪੇਸ਼ ਕੀਤੀ ਹੈ। ਇਸ ਮਕਾਨ ਦੇ ਉੱਤਰ ਵੱਲ 24 ਫੁੱਟ। ਇੰਚ ਬਾਬੂ ਰਾਮ ਪੁੱਤਰ ਚਰੰਜੀ ਲਾਲ, ਪੱਛਮ ਵੱਲ 14 ਫੁੱਟ 9 ਇੰਚ ਮੁਨਸ਼ੀ ਰਾਮ ਪੁੱਤਰ ਚਰਨਜੀਤ ਲਾਲ, ਪੂਰਬ ਵੱਲ 14 ਫੁੱਟ 9 ਇੰਚ ਤੇ ਦੱਖਣ ਵੱਲ 24 ਫੁੱਟ-1 ਇੰਚ ਜੋਨੀ ਗੋਇਲ ਪੁੱਤਰ ਨਰੇਸ਼ ਕੁਮਾਰ ਲੱਗਦੇ ਹਨ ਅਤੇ ਇਸ ਮਕਾਨ ਦਾ ਕੁੱਲ ਰਕਬਾ 355 ਵਰਗ ਫੁੱਟ ਹੈ। ਇਸ ਜਗ੍ਹਾ ਦੀ ਮਾਲਕੀ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਲਿਖਤੀ ਤੌਰ 'ਤੇ 30 ਦਿਨਾਂ ਦੇ ਅੰਦਰ-ਅੰਦਰ ਦਫਤਰ ਨਗਰ ਕੌਂਸਲ ਧਨੌਲਾ ਵਿਖੇ ਦੇ ਸਕਦਾ ਹਾਂ। ਬਾਅਦ ਵਿੱਚ ਕੋਈ ਗੌਰ ਨਹੀਂ ਕੀਤੀ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ, ਨਗਰ ਕੌਂਸਲ ਧਨੌਲਾ।

ਨੰਬਰ 645 ਮਿਤੀ-04/11/2022

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਲਵਦੀਪ ਸਿੰਘ ਧੂਤ ਨਾਇਬ ਤਹਿਸੀਲਦਾਰ-ਕਮ-ਸਰਕਲ ਰੈਵੀਨਿਊ ਅਫਸਰ, ਗੜ੍ਹਦੀਵਾਲਾ।

ਨੋਟਿਸ ਬਨਾਮ ਆਮ ਜਨਤਾ

ਵਿਸ਼ਾ-ਫਰਦ ਜਮ੍ਹਾਂਬੰਦੀ ਵਾਕਿਆ ਪਿੰਡ ਡੱਫਰ/56 ਦੇ ਖਾਨਾ ਮਾਲਕੀ ਵਿੱਚ ਨਾਂਅ ਦੀ ਦਰੁਸਤੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸ੍ਰੀ ਮਨੋਹਰ ਲਾਲ ਪੁੱਤਰ ਲੇਟ ਸ੍ਰੀ ਦੇਵ ਰਾਜ ਵਾਸੀ ਪਿੰਡ ਨੰਗਲ ਬਹਾਲਾ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਨੇ ਦਰਖਾਸਤ ਪੇਸ਼ ਕੀਤੀ ਹੈ ਕਿ ਰਿਕਾਰਡ ਮਾਲ ਵਾਕਿਆ ਪਿੰਡ ਡੱਫਰ-1, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਉਸ ਦੇ ਪਿਤਾ ਜੀ ਦਾ ਨਾਂਅ ਦੀਵਾਨ ਪੁੱਤਰ ਧਨੀ ਰਾਮ ਗਲਤ ਚਲਿਆ ਆ ਰਿਹਾ ਹੈ। ਉਸ ਦੇ ਪਿਤਾ ਜੀ ਦਾ ਸਹੀ ਨਾਂਅ ਦੇਵ ਰਾਜ ਪੁੱਤਰ ਧਨੀ ਰਾਮ ਹੈ। ਫਰਦ ਜਮ੍ਹਾਂਬੰਦੀ ਵਿੱਚ ਉਸ ਦਾ ਸਹੀ ਨਾਂਅ ਦੇਵ ਰਾਜ ਪੁੱਤਰ ਧਨੀ ਰਾਮ ਦਰੁੱਸਤ ਕੀਤਾ ਜਾਵੇ। ਪ੍ਰਾਰਥੀ ਵੱਲੋਂ ਮਿਤੀ 06.09.2022 ਨਵਾਂ ਜ਼ਮਾਨਾ, ਜਲੰਧਰ ਅਤੇ ਮਿਤੀ 06.09.2022 ਦੀ ਪਾਇਨਰ ਅਖਬਾਰ ਵਿੱਚ ਨਾਂਅ ਦੀ ਦਰੁੱਸਤੀ ਸੰਬੰਧੀ ਪ੍ਰਕਾਸ਼ਤ ਕਰਵਾਇਆ ਗਿਆ। ਇਸ ਲਈ ਜੇਕਰ ਕਿਸੇ ਨੂੰ ਇਸ ਨਾਂਅ ਦੀ ਦਰੁੱਸਤੀ ਵਿੱਚ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਨੋਟਿਸ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਪੇਸ਼ ਕਰੇ। ਨੋਟਿਸ ਵਿੱਚ ਦੱਸੀ ਮਿਆਦ ਗੁਜ਼ਰਨ ਤੋਂ ਬਾਅਦ ਕਿਸੇ ਵੀ ਇਤਰਾਜ਼ 'ਤੇ ਗੌਰ ਨਹੀਂ ਕੀਤਾ ਜਾਵੇਗਾ।

ਅੱਜ ਮਿਤੀ 02.11.2022 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਹੋਇਆ ਹੈ।

ਸਹੀ/-ਨਾਇਬ ਤਹਿਸੀਲਦਾਰ-ਕਮ-ਸਰਕਲ ਰੈਵੀਨਿਊ ਅਫਸਰ, ਗੜ੍ਹਦੀਵਾਲਾ

ਨੰ. 525/ ਮਿਤੀ 2/11/2022

## ਕੋਰਟ ਨੋਟਿਸ

ਬਾ ਅਦਾਲਤ ਸ੍ਰੀ ਗੁਰਮੀਤ ਸਿੰਘ ਚੌਹਾਨ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ (ਜਲੰਧਰ)

ਕੇਸ ਅਨੁਵਾਨ : ਰੀਵਿਊ ਫੈਸਲਾ ਮਿਤੀ 15-01-2018 ਕੇਸ ਨੰਬਰ 621, ਦਾਇਰ ਮਿਤੀ 24-08-2012, ਵਾਕਿਆ ਪਿੰਡ ਕੰਧਾਲਾ ਗੁਰੂ, ਸਬ ਤਹਿ. ਭੋਗਪੁਰ, ਜ਼ਿਲ੍ਹਾ ਜਲੰਧਰ।

ਸ੍ਰੀਮਤੀ ਕਮਲਜੀਤ ਕੌਰ ਪੁੱਤਰੀ ਮਹਿੰਦਰ ਸਿੰਘ ਵਾਸੀ ਰਹਿਮਾਨਪੁਰ, ਜ਼ਿਲ੍ਹਾ ਜਲੰਧਰ।

....ਫਰੀਕ ਅੱਵਲ

ਬਨਾਮ

ਨੋਟਿਸ ਟੂ : ਸਰਵਸ੍ਰੀ 1. ਮੋਹਣ ਸਿੰਘ ਪੁੱਤਰ ਕੇਹਰ ਸਿੰਘ 2. ਮੇਜਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀਆਨ ਪਿੰਡ ਕੰਧਾਲਾ ਗੁਰੂ, ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ. ..ਫਰੀਕ ਦੋਇਮ

ਉਪਰੋਕਤ ਲਿਖੇ ਅਨੁਵਾਨ ਵਾਲੇ ਤਕਸੀਮ ਕੇਸ ਵਿੱਚ ਅਦਾਲਤ ਨੂੰ ਉਕਤ ਉੱਤਰਵਾਦੀਆਂ ਦੀ ਸਰਵਿਸ ਸਧਾਰਨ ਤਰੀਕੇ ਨਾਲ ਨਾ ਹੋਣ ਦੀ ਤਸੱਲੀ ਹੋ ਚੁੱਕੀ ਹੈ। ਇਸ ਲਈ ਉਕਤ ਦਰਜ ਸਾਰੇ ਉਤਰਾਵਾਦੀਆਂ ਦੀ ਹਾਜ਼ਰੀ ਲਈ ਇਸ ਅਖਬਾਰ ਪ੍ਰਕਾਸ਼ਨਾ ਨੋਟਿਸ ਰਾਹੀਂ ਫਰੀਕ ਦੋਇਮ ਉਕਤ ਨੂੰ ਇਸ ਅਦਾਲਤ ਵਿੱਚ ਮਿਤੀ 17/11/2022 ਨੂੰ 1.30 ਵਜੇ ਬਾਅਦ ਅਸਾਲਤਨ/ਵਕਾਲਤਨ ਦੁਪਹਿਰ ਹਾਜ਼ਰ ਹੋ ਕੇ ਕੇਸ ਦੀ ਪੈਰਵੀਂ ਕਰਨ ਲਈ ਸੂਚਿਤ ਕੀਤਾ ਜਾਂਦਾ ਹੈ। ਜੇਕਰ ਇਸ ਨੋਟਿਸ ਪ੍ਰਕਾਸ਼ਨਾ ਦੇ ਬਾਵਜੂਦ ਫਰੀਕ ਦੋਇਮ ਉਕਤ ਤਾਰੀਖ 'ਤੇ ਹਾਜ਼ਰ ਨਹੀਂ ਆਉਂਦੇ ਤਾਂ ਉਹਨਾਂ ਖਿਆਫ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ।

ਪਿੱਠ ਅੰਕਣ ਨੰਬਰ -608/ਰੀਡਰ ਮਿਤੀ-4-11-2022

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਕੀਰਤ ਸਿੰਘ ਰੰਧਾਵਾ, ਏ ਸੀ ਫਸਟ ਗਰੇਡ-ਤਹਿਸੀਲਦਾਰ, ਅੰਮ੍ਰਿਤਸਰ-1

ਕੇਸ ਨੰ. Other Cases 15/202B ਦਾਇਰ ਮਿਤੀ : 22.06.2022

ਕਿਸਮ ਕੇਸ : ਤਕਸੀਮ, ਪਿੰਡ ਛਾਪਾ ਰਾਮ ਸਿੰਘ, ਪੇਸ਼ੀ ਮਿਤੀ 10.11.2022

ਅਨੁਵਾਨ : ਭੂਰਾ ਬਨਾਮ ਜਸਕਰਨ ਆਦਿ

ਨੋਟਿਸ ਬਨਾਮ (1) Jaskaran Singh S/o Late Harjinder Singh S/o Puran Singh S/o Hari Singh (2) Kuldeep Singh S/o Puran Singh S/o Hari Singh (3) Hardev Singh S/o Balbir Singh S/o Hari Singh (4) Shivraj Singh S/o Balbir Singh S/o Hari Singh (5) Kulwinder Kaur Widow of Sukhwinder Singh S/o Balbir Singh (6) Jatinder Singh S/o Sukhwinder Singh S/o Balbir Singh (7) Rupinder Singh S/o Sukhwinder Singh S/o Balbir Singh (8) Gurdev Singh S/o Ujaggar Singh S/o Kesar Singh (9) Gian Kaur D/o Ujaggar Singh (10) Sukhraj Singh S/o Amrik Singh S/o Ranga Singh (11) Surinder Mohan Singh S/o Amrik Singh S/o Ranga Singh (12) Balraj Singh S/o Amrik Singh S/o Ranga Singh (13) Satinder Singh S/o Kartar Singh S/o Sudagar Singh (14) Rupinder Singh S/o Kartar Singh S/o Sudagar Singh (15) Hardev Singh S/o Dalip Singh S/o Kesar Singh (16) Harjit Kaur D/o Dalip Singh S/o Kesar Singh (17) Jatinderpreet Kaur widow of Baljinder Singh S/o Puran Singh (18) Sumit Singh S/o Baljinder Singh S/o Puran Singh (19) Harmit Singh S/o Baljinder Singh S/o Puran Singh (20) Jasbir Singh S/o Ajit Singh S/o Hari Singh (21) Ranjit Kaur W/o Bhupinder Singh S/o Ajit Singh (22) Lakhwinder Kaur W/o Avtar Singh (23) Surinder Kaur Widow of Sukhdev Singh S/o Dalip Singh (24) Mohit Singh S/o Kamaljit Singh S/o Baldev Singh (25) Navraj Singh S/o Ranjit Singh S/o Baldev Singh (26) Simranjit Singh S/o Avtar Singh S/o Sudagar Singh (27) Komalpreet Kaur D/o Avtar Singh S/o Sudagar Singh (28) Balwant Kaur Widow of Jaswant Singh (29) Jaswinder Singh S/o Pritam Singh (30) Jagbir Singh S/o Pritam Singh (31) Kuldip Kaur W/o Partap Singh (32) Jagtar Singh S/o Pritam Singh

(33) Lakhbir Singh S/o Pritam Singh All R/o Vill. Chhapa Ram Singh, Tehsil & Distt. Amritsar (34) HDFC Bank Ltd, Branch Nawan Pind, Distt. Amritsar through its Manager (35) Punjab & Sind Bank , Branch S.G.R.D. Hospital Amritsar through its Branch Manager (36) Punjab National Bank (erstwhite Oriental Bank of Commerce) ... Respondents

Application under section 111of the Punjab Land Revenue Act, for the Partition of the Land measuring 17 Kanals-10 Marlas, bearing Khewat No. 89/88, Khatauni No. 128 to 132, Khasra No. 46//8/1(3-0), 46//14/1 Min south (2-15), 46//7/1 (1-11), 46//14/1 Min (4-0) 46//15/1 min (2-0), 46//14/1 Min (1-9), 46//15/1 min (2-0), Khewat No. 104/104, Khatauni No. 149, Khasra Nos. 46//6/3 (0-15) as entered in the Jamabandi for the year 2019-20 situated in the area of Vill. Chhapa Ram Singh, Hadbast No. 255, Tehsil Amritsar-1, Distt. Amritsar

ਦਰਖਾਸਤ ਬਾਬਤ /ਤਕਸੀਮ ਜ਼ੇਰੇ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ, 1887 ਵਾਕਿਆ ਰਕਬਾ ਪਿੰਡ ਛਾਪਾ ਰਾਮ ਸਿੰਘ, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ

ਉਪਰੋਕਤ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਮਿਤੀ 10.11.2022 ਲਈ ਉਤਰਵਾਦੀ ਧਿਰਾਂ ਦੀ ਹਾਜ਼ਰੀ ਲਈ ਜੇਰੇ ਸੁਣਵਾਈ ਹੈ। ਹੇਠ ਲਿਖੇ ਉਤਰਵਾਦੀ ਧਿਰਾਂ ਦੀ ਤਾਮੀਲ ਆਮ ਨੋਟਿਸ ਰਾਹੀਂ ਨਹੀਂ ਹੋ ਰਹੀ ਹੈ। ਇਸ ਲਈ ਨੱਥੀ ਲਿਸਟ ਮੁਤਾਬਕ ਉਤਰਵਾਦੀਆਂ ਦੀ ਤਾਮੀਲ ਲਈ ਅਖਬਾਰ ਰਾਹੀਂ ਨੋਟਿਸ ਦਿੱਤਾ ਜਾਂਦਾ ਹੈ ਕਿ ਉਤਰਵਾਦੀ ਧਿਰਾਂ ਆਪਣੇ ਕੇਸ ਦੀ ਪੈਰਵੀ ਕਰਨ ਲਈ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਫਿਰ ਕੋਈ ਉਜਰ ਨਹੀਂ ਸੁਣਿਆ ਜਾਵੇਗਾ।

ਸਹੀ/- ਏ ਸੀ ਫਸਟ ਗਰੇਡ-ਤਹਿਸੀਲਦਾਰ, ਅੰਮ੍ਰਿਤਸਰ-1

ਨੰਬਰ ਰੀਡਰ : 2260/ਮਿਤੀ 27/10/22

## ਪਬਲਿਕ ਨੋਟਿਸ

ਸਬਜ਼ੀ ਸ਼ਾਪ ਨੰ. 5, ਮੰਡੀ ਗੁਰਦਾਸਪੁਰ, ਜ਼ਿਲ੍ਹਾ ਗੁਰਦਾਸਪੁਰ ਦੇ ਪਲਾਟ ਦੀ ਮਲਕੀਅਤ, ਸ੍ਰੀ ਸਰਦਾਰੀ ਲਾਲ ਪੁੱਤਰ ਸ੍ਰੀ ਵਧਾਵਾ ਰਾਮ ਤੇ ਨਾਂਅ 'ਤੇ ਹੈ। ਇਸ ਦਫਤਰ ਵਿੱਚ ਸ੍ਰੀ ਅਨਿਲ ਸ਼ਰਮਾ, ਸ੍ਰੀ ਪਵਨ ਕੁਮਾਰ ਪੁੱਤਰਾਨ ਸ੍ਰੀ ਕ੍ਰਿਸ਼ਨ ਕੁਮਾਰ, ਸ੍ਰੀ ਅਜੈ ਕੁਮਾਰ ਪੁੱਤਰ ਕ੍ਰਿਸ਼ਨ ਕੁਮਾਰ ਵਾਸੀ ਮਕਾਨ ਨੰ. 527, ਵਾਰਡ ਨੰ. 8, ਸ਼ਿਵ ਨਗਰ ਬੈਕਸਾਇਡ ਗੀਤਾ ਭਵਨ ਮੰਦਰ, ਤਹਿ. ਗੁਰਦਾਸਪੁਰ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਇਸ ਦਫਤਰ ਦੀ ਮਲਕੀਅਤ, ਸਬ-ਰਜਿਸਟਰਾਰ ਗੁਰਦਾਸਪੁਰ ਦੇ ਦਫਤਰ ਵਿੱਚ ਮਿਤੀ 22.04.2019, ਵਸੀਕਾ ਨੰ. 249 ਦੇ ਆਧਾਰ ਉੱਤੇ ਉਨ੍ਹਾਂ ਦੇ ਨਾਂਅ 'ਤੇ ਤਬਦੀਲ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਆਧਾਰ 'ਤੇ ਸਬਜ਼ੀ ਸ਼ਾਪ ਨੰ. 5, ਮੰਡੀ ਗੁਰਦਾਸਪੁਰ, ਜ਼ਿਲ੍ਹਾ ਗੁਰਦਾਸਪੁਰ ਦੀ ਮਲਕੀਅਤ ਤਬਦੀਲ ਕੀਤੀ ਜਾਣੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਨੂੰ ਹੇਠ ਲਿਖੇ ਐਡਰੈੱਸ dir.colon@punjab.gov.in 'ਤੇ ਭੇਜ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ 'ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ।

ਸਹੀ/-ਐਡਮਨਿਸਟਰੇਟਰ ਨਿਊ ਮੰਡੀ ਟਾਊਨਸ਼ਿਪ, ਪੰਜਾਬ,
ਪੰਜਾਬ ਮੰਡੀ ਭਵਨ ਸੈਕਟਰ-65, ਫੇਸ-11, ਮੁਹਾਲੀ।

Case 1

**DEVINDER KUMAR GUPTA, ADVOCATE**
**SOLE ARBITRATOR, CHAMBER NO. 243, NEW COURTS, JALANDHAR**
**CAPITAL SMALL FINANCE BANK VS. AMRIK SINGH**

1. **Amrik Singh** Son of Sh. Gurcharan Singh, Resident of New Daya Road, Near Police Chowki, Kishanpura Kalan, Tehsil Dharamkot, Moga.
2. **Bhagwant Kaur** Wife of Amrik Singh, Resident of New Daya Road, Near Police Chowki, Kishanpura Kalan, Tehsil Dharamkot, Moga.
3. **Gurjit Singh** Son of Sh. Amrik Singh, Resident of New Daya Road, Near Police Chowki, Kishanpura Kalan, Tehsil Dharamkot, Moga.
4. **Navdeep Singh Bawa** Resident of Bakhapur Patti, Kishanpura Kalan, Moga.

In above Captioned arbitral reference, notices were issued to you vide registered post, to appear before the undersigned, either personality or through counsel to answer the claim by bank but you did not put in appearance before the undersigned from which it is determined that you are deliberately and willfully not appearing before the undersigned. However, in order to give another opportunity, you are hereby directed to appear before the undersigned, in persons or through counsel on 03.12.2022 at 2 PM in Chamber No. 243, New Courts Jalandhar. Take notice that, in default of your appearance on that day, case will heard and determined exparte.
Give Under My Hand on 27.10.2022

**DEVINDER KUMAR GUPTA**
**SOLE ARBITRATOR**

Case 2

**DEVINDER KUMAR GUPTA, ADVOCATE**
**SOLE ARBITRATOR, CHAMBER NO. 243, NEW COURTS, JALANDHAR**
**CAPITAL SMALL FINANCE BANK VS. AMRIK SINGH**

1. **Amrik Singh** Son of Sh. Gurcharan Singh, Resident of New Daya Road, Near Police Chowki, Kishanpura Kalan, Tehsil Dharamkot, Moga.
2. **Bhagwant Kaur** Wife of Amrik Singh, Resident of New Daya Road, Near Police Chowki, Kishanpura Kalan, Tehsil Dharamkot, Moga.
3. **Gurjit Singh** Son of Sh. Amrik Singh, Resident of New Daya Road, Near Police Chowki, Kishanpura Kalan, Tehsil Dharamkot, Moga.
4. **Navdeep Singh Bawa** Resident of Bakhapur Patti, Kishanpura Kalan, Moga.

In above Captioned arbitral reference, notices were issued to you vide registered post, to appear before the undersigned, either personality or through counsel to answer the claim by bank but you did not put in appearance before the undersigned from which it is determined that you are deliberately and willfully not appearing before the undersigned. However, in order to give another opportunity, you are hereby directed to appear before the undersigned, in persons or through counsel on 03.12.2022 at 2 PM in Chamber No. 243, New Courts Jalandhar. Take notice that, in default of your appearance on that day, case will heard and determined exparte.
Give Under My Hand on 27.10.2022

**DEVINDER KUMAR GUPTA**
**SOLE ARBITRATOR**

## Court Notice

In the Court of Dr. Deepti Gupta Additional Principal Judge Family Court, Sangrur

CNR No. PBSG01-007842-2022, Next Date : 22.12.2023, HMA/390/2022

Jagmeet Kaur Vs. Surjit Singh

Publication issued to : Surjit Singh Father : Babu Singh R/o 1610, Street No. 16, Guru Nanak Nagar, Patiala

In above titled case the defendant (s)/respondent(s) could not be served. It is ordered that defendant(s)/respondent(s) should appear in person or through counsel on 22-12-2022 at 10.00 a.m.

For details logon to https://highcourtchd.gov.in/?trs=district_notice&district=Sangrur

Additional Principal Judge Family Court, Sangrur

Dated, this day of 05-11-2022

## Court Notice

In the Court of Sh. Inderjeet Singh Judiciall Magistrate First Class-3, Jalandhar

CNR No. PBJL03-015510-2021 Next Date : 24.11.2022

Pamjit Singh Ahluwalia Vs. Prabhdeep Singh Sandhu

Publication issued to : 1.Prabhdeep Singh Sandhu S/o Iqbal Singh Sandhu R/o H.No. 375, Urban Estate Phase-2, Jalandhar (2) Ranjit Kaur W/o Prabhdeep Singh Sandhu R/o H.No. 375, Urban Estate Phase-2, Jalandhar

In above titled case the accused could not be served. It is ordered that accused should appear in person or through counsel on 24-12-2022 at 10.00 a.m.

For details logon to https://highcourtchd.gov.in/?trs=district_notice&district=Jalandhar

Judicial Magistrate First Class-3, Jalandhar

Dated, this day of 05-11-2022

## Court Notice

In the Court of Sukhmandeep Singh Civil Judge (Junior Division) Phillaur

CNR No. PBJLB0-000918-2019, Next Date : 21.11.2022

Corporation Bank Branch Office Talwan Road Phillaur through its Branch Manager Manoj Kumar

Vs

Malkit Singh S/o Bishan Singh R/o H.No. 9, Vill. Bholewal, Tehsil & Distt. Ludhiana

Publication issued to : 1. Malkit Singh Son : Bishan Singh (2) Ms. Simranjit Kaur W/o Sh. Malkit Singh R/o H.No. 9, Vill. Bholewal, Tehsil & Distt. Ludhiana

In above titled case the defendant (s)/respondent(s) could not be served. It is ordered that defendant(s)/respondent(s) should appear in person or through counsel on 21-11-2022 at 10.00 a.m.

For details logon to https://highcourtchd.gov.in/?trs=district_notice&district=Jalandhar

Civil Judge (Junior Division) Phillaur

Dated, this day of 05-11-2022

## Court Notice

**In the Court of Ms. Anuradha Additional Civil Judge (Senior Division) Nabha**

CNR No. PBPTB 0-001170-2022

Next Date : 20-02-2023

Mahinder Kaur Vs. General Public

Publication issued to : General Public

In above titled case the defendant (s)/respondent(s) could not be served. It is ordered that defendant(s)/respondent(s) should appear in person or through counsel on 20-02-2023 at 10.00 a.m.

For details logon to https://highcourtchd.gov.in/? trs=district_notice&district=Patiala

Additional Civil Judge (Senior Division) Nabha

Dated, this day of 02-11-2022

# ਗੁਰਦੁਆਰਾ ਲਕੀਰ ਸਾਹਿਬ ਦਾ ਆਲਾ-ਦੁਆਲਾ ਜਗਮਗਾਇਆ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਤਰਨ ਤਾਰਨ ਵਿੱਚ ਸਥਿਤ ਇਤਿਹਾਸਕ ਗੁਰਦੁਆਰਾ ਲਕੀਰ ਸਾਹਿਬ ਦੇ ਬਾਹਰ ਨਵੀਆਂ ਸਟਰੀਟ ਲਾਈਟਾਂ ਲੱਗ ਜਾਣ ਨਾਲ ਗਲੀਆਂ ਅਤੇ ਬਾਜ਼ਾਰਾਂ ਵਿੱਚ ਹਨੇਰੇ ਦੀ ਸਮੱਸਿਆ ਖਤਮ ਹੋ ਗਈ ਹੈ।

ਇਹ ਜਾਣਕਾਰੀ ਦਿੰਦੇ ਹੋਏ ਆਮ ਆਦਮੀ ਪਾਰਟੀ ਦੇ ਪ੍ਰਧਾਨ ਕੁਲਵੰਤ ਸਿੰਘ ਪੰਨੂ ਨੇ ਦੱਸਿਆ ਕਿ ਗੁਰਦੁਆਰਾ ਕਮੇਟੀ ਵੱਲੋਂ ਸਟਰੀਟ ਲਾਈਟਾਂ ਦੀ ਸਮੱਸਿਆ ਧਿਆਨ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੇ ਯਤਨ ਸਦਕਾ ਨਗਰ ਕੌਂਸਲ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਨਵੀਆਂ ਸਟਰੀਟ ਲਾਈਟਾਂ ਲਗਾ ਦਿੱਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਤਰਨ ਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਦੀ ਅਗਵਾਈ ਵਿੱਚ ਸ਼ਹਿਰ ਦੇ ਵਿਕਾਸ ਲਈ ਯਤਨ ਤੇਜ਼ ਕੀਤੇ ਜਾ ਰਹੇ ਹਨ ਤਾਂ ਜੋ ਤਰਨਤਾਰਨ ਸ਼ਹਿਰ ਨੂੰ ਨਮੂਨੇ ਦਾ ਸ਼ਹਿਰ ਬਣਾਇਆ ਜਾ ਸਕੇ।

ਨਵੀਆਂ ਸਟਰੀਟ ਲਾਈਟਾਂ ਲੱਗ ਜਾਣ ਤੇ ਖੁਸ਼ੀ ਪ੍ਰਗਟ ਕਰਦਿਆਂ ਗੁਰਦੁਆਰਾ ਲਕੀਰ ਸਾਹਿਬ ਦੇ ਮੈਨੇਜਰ ਪ੍ਰਿੰ: ਬਖਸ਼ੀਸ਼ ਸਿੰਘ ਨੇ ਕੁਲਵੰਤ ਸਿੰਘ ਅਤੇ ਨਗਰ ਕੌਂਸਲ ਅਧਿਕਾਰੀਆਂ ਦਾ ਧੰਨਵਾਦ ਕੀਤਾ ਹੈ।

# ਪਰਾਲੀ ਨੂੰ ਸਾੜਨ ਦੇ ਰੁਝਾਨ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੋਸ਼ਿਸ਼ਾਂ ਜਾਰੀ

ਗੁਰਦਾਸਪੁਰ, (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫਾਕ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਝੋਨੇ ਦੀ ਪਰਾਲੀ ਦੀ ਅੱਗ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੀਆਂ ਬਲਾਕ ਵਾਈਜ਼ ਡਿਊਟੀਆਂ ਲਗਾਈਆਂ ਗਈਆਂ ਹਨ ਤਾਂ ਜੋ ਪਰਾਲੀ ਨੂੰ ਲੱਗ ਰਹੀ ਅੱਗ ਦੇ ਰੁਝਾਨ ਨੂੰ ਰੋਕਿਆ ਜਾ ਸਕੇ। ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਖੇਤਾਂ ਤੱਕ ਪਹੁੰਚ ਕਰਕੇ ਕਿਸਾਨਾਂ ਨੂੰ ਪਾਰਲੀ ਨਾ ਸਾੜਨ ਦੇ ਲਾਭ ਅਤੇ ਪਰਾਲੀ ਸਾੜਨ ਦੇ ਨੁਕਸਾਨ ਤੋਂ ਜਾਣੂੰ ਕਰਵਾਇਆ ਜਾ ਰਿਹਾ ਹੈ। ਜ਼ਿਲ੍ਹੇ ਅੰਦਰ ਪਰਾਲੀ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਬਲਾਕ ਵਾਈਜ਼ ਅਧਿਕਾਰੀਆਂ ਦੀ ਡਿਊਟੀ ਬਤੌਰ ਸੈਕਟਰ ਅਫਸਰ ਲਗਾਈ ਹੈ ਅਤੇ ਇਹ ਅਧਿਕਾਰੀ ਅਲਾਟ ਸੜਕਾਂ ਦੇ ਉੱਪਰ ਨਜ਼ਰ ਰੱਖਦੇ ਹਨ। ਜੇਕਰ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਕੋਈ ਅੱਗ ਲੱਗਣ ਸਬੰਧੀ ਘਟਨਾ ਸਾਹਮਣੇ ਆਉਂਦੀ ਹੈ ਤਾਂ ਸੈਕਟਰ ਅਫਸਰ ਉਸ ਸਬੰਧੀ ਸੂਚਨਾ ਕਾਰਜਕਾਰੀ ਇੰਜੀਨੀਅਰ ਪ੍ਰਦੂਸ਼ਣ ਕੰਟਰੋਲ ਬੋਰਡ ਬਟਾਲਾ ਅਤੇ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਨੂੰ ਦਿੰਦੇ ਹਨ। ਇਹ ਅਧਿਕਾਰੀ ਸਬੰਧਤ ਅੱਗ ਲੱਗਣ ਵਾਲ ਸਥਾਨਾਂ 'ਤੇ ਆਪਣੀ ਟੀਮ ਭੇਜ ਕੇ ਅੱਗੇ ਨੂੰ ਬੁਝਾਉਂਦੇ ਹਨ ਤੇ ਜੇਕਰ ਫਾਇਰ ਬ੍ਰਿਗੇਡ ਦੀ ਲੋੜ ਹੋਵੇ ਤਾਂ ਉਹ ਵੀ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਇਸ ਢੰਗ ਨਾਲ ਜ਼ਿਲ੍ਹੇ ਅੰਦਰ ਪਰਾਲੀ ਦੇ ਸਾੜਨ ਦੇ ਰੁਝਾਨ ਨੂੰ ਘਟਾਇਆ ਗਿਆ ਹੈ। ਇਸਦੇ ਨਾਲ ਹੀ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਬਿਲਕੁਲ ਨਾ ਲਗਾਉਣ। ਉਨ੍ਹਾਂ ਕਿਹਾ ਕਿ ਪਰਾਲੀ ਦੀ ਸੰਭਾਲ ਸਬੰਧੀ ਤਕਨੀਕੀ ਜਾਣਕਾਰੀ ਲੈਣ ਲਈ ਖੇਤੀਬਾੜੀ ਵਿਭਾਗ ਨਾਲ ਰਾਬਤਾ ਕੀਤਾ ਜਾ ਸਕਦਾ ਹੈ।




## ਆਮ ਸੂਚਨਾ

ਹਰ ਆਮ ਅਤੇ ਖ਼ਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਅਠੌਲੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ : ਅਠੌਲੀ ਵਿਚ ਸੇਲਜਮੈਨ ਦੀ ਭਰਤੀ ਪ੍ਰਕੀਰੀਆ ਚੱਲ ਰਹੀ ਹੈ ਭਰਤੀ ਸਬੰਧੀ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ ਮੈਰਿਟ 25 ਨੰਬਰ ਦੀ ਇੰਟਰਵਿਊ ਲੈ ਕੇ ਤਿਆਰ ਕੀਤੀ ਜਾਵੇਗੀ ਅਤੇ ਇਹ ਇੰਟਰਵਿਊ ਮਿਤੀ 17.11.2022 ਨੂੰ ਸਭਾ ਦੇ ਦਫ਼ਤਰ ਵਿਖੇ ਸਵੇਰੇ 11:00 ਵਜੇ ਕਰਵਾਈ ਜਾਵੇਗੀ ਸਾਰੇ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕੀ ਉਹ ਨਿਰਧਾਰਤ ਮਿਤੀ,ਸਮਾਂ ਅਤੇ ਸਥਾਨ ਤੇ ਆਪਣੇ ਅਸਲ ਦਸਤਾਵੇਜ਼ ਲੈ ਕੇ ਪਹੁੰਚਣ, ਸਲੈਕਸ਼ਨ ਸਬੰਧੀ ਸਬ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ। ਸਹੀ ਪ੍ਰਧਾਨ ਸਬ ਕਮੇਟੀ ਦੀ ਅਠੌਲੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ :ਅਠੌਲੀ

## ਆਮ ਸੂਚਨਾ

ਮੈਂ, ਤੀਰਥ ਸਿੰਘ ਪੁੱਤਰ ਕਰਤਾਰ ਸਿੰਘ (ਆਧਾਰ ਨੰਬਰ:-6774 4478 0002), ਵਾਸੀ ਪਿੰਡ ਸੁਲਤਾਨਪੁਰ ਸੜਕ, ਰਵੀਦਾਸ ਕਲੋਨੀ, ਤਹਿਸੀਲ ਵਾ ਜ਼ਿਲਾ ਕਪੂਰਥਲਾ, ਪੰਜਾਬ, ਦਾ ਰਹਿਣ ਵਾਲਾ ਹਾਂ। ਇਹ ਕਿ ਮੈਂ ਆਪਣੇ ਲੜਕੇ ਸੁਖਵਿੰਦਰ ਸਿੰਘ ਅਤੇ ਮੇਰੀ ਨੂੰਗ ਗੁਰਚਰਨ ਕੌਰ ਅਤੇ ਉਨ੍ਹਾ ਦੇ 2 ਬੱਚੇ, ਗੁਰਵਿੰਦਰ ਸਿੰਘ ਅਤੇ ਗੁਰਲੀਨ ਕੌਰ, ਜਿਨ੍ਹਾ ਨੂੰ ਮੈਂ ਮਿਤੀ 29/07/2021 ਨੂੰ ਅਖਬਾਰ ਇਸ਼ਤਿਹਾਰ ਰਾਹੀਂ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ ।ਇਹ ਕਿ ਹੁਣ ਮੇਰਾ ਲੜਕਾ, ਉਸਦੀ ਪਤਨੀ ਅਤੇ ਉਸਦੇ ਬੱਚੇ ਮੇਰੇ ਕਹਿਣੇਕਾਰ ਵਿੱਚ ਹਨ ਅਤੇ ਮੇਰੀ ਹਰ ਇੱਕ ਗੱਲ ਮਾਣਦੇ ਹਨ। ਜਿਸ ਕਰਕੇ ਮੈਂ ਇਨ੍ਹਾਂ ਦੀ ਬੇਦਖਲੀ ਵਾਪਿਸ ਲੈ ਰਿਹਾ ਹਾਂ। ਇਹ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਮੇਰੀ ਨੂੰਗ ਗੁਰਚਰਨ ਕੌਰ ਅਤੇ ਉਨ੍ਹਾ ਦੇ ਦੋਵੇਂ ਬੱਚੇ, ਗੁਰਵਿੰਦਰ ਸਿੰਘ ਅਤੇ ਗੁਰਲੀਨ ਕੌਰ, ਹੁਣ ਮੇਰੀ ਤਮਾਮ ਚੱਲ-ਅੱਚਲ ਜਾਇਦਾਦ ਦੇ ਵਾਰਿਸ਼/ਹੱਕਦਾਰ ਹੋਣਗੇ।

ਮੋਟਰ ਕੁਨੈਕਸ਼ਨ ਖਾਤਾ ਨੰ. ਏ ਪੀ 32/0298 ਰਛਪਾਲ ਸਿੰਘ ਪੁੱਤਰ ਕਸ਼ਮੀਰ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਅਜੀਤ ਸਿੰਘ ਪੁੱਤਰ ਇੰਦਰ ਸਿੰਘ ਹਿੱਸੇਦਾਰ ਰਕਬਾ ਮਾਣੋਚਾਹਲ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਵਿੱਚ ਐੱਸ ਡੀ ਓ ਵੰਡ ਮੱਲਾਂਵਾਲਾ ਨਾਲ ਸੰਪਰਕ ਕਰੋ। (ਲਖਵਿੰਦਰ)

## ਬੇਦਖਲੀ ਨੋਟਿਸ

ਮੈਂ, ਸ਼ਾਂਤੀ ਪਤਨੀ ਲੇਟ ਅਜਾਦ ਸਿੰਘ ਵਾਸੀ ਮਕਾਨ ਨੰਬਰ 323, ਸ਼ਿਵ ਕਲੋਨੀ, ਨਜ਼ਦੀਕ ਮੁਹੱਲਾ ਮਹਿਤਾਬਗੜ੍ਹ, ਕਪੂਰਥਲਾ, ਦੀ ਰਹਿਣ ਵਾਲੀ ਹਾਂ। ਇਹ ਕਿ ਮੇਰਾ ਲੜਕਾ ਰਾਜੇਸ਼ ਕੁਮਾਰ ਪੁੱਤਰ ਲੇਟ ਅਜਾਦ ਸਿੰਘ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਰਾਜੇਸ਼ ਕੁਮਾਰ ਨੂੰ ਆਪਣੀ ਤਮਾਮ ਚੱਲ-ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੇਕਰ ਕੋਈ ਇਨ੍ਹਾਂ ਨਾਲ ਲੈਣ-ਦੇਣ ਕਰਦਾ ਹੈ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ।

ਮੈਂ ਅਮਰ ਸਿੰਘ ਪੁੱਤਰ ਬਹਾਲ ਸਿੰਘ ਪੁੱਤਰ ਸਰਦਾਰਾ ਸਿੰਘ ਵਾਸੀ ਪਿੰਡ ਮਹਿਮੂਦ ਖਾਨੇ ਕੇ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਸ਼ਮੀਰ ਸਿੰਘ ਅਤੇ ਨੂੰਹ ਪਰਮਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਸਾਡਾ ਕਹਿਣਾ ਨਹੀਂ ਮੰਨਦੇ। ਇਨ੍ਹਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਮੇਰੇ ਲੜਕੇ ਕਸ਼ਮੀਰ ਸਿੰਘ ਅਤੇ ਨੂੰਹ ਪਰਮਜੀਤ ਕੌਰ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਤਲਕ ਵਾਸਤਾ ਨਹੀਂ ਹੋਵੇਗਾ।

ਮੈਂ, ਜਸਵੰਤ ਸਿੰਘ ਪੁੱਤਰ ਊਧਮ ਸਿੰਘ ਵਾਸੀ ਪਿੰਡ ਨਿਹਾਲੂਵਾਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ, ਜੋ ਵਿਦੇਸ਼ 'ਚ ਰਹਿ ਰਿਹਾ ਹੈ, ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਵੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਅਰਪਿਤ)

## ਬੇਦਖਲੀ ਨੋਟਿਸ

ਅਸੀਂ, ਰਾਮ ਲੁਭਾਇਆ ਪੁੱਤਰ ਸ੍ਰੀ ਸੋਹਣ ਲਾਲ ਅਤੇ ਕਾਂਤਾ ਪਤਨੀ ਸ੍ਰੀ ਰਾਮ ਲੁਭਾਇਆ ਵਾਸੀਆਨ 531-ਏ, ਕੱਚਾ ਕੋਟ, ਬਸਤੀ ਪੀਰ ਦਾਦਾ, ਜਲੰਧਰ ਆਪਣੇ ਬੇਟੇ ਸੰਨੀ ਕੁਮਾਰ ਉਰਫ ਕਾਕੂ ਅਤੇ ਉਸ ਦੀ ਪਤਨੀ ਬਰਖਾ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਖਲ ਕਰਦੇ ਹਾਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਨਵੇਂ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੀਆਂ ਬੇਟੀਆਂ ਨੈਂਸੀ ਵਾ ਰੱਜੀ ਦਾ ਉਸ 'ਚ ਅਤੇ ਉਨ੍ਹਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ। (6311)

ਅਸੀਂ, ਬਲਬੀਰ ਕੁਮਾਰ ਪੁੱਤਰ ਸ੍ਰੀ ਬਿੰਦਰਾ ਅਤੇ ਗੀਤਾ ਦੇਵੀ ਪਤਨੀ ਸ੍ਰੀ ਬਲਬੀਰ ਕੁਮਾਰ ਵਾਸੀਆਨ ਮਕਾਨ ਨੰ. 154, ਬੰਗਾ ਕਾਲੋਨੀ, ਨੇੜੇ ਨੈਨਾ ਦੇਵੀ ਮੰਦਰ, ਬੜਿੰਗ, ਜਲੰਧਰ ਕੈਂਟ (ਜਲੰਧਰ) ਆਪਣੇ ਬੇਟੇ ਆਕਾਸ਼ ਕੋਹਲੀ ਅਤੇ ਨੂੰਹ ਕਾਮਿਯਾ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਵੇਂ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਉਨ੍ਹਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (6314)

ਮੈਂ, ਮੱਸਾ ਰਾਮ ਪੁੱਤਰ ਸ੍ਰੀ ਨਿਰਮਲ ਸਿੰਘ ਵਾਸੀ ਰੰਧਾਵਾ ਮਸੰਦਾਂ, ਜਲੰਧਰ ਆਪਣੇ ਬੇਟੇ ਸੁਖਵਿੰਦਰ ਪਾਲ ਨੂੰ ਮੇਰੇ ਅਤੇ ਮੇਰੀ ਪਤਨੀ ਦੇ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅਸੀਂ ਉਹਨਾਂ ਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਸੰਬੰਧਤ ਨੋਟ ਕਰਨ। (6315)

ਮੈਂ, ਅਵਤਾਰ ਸਿੰਘ ਪੁੱਤਰ ਸ੍ਰੀ ਭਗਤ ਸਿੰਘ ਵਾਸੀ ਪਿੰਡ ਅਠੌਲਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਆਪਣੇ ਲੜਕੇ ਤਲਜਿੰਦਰ ਸਿੰਘ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਜਿਹੜਾ ਵੀ ਉਸ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਅਤੇ ਮੇਰੇ ਕਿਸੇ ਵੀ ਹੋਰ ਪਰਵਾਰਕ ਮੈਂਬਰ ਦਾ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (6312)

ਅਸੀਂ, ਰਜਿੰਦਰ ਸ਼ੰਕਰਾ ਪੁੱਤਰ ਸ੍ਰੀ ਦਲੀਪ ਸ਼ੰਕਰਾ ਅਤੇ ਸੁਮਨ ਲਤਾ ਪਤਨੀ ਰਜਿੰਦਰ ਸ਼ੰਕਰਾ ਦੋਨੋਂ ਵਾਸੀਆਨ ਮਕਾਨ ਨੰ. 37, ਪਿਛਲੇ ਪਾਸੇ ਸਾਈਂ ਮੰਦਰ, ਖੁਰਲਾ ਕਿੰਗਰਾ, ਜਲੰਧਰ ਆਪਣੇ ਬੇਟੇ ਗਗਨਦੀਪ ਕਾਲਰਾ, ਜੋ ਸਾਡੇ ਤੋਂ ਵੱਖ ਰਹਿੰਦਾ ਹੈ ਨੂੰ ਕਹਿਣੇਕਾਰ ਨਾ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ, ਦੁਕਾਨ, ਮੰਦਰ ਵਾ ਘਰ ਤੋਂ ਬੇਦਖਲ ਕਰਦੇ ਹਾਂ। ਅਸੀਂ ਅਤੇ ਸਾਡਾ ਪਰਵਾਰ ਉਹਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਸਾਡਾ ਉਸ ਨਾਲ ਕੋਈ ਤਾਲੁਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ। (6313)

ਮੈਂ, ਪਵਨ ਕੁਮਾਰ ਪੁੱਤਰ ਕੇਵਲ ਕ੍ਰਿਸ਼ਨ ਵਾਸੀ ਪਿੰਡ ਤੇ ਡਾਕਖਾਨਾ ਜੌਹਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗਗਨਦੀਪ ਔਗਰਸ ਤੇ ਉਸ ਦੀ ਪਤਨੀ ਬੰਦਨਾ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੇ ਨਾਲ ਬਦਸਲੂਕੀ ਕਰਦੇ ਹਨ। ਇਸ ਲਈ ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਖਦਲ ਕਰਦਾ ਹਾਂ। ਉਹ ਆਪਣੇ ਕੰਮਾਂ ਦੇ ਖੁਦ ਜ਼ਿੰਮੇਵਾਰ ਹੋਣਗੇ। ਮੈਂ ਉਨ੍ਹਾਂ ਦੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ। ਸੰਬੰਧਤ ਨੋਟ ਕਰਨ। (ਡੋਗਰਾ)

ਮੈਂ, ਸ੍ਰੀਨਿਵਾਸ ਪੁੱਤਰ ਸ੍ਰੀ ਕੇ ਕੇ ਮਨੋਹਰ ਵਾਸੀ ਐੱਨ ਏ-118, ਨੇੜੇ ਸੰਤੋਸ਼ੀ ਮਾਤਾ ਮੰਦਰ, ਕਿਸ਼ਨਪੁਰਾ, ਜਲੰਧਰ ਸ਼ਹਿਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਦੀਪਕ ਕੁਮਾਰ ਤੇ ਉਸ ਦੀ ਪਤਨੀ ਉਰਮਿਲਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਸੰਤਾਨ ਸਮੇਤ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਚਰਨਜੀਤ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਵਾਸੀ ਮਿਆਣੀ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸਤਿੰਦਰ ਪਾਲ ਸਿੰਘ ਤੇ ਉਸ ਦੀ ਪਤਨੀ ਰਮਨਦੀਪ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ/ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਬਹਿਲ)

ਮੈਂ ਬੇਅੰਤ ਸਿੰਘ ਪੁੱਤਰ ਦਇਆ ਸਿੰਘ ਵਾਸੀ ਪਿੰਡ ਭੋਮਾ,ਤਹਿਸੀਲ ਮਜੀਠਾ,ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਰਾਜ ਸਿੰਘ ਅਤੇ ਉਸਦੀ ਪਤਨੀ ਰਾਜਦੀਪ ਕੌਰ ਦੋਵੇਂ ਮੇਰੇ ਕਹਿਣੇ ਤੋ ਬਾਹਰ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਰਿਹਾ ਹੈ।

# ਕਲਾਨੌਰ 'ਚ ਬੰਦ ਨੂੰ ਮਿਲਿਆ-ਜੁਲਿਆ ਹੁੰਗਾਰਾ



ਕਲਾਨੌਰ (ਕੋਹਲੀ)-ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਿਵ ਸੈਨਾ ਹਿੰਦੁਸਤਾਨ ਦੇ ਪ੍ਰਧਾਨ ਸੁਧੀਰ ਸੂਰੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਿਸ ਦੇ ਵਿਰੋਧ ਵਿਚ ਹਿੰਦੂ ਸੰਗਠਨਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਸੀ ਅਤੇ ਇਸ ਰੋਸ ਵਜੋਂ ਪੰਜਾਬ ਬੰਦ ਦੀ ਕਾਲ ਵੀ ਦਿੱਤੀ ਗਈ ਸੀ ਜਿਸ ਦੇ ਚੱਲਦੇ ਕਲਾਨੌਰ ਵਿੱਚ ਪੰਜਾਬ ਬੰਦ ਦੀ ਇਸ ਕਾਲ ਦਾ ਮਿਲਿਆ ਜੁਲਿਆ ਅਸਰ ਦੇਖਣ ਨੂੰ ਮਿਲਿਆ ਜਿਸ ਵਿੱਚ ਕਲਾਨੌਰ ਦਾ ਪੁਰਾਣਾ ਬਾਜ਼ਾਰ ਮੁਕੰਮਲ ਬੰਦ ਰਿਹਾ ਅਤੇ ਸ਼ਿਵ ਮੰਦਰ ਰੋਡ ਵਾਲੇ ਬਾਜ਼ਾਰ ਵਿੱਚ ਕੁਝ ਪ੍ਰਤੀਸ਼ਤ ਦੁਕਾਨਾਂ ਖੁੱਲ੍ਹੀਆਂ ਨਜ਼ਰ ਆਈਆਂ ਜਿਸ ਦੇ ਚਲਦੇ ਹਿੰਦੂ ਸੰਗਠਨਾਂ ਦੇ ਕੁੱਝ ਮੋਹਤਬਰ ਵਿਅਕਤੀਆਂ ਜਿਨ੍ਹਾਂ ਵਿਚ ਭਾਜਪਾ ਸਕੱਤਰ ਗੁਰਦਾਸਪੁਰ ਦੇ ਨਰਿੰਦਰ ਵਿਜ ਨੀਤੀ, ਆਪ ਆਗੂ ਰਜੇਸ਼ ਕੁਮਾਰ ਟੋਨੀ ਸੱਚਰ, ਭਾਜਪਾ ਮੰਡਲ ਵੱਲੋਂ ਅਸ਼ੋਕ ਕੋਹਲੀ, ਜਨਕ ਰਾਜ ਖੁੱਲਰ ਆਦਿ ਦੇ ਨਾਲ ਹੋਰ ਵਿਅਕਤੀਆਂ ਵੱਲੋਂ ਦੁਕਾਨਦਾਰਾਂ ਨੂੰ ਆ ਕੇ ਦੁਕਾਨਾਂ ਬੰਦ ਕਰਨ ਦੀ ਅਪੀਲ ਵੀ ਕੀਤੀ ਗਈ। ਇਸ ਬੰਦ ਦੇ ਚੱਲਦੇ ਕਲਾਨੌਰ ਪੁਲਸ ਥਾਣੇ ਦੇ ਐੱਸਐੱਚਓ ਮਨਜੀਤ ਸਿੰਘ ਵੱਲੋਂ ਵੀ ਵੱਖ-ਵੱਖ ਟੀਮਾਂ ਬਣਾ ਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ ਤਾਂ ਕਿ ਇਸ ਬੰਦ ਦੌਰਾਨ ਕਿਸੇ ਵੀ ਕਿਸਮ ਦੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਸੋ ਕੁੱਲ ਮਿਲਾ ਕੇ ਇਸ ਬੰਦ ਦਾ ਕਲਾਨੌਰ 'ਚ ਮਿਲਿਆ-ਜੁਲਿਆ ਅਸਰ ਦੇਖਣ ਨੂੰ ਮਿਲਿਆ।

## ਬੇਦਖਲੀ ਨੋਟਿਸ

ਮੈਂ ਕਮਲ ਪੁਰੀ ਪਤਨੀ ਗਰੀਬ ਦਾਸ ਵਾਸੀ 79,ਗਲੀ ਨੰ.15,ਸਾਹਿਬਜਾਦਾ ਫਤਿਹ ਸਿੰਘ ਨਗਰ,ਬਾਹਰਵਾਰ ਗੇਟ ਹਕੀਮਾਂ,ਜ਼ਿਲਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨਰੇਸ਼ਦੀਪ ਪੁਰੀ ਅਤੇ ਉਸਦੀ ਪਤਨੀ ਮੀਨਾਕਸ਼ੀ ਪੁਰੀ ਅਤੇ ਉਨ੍ਹਾਂ ਦੇ ਬੱਚੇ ਵਿਕਾਸ ਅਤੇ ਅੰਜੁਮ ਪੁਰੀ ਸਾਰੇ ਮੇਰੇ ਕਹਿਣੇ ਤੋ ਬਾਹਰ ਹਨ। ਮੈਂ ਉਨ੍ਹਾਂ ਸਭ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਰਿਹਾ ਹੈ।

ਮੈਂ ਸੁਰਿੰਦਰ ਕੌਰ ਪਤਨੀ ਸ੍ਰੀ ਰਾਮਪਾਲ ਵਾਸੀ ਬੀ-22, ਗਲੀ ਨੰਬਰ 11, ਡਗਾਣਾ ਰੋਡ, ਦਸ਼ਮੇਸ਼ ਨਗਰ, ਤਹਿਸੀਲ ਵਾ ਜਿਲਾ ਹੁਸਿਆਰਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ 'ਸੁਖਵਿੰਦਰ' ਜੋ ਮੇਰੇ ਕਹਿਣੇ ਤੋ ਬਾਹਰ ਹੈ । ਇਸ ਲਈ ਮੈਂ ਇਸਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਰਿਹਾ ਹੈ । ਜੇਕਰ ਕੋਈ ਵਿਅਕਤੀ ਇਸ ਨਾਲ ਕਿਸੇ ਕਿਸਮ ਦਾ ਤਾਲਕ ਵਾਸਤਾ ਰੱਖਦਾ ਹੈ, ਜਾ ਇਸਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਸਬੰਧਤ ਨੋਟ ਕਰਨ ।

## Change of Name

**I, Harjit Singh S/o Sham Lal R/o Vill. Sarmastpur, P.O. Ball, Distt. Jalandhar, Punjab, India, I have changed my name from Harjit to Harjit Singh. All concerned please note. (5315)**

**I, Harman S/O Vijay Kumar R/O Vill. Dhadda. PO Hazara, Distt.Jalandhar have changed my name from Harman to HARMAN PAUL**

**I hitherto known as Angrej Singh S/O Harkirat Singh R/O VPO Kot Khera, Amritsar, Punjab have changed my name and shall hereafterbe known as Arvinder Singh.**

**I, Sukhwinder S/o Karamjit VPO Alampur, Tehsil Dasuya, Distt. Hoshiarpur Punjab have changed the name of my minor daughter Gurpreet to Gurpreet Gill.**

**I, Mohinder S/o Sardari Village Kanwan PO Alampur, Tehsil Dasuya, Distt. Hoshiarpur Punjab have changed the name of my minor daughter Shammi to Shammi Kaur.**

**I, Dalbar Singh S/o Ram Kishan Singh R/O Salemgarh Teh: Moonak, Distt. Sangrur, Punjab. I Have Changed My Name From Dalbar Singh to Dalbara Singh. Please Concerned Note.**

# ਨਦਰਿ ਕਰਮਿ ਸੇਵਾ ਦਲ ਵੱਲੋਂ ਲੋਹੀਆਂ 'ਚ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਅੱਜ

ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ) : ਇਲਾਕੇ ਦੇ ਲੋੜਵੰਦਾਂ ਲਈ ਵੱਖ ਵੱਖ ਸੇਵਾਵਾਂ ਨਿਭਾਅ ਰਹੀ ਨਦਰਿ ਕਰਮਿ ਸੇਵਾ ਦਲ ਲੋਹੀਆਂ ਖਾਸ ਵੱਲੋਂ ਆਪਣੀ ਸੰਸਥਾ ਦੀ ਚੌਥੀ ਵਰ੍ਹੇਗੰਢ ਨੂੰ ਸਮਰਪਿਤ ਹੁੰਦਿਆਂ ਗੁ: ਸਿੱਖ ਸੈਂਟਰ ਆਫ ਸਿਆਟਲ ਅਮਰੀਕਾ ਅਤੇ ਸਚ ਸੈਂਟਰ ਸਿਆਟਲ ਅਮਰੀਕਾ ਦੇ ਸਹਿਯੋਗ ਨਾਲ 6 ਨਵੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਅੱਖਾਂ ਦਾ ਮੁਫਤ ਜਾਂਚ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਾਹਮਣੇ ਪੁਲਿਸ ਥਾਣਾ, ਲੋਹੀਆਂ ਖਾਸ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਸੋਚ ਸੈਂਟਰ ਸਿਆਟਲ ਅਮਰੀਕਾ ਦੇ ਪ੍ਰਮੁੱਖ ਆਗੂ ਰਸ਼ਪਾਲ ਸਿੰਘ ਥਿੰਦ ਜੋ ਉਚੇਚੇ ਤੌਰ 'ਤੇ ਲੋਹੀਆਂ ਵਿਖੇ ਪੁੱਜੇ ਹੋਏ ਹਨ, ਤੇ ਦੱਸਿਆ ਕਿ ਅੱਖਾਂ ਦੇ ਮੁਫਤ ਜਾਂਚ ਕੈਂਪ ਦੌਰਾਨ ਪਿਮਸ ਹਸਪਤਾਲ ਜਲੰਧਰ ਦੀ ਡਾਕਟਰੀ ਟੀਮ ਅੱਖਾਂ ਦੀ ਜਾਂਚ ਕਰੇਗੀ ਅਤੇ ਲੋੜਵੰਦਾਂ ਮਰੀਜ਼ਾਂ ਦੀਆਂ ਅੱਖਾਂ ਦੇ ਚਿੱਟੇ ਮੋਤੀਏ ਦੇ ਉਪਰੇਸ਼ਨ ਵੀ ਕਰੇਗੀ। ਇਸ ਮੌਕੇ ਰਸਪਾਲ ਸਿੰਘ ਥਿੰਦ, ਉਨ੍ਹਾਂ ਦੀ ਪਤਨੀ ਸਲਵਿੰਦਰ ਕੌਰ ਥਿੰਦ ਅਮਰੀਕਾ, ਪਿਤਾ ਦਰਸ਼ਨ ਸਿੰਘ ਥਿੰਦ ਅਮਰੀਕਾ ਅਤੇ ਨਦਰਿ ਕਰਮਿ ਸੇਵਾ ਦਲ ਸਤਿੰਦਰ ਸਿੰਘ ਕੰਗ ਵੀ ਹਾਜ਼ਰ ਸਨ।

# ਰੇਲ ਗੱਡੀ ਦੀ ਫੇਟ ਵੱਜਣ ਨਾਲ ਅਣਪਛਾਤੇ ਵਿਅਕਤੀ ਦੀ ਮੌਤ

ਫਿਲੌਰ (ਨਿਰਮਲ) ਰੇਲਵੇ ਪੁਲਸ ਚੌਕੀ ਇੰਚਾਰਜ ਥਾਣੇਦਾਰ ਸਤਨਾਮ ਸਿੰਘ , ਸਿਪਾਹੀ ਕਮਲਜੀਤ ਸਿੰਘ ਅਤੇ ਸਿਪਾਹੀ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਫਿਲੌਰ- ਨੂਰਮਹਿਲ ਰੇਲ ਮਾਰਗ ਪਿੰਡ ਹਰੀਪੁਰ ਨਜ਼ਦੀਕ ਇੱਕ 50 - 55 ਸਾਲਾ ਸਿੱਖ ਵਿਅਕਤੀ ਦੀ ਲਾਸ਼ ਮਿਲੀ ਹੈ ਜੋ ਕਿਸੇ ਨਾ ਮਾਲੂਮ ਰੇਲ ਗੱਡੀ ਦੀ ਫੇਟ 'ਚ ਆਇਆ ਲਗਦਾ ਹੈ। ਲਾਸ਼ ਦੀ ਪਹਿਚਾਣ ਨਹੀਂ ਹੋ ਸਕੀ । ਮ੍ਰਿਤਕ ਨੇ ਲਾਲ ਚਿੱਟੇ ਰੰਗ ਦੀ ਜਾਕਟ, ਲਾਲ ਚਿੱਟੇ ਰੰਗ ਦਾ ਡੱਬੀਦਾਰ ਪਜਾਮਾ ਪਾਇਆ ਹੋਇਆ ਹੈ । ਲਾਸ਼ ਨੂੰ 72 ਘੰਟੇ ਲਈ ਸ਼ਨਾਖਤ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਰੱਖ ਕੇ ਉਨ੍ਹਾਂ ਦੇ ਵਾਰਸਾਂ ਦੀ ਭਾਲ ਕੀਤੀ ਜਾ ਰਹੀ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਪੰਜਾਬ ਫੇਰੀ 'ਤੇ ਮੋਦੀ ਦੇ ਫੂਕੇ ਪੁਤਲੇ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀਆਂ ਮੰਗਾਂ ਪ੍ਰਵਾਨ ਨਾ ਕਰਨ ਦੇ ਰੋਸ ਵਜੋਂ ਸੂਬਾ ਸੀਨੀਅਰ ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ ਦੇ ਦਿਸ਼ਾ ਨਿਰਦੇਸ਼ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਬੇਗੋਵਾਲ ਦੀ ਅਗਵਾਈ ਵਿੱਚ ਮੋਦੀ ਦੀ ਪੰਜਾਬ ਫੇਰੀ ਦੇ ਰੋਸ ਵਜੋਂ ਅੱਜ ਕਿਸਾਨਾਂ ਨੇ ਰੜਾ ਪੁਲ, ਫੋਕਲ ਪੁਆਇੰਟ, ਢਡਿਆਲਾ, ਸੀਕਰੀ, ਮਸਤੀਵਾਲ, ਆਲਮਪੁਰ, ਚੱਬੇਵਾਲ, ਫੁਗਲਾਨਾ ਅਤੇ ਮੀਆਂ ਦਾ ਪਿੰਡ ਤੋਂ ਇਲਾਵਾ ਹੋਰ ਵੱਖ ਵੱਖ ਥਾਵਾਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਉਨ੍ਹਾਂ ਦੇ ਪੁਤਲੇ ਫੂਕੇ। ਇਸ ਮੌਕੇ ਕਿਸਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਅਤੇ ਕੁਲਦੀਪ ਸਿੰਘ ਬੇਗੋਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਨੂੰ ਇਹ ਭਰੋਸਾ ਦੇ ਕੇ ਦਿੱਲੀ ਮੋਰਚਾ ਖਤਮ ਕਰਾਇਆ ਸੀ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਨਾਲ-ਨਾਲ ਕਿਸਾਨਾਂ ਦੀਆਂ ਬਾਕੀ ਮੰਗਾਂ ਵੀ ਜਲਦ ਪ੍ਰਵਾਨ ਕਰ ਲਈਆਂ ਜਾਣਗੀਆਂ ਪਰ ਪ੍ਰਧਾਨ ਮੰਤਰੀ ਨੇ ਅੱਜ ਤੱਕ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਹੀਂ ਕੀਤੀਆਂ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਦੀਆਂ 23 ਫਸਲਾਂ ਦੀ ਐੱਮ ਆਰ ਪੀ ਲਾਗੂ ਕਰਨ ਦਾ ਕਾਨੂੰਨ ਪਾਸ ਕੀਤਾ ਜਾਵੇ, ਬਿਜਲੀ ਵੰਡ ਪ੍ਰਣਾਲੀ ਸੋਧ ਐਕਟ ਨੂੰ ਤੁਰੰਤ ਰੱਦ ਕੀਤਾ ਜਾਵੇ, ਦਿੱਲੀ ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਹੀਦ ਮੰਨ ਕੇ ਪੰਜ-ਪੰਜ ਲੱਖ ਰੁਪਏ ਦਾ ਮੁਆਵਜ਼ਾ ਦੇਣ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰਾਂ ਦੇ ਇਕ-ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਦਿੱਲੀ ਕਿਸਾਨੀ ਮੋਰਚੇ ਦੌਰਾਨ ਕਿਸਾਨਾਂ ਖਿਲਾਫ ਕੀਤੇ ਸਾਰੇ ਪਰਚੇ ਰੱਦ ਕੀਤੇ ਜਾਣ ਅਤੇ ਇਸ ਮੋਰਚੇ ਨੂੰ ਖ਼ਤਮ ਕਰਾਉਣ ਲਈ ਮੋਦੀ ਸਰਕਾਰ ਨੇ ਸਾਡੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ ਸਨ, ਪਰ ਮੋਰਚਾ ਖਤਮ ਹੋਣ ਦੇ ਬਾਵਜੂਦ ਮੋਦੀ ਨੇ ਅੱਜ ਤੱਕ ਸਾਡੀਆਂ ਮੰਗਾਂ ਪ੍ਰਵਾਨ ਨਹੀਂ ਕੀਤੀਆਂ। ਉਨ੍ਹਾਂ ਕਿਹਾ ਕਿ ਸਾਡੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਕਿਸਾਨਾਂ ਦੇ ਹਿੱਤਾਂ ਲਈ ਹਰ ਕੁਰਬਾਨੀ ਦੇਣ ਲਈ ਹਰ ਸਮੇਂ ਤਿਆਰ-ਬ-ਤਿਆਰ ਖੜ੍ਹੀ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਕਿਸਾਨਾਂ ਦੀਆਂ ਮੰਗਾਂ ਜਲਦ ਪ੍ਰਵਾਨ ਨਹੀਂ ਕੀਤੀਆਂ ਅਤੇ ਕਿਸਾਨਾਂ ਦੇ ਭਵਿੱਖ ਨਾਲ ਕੀਤੇ ਜਾ ਰਹੇ ਖਿਲਵਾੜ ਬੰਦ ਨਹੀਂ ਕੀਤੇ ਤਾਂ ਸਾਡੀ ਯੂਨੀਅਨ ਸੰਘਰਸ਼ ਦਾ ਬਿਗੁਲ ਵਜਾ ਦੇਵੇਗੀ ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ 'ਤੇ ਉਨ੍ਹਾਂ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦੇ ਰੋਸ ਵਜੋਂ ਉਨ੍ਹਾਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਪੁਤਲੇ ਫੂਕੇ। ਇਸ ਮੌਕੇ 'ਤੇ ਅਵਤਾਰ ਸਿੰਘ ਸੇਖੋਂ, ਹਰਵਿੰਦਰਪਾਲ ਸਿੰਘ ਸੋਨੂੰ, ਜਗਦੀਪ ਸਿੰਘ ਗਿੱਲ, ਹਰਵਿੰਦਰ ਸਿੰਘ ਰਾਣਾ, ਬਾਬਾ ਚੰਦ ਸ਼ਾਹ, ਸ਼ਾਮ ਸਿੰਘ ਮੁਕੇਰੀਆਂ, ਕਮਲੇਸ਼ ਰਾਣੀ, ਕੁਲਦੀਪ ਕੌਰ, ਰਣਜੀਤ ਕੌਰ, ਇੰਦਰਜੀਤ ਕੌਰ, ਐਮੀ ਬਾਜਵਾ, ਹਰਪ੍ਰੀਤ ਕੌਰ, ਨਿਸ਼ਾਨ ਸਿੰਘ, ਸਤਨਾਮ ਸਿੰਘ ਔਲਖ, ਨਿਰਮਲ ਸਿੰਘ ਬਾਜਵਾ ਅਤੇ ਹੋਰ ਕਿਸਾਨ ਮਜ਼ਦੂਰ ਹਾਜ਼ਰ ਸਨ।



# ਪਸ਼ੂ ਧਨ 'ਤੇ ਡਾਕੇ ਮਾਰਨ ਵਾਲਿਆਂ ਦੀ ਗ੍ਰਿਫਤਾਰੀ ਲਈ ਥਾਣੇ ਮੂਹਰੇ ਦਿੱਤਾ ਧਰਨਾ

**ਜਲੰਧਰ (ਰਾਜੇਸ਼ ਥਾਪਾ)**

ਮਨਰੇਗਾ ਅਧਿਕਾਰ ਅੰਦੋਲਨ ਪੰਜਾਬ ਦੇ ਕਨਵੀਨਰ ਐਡਵੋਕੇਟ ਸੁਰਿੰਦਰ ਖੀਵਾ, ਭਾਰਤ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ ਪੰਜਾਬ ਦੇ ਮੁੱਖ ਆਗੂ ਕੇਵਲ ਸਿੰਘ ਹਜ਼ਾਰਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ,ਮਾਫੀਆ ਪੰਜਾਬ ਦੇ ਪਸ਼ੂ ਪਾਲਕਾਂ ਲਈ ਵੱਡੀ ਸਿਰ ਦਰਦੀ ਬਣਿਆ ਹੋਇਆ ਹੈ । ਪੰਜਾਬ ਵਿੱਚੋਂ ਹੁਣ ਤੱਕ ਹਜਾਰਾਂ ਮੱਝਾਂ ,ਗਾਵਾਂ ,ਭੇਡਾਂ, ਬੱਕਰੀਆਂ ਪੰਜਾਬ ਤੋਂ ਬਾਹਰ ਬੈਠ ਕੇ ਮਾਫ਼ੀਆ ਹੁਣ ਤਕ ਡਾਕੇ ਮਾਰ ਚੁੱਕਾ ਹੈ। ਪੁਲਿਸ ਮੂਕ ਦਰਸ਼ਕ ਬਣੀ ਹੋਈ ਹੈ । ਇਸ ਸਬੰਧੀ ਮਕਸੂਦਾਂ ਥਾਣੇ ਮੂਹਰੇ ਪੀੜਤ ਲੋਕਾਂ ਵੱਲੋਂ ਇਕੱਠੇ ਹੋ ਕੇ ਧਰਨਾ ਮਾਰਿਆ ਗਿਆ । ਉਨ੍ਹਾਂ ਦੱਸਿਆ ਮਕਸੂਦਾਂ ਥਾਣੇ ਅਧੀਨ ਆਉਂਦੇ ਪਿੰਡ ਕਾਨਪੁਰ ਦੇ ਤਰਸੇਮ ਸਿੰਘ ਦੀਆ ਸੱਤਰ ਭੇਡਾਂ ,ਦਸ ਬੱਕਰੀਆਂ ਮਾਫੀਏ ਵੱਲੋਂ ਡਾਕਾ ਮਾਰ ਲਿਆ ਗਿਆ ਹੈ । ਧਰਨਾਕਾਰੀਆਂ ਵੱਲੋਂ ਪੁਲਸ ਨੂੰ ਰੇਕੀ ਕਰਨ ਵਾਲਿਆਂ ,ਡਾਕਾ ਮਾਰਨ ਵਾਲਿਆਂ ਦੇ ਨਾਂਅ ਵੀ ਦੱਸੇ ਗਏ, ਪਰ ਪੁਲਸ ਇਸ ਸਬੰਧੀ ਅਜੇ ਤਾਈਂ ਵੀ ਠੋਸ ਕਾਰਵਾਈ ਕਰਨ ਵਿਚ ਅਸਫਲ ਰਹੀ ਹੈ । ਧਰਨਾਕਾਰੀਆਂ ਦੀ ਅਗਵਾਈ ਐਡਵੋਕੇਟ ਸੁਰਿੰਦਰ ਖੀਵਾ ,ਕੇਵਲ ਸਿੰਘ ਹਜ਼ਾਰਾ ,ਗੱਜਣ ਸਿੰਘ ਤਰਸੇਮ ਸਿੰਘ, ਹਰਦੀਪ ਵੱਲੋਂ ਕੀਤੀ ਗਈ। ਬੁਲਾਰਿਆਂ ਨੇ ਜਲੰਧਰ ਦੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਮਾਫੀਆ ਸਰਗਣੇ 'ਤੇ ਡਾਕੇ ਦਾ ਪਰਚਾ ਦਰਜ ਕੀਤਾ ਜਾਵੇ । ਗੁਨਾਹਗਾਰਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ । ਮਾਲ ਬਰਾਮਦ ਕੀਤਾ ਜਾਵੇ । ਉਨ੍ਹਾਂ ਕਿਹਾ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੰਘਰਸ਼ ਨੂੰ ਪੰਜਾਬ ਪੱਧਰ 'ਤੇ ਕੀਤਾ ਜਾਵੇਗਾ । ਪੁਲਸ ਦੇ ਭਰੋਸੇ ਤੋਂ ਬਾਅਦ ਧਰਨੇ ਨੂੰ ਮੁਲਤਵੀ ਕੀਤਾ ਗਿਆ।



## ਨਿੱਜੀ ਹਿੱਤਾਂ ਕਾਰਨ ਨਿਗਮ ਕਮਿਸ਼ਨਰ ਨੂੰ ਨਿਸ਼ਾਨਾ ਬਣਾਉਣਾ ਗਲਤ : ਪਾਠਕ

**ਫਗਵਾੜਾ (ਡਾ. ਰਮਨ)**- ਡਿਪਟੀ ਕਮਿਸ਼ਨਰ ਕਪੂਰਥਲਾ ਦੀ ਹਾਜ਼ਰੀ ਵਿੱਚ ਫਗਵਾੜਾ ਦੇ ਏ.ਡੀ.ਸੀ. ਕਮ ਨਿਗਮ ਕਮਿਸ਼ਨਰ ਡਾ. ਨਯਨ ਜੱਸਲ ਦੇ ਨਾਲ ਆਪ ਪਾਰਟੀ ਦੇ ਇਕ ਆਗੂ ਵਲੋਂ ਬਹਿਸਬਾਜੀ ਤੋਂ ਬਾਅਦ ਨਿਗਮ ਕਮਿਸ਼ਨਰ ਦੇ ਤਬਾਦਲੇ ਦੀ ਮੰਗ ਨੂੰ ਲੈ ਕੇ ਪਾਰਟੀ ਦੇ ਇੱਕ ਧੜੇ ਵੱਲੋਂ ਅਗਲੇ ਹਫ਼ਤੇ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਨੂੰ ਮਿਲਣ ਦਾ ਸਮਾਂ ਲੈਣ ਦੇ ਦਰਮਿਆਨ ਆਪ ਪਾਰਟੀ ਦੇ ਇਕ ਹੋਰ ਸੀਨੀਅਰ ਆਗੂ ਹਰਮੇਸ਼ ਪਾਠਕ ਨੇ ਡਾ: ਨਯਨ ਜੱਸਲ ਨਾਲ ਦੇ ਪੱਖ 'ਚ ਵੱਡਾ ਬਿਆਨ ਦਿੰਦਿਆਂ ਆਪਣੀ ਹੀ ਪਾਰਟੀ ਦੇ ਕੁੱਝ ਆਗੂਆਂ ਨੂੰ ਸ਼ਹਿਰ ਦੇ ਵਿਕਾਸ 'ਚ ਰੁਕਾਵਟ ਦੱਸਿਆ ਹੈ। ਪਾਠਕ ਨੇ ਕਿਹਾ ਕਿ ਫਗਵਾੜਾ ਨਗਰ ਨਿਗਮ 'ਚ ਕਮਿਸ਼ਨਰ ਦਾ ਅਹੁਦਾ ਸੰਭਾਲਣ ਤੋਂ ਬਾਅਦ ਡਾ. ਜੱਸਲ ਲਗਾਤਾਰ ਸ਼ਹਿਰ ਦੇ ਵਿਕਾਸ 'ਚ ਲੱਗੇ ਹੋਏ ਹਨ। ਹਰ ਹਫ਼ਤੇ ਵਾਰਡ ਪੱਧਰ 'ਤੇ ਉਨ੍ਹਾਂ ਵਲੋਂ 'ਮੇਰਾ ਵਾਰਡ ਮੇਰਾ ਮਾਣ' ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਦੇ ਤਹਿਤ ਵਾਰਡਾਂ ਦੀਆਂ ਸਮੱਸਿਆਵਾਂ ਨੂੰ ਤੁਰੰਤ ਹੱਲ ਕੀਤਾ ਜਾ ਰਿਹਾ ਹੈ, ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਜੋ ਆਗੂ ਡਾ. ਨਯਨ ਜੱਸਲ ਦੇ ਤਬਾਦਲੇ ਦੀ ਮੰਗ ਕਰ ਰਹੇ ਹਨ, ਉਹ ਸ਼ਹਿਰ ਦੇ ਵਿਕਾਸ ਵਿੱਚ ਅੜਿੱਕਾ ਨਾ ਬਣਨ।

## ਆਰਤੀ ਸ਼ਰਮਾ ਨੇ ਇਟਲੀ 'ਚ ਜਾ ਕੇ ਕੀਤੀ ਪੀ ਐੱਚ ਡੀ ਦੀ ਡਿਗਰੀ ਹਾਸਲ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਸ੍ਰੀ ਚਮਕੌਰ ਸਾਹਿਬ ਦੀ ਬੇਟੀ ਆਰਤੀ ਸ਼ਰਮਾ ਨੇ ਇਟਲੀ ਵਿਚ ਜਾ ਕੇ ਕੀਤੀ ਪੀ. ਐੱਚ. ਡੀ ਦੀ ਡਿਗਰੀ ਹਾਸਲ। ਆਰਤੀ ਦੇ ਪਿਤਾ ਕ੍ਰਿਸ਼ਨ ਚੰਦ ਗੋਪ ਅਤੇ ਮਾਤਾ ਆਸ਼ਾ ਕੌਸ਼ਲ ਨੇ ਦੱਸਿਆ ਕਿ ਆਰਤੀ ਨੇ ਅਕਤੂਬਰ ਵਿਚ ਫਾਰਮਾਸੂਟੀਕਲ ਬਾਇਟੈਕਨੋਲੋਜੀ ਵਿੱਚ ਡਾਕਟਰ ਆਫ ਮਾਸਟਰ ਡਿਗਰੀ ਹਾਸਲ ਕੀਤੀ। ਇਸ ਦੌਰਾਨ ਇੱਕ ਸਾਲ ਦੀ ਲੈਬ ਰਿਸਰਚ ਵਿੱਚ ਹਿੱਸਾ ਲੈ ਕੇ ਟੀ ਬੀ ਦੀ ਬਿਮਾਰੀ ਉੱਤੇ ਰਿਸਰਚ ਕੀਤੀ ਅਤੇ ਫਿਰ ਡਿਗਰੀ ਉਤਸਵ ਵਿੱਚ ਯੂਨੀਵਰਸਿਟੀ ਆਫ ਮਿਲਾਨ, ਇਟਲੀ, ਦੇ ਕਮਿਸ਼ਨ ਰਿਸਰਚ (ਹੈੱਡ ਆਫ ਕਮਿਸ਼ਨ ਡਾਕਟਰ ਮਾਰਕੋ) ਅਤੇ ਯੋਰਪੀਅਨ ਰਿਸਰਚ ਕਾਊਂਸਲ ਦੇ ਮੈਂਬਰ (ਡਾਕਟਰ ਲੌਰੀਸ) ਜੋ ਕੇ ਆਰਤੀ ਦੇ ਰਿਸਰਚ ਟਿਊਟਰ ਵੀ ਸਨ, ਉਹਨਾਂ ਦੇ ਨਾਲ ਆਪਣੀ ਰਿਸਰਚ ਸਾਂਝੀ ਕਰ ਕੇ ਟੀ ਬੀ ਵਰਗੀ ਬਿਮਾਰੀ ਨੂੰ ਖਤਮ ਕਰਨ ਵਿੱਚ ਬਾਕੀ ਸਾਇੰਸਦਾਨਾਂ ਨਾਲ ਹਿੱਸਾ ਪਾਇਆ ,ਜਿਨ੍ਹਾਂ ਆਰਤੀ ਨੂੰ ਡਾਕਟਰ ਡਿਗਰੀ ਦਿੰਦੇ ਹੋਏ 110/110 ਆਨਰਸ ਅੰਕ ਦਿੱਤੇ। ਇਸ ਦੇ ਨਾਲ ਹੀ ਆਰਤੀ ਨੇ ਪੀ ਐੱਚ ਡੀ ਦਾ ਇੰਟਰਵੀਊ ਪਾਸ ਕਰਦੇ ਹੋਏ ਇਟਲੀ ਦੇ ਸਭ ਤੋਂ ਵੱਡੇ ਕੈਨਸਰ ਇੰਸਟੀਟਊਟ ( ਇੰਸੀਚਿਉਟ ਆਫ ਮੋਲੀਕਿਉਂਲਰ ਆਨਕੋਲੋਜੀ ਆਈ ਐਫ ਓ ਐੱਨ ਮਿਲਾਨ) ਵਿੱਚ ਰੀਸਰਚ ਸਾਇੰਸਦਾਨ ਦੀ ਪੁਜੀਸ਼ਨ ਪ੍ਰਾਪਤ ਕੀਤੀ ਜਿਸ ਦੀ ਸ਼ੁਰੂਆਤ ਨਵੰਬਰ ਤੋਂ ਹੋ ਗਈ ਹੈ।



## ਚੋਰਾਂ ਨੇ ਚਿੱਟੇ ਦਿਨ ਘਰ ਨੂੰ ਬਣਾਇਆ ਨਿਸ਼ਾਨਾ

**ਫਿਲੌਰ (ਨਿਰਮਲ)**- ਫਿਲੌਰ ਦੇ ਨਜ਼ਦੀਕੀ ਪਿੰਡ ਨਗਰ ਵਿਖੇ ਬੀਤੇ ਦਿਨ ਇਕ ਘਰ ਨੂੰ ਚੋਰਾਂ ਨੇ ਚਿੱਟੇ ਦਿਨ ਨਿਸ਼ਾਨਾ ਬਣਾਇਆ ਅਤੇ ਲੱਖਾਂ ਰੁਪਏ ਦੀ ਨਕਦੀ ਸੋਨੇ ਦੇ ਗਹਿਣੇ ਅਤੇ ਹੋਰ ਕੀਮਤੀ ਸਾਮਾਨ ਚੁਰਾ ਕੇ ਲੈ ਗਏ। ਇਸ ਸੰਬੰਧ ਵਿਚ ਜਾਣਕਾਰੀ ਦਿੰਦੇ ਹੋਏ ਘਰ ਦੇ ਮਾਲਕ ਰਾਕੇਸ਼ ਕੁਮਾਰ ਪੁੱਤਰ ਅਸ਼ੋਕ ਕੁਮਾਰ ਵਾਸੀ ਨਵੀਂ ਆਬਾਦੀ ਪਿੰਡ ਨਗਰ ਨੇ ਦੱਸਿਆ ਕਿ ਉਸ ਦਾ ਪੁੱਤਰ ਬਿਮਾਰ ਸੀ। ਫਿਲੌਰ ਵਿਖੇ ਡਾਕਟਰ ਕੋਲ ਲੈ ਕੇ ਗਏ ਸੀ ਪਿੱਛੋਂ ਚੋਰਾਂ ਨੇ ਘਰ ਦੇ ਜਿੰਦਰੇ ਤੋੜ ਕੇ 3 ਸੋਨੇ ਦੀਆਂ ਮੁੰਦਰੀਆਂ, 3 ਚੇਨੀਆਂ, 1 ਜੋੜਾ ਟੌਪਸ ਅਤੇ 20-22 ਹਜ਼ਾਰ ਰੁਪਏ ਦੀ ਨਕਦੀ ਲੈ ਗਏ। ਇਸ ਸੰਬੰਧ ਵਿਚ ਥਾਣਾ ਫਿਲੌਰ ਵਿਖੇ ਇਤਲਾਹ ਦਿੱਤੀ ਤਾਂ ਥਾਣੇਦਾਰ ਗੁਰਨਾਮ ਸਿੰਘ ਮੌਕੇ 'ਤੇ ਪੁੱਜੇ ਅਤੇ ਮੌਕਾ ਦੇਖਿਆ ਅਤੇ ਵਾਰਸਾਂ ਦੇ ਬਿਆਨ ਲਏ।

## ਬਲਦੇਵ ਸਿੰਘ ਖਹਿਰਾ ਨੂੰ ਸਦਮਾ, ਦਾਦਾ ਦਾ ਦੇਹਾਂਤ

**ਫਿਲੌਰ (ਬੀ ਐਸ ਕੈਨੈਡੀ)**- ਹਲਕਾ ਫਿਲੌਰ ਦੇ ਸਾਬਕਾ ਵਿਧਾਇਕ ਬਲਦੇਵ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਦਾਦਾ ਗੁਰਮੀਤ ਸਿੰਘ ਸਾਬਕਾ ਸਰਪੰਚ ਦਾ ਦੇਹਾਂਤ ਹੋ ਗਿਆ। ਉਹਨਾਂ ਦਾ ਅੰਤਿਮ ਸੰਸਕਾਰ ਪਿੰਡ ਖਹਿਰਾ ਵਿਖੇ 6 ਨਵੰਬਰ ਦਿਨ ਐਤਵਾਰ ਦੁਪਹਿਰ 12 ਵਜੇ ਕੀਤਾ ਜਾਵੇਗਾ।

# ਲੁੱਟਖੋਹ ਦਾ ਸ਼ਿਕਾਰ ਹੋਏ ਡਾ. ਰੂਬਲ ਨੇ ਆਮ ਆਦਮੀ ਪਾਰਟੀ ਨੂੰ ਲਿਆ ਲੰਮੇ ਹੱਥੀਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਪਿਸਤੌਲ ਦੇ ਜ਼ੋਰ 'ਤੇ ਲੁੱਟਖੋਹ ਦਾ ਸ਼ਿਕਾਰ ਹੋਏ ਕਾਰੋਬਾਰੀ ਡਾ. ਰੂਬਲ ਨੇ ਸੂਬੇ ਵਿੱਚ ਖਰਾਬ ਮਾਹੌਲ ਨੂੰ ਦੇਖਦਿਆਂ ਪਰਵਾਸੀ ਭਾਰਤੀਆਂ ਨੂੰ ਪੰਜਾਬ ਵਿੱਚ ਪੈਸਾ ਇਨਵੈਸਟ ਕਰਨ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਗੁਜਰਾਤ ਅਤੇ ਹਿਮਾਚਲ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਝਾਂਸੇ ਵਿੱਚ ਨਾ ਆਉਣ ਦੀ ਵੀ ਅਪੀਲ ਕਰ ਦਿੱਤੀ। ਹੁਸ਼ਿਆਰਪੁਰ ਦੇ ਹੋਟਲ ਪ੍ਰੈਜ਼ੀਡੈਂਸੀ ਵਿਚ ਕਰਵਾਈ ਗਈ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਹੋਇਆਂ ਕਾਰੋਬਾਰੀ ਡਾ. ਰੂਬਲ ਨੇ ਦੱਸਿਆ ਕਿ ਉਹ ਵੀਰਵਾਰ ਨੂੰ ਗਗਰੇਟ ਵਿਚ ਆਪਣੀ ਫੈਕਟਰੀ ਰੂਬਲ ਹੈਲਥ ਕੇਅਰ ਤੋਂ ਵਾਪਸ ਪਰਤ ਰਹੇ ਸਨ ਜਦੋਂ ਮੰਗੂਵਾਲ ਨਜ਼ਦੀਕ ਪੰਜਾਬ ਦੀ ਹੱਦ ਵਿਚ ਦਾਖਲ ਹੋਣ ਲੱਗੇ ਤਾਂ ਇਕ ਸਾਈਡ 'ਤੇ ਖੜ੍ਹੀ ਬੁਲੈਰੋ ਗੱਡੀ, ਜਿਸ 'ਤੇ ਪੰਜਾਬ ਸਰਕਾਰ ਦਾ ਲੋਗੋ ਲੱਗਾ ਹੋਇਆ ਸੀ, ਗੱਡੀ ਦੇ ਨਜ਼ਦੀਕ ਖੜ੍ਹੇ ਵਿਅਕਤੀਆਂ ਨੇ ਲਾਲ ਝੰਡਾ ਦੇ ਕੇ ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਜਦੋਂ ਉਨ੍ਹਾਂ ਕਿਸੇ ਸਰਕਾਰੀ ਵਿਭਾਗ ਦੇ ਮੁਲਾਜ਼ਮਾਂ ਦੇ ਭੁਲੇਖੇ ਇਸ਼ਾਰਾ ਮੰਨ ਕੇ ਆਪਣੀ ਗੱਡੀ ਖੜ੍ਹੀ ਕੀਤੀ ਤਾਂ ਉਕਤ ਵਿਅਕਤੀ ਨੇ ਉਨ੍ਹਾਂ ਨੂੰ ਗੱਡੀ ਬੰਦ ਕਰਨ ਲਈ ਕਿਹਾ। ਉਨ੍ਹਾਂ ਦੀ ਗੱਡੀ ਬੰਦ ਕਰਨ ਸਾਰ ਹੀ ਗੱਡੀ ਅਨਲੌਕ ਹੋ ਗਈ ਅਤੇ ਬਾਰੀ ਖੋਲ੍ਹ ਕੇ ਦੂਜੀ ਸਾਈਡ ਤੋਂ ਇਕ ਵਿਅਕਤੀ ਕੰਡਕਟਰ ਸੀਟ 'ਤੇ ਜਾ ਬੈਠਾ ਅਤੇ ਪਿਸਤੌਲ ਕੱਢ ਕੇ ਪੁੜਪੁੜੀ ਨਾਲ ਲਾਉਂਦਿਆਂ ਨਗਦੀ ਤੇ ਸਮਾਨ ਦੀ ਮੰਗ ਕੀਤੀ ਜਿਸ ਤੇ ਉਹ ਘਬਰਾ ਗਏ ਤੇ ਉਨ੍ਹਾਂ ਨੇ ਬੈਗ ਵੱਲ ਇਸ਼ਾਰਾ ਕਰ ਦਿੱਤਾ। ਪਿਸਤੌਲ ਦਿਖਾਉਣ ਵਾਲੇ ਜੈਕੀ ਨੇ ਬੈਗ ਨੂੰ ਖੋਲ੍ਹ ਕੇ ਪਲਟਾ ਦਿੱਤਾ ਤਾਂ ਉਸ ਵਿੱਚੋਂ ਡੇਢ ਲੱਖ ਦੀ ਨਕਦੀ ਕੱਢ ਕੇ ਲੈ ਗਏ। ਇਸ ਸਾਰੀ ਵਾਰਦਾਤ ਨੂੰ ਕੇਵਲ ਡੇਢ ਦੋ ਮਿੰਟਾਂ ਦਾ ਹੀ ਸਮਾਂ ਲੱਗਿਆ। ਡਾ. ਰੂਬਲ ਨੇ ਦੱਸਿਆ ਕਿ ਉਕਤ ਅਣਪਛਾਤੇ ਵਿਅਕਤੀਆਂ ਨੇ ਮਾਸਕ ਲਗਾ ਕੇ ਮੂੰਹ ਢਕਿਆ ਹੋਇਆ ਸੀ ਨੇ ਉਸ ਨੂੰ ਜਾਨੋਂ ਮਾਰ ਦੇਣ ਦੀ ਧਮਕੀ ਦਿੰਦਿਆਂ ਤੁਰੰਤ ਗੱਡੀ ਲੈ ਕੇ ਭੱਜ ਜਾਣ ਲਈ ਕਿਹਾ। ਭਾਵੇਂ ਕਿ ਬਾਅਦ ਵਿਚ ਸੂਚਨਾ ਮਿਲਣ ਤੇ ਪੁਲਸ ਵੀ ਮੌਕੇ 'ਤੇ ਪਹੁੰਚੀ ਅਤੇ ਜਾਂਚ ਪੜਤਾਲ ਕੀਤੀ ਪਰ ਉਹ ਇਸ ਵਾਰਦਾਤ ਨਾਲ ਬਹੁਤ ਡਰ ਗਏ ਹਨ। ਉਨ੍ਹਾਂ ਪੰਜਾਬ ਦੇ ਖਰਾਬ ਹੋਏ ਹਾਲਾਤ ਉਂਗਲੀ ਚੁੱਕਦਿਆਂ ਕਿਹਾ ਕਿ ਜੇਕਰ ਅਜਿਹੇ ਹੀ ਹਾਲਾਤ ਰਹੇ ਤਾਂ ਐਨ.ਆਰ.ਆਈ ਅਤੇ ਕਾਰੋਬਾਰੀ ਵਿਅਕਤੀਆਂ ਨਾਲ ਲੁੱਟਖੋਹ ਅਤੇ ਕਤਲੋ ਗਾਰਤ ਹੁੰਦੀ ਰਹੀ ਤਾਂ ਸੂਬੇ ਵਿੱਚ ਪਰਵਾਸੀ ਭਾਰਤੀਆਂ ਅਤੇ ਦੂਜੇ ਸੂਬਿਆਂ ਤੋਂ ਆਪਣਾ ਸਰਮਾਇਆ ਲਾਉਣ ਵਾਲੇ ਕਾਰੋਬਾਰੀ ਗੁਰੇਜ਼ ਕਰਨਗੇ। ਪੱਤਰਕਾਰਾਂ ਵੱਲੋਂ ਪੁੱਛੇ ਗਏ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਨਾਲ ਜੋ ਵਾਰਦਾਤ ਹੋਈ ਹੈ ਇਸ ਦੀ ਪੜਤਾਲ ਭਾਵੇਂ ਪੁਲਸ ਕਰ ਰਹੀ ਹੈ ਪ੍ਰੰਤੂ ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਸੂਬੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਕੰਟਰੋਲ ਤੋਂ ਬਾਹਰ ਹੋ ਚੁੱਕੀ ਹੈ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਵਾਲੀ ਸਰਕਾਰ ਇਸ ਨੂੰ ਸੰਭਾਲਣ ਤੋਂ ਅਸਮਰੱਥ ਹੈ।



## ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਦੇ ਵਿਦਿਆਰਥੀਆਂ ਨੂੰ ਰਿਲੇਅ ਦੌੜ 'ਚ ਦੂਜਾ ਸਥਾਨ ਹਾਸਲ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੋਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਨੇ ਸਥਾਨਕ ਐਸ ਜੀ ਐਸ ਖਾਲਸਾ ਸ ਿ ਨ ੀ ਅ ਰ ਸੈਕੰਡਰੀ ਸਕੂਲ ਵਿੱਚ ਹੋਈਆਂ ਜ਼ੋਨ ਪੱਧਰ ਦੀਆਂ ਪੰਜਾਬ ਸਕੂਲ ਖੇਡਾਂ ਵਿੱਚ 4*100 ਮੀਟਰ ਰਿਲੇਅ ਵਿੱਚ ਹਿੱਸਾ ਲਿਆ ਜਿਸ ਵਿਚ ਸਕੂਲ ਦੇ ਵਿਦਿਆਰਥੀਆਂ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਪ੍ਰਿੰਸੀਪਲ ਪ੍ਰਵੀਨ ਲਤਾ ਨੇ ਦੱਸਿਆ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀ ਵਿਨੀਤ ਘਈ, ਆਰੀਅਨ ਸ਼ਰਮਾ, ਵਰੁਣ ਕੁਮਾਰ, ਕੰਵਲਪ੍ਰੀਤ ਸਿੰਘ, ਜਤਿਨ ਸੋਨੀ ਅਤੇ ਤੇਜ ਸਿੰਘ ਨੇ ਇਸ ਰਿਲੇਅ ਦੌੜ ਵਿੱਚ ਦੂਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਅਤੇ ਆਪਣੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸ਼ਾਬਾਸ਼ ਦਿੰਦਿਆਂ ਅੱਗੇ ਤੋਂ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਆ। ਪ੍ਰਿੰਸੀਪਲ ਪ੍ਰਵੀਨ ਲਤਾ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਨਰਿੰਦਰਜੀਤ ਕੌਰ, ਗੁਰਿੰਦਰ ਕੌਰ, ਆਂਸ਼ੂ ਸ਼ਰਮਾ, ਨਿਸ਼ਾ ਗਰਗ ਆਦਿ ਹਾਜ਼ਰ ਸਨ।



## ਮਹੰਤ ਲਾਲ ਸਿੰਘ ਯਾਦਗਾਰੀ 3 ਦਿਨਾ ਫੁੱਟਬਾਲ ਤੇ ਵਾਲੀਬਾਲ ਟੂਰਨਾਮੈਂਟ ਦਾ ਪੋਸਟਰ ਜਾਰੀ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ )**-ਮਹੰਤ ਲਾਲ ਸਿੰਘ ਸਪੋਰਟਸ ਕਲੱਬ ਖੁੱਡਾ ਵੱਲੋਂ ਸਾਲਾਨਾ 3 ਦਿਨਾ ਫੁੱਟਬਾਲ ਤੇ ਵਾਲੀਬਾਲ ਟੂਰਨਾਮੈਂਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਦੀ ਗਰਾਊਂਡ ਵਿੱਚ 11 ਤੋਂ 13 ਨਵੰਬਰ ਤੱਕ ਕਰਵਾਇਆ ਜਾਵੇਗਾ। ਸੱਚਖੰਡ ਵਾਸੀ ਮਹੰਤ ਲਾਲ ਸਿੰਘ ਡੇਰਾ ਗੁਰੂਸਰ ਖੁੱਡਾ ਵਾਲਿਆਂ ਦੀ 34ਵੀਂ ਬਰਸੀ ਨੂੰ ਸਮਰਪਿਤ ਫੁੱਟਬਾਲ ਅੰਡਰ 19, ਓਪਨ ਅਤੇ ਵਾਲੀਬਾਲ ਟੂਰਨਾਮੈਂਟ ਦੇ ਸਰਪ੍ਰਸਤ ਮਹੰਤ ਤੇਜਾ ਸਿੰਘ ਮੁੱਖ ਸੇਵਾਦਾਰ ਡੇਰਾ ਗੁਰੂਸਰ ਖੁੱਡਾ ਤੇ ਹੋਰਨਾਂ ਪ੍ਰਬੰਧਕਾਂ ਨੇ ਇਸ ਖੇਡ ਮੇਲੇ ਦਾ ਪੋਸਟਰ ਜਾਰੀ ਕੀਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਪ੍ਰਿੰਸੀਪਲ ਤਰਲੋਕ ਸਿੰਘ,ਪ੍ਰਬੰਧਕ ਲਸ਼ਕਰ ਸਿੰਘ ਖੁੱਡਾ ਅਤੇ ਸੰਤ ਸੁਖਜੀਤ ਸਿੰਘ ਖੁੱਡਾ ਨੇ ਦੱਸਿਆ ਕਿ ਟੂਰਨਾਮੈਂਟ ਦੌਰਾਨ ਫੁੱਟਬਾਲ ਦੀ ਓਪਨ ਜੇਤੂ ਟੀਮ ਨੂੰ 21 ਹਜ਼ਾਰ ਰੁਪਏ ਤੇ ਜੇਤੂ ਟਰਾਫੀ ਤੇ ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 15 ਹਜਾਰ ਰੁਪਏ ਅਤੇ ਯਾਦਗਾਰੀ ਟਰਾਫੀ ਦਿੱਤੀ ਜਾਵੇਗੀ। ਇਸੇ ਤਰ੍ਹਾਂ ਹੀ ਅੰਡਰ 19 ਵਿੱਚ ਜੇਤੂ ਰਹੀ ਟੀਮ ਤੇ ਉਪ ਜੇਤੂ ਟੀਮ ਨੂੰ ਆਕਰਸ਼ਕ ਇਨਾਮ ਦਿੱਤੇ ਜਾਣਗੇ। ਇਸ ਤੋਂ ਇਲਾਵਾ ਵਾਲੀਬਾਲ ਦੇ ਓਪਨ ਜੇਤੂ ਟੀਮ ਨੂੰ 21 ਹਜਾਰ ਰੁਪਏ ਅਤੇ ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 11 ਹਜਾਰ ਰੁਪਏ ਭੇਟ ਦਿੱਤੇ ਜਾਣਗੇ। ਇਸ ਮੌਕੇ ਸਰਪੰਚ ਜਸਵੀਰ ਸਿੰਘ ਖੁੱਡਾ, ਗੁਰਦੀਪ ਸਿੰਘ ਖੁੱਡਾ, ਹਰਪ੍ਰੀਤ ਸਿੰਘ, ਪ੍ਰਦੀਪ ਸਿੰਘ, ਨਰਿੰਦਰ ਸਿੰਘ, ਪੁਨੀਤ ਬਿੰਦੀ, ਲਵਪ੍ਰੀਤ, ਹਰੀਸ਼ ,ਨੀਰਜ ਸਾਹਿਲ, ਸੁਰਿੰਦਰ ਸਿੰਘ, ਗੁਰਮੁਖ ਸਿੰਘ, ਸਤਨਾਮ ਸਿੰਘ ਵੀ ਮੌਜੂਦ ਸਨ।



# ਸੁਰਜੀਤ ਹਾਕੀ ਟੂਰਨਾਮੈਂਟ 'ਚ ਭਾਰਤੀ ਰੇਲਵੇ ਨੇ ਖਿਤਾਬ 'ਤੇ ਕੀਤਾ ਕਬਜ਼ਾ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਭਾਰਤੀ ਰੇਲਵੇ ਨੇ ਇੰਡੀਅਨ ਆਇਲ ਮੁੰਬਈ ਨੂੰ 3-1 ਦੇ ਫਰਕ ਨਾਲ ਹਰਾ ਕੇ 39ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦਾ ਖਿਤਾਬ ਆਪਣੇ ਨਾਂਅ ਕੀਤਾ। ਉਲੰਪੀਅਨ ਸੁਰਜੀਤ ਸਟੇਡੀਅਮ ਜਲੰਧਰ ਵਿਖੇ ਸਮਾਪਤ ਹੋਏ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਪੰਜ ਲੱਖ ਰੁਪਏ ਨਕਦ ਅਤੇ ਜੇਤੂ ਟਰਾਫੀ ਅਤੇ ਉਪ ਜੇਤੂ ਨੂੰ 2.51 ਲੱਖ ਰੁਪਏ ਨਕਦ ਅਤੇ ਉਪ ਜੇਤੂ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਭਾਰਤੀ ਰੇਲਵੇ ਦੇ ਗੁਰਸਾਹਿਬ ਸਿੰਘ ਨੂੰ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਐਲਾਨਿਆ ਗਿਆ, ਉਸ ਨੂੰ 51000 ਰੁਪਏ ਨਕਦ ਨਾਲ ਸਨਮਾਨਤ ਕੀਤਾ ਗਿਆ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਪਿਯੂਸ਼ ਮਿੱਤਲ ਚੀਫ ਜਨਰਲ ਮੈਨੇਜਰ ਇੰਡੀਅਨ ਆਇਲ ਨੇ ਕੀਤੀ। ਭਾਰਤੀ ਰੇਲਵੇ ਨੇ ਇਹ ਟਰਾਫੀ ਤੀਸਰੀ ਵਾਰ ਹਾਸਲ ਕੀਤੀ ਹੈ। ਪਿਛਲੇ ਸਾਲ ਵੀ ਭਾਰਤੀ ਰੇਲਵੇ ਨੇ ਖਿਤਾਬ ਆਪਣੇ ਨਾਂਅ ਕੀਤਾ ਸੀ। ਇੰਡੀਅਨ ਆਇਲ ਦੇ ਸਾਹਿਲ ਨੂੰ ਉਭਰਦਾ ਖਿਡਾਰੀ ਐਲਾਨਿਆ ਗਿਆ, ਉਸ ਨੂੰ 31000 ਰੁਪਏ ਨਕਦ ਨਾਲ ਸਨਮਾਨਤ ਕੀਤਾ ਗਿਆ। ਫਾਈਨਲ ਮੈਚ ਤੋਂ ਪਹਿਲਾਂ ਪੰਜਾਬ ਗਾਇਕ ਕੁਲਵਿੰਦਰ ਬਿੱਲਾ ਨੇ ਪੰਜਾਬੀ ਗਾਣਿਆਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਤੋਂ ਬਾਅਦ ਸਕੂਲੀ ਬੱਚੀਆਂ ਨੇ ਗਿੱਧੇ ਰਾਹੀਂ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਕੀਤੀ। ਜੇਤੂ ਟੀਮ ਦਾ ਪੰਜ ਲੱਖ ਦਾ ਨਕਦ ਇਨਾਮ ਅਮੋਲਕ ਸਿੰਘ ਗਾਖਲ (ਅਮਰੀਕਾ) ਵਲੋਂ ਸਪਾਂਸਰ ਕੀਤਾ ਗਿਆ ਜਦਕਿ 2.51 ਲੱਖ ਰੁਪਏ ਦਾ ਨਕਦ ਇਨਾਮ ਬਲਵਿੰਦਰ ਸਿੰਘ ਸੈਣੀ (ਜਰਮਨੀ) ਵਲੋਂ ਸਪਾਂਸਰ ਕੀਤਾ ਗਿਆ ਜਦਕਿ ਸਰਵੋਤਮ ਖਿਡਾਰੀ ਦਾ 51 ਹਜ਼ਾਰ ਰੁਪਏ ਦਾ ਇਨਾਮ ਰਣਬੀਰ ਸਿੰਘ ਰਾਣਾ ਟੁੱਟ ਵਲੋਂ ਸਪਾਂਸਰ ਕੀਤਾ ਗਿਆ। ਦਰਸ਼ਕਾਂ ਲਈ ਆਲਟੋ ਕਾਰ ਮਰਵਾਹਾ ਆਟੋਜ਼ ਵਲੋਂ ਸਪਾਂਸਰ ਕੀਤੀ ਗਈ। ਫਾਈਨਲ ਮੁਕਾਬਲਾ ਬਹੁਤ ਤੇਜ਼ ਗਤੀ ਨਾਲ ਖੇਡਿਆ ਗਿਆ। ਖੇਡ ਦੇ 17ਵੇਂ ਮਿੰਟ ਵਿੱਚ ਭਾਰਤੀ ਰੇਲਵੇ ਦੇ ਅੰਤਰਰਾਸ਼ਟਰੀ ਖਿਡਾਰੀ ਯੁਵਰਾਜ ਵਾਲਮੀਕ ਨੇ ਮੈਦਾਨੀ ਗੋਲ ਕਰਕੇ ਸਕੋਰ 1-0 ਕੀਤਾ। ਅੱਧੇ ਸਮੇਂ ਤੱਕ ਭਾਰਤੀ ਰੇਲਵੇ 1-0 ਨਾਲ ਅੱਗੇ ਸੀ। ਅੱਧੇ ਸਮੇਂ ਤੋਂ ਬਾਅਦ 33ਵੇਂ ਮਿੰਟ ਵਿੱਚ ਇੰਡੀਅਨ ਆਇਲ ਦੇ ਸੁਮਿਤ ਕੁਮਾਰ ਨੇ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲ ਕੇ ਬਰਾਬਰੀ ਕੀਤੀ। ਖੇਡ ਦੇ 51ਵੇਂ ਮਿੰਟ ਵਿੱਚ ਭਾਰਤੀ ਰੇਲਵੇ ਦੇ ਸ਼ੀਸ਼ ਗੋੜਾ ਨੇ ਮੈਦਾਨੀ ਗੋਲ ਕਰਕੇ ਸਕੋਰ 2-1 ਕੀਤਾ। ਖੇਡ ਦੇ 59ਵੇਂ ਮਿੰਟ ਵਿੱਚ ਭਾਰਤੀ ਰੇਲਵੇ ਦੇ ਅੰਤਰਰਾਸ਼ਟਰੀ ਖਿਡਾਰੀ ਗੁਰਸਾਹਿਬ ਸਿੰਘ ਨੇ ਗੋਲ ਕਰਕੇ ਸਕੋਰ 3-1 ਕੀਤਾ। ਫਾਈਨਲ ਮੈਚ ਤੋਂ ਪਹਿਲਾਂ ਮੁੱਖ ਮਹਿਮਾਨ ਪਿਯੂਸ਼ ਮਿੱਤਲ ਜਨਰਲ ਮੈਨੇਜਰ ਇੰਡੀਅਨ ਆਇਲ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ। ਇਸ ਮੌਕੇ ਆਸ਼ੂ ਮਰਵਾਹਾ, ਸੁਰਿੰਦਰ ਸਿੰਘ ਭਾਪਾ, ਗੁਰਵਿੰਦਰ ਸਿੰਘ ਗੁਲੂ, ਇਕਬਾਲ ਸਿੰਘ ਸੰਧੂ, ਰਣਬੀਰ ਸਿੰਘ ਰਾਣਾ ਟੁੱਟ, ਲਖਵਿੰਦਰ ਪਾਲ ਸਿੰਘ ਖਹਿਰਾ, ਐਲ ਆਰ ਨਈਅਰ, ਤਰਲੋਕ ਸਿੰਘ ਭੁੱਲਰ (ਕੈਨੇਡਾ), ਬਲਜੀਤ ਰੰਧਾਵਾ, ਰਾਜਨ ਬੇਰੀ ਇੰਡੀਅਨ ਆਇਲ, ਅਮੋਲਕ ਸਿੰਘ ਗਾਖਲ, ਰਮਣੀਕ ਸਿੰਘ ਰੰਧਾਵਾ, ਕਸ਼ਮੀਰ ਸਿੰਘ ਧੁੱਗਾ,ਅਵਤਾਰ ਸਿੰਘ ਤਾਰੀ,ਕੈਮ ਗਿੱਲ, ਇੰਦਰਜੀਤ ਗਿੱਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



# ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ

**ਜਲੰਧਰ, (ਰਾਜੇਸ਼ ਥਾਪਾ)**

ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਡਾ. ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਸਭਾ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਦੱਸਿਆ ਕਿ ਪੰਜਾਬ ਦੀਆਂ ਖੰਡ ਮਿੱਲਾਂ ਨੂੰ ਸਰਕਾਰ ਵੱਲੋਂ ਵਾਅਦੇ ਮੁਤਾਬਕ ਚਲਾਉਣ ਦੀ ਮੰਗ ਨੂੰ ਲੈ ਕੇ 11ਨਵੰਬਰ ਨੂੰ ਐਸ ਡੀ ਐਮ ਨੂੰ ਮੰਗ ਪੱਤਰ ਦਿੱਤੇ ਜਾਣਗੇ। ਸਾਥੀ ਸੰਧੂ ਨੇ ਦੱਸਿਆ ਕੇ ਖੇਤੀ ਵਿਰੋਧੀ ਤਿੰਨ ਕਾਲੇ ਕਾਨੂੰਨਾਂ ਵਿਰੁੱਧ ਚਲ ਰਹੇ ਸੰਘਰਸ਼ ਦੇ ਦਬਾਅ ਸਦਕਾ 19 ਨਵੰਬਰ 2021 ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਸੀ ਅਤੇ ਪਾਰਲੀਮੈਂਟ ਦੇ ਇਜਲਾਸ ਵਿੱਚ ਰੱਦ ਕਰ ਦਿੱਤੇ ਸਨ ਜੋ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਸੀ। ਇਸ ਮੌਕੇ ਮੋਰਚੇ ਦੇ ਸੱਦੇ 'ਤੇ ਪੰਜਾਬ ਭਰ ਵਿੱਚ ਦਿੱਲੀ ਮੋਰਚਾ ਫਤਿਹ ਦਿਵਸ ਦੇ ਰੂਪ ਵਿੱਚ ਮਨਾਉਂਦਿਆਂ ਘਰਾਂ ਉਪਰ ਦੀਪਮਾਲਾ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਕਿਸਾਨ ਅੰਦੋਲਨ ਦੇ ਦਿੱਲੀ ਕੂਚ ਦੀ ਵਰ੍ਹੇਗੰਢ ਤੇ ਚੰਡੀਗੜ੍ਹ ਵਿਖੇ ਰਾਜ ਭਵਨ ਵੱਲ ਮਾਰਚ ਵਿੱਚ ਪੰਜਾਬ ਭਰ ਵਿੱਚੋਂ ਹਜ਼ਾਰਾਂ ਕਿਸਾਨ ਸ਼ਾਮਲ ਹੋਣਗੇ ਅਤੇ ਪੰਜਾਬ ਦੇ ਗਵਰਨਰ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ ਜਾਵੇਗਾ। ਇਸੇ ਤਰੀਕੇ ਨਾਲ ਪੰਜਾਬ ਸਰਕਾਰ ਨੂੰ ਪੰਜਾਬ ਨਾਲ ਸੰਬੰਧਤ ਕਿਸਾਨ ਮਸਲਿਆਂ ਦਾ ਮੰਗ ਪੱਤਰ ਭੇਜਿਆ ਜਾਵੇਗਾ। ਕਿਸਾਨ ਸਭਾ ਦੇ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਡੀ ਏ ਪੀ ਖਾਦ ਦੀ ਘਾਟ ਕਾਰਨ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਫਸਲਾਂ ਦੀ ਬਿਜਾਈ ਲੇਟ ਹੋ ਰਹੀ ਹੈ। ਕਿਸਾਨ ਆਗੂਆਂ ਨੇ ਜੀ ਐਮ ਸਰੋਂ ਸਮੇਤ ਫਸਲਾਂ ਪੈਦਾ ਕਰਨ ਦੀ ਇਜਾਜ਼ਤ ਦੇਣ ਲਈ ਸਰਕਾਰ ਦੀ ਨਿੰਦਾ ਕਰਦਿਆਂ ਮੰਗ ਕੀਤੀ ਕਿ ਇਸ ਤੇ ਤੁਰੰਤ ਰੋਕ ਲਾਈ ਜਾਵੇ।ਮੀਟਿੰਗ ਨੂੰ ਸੂਬਾਈ ਆਗੂ ਮਾਸਟਰ ਰਘਬੀਰ ਸਿੰਘ ਪਕੀਵਾਂ, ਰਘਬੀਰ ਸਿੰਘ ਬੈਨੀਪਾਲ, ਮੋਹਨ ਸਿੰਘ ਧਮਾਣਾ, ਜਸਵਿੰਦਰ ਸਿੰਘ ਢੇਸੀ, ਮੁਖਤਾਰ ਸਿੰਘ ਮੱਲਾ,ਮਾ. ਦਲਜੀਤ ਸਿੰਘ ਦਿਆਲਪੁਰਾ, ਮਨੋਹਰ ਸਿੰਘ ਗਿੱਲ, ਮੱਖਣ ਸਿੰਘ ਕੋਹਾੜ, ਹਰਜੀਤ ਸਿੰਘ ਕਲਾਨੌਰ,ਅਮਰੀਕ ਸਿੰਘ ਫਫੜੇ ਭਾਈਕੇ , ਡਾ. ਗੁਰਮੇਜ ਸਿੰਘ ਤਿੰਮੋਵਾਲ ਆਦਿ ਆਗੂਆਂ ਨੇ ਸੰਬੋਧਨ ਕੀਤਾ।



## 21 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ

**ਜਲੰਧਰ (ਸੁਰਿੰਦਰ ਕੁਮਾਰ)** ਜਲੰਧਰ ਵਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਵੱਲੋਂ ਲਗਾਏ ਗਏ ਪਲੇਸਮੈਂਟ ਕੈਂਪ ਵਿੱਚ 21 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ ਕੀਤੀ ਗਈ। ਇਸ ਸਬੰਧੀ ਵਧੇਰੇ ਜਾਣਕਾਰੀ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਣਜੀਤ ਕੌਰ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਐਸ.ਆਈ.ਐਸ. ਸਕਿਓਰਿਟੀਜ਼ ਵੱਲੋਂ ਸ਼ਿਰਕਤ ਕੀਤੀ ਗਈ ਅਤੇ 37 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 21 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ ਕੀਤੀ ਗਈ ਹੈ। ਰਣਜੀਤ ਕੌਰ ਨੇ ਕਿਹਾ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਿੱਚ ਡੀ.ਬੀ.ਈ.ਈ. ਵੱਲੋਂ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ, ਜਿਸ ਦੇ ਲਈ ਸਮੇਂ-ਸਮੇਂ 'ਤੇ ਕੈਂਪ ਵੀ ਲਗਾਏ ਜਾਂਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਰੋਜਗਾਰ ਦੇ ਵਧੇਰੇ ਮੌਕਿਆਂ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਸੰਪਰਕ ਕਰਨ ਲਈ ਕਿਹਾ। ਵਧੇਰੇ ਜਾਣਕਾਰੀ ਲਈ ਦਫਤਰ ਦੇ ਹੈਲਪਲਾਈਨ ਨੰ. 90569-20100 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਪ੍ਰਸ਼ਾਸਨ ਵੱਲੋਂ ਐਲਗਰਾਂ ਹਾਦਸੇ ਦੇ ਪੀੜਤ ਪਰਵਾਰ ਨਾਲ ਦੁੱਖ ਪ੍ਰਗਟ, ਸਹਾਇਤਾ ਦਾ ਦਿੱਤਾ ਭਰੋਸਾ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਬੀਤੀ ਰਾਤ ਇਥੋਂ ਨੇੜਲੇ ਪਿੰਡ ਐਲਗਰਾਂ ਵਿਚ ਮਿਹਨਤ ਮਜਦੂਰੀ ਕਰਨ ਵਾਲੇ ਇੱਕ ਪਰਵਾਰ ਦੀ ਝੁੱਗੀ ਨੂੰ ਅਚਾਨਕ ਅੱਗ ਲੱਗ ਜਾਣ ਨਾਲ ਹੋਏ ਜਾਨੀ ਮਾਲੀ ਨੁਕਸਾਨ ਦਾ ਜਾਇਜ਼ਾ ਲੈਣ ਲਈ ਪਹੁੰਚੇ ਨਾਇਬ ਤਹਿਸੀਲਦਾਰ ਨੂਰਪੁਰ ਬੇਦੀ ਰਿਤੂ ਕਪੂਰ ਨੇ ਪ੍ਰਸ਼ਾਸ਼ਨ ਵੱਲੋ ਪਰਵਾਰ ਦੀ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ ਹੈ। ਨਾਇਬ ਤਹਿਸੀਲਦਾਰ ਨੇ ਦੱਸਿਆ ਕਿ ਬੀਤੀ ਰਾਤ ਇਥੋਂ ਨੇੜਲੇ ਪਿੰਡ ਐਲਗਰਾਂ ਵਿਚ ਮਿਹਨਤ ਮਜਦੂਰੀ ਕਰਨ ਵਾਲੇ ਪਰਵਾਰ ਦੀ ਝੁੱਗੀ ਨੂੰ ਅਚਾਨਕ ਅੱਗ ਲੱਗ ਗਈ। ਇਥੇ ਮਹੁੰਮਦ ਸਲੀਮ ਖਰਾਤੂ ਵਾਸੀ ਪਿੰਡ ਮਲਕਪੁਰ ਥਾਣਾ ਖਵਾੜਾ ਜ਼ਿਲ੍ਹਾ ਮੁਰਾਦਾਬਾਦ ਯੂਪੀ ਹਾਲ ਵਾਸੀ ਸੁਵਾੜਾ ਆਪਣੀ ਪਤਨੀ ਨਾਜਮਾ ਅਤੇ ਤਿੰਨ ਬੱਚਿਆਂ ਨਾਲ ਰਹਿੰਦਾ ਸੀ। ਅਚਾਨਕ ਝੁੱਗੀ ਨੂੰ ਅੱਗ ਲੱਗ ਗਈ ਤੇ ਜਦੋਂ ਪਰਵਾਰ ਬਾਹਰ ਆਇਆ ਤਾਂ ਅਠਾਰਾ ਮਹੀਨੇ ਦਾ ਬੱਚਾ ਰਹੀਮ ਅੰਦਰ ਹੀ ਰਹਿ ਗਿਆ ਜਿਸ ਉਤੇ ਅੱਗ ਲੱਗੀ ਝੁੱਗੀ ਡਿਗ ਗਈ ਅਤੇ ਉਸ ਦੀ ਮੌਤ ਹੋ ਗਈ। ਉਨ੍ਹਾਂ ਨੇ ਪੀੜਤ ਪਰਵਾਰ ਦੇ ਰਿਸ਼ਤੇਦਾਰਾਂ ਨਾਲ ਮੁਲਾਕਾਤ ਕੀਤੀ ਅਤੇ ਦੁੱਖ ਸਾਂਝਾ ਕੀਤਾ ਅਤੇ ਪ੍ਰਸ਼ਾਸਨ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਜਖਮੀਆਂ ਦਾ ਇਲਾਜ ਕਰਨ ਦੇ ਹੁਕਮ ਦਿੱਤੇ ਹਨ। ਐਸ.ਐਚ.ਓ ਨੂਰਪੁਰ ਬੇਦੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਜਦੋਂ ਉਨ੍ਹਾਂ ਨੂੰ ਅੱਗ ਲੱਗਣ ਦੀ ਸੂਚਨਾ ਮਿਲੀ ਤਾਂ ਕਲਵਾਂ ਚੌਕੀ ਇੰਚਾਰਜ ਅਤੇ ਉਹ ਘਟਨਾ ਸਥਾਨ 'ਤੇ ਪਹੁੰਚੇ, ਫਾਇਰ ਬਿਗ੍ਰੇਡ ਦੀ ਗੱਡੀ ਨੇ ਮੌਕੇ ਤੇ ਪਹੁੰਚ ਕੇ ਅੱਗ ਬੁਝਾਈ। ਉਨ੍ਹਾਂ ਨੇ ਕਿਹਾ ਕਿ ਪਰਵਾਰ ਦੀ ਇੱਕ ਲੜਕੀ ਭਾਈ ਜੈਤਾ ਜੀ ਸਿਵਲ ਹਸਪਤਾਲ ਜੇਰੇ ਇਲਾਜ ਹੈ ਜਦੋ ਕਿ ਨਜਮਾ ਪਤਨੀ ਮਹੁੰਮਦ ਸਲੀਮ ਨੂੰ ਚੰਡੀਗੜ੍ਹ ਰੈਫਰ ਕੀਤਾ ਗਿਆ ਹੈ।

# ਪਹਿਲੀ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ



**ਫਿਲੌਰ (ਨਿਰਮਲ)**

ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554 ਵੇ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿਚ ਅੱਜ ਫਿਲੌਰ ਦੀਆਂ ਸਮੂਹ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸ੍ਰੀ ਤਖਤਗੜ੍ਹ ਸਾਹਿਬ ਫਿਲੌਰ ਤੋਂ ਕੱਢਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਿਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ, ਬੜੇ ਸੁਚੱਜੇ ਢੰਗ ਨਾਲ ਸਜਾਈ ਗਈ ਸੀ। ਨਗਰ ਕੀਰਤਨ ਵਿੱਚ ਭਾਰੀ ਗਿਣਤੀ ਵਿਚ ਸੰਗਤਾਂ ਪੁੱਜੀਆਂ ਅਤੇ ਗੁਰੂ ਜੀ ਦੀ ਮਹਿਮਾ ਦਾ ਗੁਣਗਾਨ ਕਰ ਰਹੀਆਂ ਸਨ। ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਫਿਲੌਰ ਆਮ ਆਦਮੀ ਪਾਰਟੀ ਆਪਣੇ ਸਾਥੀਆਂ ਨਾਲ ਗੁਰੂ ਘਰ ਨਤਮਸਤਕ ਹੋਏ। ਇਸ ਮੌਕੇ ਗੁਰਦੇਵ ਸਿੰਘ,ਪਰਦੀਪ ਸਿੰਘ ਦੁਸਾਂਝ, ਮਤਵਿੰਦਰ ਸਿੰਘ ਸਿੰਘ ਚੱਢਾ,ਅਮਰੀਕ ਸਿੰਘ ਵਿਰਦੀ, ਮਹਿੰਗਾ ਸਿੰਘ, ਬੀਬੀ ਕੁਲਵਿੰਦਰ ਕੌਰ, ਬੀਬੀ ਰਵਿੰਦਰ ਕੌਰ, ਬੀਬੀ ਮੋਹਣੀ ਬੇਦੀ ਅਤੇ ਹੋਰ ਸ਼ਾਮਲ ਸਨ। ਨਗਰ ਕੀਰਤਨ ਥਾਂ ਥਾਂ ਭਰਵਾਂ ਸਵਾਗਤ ਸੰਗਤਾਂ ਵੱਲੋਂ ਕੀਤਾ ਗਿਆ, ਲੰਗਰ ਲਗਾਏ ਗਏ । ਸੰਗਤਾਂ ਗੁਰੂ ਜੀ ਦੀ ਮਹਿਮਾ ਦਾ ਗੁਣਗਾਨ ਕਰ ਰਹੀਆਂ ਸਨ। ਪ੍ਰਦੀਪ ਸਿੰਘ ਦੁਸਾਂਝ ਵੱਲੋਂ ਸਭਨਾਂ ਦਾ ਭਰਪੂਰ ਸਹਿਯੋਗ ਦੇਣ 'ਤੇ ਧੰਨਵਾਦ ਕੀਤਾ ਗਿਆ।

# ਸਿਹਤ ਕਾਮਿਆਂ ਵੱਲੋਂ ਡੇਂਗੂ ਸੰਬੰਧੀ ਸਰਵੇ ਤੇ ਲੋਕਾਂ ਨੂੰ ਕੀਤਾ ਜਾਗਰੂਕ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਅਧੀਨ ਵੱਖ-ਵੱਖ ਪਿੰਡਾਂ ਵਿੱਚ ਹੈਲਥ ਵਰਕਰਾਂ ਵੱਲੋਂ ਲੋਕਾਂ ਨੂੰ ਡੇਂਗੂ ਸੰਬੰਧੀ ਜਾਗਰੂਕ ਕੀਤਾ ਗਿਆ ਅਤੇ ਮੌਕੇ ਤੇ ਕੂਲਰਾਂ, ਕੰਟੇਨਰਾਂ, ਟੁੱਟੇ ਭੱਜੇ ਭਾਂਡਿਆ ਆਦਿ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਰਵਿੰਦਰ ਸਿੰਘ ਹੈਲਥ ਸੁਪਰਵਾਈਜ਼ਰ ਨੇ ਕਿਹਾ ਕਿ ਨੈਸ਼ਨਲ ਵੈਕਟਰ ਬੋਰਨ ਡਜ਼ੀਜ਼ ਕੰਟਰੋਲ ਪ੍ਰੋਗਰਾਮ ਅਧੀਨ ਡੇਂਗੂ ਸਬੰਧੀ ਸਰਵੇ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਨਾ ਹੋਣ ਦੇਣ ਜਿਥੇ ਪਾਣੀ ਖੜ੍ਹਾ ਹੈ ਉਥੇ ਕਾਲੇ ਤੇਲ ਦਾ ਛਿੜਕਾਅ ਕੀਤਾ ਜਾਵੇ, ਕਿਉਂਕਿ ਸਾਫ ਪਾਣੀ ਜਿਨ੍ਹਾ ਥਾਂਵਾ ਤੇ ਖੜ੍ਹਾ ਹੋਵੇਗਾ ਉਥੇ ਡੇਂਗੂ ਦੇ ਮੱਛਰ ਦਾ ਲਾਰਵਾ ਪਨਪ ਸਕਦਾ ਹੈ। ਇਸ ਮੌਕੇ ਤੇ ਲਖਵੀਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਨੇ ਕਿਹਾ ਕਿ ਜੇਕਰ ਕਿਸੀ ਵਿਅਕਤੀ ਨੂੰ ਤੇਜ ਸਿਰ ਦਰਦ ਤੇ ਤੇਜ਼ ਬੁਖਾਰ ਹੋਵੇ,ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ ਹੋਵੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਜੀ ਕੱਚਾ ਹੋਣਾ ਅਤੇ ਉਲਟੀਆਂ ਲੱਗਣਾ ਹਾਲਤ ਖਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਆਦਿ ਲੱਛਣ ਹੋਣ ਤਾਂ ਇਹ ਡੇਂਗੂ ਦੇ ਲੱਛਣ ਹੋ ਸਕਦੇ ਹਨ। ਇਸ ਲਈ ਸਰਕਾਰੀ ਹਸਪਤਾਲ ਵਿੱਚ ਜਾ ਕੇ ਡਾਕਟਰ ਤੋਂ ਆਪਣਾ ਮੁਆਇਨਾ ਕਰਵਾ ਕੇ ਟੈਸਟ ਕਰਵਾਉਣਾ ਚਾਹੀਦਾ ਹੈ। ਡੇਂਗੂ ਦਾ ਮੱਛਰ ਕੂਲਰਾਂ ਵਿੱਚ, ਪਾਣੀ ਦੀਆਂ ਟੈਕੀਆਂ ਵਿੱਚ, ਗਮਲਿਆਂ ਵਿੱਚ, ਟੁੱਟੇ-ਭੱਜੇ/ਸੁੱਟੇ ਭਾਂਡਿਆਂ ਅਤੇ ਟਾਇਰਾਂ ਆਦਿ ਵਿੱਚ ਖੜ੍ਹੇ ਸਾਫ ਪਾਣੀ ਵਿੱਚ ਪਲਦਾ ਹੈ। ਇਸ ਲਈ ਆਪਣੇ ਆਲੇ-ਦੁਆਲੇ ਸਫਾਈ ਰੱਖੀ ਜਾਵੇ। ਇਸ ਮੌਕੇ 'ਤੇ ਅਮਰੀਕ ਸਿੰਘ, ਪਰਦੀਪ ਕੁਮਾਰ ਮਲਟੀਪਰਪਜ਼ ਹੈਲਥ ਵਰਕਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

## ਇਕੋ ਦਿਨ ਅੱਧੀ ਦਰਜਨ ਚੋਰੀਆਂ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** - ਵੀਰਵਾਰ ਕਸਬੇ 'ਚ ਚੋਰਾਂ ਨੇ ਅੱਧੀ ਦਰਜਨ ਥਾਵਾਂ ਨੂੰ ਨਿਸ਼ਾਨਾ ਬਣਾਇਆ। ਦੁਪਹਿਰੇ ਕਰੀਬ 11 ਵਜੇ ਲੋਹੀਆਂ ਦੇ ਸਭ ਤੋਂ ਭੀੜ ਵਾਲੇ ਇਲਾਕੇ 'ਚ ਸਥਿਤ ਕੈਪੀਟਲ ਬੈਂਕ ਅੰਦਰ ਇਕ ਵਿਅਕਤੀ ਦੀ ਜੇਬ 'ਚੋਂ ਕਰੀਬ 12-15 ਸਾਲ ਦੇ ਬੱਚੇ ਨੇ ਹੀ 2000 ਰੁਪਏ ਕੱਢ ਲਏ। ਦੂਜੀ ਘਟਨਾ ਦੁਪਹਿਰ ਕਰੀਬ 2 ਵਜੇ ਲੋਹੀਆਂ ਨਾਲ ਪੈਂਦੇ ਪਿੰਡ ਸਾਬੂਵਾਲ ਦੇ ਵਸਨੀਕ ਗੁਰਜੀਤ ਸਿੰਘ ਜੀਤੀ ਦੇ ਘਰ ਹੋਈ, ਜਿਸ ਸਮੇਂ ਚੋਰਾਂ ਵੱਲੋਂ ਘਟਨਾ ਨੂੰ ਅੰਜਾਮ ਦਿੱਤਾ ਗਿਆ, ਉਦੋਂ ਪਰਵਾਰ ਘਰੋਂ ਬਾਹਰ ਸੀ। ਕਰੀਬ ਢਾਈ ਤੋਲੇ ਸੋਨਾ ਤੇ ਨਕਦੀ 'ਤੇ ਹੱਥ ਸਾਫ ਕਰ ਲਿਆ। ਇਸ ਤੋਂ ਇਲਾਵਾ ਨਗਰ ਕੀਰਤਨ ਦੌਰਾਨ ਸੇਵਾਦਾਰਾਂ ਅਤੇ ਸੰਗਤ ਦੇ ਬਟੂਏ ਅਤੇ ਨਗਦ ਰਾਸ਼ੀ ਚੋਰੀ ਕਰ ਲਈ ਗਈ। ਇਨ੍ਹਾਂ ਘਟਨਾਵਾਂ ਸਬੰਧੀ ਜਦ ਥਾਣਾ ਮੁਖੀ ਸੁਰਜੀਤ ਸਿੰਘ ਪੱਡਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਰੇ ਸਬੂਤਾਂ ਤੇ ਸੀਸੀਟੀਵੀ ਨੂੰ ਵਾਚਦੇ ਹੋਏ ਘਟਨਾ ਦੀ ਤਹਿ ਤਕ ਜਾਇਆ ਜਾਵੇਗਾ ਅਤੇ ਦੋਸੀਆਂ ਨੂੰ ਜਲਦ ਹੀ ਫੜਿਆ ਜਾਵੇਗਾ।

## ਮਾਹਿਲਪੁਰ-ਕੋਟ ਫਤੂਹੀ ਸੜਕ ਦੀ ਸਰਕਾਰ ਨਹੀਂ ਲੈ ਰਹੀ ਸਾਰ

**ਮਾਹਿਲਪੁਰ (ਸਫਰੀ)** ਕੋਟ- ਜੇਜੋਂ ਸੜਕ ਦੀ ਖਸਤਾ ਹਾਲਤ ਨੂੰ ਲੈ ਕੇ ਮਾਹਿਲਪੁਰ ਸਮੇਤ ਆਪ-ਪਾਸ ਪਿੰਡਾਂ ਇਲਾਕਾ ਨਿਵਾਸੀ ਦੇ ਪ੍ਰਮੁੱਖ ਸ਼ਖ਼ਸੀਅਤਾਂ ਦੀ ਮੀਟਿੰਗ ਇਕਬਾਲ ਸਿੰਘ ਖੇੜਾ ਦੀ ਅਗਵਾਈ 'ਚ ਹੋਈ। ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਮਾਹਿਲਪੁਰ-ਕੋਟ ਫਤੂਹੀ ਸੜਕ ਸਰਕਾਰਾਂ ਦੇ ਧਿਆਨ 'ਚ ਲਿਆਉਣ ਅਤੇ ਦੋ ਮਹੀਨੇ ਪਹਿਲਾਂ ਕੀਤੀ ਡਿਪਟੀ ਸਪੀਕਰ ਨਾਲ ਮੀਟਿੰਗ ਦੇ ਬਾਵਜੂਦ ਇਹ ਸੜਕ ਬਣਨੀ ਤਾਂ ਇੱਕ ਪਾਸੇ ਸਗੋਂ ਇਸ ਦੀ ਰਿਪੇਅਰ ਕਰਨ ਸਰਕਾਰ ਜਰੂਰੀ ਨਹੀ ਸਮਝਦੀ। ਉਨ੍ਹਾਂ ਦੱਸਿਆ ਕੁੰਭਕਰਨੀ ਸੁੱਤੀ ਸਰਕਾਰ ਨੂੰ ਜਗਾਉਣ ਲਈ 14 ਨਵੰਬਰ ਨੂੰ ਇਲਾਕਾ ਨਿਵਾਸੀਆਂ ਵਲੋਂ ਬੱਬਰਾਂ ਦੀ ਧਰਤੀ ਕੋਟ ਫਤੂਹੀ ਤੋ ਗੁਰਦੁਆਰਾ ਸ਼ਹੀਦਾਂ ਲੱਧੇਵਾਲ ਮਾਹਿਲਪੁਰ ਪੈਦਲ ਮਾਰਚ ਕਰਦੇ ਹੋਏ ਰੋਸ ਮਾਰਚ ਕੀਤਾ ਜਾਵੇਗਾ ਅਤੇ ਮਾਹਿਲਪੁਰ ਵਿਖੇ ਚੱਕਾ ਜਾਮ ਕਰਕੇ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਰਛਪਾਲ ਸਿੰਘ ਲਾਲੀ ,ਜਗਮੋਹਣ ਸਿੰਘ ਹਵੇਲੀ, ਪਰਮਜੀਤ ਸਿੰਘ ਬਾਹੋਵਾਲ, ਹੈਪੀ ਸਿੰਘ ਬੈਂਸ, ਤਰਸੇਮ ਸਿੰਘ ਗਣੇਸ਼ਪੁਰ, ਸਰਵਿੰਦਰ ਸਿੰਘ ਠੀਡਾਂ, ਅਸ਼ੋਕ ਰਾਣਾ ਸਾਬਕਾ ਕੰਸਲਰ, ਚਮਨ ਲਾਲ ਖੇੜਾ, ਅਮਰਜੀਤ ਸਿੰਘ ਜਾਂਗਣੀਵਾਲ, ਸੰਜੀਵ ਪਚਨੰਗਲਾ, ਪਰਮਜੀਤ ਪੰਜੋੜ ਹਰਜਿੰਦਰ ਸਿੰਘ ਖੇੜਾ, ਹਰਦੀਪ ਸਿੰਘ ਬਾਹੋਵਾਲ, ਰਾਮਜੀ ਖੇੜਾ, ਮਨਦੀਪ ਸਿੰਘ ਕੋਟ, ਲੱਖਾ ਸਿੰਘ ਪਾਲਦੀ, ਜਸਕਮਲ ਸਿੰਘ ਢਾਡਾ ਕਲਾਂ, ਨੰਬਰਦਾਰ ਪਰਮਜੀਤ ਸਿੰਘ ਰੱਕੜ, ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਖੇਡਾਂ ਨਾਲ ਹੁੰਦਾ ਹੈ ਸ਼ਖਸੀਅਤ ਦਾ ਸਰਵਪੱਖੀ ਵਿਕਾਸ: ਸ਼ੈਲੇਂਦਰ ਠਾਕੁਰ

**ਟਾਂਡਾ ਉੜਮੁੜ , (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਸਰਕਾਰੀ ਕਾਲਜ ਟਾਂਡਾ ਦੇ ਖੇਡ ਮੈਦਾਨ ਵਿੱਚ ਚਲ ਰਹੇ ਜਿਲ੍ਹਾ ਐਥਲੈਟਿਕ ਚੈਂਪੀਅਨਸ਼ਿਪ ਵਿੱਚ ਤੀਜੇ ਦਿਨ ਦੀਆਂ ਖੇਡਾਂ ਦਾ ਉਦਘਾਟਨ ਪ੍ਰਿੰ. ਸ਼ੈਲੇਂਦਰ ਠਾਕੁਰ ਇੰਚਾਰਜ ਸਿੱਖਿਆ ਸੁਧਾਰ ਟੀਮ ਵੱਲੋਂ ਕੀਤਾ ਗਿਆ। ਉਨ੍ਹਾਂ ਇਸ ਕਿਹਾ ਕਿ ਖੇਡਾਂ ਨਾਲ ਵਿਅਕਤੀ ਦੀ ਸ਼ਖਸੀਅਤ ਦਾ ਸਰਵਪੱਖੀ ਵਿਕਾਸ ਹੁੰਦਾ ਹੈ ਅਤੇ ਵਿਦਿਆਰਥੀਆਂ ਲਈ ਖੇਡਾਂ ਵਿੱਚ ਭਾਗ ਲੈਣ ਨਾਲ ਉਨ੍ਹਾਂ ਦੀ ਪ੍ਰਤਿਭਾ ਵਿੱਚ ਹੋਰ ਨਿਖਾਰ ਆਉਂਦਾ ਹੈ। ਜਿਕਰਯੋਗ ਹੈ ਕਿ ਇਹ ਟੂਰਨਾਮੈਂਟ ਗੁਰਸ਼ਰਨ ਸਿੰਘ ਜਿਲ੍ਹਾ ਸਿੱਖਿਆ ਅਫ਼ਸਰ ਪ੍ਰਧਾਨ ਜਿਲ੍ਹਾ ਟੂਰਨਾਮੈਂਟ ਕਮੇਟੀ ਦੀ ਪ੍ਰਧਾਨਗੀ ਅਤੇ ਧੀਰਜ ਵਸਿਸ਼ਟ ਉਪ ਜਿਲ੍ਹਾ ਸਿੱਖਿਆ ਅ਼ਫਸਰ ਅਤੇ ਦਲਜੀਤ ਸਿੰਘ ਡੀ.ਐਮ.ਸਪੋਰਟਸ ਦੀ ਨਿਗਰਾਨੀ ਹੇਠ ਕਰਵਾਇਆ ਜਾ ਰਿਹਾ ਹੈ । ਇਸ ਮੌਕੇ ਸਮਰਜੀਤ ਸਿੰਘ ਜ਼ਿਲ੍ਹਾ ਮੀਡੀਆ ਕੁਆਡੀਨੇਟਰ, ਯੋਗੇਸ਼ਵਰ ਸਲਾਰੀਆ ਸੋਸਲ ਮੀਡੀਆ ਕੁਆਡੀਨੇਟਰ, ਬਲਜਿੰਦਰ ਕੌਰ ਬੀ.ਐਸ.ਓ, ਸਰਬਜੀਤ ਕੌਰ, ਊਸ਼ਾ ਦੇਵੀ, ਰਾਜਵਿੰਦਰ ਕੌਰ, ਜਸਵੀਰ ਕੌਰ, ਪਰਮਜੀਤ ਕੌਰ, ਕਸ਼ਮੀਰ ਕੌਰ, ਕੁਲਵਿੰਦਰ ਕੌਰ, ਸੁਮਨਦੀਪ ਕੌਰ, ਰਜਨੀ ਦੇਵੀ, ਪਰਵਿੰਦਰ ਕੌਰ, ਬਲਵੀਰ ਸਿੰਘ, ਪਰਮਿੰਦਰ ਸਿੰਘ, ਕੁਲਵਿੰਦਰ ਸਿੰਘ, ਉਂਕਾਰ ਸਿੰਘ, ਜਤਿੰਦਰਪਾਲ ਸਿੰਘ, ਇੰਦਰਜੀਤ ਸਿੰਘ, ਦੀਪਕ ਸੋਧੀ, ਗੁਰਚਰਨ ਸਿੰਘ, ਲਖਵੀਰ ਸਿੰਘ ਆਦਿ ਹਾਜਰ ਸਨ। ਮੁਕਾਬਲਿਆਂ ਵਿੱਚ ਲੰਬੀ ਛਾਲ (ਲੜਕੀਆਂ) ਅੰਡਰ-14 ਵਿੱਚ ਵੰਸ਼ਿਕਾ ਸ.ਹ.ਸ ਬਿੱਸੋ ਚੱਕ (ਦਸੂਹਾ) ਨੇ ਪਹਿਲਾ ਸਥਾਨ ਹਾਸਿਲ ਕੀਤਾ ਜਦਕਿ ਚਰਨਜੀਤ ਕੌਰ ਸ.ਸ.ਸ.ਸ ਨਾਰੂ ਨੰਗਲ ਨੇ ਤੀਸਰਾ ਅਤੇ ਪ੍ਰਭਜੋਤ ਕੌਰ ਸ.ਹ.ਸ ਦੇਹਰੀਵਾਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਲੰਬੀ ਛਾਲ (ਲੜਕੀਆਂ) ਅੰਡਰ-17 ਵਿੱਚ ਅਰਨਪ੍ਰੀਤ ਕੌਰ ਔਕਸਫੋਰਡ ਇੰਟਰਨੈਸ਼ਨਲ ਸਕੂਲ ਜਿਆਣ (ਮਹਿਲਪੁਰ) ਨੇ ਪਹਿਲਾ ਜਦਕਿ ਨੀਰੂ ਸ.ਪ.ਸ. ਭੰਗਾਲਾ ਨੇ ਦੂਸਰਾ ਸਥਾਨ ਅਤੇ ਕੋਮਲ ਸ.ਸ.ਸ.ਸ ਮਹਿਲਾਂਵਾਲੀ ਸ਼ੇਰਗੜ੍ਹ ਜੋਨ ਨੇ ਤੀਸਰਾ ਸਥਾਨ ਹਾਸਿਲ ਕੀਤਾ। 1500 ਮੀਟਰ ਦੌੜ (ਲੜਕੀਆਂ) ਅੰਡਰ-17 ਵਿੱਚ ਸਿਮਰਨ ਸ.ਸ.ਸ.ਸਕੂਲ ਧੁੱਗਾ ਕਲਾਂ (ਗੜ੍ਹਦੀਵਾਲਾ) ਨੇ ਪਹਿਲਾ ਜਦਕਿ ਗੀਤਿਕਾ ਸ਼ਰਮਾ ਸ.ਸ.ਸ.ਸ ਬਸੀ ਬਜੀਦ (ਹਰਿਆਣਾ) ਨੇ ਦੂਸਰਾ ਅਤੇ ਬਲਪ੍ਰੀਤ ਕੌਰ ਸ.ਸ.ਸ.ਸ ਉੜਮੁੜ ਟਾਂਡਾ (ਟਾਂਡਾ-1)ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 1500 ਮੀਟਰ ਦੌੜ (ਲੜਕੀਆਂ) ਅੰਡਰ-19 ਵਿੱਚ ਪਲਕ ਪ੍ਰਮਾਰ ਸ.ਸ.ਸ.ਸ ਪਲਾਹੜ(ਤਲਵਾੜਾ) ਨੇ ਪਹਿਲਾ ਸਥਾਨ ਹਾਸਿਲ ਕੀਤਾ ਜਦਕਿ ਹਰਪ੍ਰੀਤ ਕੌਰ ਜੇ.ਸੀ.ਕੇ.ਸ.ਸ.ਸਕੂਲ ਚੱਕ ਅੱਲਾ ਬਖ਼ਸ਼ (ਮੁਕੇਰੀਆਂ) ਨੇ ਦੂਸਰਾ ਸਥਾਨ ਅਤੇ ਅਨੂੰ ਸ.ਸ.ਸ.ਸ ਖੜਿਆਲਾ ਸੈਣੀਆ (ਹਰਿਆਣਾ) ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਹ ਜਾਣਕਾਰੀ ਦਲਜੀਤ ਸਿੰਘ ਡੀ. ਐਮ. ਸਪੋਰਟਸ ਨੇ ਦਿੱਤੀ।

# ਹਰ ਸਿਹਤ ਕੇਂਦਰ ਵਿਚ ਟੀ ਬੀ ਦਾ ਮੁਫਤ ਇਲਾਜ: ਡਾ. ਪ੍ਰੀਤ ਮੋਹਿੰਦਰ ਸਿੰਘ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਟੀ ਬੀ ਲਾ ਇਲਾਜ ਬਿਮਾਰੀ ਨਹੀ ਹੈ ਅਤੇ ਇਸ ਦਾ ਇਲਾਜ ਜ਼ਿਲ੍ਹੇ ਦੇ ਹਰ ਸਿਹਤ ਕੇਂਦਰ ਵਿੱਚ ਸਰਕਾਰ ਵੱਲੋਂ ਮੁਫਤ ਕੀਤਾ ਜਾਂਦਾ ਹੈ। ਇਹ ਜਾਣਕਾਰੀ ਸਾਂਝੀ ਕਰਦੇ ਸਿਵਲ ਸਰਜਨ ਡਾ. ਪ੍ਰੀਤ ਮੋਹਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਇਸ ਸਮੇਂ 1559 ਮਰੀਜ਼ ਹਨ ਜਿਨ੍ਹਾਂ ਦਾ ਟੀ ਬੀ ਦਾ ਇਲਾਜ ਚੱਲ ਰਿਹਾ ਹੈ, ਜਿਨ੍ਹਾਂ ਵਿੱਚੋਂ 24 ਕੇਸ ਐਮ ਡੀ ਆਰ ਟੀ ਬੀ ਦੇ ਹਨ। ਤਪਦਿਕ ਦੇ ਖਾਤਮੇ ਲਈ ਸਰਕਾਰ ਵੱਲੋਂ 2025 ਤੱਕ ਦੇਸ਼ ਨੂੰ ਟੀ ਬੀ ਮੁਕਤ ਕਰਨ ਦਾ ਟੀਚਾ ਰੱਖਿਆ ਹੈ ਅਤੇ ਇਸ ਨੂੰ ਹਾਸਲ ਕਰਨ ਲਈ ਇਕ ਜਨ ਅੰਦੋਲਨ ਦੀ ਜ਼ਰੂਰਤ ਹੈ ਜਿਸ ਵਿੱਚ ਸਰਕਾਰ ਦੇ ਨਾਲ ਨਾਲ ਆਮ ਲੋਕਾਂ ਦਾ ਸਹਿਯੋਗ ਵੀ ਬਹੁਤ ਜ਼ਰੂਰੀ ਹੈ। ਡਾ. ਪ੍ਰੀਤ ਮੋਹਿੰਦਰ ਸਿੰਘ ਨੇ ਦੱਸਿਆ ਕਿ ਹਰ ਇਕ ਟੀ ਬੀ ਮਰੀਜ਼ ਨੂੰ ਜੋ ਸਰਕਾਰੀ ਸੰਸਥਾ 'ਤੇ ਰਜਿਸਟਰਡ ਹਨ ਅਤੇ ਉਹਨਾਂ ਨੂੰ ਸਰਕਾਰ ਵੱਲੋਂ ਇਲਾਜ ਦੌਰਾਨ 500 ਰੁਪਏ ਪੌਸ਼ਟਿਕ ਖੁਰਾਕ ਲਈ ਹਰ ਮਹੀਨੇ ਦਿੱਤੇ ਜਾਂਦੇ ਹਨ ਤਾਂ ਜੋ ਮਰੀਜ਼ ਤੰਦਰੁਸਤ ਅਤੇ ਸਿਹਤਮੰਦ ਹੋ ਸਕੇ। ਉਨ੍ਹਾਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਪਦਿਕ ਦੇ ਸਹੀ ਅਤੇ ਜਲਦੀ ਜਾਂਚ ਲਈ ਪੰਜਾਬ ਦੇ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਬਲਗਮ ਦੀ ਜਾਂਚ, ਛਾਤੀ ਦਾ ਐਕਸਰੇ, ਸੀ ਬੀ ਨੋਟ ਮਸ਼ੀਨ ਅਤੇ ਟਰੂਨੋਟ ਮਸ਼ੀਨਾਂ ਰਾਹੀਂ ਟੀ ਬੀ ਬਿਮਾਰੀ ਦੇ ਟੈਸਟ ਅਤੇ ਇਲਾਜ ਬਿਲਕੁਲ ਮੁਫਤ ਹਨ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵੀ ਜ਼ਿਲ੍ਹਾ ਹਸਪਤਾਲ, ਸਬ ਡਵੀਜ਼ਨਲ ਹਸਪਤਾਲਾਂ ਅਤੇ ਸਮੁਦਾਇਕ ਸਿਹਤ ਕੇਂਦਰ ਪੱਧਰ ਤੇ ਕੁੱਲ 16 ਮਾਈਕ੍ਰੋਸਕੋਪਿਕ ਸੈਂਟਰ ਹਨ, ਜਿੱਥੇ ਮਰੀਜ਼ਾਂ ਦੇ ਬਲਗਮ ਦੀ ਜਾਂਚ ਕੀਤੀ ਜਾਂਦੀ ਹੈ।

# ਕਿਸਾਨ ਕਣਕ ਦੀ ਬਿਜਾਈ ਬੀਜ ਨੂੰ ਸੋਧ ਕੇ ਹੀ ਕਰਨ : ਡਾ. ਬਲਬੀਰ ਚੰਦ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**- ਕਣਕ ਦੀ ਬਿਜਾਈ ਤੋਂ ਪਹਿਲਾਂ ਬੀਜ ਨੂੰ ਸੋਧਣਾ ਬਹੁਤ ਜ਼ਰੂਰੀ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਬਲਬੀਰ ਚੰਦ ਮੁੱਖ ਖੇਤੀਬਾੜੀ ਅਫਸਰ ਕਪੂਰਥਲਾ ਨੇ ਬਲਾਕ ਸੁਲਤਾਨਪੁਰ ਲੋਧੀ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰਨ ਦੌਰਾਨ ਕੀਤਾ । ਉਨ੍ਹਾਂ ਨੇ ਪਿੰਡ ਸ਼ਾਹਵਾਲਾ ਅੰਦਰੀਸਾ ਵਿੱਚ ਕਿਸਾਨ ਜਸਵਿੰਦਰ ਸਿੰਘ ਦੇ ਖੇਤਾਂ ਵਿੱਚ ਮਲਚਿੰਗ ਤਕਨੀਕ ਨਾਲ ਬੀਜੀ ਜਾ ਰਹੀ ਕਣਕ ਦਾ ਨਿਰੀਖਣ ਵੀ ਕੀਤਾ। ਇਸ ਮੌਕੇ ਪਰਮਿੰਦਰ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ ਸੁਲਤਾਨਪੁਰ ਲੋਧੀ ਨੇ ਦੱਸਿਆ ਕਿ ਬਲਾਕ ਵਿੱਚ ਤਕਰੀਬਨ 45 ਪਰਸੈਂਟ ਰਕਬੇ ਵਿੱਚ ਕਣਕ ਦੀ ਬਿਜਾਈ ਹੋ ਚੁੱਕੀ ਹੈ। ਡਾ. ਜਸਪਾਲ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਪ੍ਰੇਰਿਤ ਕੀਤਾ। ਮੁੱਖ ਖੇਤੀਬਾੜੀ ਅਫ਼ਸਰ ਕਪੂਰਥਲਾ ਨੇ ਬਲਾਕ ਦੇ ਵੱਖ ਵੱਖ ਪਿੰਡਾਂ ਵਿੱਚ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਕੀਤੇ ਜਾ ਰਹੇ ਕੰਮਾਂ ਦਾ ਨਿਰੀਖਣ ਵੀ ਕੀਤਾ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਕਪੂਰਥਲਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਨਾ ਲਾਉਣ ਸਗੋਂ ਖਾਦ ਵਜੋਂ ਖੇਤਾਂ ਵਿੱਚ ਹੀ ਵਾਹੁਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਹਰੇਕ ਬਲਾਕ ਪੱਧਰ ਤੇ ਕਸਟਮ ਹਾਇਰਿੰਗ ਸੈਂਟਰ ਸਥਾਪਤ ਕੀਤਾ ਗਿਆ ਹੈ, ਜਿਸ ਵਿੱਚ ਹਰੇਕ ਬਲਾਕ ਵਿਚ ਦੋ ਸੁਪਰ ਸੀਡਰ ਦਿੱਤੇ ਗਏ ਹਨ। ਛੋਟੇ ਕਿਸਾਨ ਆਪਣੇ ਬਲਾਕ ਦੇ ਖੇਤੀਬਾੜੀ ਅਫਸਰ ਨਾਲ ਸੰਪਰਕ ਕਰਕੇ ਸੁਪਰ ਸੀਡਰ ਲੈ ਕੇ ਖੇਤਾਂ ਵਿੱਚ ਕਣਕ ਦੀ ਬਿਜਾਈ ਕਰ ਸਕਦੇ ਹਨ। ਇਸ ਮੌਕੇ ਉਨ੍ਹਾਂ ਨਾਲ ਡਾ. ਅਸ਼ਵਨੀ ਕੁਮਾਰ ਖੇਤੀਬਾੜੀ ਅਫਸਰ ਸੁਲਤਾਨਪੁਰ ਲੋਧੀ ਡਾ. ਐੱਸ ਪੀ ਐੱਸ ਭਰੋਤ ਖੇਤੀਬਾੜੀ ਅਫਸਰ ਕਪੂਰਥਲਾ, ਡਾਕਟਰ ਪਰਮਿੰਦਰ ਕੁਮਾਰ ਅਤੇ ਖੇਤੀਬਾੜੀ ਵਿਭਾਗ ਦਾ ਸਟਾਫ ਹਾਜ਼ਰ ਸੀ।

## ਹਿੰਦੂ ਨੇਤਾਵਾਂ 'ਤੇ ਵਧ ਰਹੇ ਹਮਲਿਆਂ ਕਾਰਨ ਪੰਜਾਬ ਦਾ ਮਾਹੌਲ ਖਰਾਬ ਹੋ ਰਿਹਾ: ਮਿੱਕੀ ਪੰਡਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**-ਸ਼ਿਵ ਸੈਨਾ ਟਕਸਾਲੀ ਦੇ ਰਾਸ਼ਟਰੀ ਪ੍ਰਧਾਨ ਸੁਧੀਰ ਕੁਮਾਰ ਸੂਰੀ 'ਤੇ ਅੰਮ੍ਰਿਤਸਰ ਵਿਖੇ ਦਿਨ ਦਿਹਾੜੇ ਸ਼ਰੇਆਮ ਅਤਿਵਾਦੀਆਂ ਵੱਲੋਂ ਜਾਨਲੇਵਾ ਹਮਲਾ ਕਰਕੇ ਜਾਨੋਂ ਮਾਰ ਦੇਣ ਦੇ ਰੋਸ ਵਜੋਂ ਅੱਜ ਸ਼ਿਵ ਸੈਨਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਸ਼ਿਵਮ ਵੈਦ ਅਤੇ ਜ਼ਿਲ੍ਹਾ ਚੇਅਰਮੈਨ ਵਿਕਾਸ ਜਸਰਾ ਦੀ ਅਗਵਾਈ ਵਿੱਚ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸ਼ਿਵ ਸੈਨਾ ਉੱਤਰ ਭਾਰਤ ਦੇ ਪ੍ਰਧਾਨ ਮਿੱਕੀ ਪੰਡਿਤ, ਦੋਆਬਾ ਪ੍ਰਧਾਨ ਰਾਹੁਲ ਖੰਨਾ ਅਤੇ ਅਖਿਲ ਵਾਲਮੀਕਿ ਧਰਮ ਸਮਾਜ ਪੰਜਾਬ ਦੇ ਚੇਅਰਮੈਨ ਗਗਨ ਭੱਟੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਮਿੱਕੀ ਪੰਡਿਤ ਨੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਹਿੰਦੂ ਦੇਵੀ ਦੇਵਤਿਆਂ ਦੇ ਹੋ ਰਹੇ ਅਨਾਦਰ ਦੇ ਖ਼ਿਲਾਫ਼ ਅੱਜ ਸ਼ਿਵ ਸੈਨਾ ਟਕਸਾਲੀ ਦੇ ਰਾਸ਼ਟਰੀ ਪ੍ਰਧਾਨ ਸੁਧੀਰ ਕੁਮਾਰ ਸੂਰੀ ਆਪਣੇ ਸਾਥੀਆਂ ਸਮੇਤ ਮਜੀਠਾ ਰੋਡ 'ਤੇ ਸਥਿਤ ਗੋਪਾਲ ਮੰਦਰ ਅੰਮ੍ਰਿਤਸਰ ਵਿਖੇ ਰੋਸ ਪ੍ਰਦਰਸ਼ਨ ਕਰਦੇ ਹੋਏ ਉੱਥੇ ਪਹੁੰਚ ਕੇ ਧਰਨੇ ਵਾਲੇ ਸਥਾਨ 'ਤੇ ਬੈਠੇ ਸਨ ਤਾਂ ਅਤਿਵਾਦੀਆਂ ਵੱਲੋਂ ਉਨ੍ਹਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ, ਜਿਸ ਕਾਰਨ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਪੁਲਿਸ ਮੌਕੇ ਤੇ ਮੌਜੂਦ ਸੀ ਫਿਰ ਵੀ ਅਜਿਹੀ ਘਟਨਾ ਨੂੰ ਅੰਜਾਮ ਦੇ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਪਹਿਲਾਂ ਵੀ ਹਿੰਦੂ ਨੇਤਾ ਸੂਰੀ ਨੂੰ ਕਈ ਵਾਰ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ ਜਾ ਚੁੱਕੀਆਂ ਸਨ ਪਰ ਆਪ ਸਰਕਾਰ ਨੇ ਉਨ੍ਹਾਂ ਦੀ ਹਿਫ਼ਾਜ਼ਤ ਲਈ ਕੋਈ ਠੋਸ ਪ੍ਰਬੰਧ ਨਹੀਂ ਕੀਤਾ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਹਿੰਦੂ ਨੇਤਾ ਸੂਰੀ ਦੇ ਅਸਲੀ ਕਾਤਲਾਂ ਨੂੰ ਜਲਦ ਗ੍ਰਿਫ਼ਤਾਰ ਨਾ ਕੀਤਾ ਅਤੇ ਹਿੰਦੂ ਨੇਤਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਚਿਤ ਕਾਰਵਾਈ ਨਹੀਂ ਕੀਤੀ ਤਾਂ ਸ਼ਿਵ ਸੈਨਾ ਪੰਜਾਬ ਸਰਕਾਰ ਖਿਲਾਫ ਸੰਘਰਸ਼ ਦਾ ਬਿਗੁਲ ਵਜਾ ਕੇ ਰੋਡ ਜਾਮ ਅਤੇ ਪੁਤਲੇ ਫੂਕ ਪ੍ਰਦਰਸ਼ਨ ਕਰੇਗੀ। ਇਸ ਮੌਕੇ ਜਿੰਦਰ ਬਨਿਆਲ, ਵਿਵੇਕ ਵਿਜਨ, ਸੁਧਾਸ਼ੂ ਮਲਹੋਤਰਾ, ਹਰਜੀਤ ਸਿੰਘ, ਯੋਵਨ, ਸ਼ੁਭਮ ਮਲਹੋਤਰਾ, ਫੌਜੀ, ਵਿਸ਼ਾਲ ਅਤੇ ਹੋਰ ਸ਼ਿਵ ਸੈਨਾ ਵਰਕਰ ਹਾਜ਼ਰ ਸਨ।

6-NOV-PAGE-8.qxd 11/5/2022 10:48 PM Page 1



# ਪੈਟਰੋਲ ਪੰਪ ਬੰਦ ਕਰਕੇ ਪਾਤੜਾਂ-ਪਟਿਆਲਾ ਸੜਕ 'ਤੇ ਕੀਤੀ ਆਵਾਜਾਈ ਠੱਪ

## ਪੈਟਰੋਲ ਪੰਪ ਮਾਲਕਾਂ 'ਤੇ ਦਰਜ ਝੂਠਾ ਕੇਸ ਵਾਪਸ ਲੈਣ ਦੀ ਮੰਗ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਪੈਸਿਆਂ ਦੇ ਲੈਣ-ਦੇਣ ਦੇ ਮਾਮਲੇ ਨੂੰ ਲੈ ਕੇ ਪੈਟਰੋਲ ਪੰਪ ਤੇ ਟਰਾਲਿਆਂ ਦੇ ਮਾਲਕਾਂ ਵਿੱਚ ਚੱਲ ਰਹੇ ਆਪਸੀ ਵਿਵਾਦ ਦੇ ਚੱਲਦਿਆਂ ਪਾਤੜਾਂ ਪੁਲਸ ਵੱਲੋਂ ਪੈਟਰੋਲ ਪੰਪ ਮਾਲਕਾਂ ਵਿਰੁੱਧ ਦਰਜ ਕੀਤੇ ਗਏ ਕੇਸ ਦੇ ਵਿਰੋਧ ਵਿੱਚ ਪੈਟਰੋਲੀਅਮ ਡੀਲਰ ਐਸੋਸੀਏਸ਼ਨ ਪਾਤੜਾਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸਹਿਯੋਗ ਨਾਲ ਇਲਾਕੇ ਦੇ ਸਾਰੇ ਪੈਟਰੋਲ ਪੰਪ ਬੰਦ ਕਰਕੇ ਪਾਤੜਾਂ-ਪਟਿਆਲਾ ਮੁੱਖ ਮਾਰਗ ਉੱਤੇ ਆਵਾਜਾਈ ਠੱਪ ਕਰਕੇ ਰੋਹ ਭਰਪੂਰ ਵਿਖਾਵਾ ਕੀਤਾ ਗਿਆ। ਕਈ ਘੰਟੇ ਲੱਗੇ ਇਸ ਜਾਮ ਕਰਕੇ ਮੁੱਖ ਸੜਕ 'ਤੇ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਈ। ਪੁਲਸ ਵੱਲੋਂ ਪਾਤੜਾਂ-ਪਟਿਆਲਾ ਸੜਕ 'ਤੇ ਲੰਘਣ ਵਾਲੀ ਆਵਾਜਾਈ ਨੂੰ ਪਿੰਡਾਂ ਦੀਆਂ ਲਿੰਕ ਸੜਕਾਂ ਰਸਤੇ ਤਬਦੀਲ ਕਰਨਾ ਪਿਆ। ਜਾਮ ਦਾ ਪਤਾ ਲੱਗਦਿਆਂ ਹੀ ਡੀ ਐੱਸ ਪੀ ਪਾਤੜਾਂ ਗੁਰਦੀਪ ਸਿੰਘ ਦਿਓਲ ਸਮੇਤ ਪਾਤੜਾਂ ਤੇ ਘੱਗਾ ਥਾਨਿਆਂ ਦੀ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਜਾਮ ਖੁੱਲ੍ਹਵਾਉਣ ਦੀ ਕੋਸ਼ਿਸ਼ ਕੀਤੀ, ਪਰ ਪੈਟਰੋਲੀਅਮ ਡੀਲਰ ਐਸੋਸੀਏਸ਼ਨ ਦੇ ਆਗੂ ਸੰਕੇਤ ਫਿਲਿੰਗ ਸਟੇਸ਼ਨ ਮਾਲਕਾਂ ਵਿਰੁੱਧ ਦਰਜ ਕੀਤੇ ਗਏ ਪੁਲਸ ਕੇਸ ਨੂੰ ਰੱਦ ਕਰਨ ਦੀ ਜ਼ਿੱਦ 'ਤੇ ਅੜੇ ਰਹੇ। ਦੇਰ ਸ਼ਾਮ ਪੁਲਸ ਦੇ ਉੱਚ ਅਧਿਕਾਰੀਆਂ ਵੱਲੋਂ ਦਿੱਤੇ ਭਰੋਸੇ ਮਗਰੋਂ ਜਾਮ ਖੋਲ੍ਹੇ ਜਾਣ ਮਗਰੋਂ ਆਵਾਜਾਈ ਬਹਾਲ ਹੋ ਸਕੀ।

ਰੋਸ ਪ੍ਰਦਰਸ਼ਨ ਕਰ ਰਹੇ ਪੈਟਰੋਲੀਅਮ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਹਰਪਾਲ ਸਿੰਘ ਸ਼ਾਹੀ, ਸੁਖਵਿੰਦਰ ਸਿੰਘ, ਅਮਰਨਾਥ ਕਾਰਜ ਸਿੰਘ ਬੱਬੂ ਤੇ ਬੌਬੀ ਗੁਪਤਾ ਨੇ ਦੱਸਿਆ ਕਿ ਸੰਕੇਤ ਫੀਲਿੰਗ ਸਟੇਸ਼ਨ ਦਫਤਰੀਵਾਲਾ ਤੋਂ ਦੇਵੀ ਦਿਆਲ ਨਾਮ ਦਾ ਟਰਾਲਾ ਮਾਲਕ ਆਪਣੇ ਟਰਾਲਿਆਂ ਵਿੱਚ ਪਿਛਲੇ ਕਈ ਦਿਨਾਂ ਤੋਂ ਡੀਜ਼ਲ ਤੇਲ ਪੁਆ ਰਿਹਾ ਸੀ, ਜਿਸ ਦੇ ਬਦਲੇ ਕੀਤੇ ਗਏ ਹਿਸਾਬ-ਕਿਤਾਬ ਮੁਤਾਬਕ ਦਸ ਬਾਰਾਂ ਲੱਖ ਰੁਪਏ ਦਾ ਲੈਣਾ ਬਣਦਾ ਸੀ, ਪਰ ਬੁੱਧਵਾਰ ਨੂੰ ਜਦੋਂ ਟਰਾਲੇ ਦਾ ਡਰਾਈਵਰ ਮੁੜ ਤੇਲ ਪਵਾਉਣ ਗਿਆ ਤਾਂ ਪੈਟਰੋਲ ਪੰਪਾਂ ਦੇ ਮਾਲਕਾਂ ਨੇ ਪੈਸਿਆਂ ਦੀ ਮੰਗ ਕੀਤੀ, ਜਿਸ 'ਤੇ ਟਰਾਲੇ ਦਾ ਡਰਾਈਵਰ ਆਪਣੀ ਮਰਜ਼ੀ ਨਾਲ ਟਰਾਲਾ ਉੱਥੇ ਰੋਕ ਕੇ ਚਲਾ ਗਿਆ, ਪਰ ਵੀਰਵਾਰ ਨੂੰ ਕੁਝ ਸ਼ਿਵ ਸੈਨਿਕਾਂ ਵੱਲੋਂ ਸ਼ਹਿਰ ਵਿੱਚ ਆਵਾਜਾਈ ਰੋਕੇ ਜਾਣ 'ਤੇ ਦਬਾਅ ਦੇ ਚੱਲਦਿਆਂ ਪੁਲਸ ਨੇ ਪੈਟਰੋਲ ਪੰਪ ਦੇ ਮਾਲਕਾਂ ਵਿਰੁੱਧ ਝੂਠਾ ਪੁਲਸ ਕੇਸ ਦਰਜ ਕਰ ਦਿੱਤਾ ਸੀ।

ਮਾਮਲੇ ਸਬੰਧੀ ਡੀਐੱਸਪੀ ਪਾਤੜਾਂ ਗੁਰਦੀਪ ਸਿੰਘ ਦਿਓਲ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਟਰਾਲਾ ਮਾਲਕਾਂ ਦੀ ਸ਼ਿਕਾਇਤ ਉੱਤੇ ਕੇਸ ਦਰਜ ਕੀਤਾ ਗਿਆ ਸੀ। ਪੁਲਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰ ਰਹੀ ਹੈ। ਦੋਸ਼ੀ ਪਾਏ ਜਾਣ ਵਾਲਿਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਨਿੱਝਰ ਤੇ ਦੇਵ ਮਾਨ ਦਾ ਵਿਸ਼ੇਸ਼ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਸੂਬਾ ਸਰਕਾਰ ਦੇ ਕੈਬਨਿਟ ਮੰਤਰੀ ਸਥਾਨਕ ਸਰਕਾਰਾਂ ਪੰਜਾਬ ਇੰਦਰਵੀਰ ਸਿੰਘ ਨਿੱਝਰ ਨਗਰ ਕੌਂਸਲ ਨਾਭਾ ਵਿਸ਼ੇਸ਼ ਤੌਰ 'ਤੇ ਵਾਰਡ ਨੰਬਰ 23, ਦੁੱਲਦੀ ਗੇਟ ਨੂੰ ਦੇਖਣ ਪਹੁੰਚੇ, ਜਿੱਥੇ ਉਨ੍ਹਾਂ ਰਿਆਸਤੀ ਤੇ ਵਿਰਾਸਤੀ ਗੇਟ ਦੇ ਸੁੰਦਰੀਕਰਨ ਦੀ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾ ਨੂੰ ਜੀ ਆਇਆਂ ਕਹਿੰਦਿਆਂ ਵਾਰਡ ਨੰਬਰ 23 ਤੋਂ ਕੌਂਸਲਰ ਰੋਜ਼ੀ ਨਾਗਪਾਲ ਤੇ ਉਨ੍ਹਾਂ ਦੇ ਪਤੀ ਸਮਾਜ ਸੇਵਕ ਦੀਪਕ ਨਾਗਪਾਲ ਵੱਲੋਂ ਮੰਤਰੀ ਇੰਦਰਵੀਰ ਸਿੰਘ ਨਿੱਝਰ, ਵਿਧਾਇਕ ਦੇਵ ਮਾਨ ਤੇ ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ ਨੂੰ ਸਿਰੋਪਾ ਪਾ ਕੇ ਸਨਮਾਨ ਕੀਤਾ ਗਿਆ।]

ਇਸ ਮੌਕੇ ਕੌਂਸਲਰ ਰੋਜ਼ੀ ਨਾਗਪਾਲ ਤੇ ਦੀਪਕ ਨਾਗਪਾਲ ਨੇ ਮੰਤਰੀ ਇੰਦਰਵੀਰ ਸਿੰਘ ਨਿੱਝਰ ਨਾਲ ਸ਼ਹਿਰ ਦੇ ਵਾਰਡਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ। ਮੰਤਰੀ ਨੇ ਇੰਦਰਵੀਰ ਸਿੰਘ ਨਿੱਝਰ ਨੇ ਸਮੂਹ ਕੌਂਸਲਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਹਰ ਵਾਰਡ ਵਿੱਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾਣਗੇ। ਕਿਸੇ ਵੀ ਹਲਕਾ ਵਾਸੀਆਂ ਨੂੰ ਕਿਸੇ ਪ੍ਰਕਾਰ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਉਨ੍ਹਾ ਕਿਹਾ ਕਿ ਮਾਨ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਪੂਰਾ ਕੀਤਾ ਜਾਵੇਗਾ। ਇਸ ਮੌਕੇ ਨਗਰ ਕੌਂਸਲ ਦੇ ਸੀਨੀ: ਮੀਤ ਪ੍ਰਧਾਨ ਊਸ਼ਾ ਮੱਗੋ, ਆਮ ਆਦਮੀ ਪਾਰਟੀ ਦੇ ਵਰਕਰ ਆਗੂ ਅਤੇ ਸਮੂਹ ਦੁਕਾਨਦਾਰ ਹਾਜ਼ਰ ਸਨ।

# ਪੰਜਾਬ ਕੋ-ਐਜੂਕੇਸ਼ਨ ਸਕੂਲ ਦੀ ਸਾਲਾਨਾ ਸਪੋਰਟਸ ਮੀਟ ਦਾ ਸ਼ਾਨੋ-ਸ਼ੌਕਤ ਨਾਲ ਆਗਾਜ਼

**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਗੁਰਦੇਵ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਪੋਰਟਸ ਮੀਟ-2022 ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ, ਜਿਸ ਦੀ ਸ਼ੁਰੂਆਤ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਸੰਦੀਪ ਮਹਿਤਾ, ਪ੍ਰਿੰਸੀਪਲ ਪ੍ਰਮਿੰਦਰ ਕੌਰ, ਕੋਆਰਡੀਨੇਟਰ ਮੁਕੇਸ਼ ਅਰੋੜਾ, ਕੋਆਰਡੀਨੇਟਰ ਦੀਪੀਕਾ ਮਨਚੰਦਾ ਤੇ ਪ੍ਰਾਇਮਰੀ ਵਿੰਗ ਦੇ ਕੋਆਰਡੀਨੇਟਰ ਮੈਡਮ ਰਿਚਾ ਵੱਲੋਂ ਰੀਬਨ ਕੱਟ ਕੇ ਕੀਤੀ ਗਈ। ਉਪਰੰਤ ਰਾਸ਼ਟਰੀ ਗਾਨ ਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਤੇ ਗੁਬਾਰੇ ਵੀ ਉਡਾਏ ਗਏ। ਇਸ ਮੌਕੇ ਸਮੁੱਚੇ ਵਿਦਿਆਰਥੀਆਂ ਦੀ ਵੰਡ ਚਾਰ ਹਾਊਸਾਂ (ਆਰੀਆ ਭੱਟ, ਕੋਲੰਬਸ, ਨਿਊਟਨ, ਆਈਨਸਟਾਈਨ) ਵਿੱਚ ਕੀਤੀ, ਜਿਨ੍ਹਾਂ ਦੇ ਮੁਖੀਆਂ ਕ੍ਰਮਵਾਰ ਮੈਡਮ ਸ਼ਿਵਾਨੀ ਗੁਪਤਾ, ਮੈਡਮ ਸਵਰਜੀਤ ਕੌਰ, ਮੈਡਮ ਬਲਜਿੰਦਰ ਕੌਰ ਤੇ ਮੈਡਮ ਨਵਜੋਤ ਕੌਰ ਨੇ ਹਾਊਸ ਵਾਈਜ਼ ਬੱਚਿਆਂ ਦੀ ਅਗਵਾਈ ਕੀਤੀ। ਚਾਰੇ ਹਾਊਸਜ਼ ਦੇ ਖਿਡਾਰੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਤੇ ਵੈਲਕਮ ਸਾਂਗ ਤੇ ਡਾਂਸ ਕੀਤਾ ਗਿਆ। ਖੇਡਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਜੋਤੀ ਪ੍ਰਚੰਡ ਦੀ ਰਸਮ ਕੀਤੀ ਤੇ ਮਿਸ਼ਾਲ ਜਗਾ ਕੇ ਸਪੋਰਟਸ ਮੀਟ ਦੀ ਸ਼ੁਰੂਆਤ ਕੀਤੀ।

ਇਸ ਸਮੇਂ ਸਕੂਲ ਦੇ ਵਿਦਿਆਰਥੀਆਂ ਨੇ ਵੱਖ ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਸਮੁੱਚੀ ਸਪੋਰਟਸ ਮੀਟ ਦੇ ਆਯੋਜਨ ਦੀ ਜ਼ਿੰਮੇਵਾਰੀ ਡੀ. ਪੀ. ਈ. ਬਲਰਾਜ ਸਿੰਘ, ਡੀ. ਪੀ. ਈ. ਮੈਡਮ ਗੁਰਦੀਪ ਕੌਰ ਤੇ ਕੋਚ ਨਵਨੀਤ ਸਿੰਘ ਨੂੰ ਸੌਂਪੀ ਗਈ। ਇਸ ਮੌਕੇ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਵਿਦਿਆਥੀਆਂ ਨੂੰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰਰਿਤ ਕੀਤਾ, ਸੰਸਥਾ ਦੇ ਡਾਇਰੈਕਟਰ ਸੰਦੀਪ ਮਹਿਤਾ ਨੇ ਖਿਡਾਰੀਆਂ ਨੂੰ ਉਤਸ਼ਾਹਤ ਕਰਦੇ ਹੋਏ ਈਮਾਨਦਾਰੀ ਨਾਲ ਖੇਡਣ ਦੀ ਪ੍ਰੇਰਨਾ ਦਿੱਤੀ। ਇਸੇ ਤਰ੍ਹਾਂ ਕੋਆਰਡੀਨੇਟਰ ਮੁਕੇਸ਼ ਅਰੋੜਾ ਨੇ ਖਿਡਾਰੀਆਂ ਨੂੰ ਸ਼ਾਨਦਾਰ ਤਰੀਕੇ ਨਾਲ ਅਪਣੇ ਈਵੈਂਟ ਦਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਐਂਕਰਿੰਗ ਦੀ ਭੂਮਿਕਾ ਨਵਜੋਤ ਕੌਰ ਤੇ ਹਰਦੀਪ ਕੌਰ ਨੇ ਨਿਭਾਈ। ਕੁਮੈਂਟਰੀ ਮੈਡਮ ਗੁਰਪ੍ਰੀਤ ਵੱਲੋਂ ਕੀਤੀ ਗਈ। ਇਸ ਤੋਂ ਇਲਾਵਾ ਸਮੁੱਚੇ ਸਟਾਫ ਵੱਲੋਂ ਆਪਣੀ ਡਿਊਟੀ ਬਾਖੂਬੀ ਨਿਭਾਈ ਗਈ।




## ਕਾਤਰਾਂ

### ਸੰਧਵਾਂ ਚੈੱਕ ਰਿਪਬਲਿਕ ਦੀ ਅੰਬੈਸਡਰ ਨੂੰ ਮਿਲੇ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਚੈੱਕ ਰਿਪਬਲਿਕ ਦੀ ਅੰਬੈਸਡਰ ਡਾਕਟਰ ਏਲਿਸਕਾ ਨਾਲ ਸਦਭਾਵਨਾ ਭਰੇ ਮਾਹੌਲ 'ਚ ਮੁਲਾਕਾਤ ਹੋਈ। ਇਸ ਮੁਲਾਕਾਤ ਦੌਰਾਨ ਉਨ੍ਹਾ ਪੰਜਾਬ ਤੇ ਚੈੱਕ ਰਿਪਬਲਿਕ ਵਿਚਕਾਰ ਖੇਤੀ ਖੇਤਰ ਵਿੱਚ ਵਧੇਰੇ ਆਦਾਨ ਪ੍ਰਦਾਨ ਕਰਨ ਤੋਂ ਇਲਾਵਾ ਕਾਰ ਉਦਯੋਗ, ਹਵਾਬਾਜ਼ੀ, ਇੰਜੀਨੀਅਰਿੰਗ, ਵਾਤਾਵਰਣ ਤਕਨਾਲੋਜੀ, ਮੈਡੀਕਲ ਉਪਕਰਨਾਂ, ਇਲੈਕਟ੍ਰਾਨਿਕਸ ਤੇ ਇਲੈਕਟ੍ਰੀਕਲ ਇੰਜੀਨੀਅਰਿੰਗ, ਕੈਮੀਕਲ ਅਤੇ ਫਾਰਮਾਸਿਊਟੀਕਲ ਦੀਆਂ ਕੰਪਨੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨ ਵਾਸਤੇ ਗੱਲਬਾਤ ਕੀਤੀ।

### ਦੜੇ-ਸੱਟੇ ਦੀ ਰਾਸ਼ੀ ਸਮੇਤ ਕਾਬੂ

**ਜਲਾਲਾਬਾਦ, (ਦਹੂਜਾ)**-ਥਾਣਾ ਵੈਰੋਕੇ ਦੀ ਪੁਲਸ ਨੇ ਦੜੇ-ਸੱਟੇ ਦੀ 730 ਰੁਪਏ ਦੀ ਰਾਸੀ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਜਾਂਚ ਅਧਿਕਾਰੀ ਦੇਸ ਸਿੰਘ ਨੇ ਦੱਸਿਆ ਕਿ ਉਨ੍ਹਾ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਸ਼ਮਸ਼ੇਰ ਸਿੰਘ ਉਰਫ਼ ਸੰਮਾ ਪੁੱਤਰ ਦਰਸ਼ਨ ਸਿੰਘ ਵਾਸੀ ਬਾਹਮਣੀਵਾਲਾ ਦੜਾ ਸੱਟਾ ਲਗਾਉਣ ਦਾ ਆਦੀ ਹੈ, ਜੋ ਅੱਜ ਵੀ ਆਪਣੇ ਘਰ ਦੇ ਬਾਹਰ ਉੱਚੀ-ਉੱਚੀ ਆਵਾਜ਼ਾਂ ਮਾਰ ਕੇ ਸੱਟਾ ਲਗਾ ਰਿਹਾ ਹੈ, ਜਿਸ 'ਤੇ ਪੁਲਸ ਨੇ ਛਾਪਾ ਮਾਰ ਕੇ ਉਸ ਨੂੰ ਦੜੇ-ਸੱਟੇ ਦੀ 730 ਰੁਪਏ ਦੇ ਰਾਸ਼ੀ ਸਮੇਤ ਕਾਬੂ ਕਰ ਲਿਆ, ਜਿਸ 'ਤੇ ਧਾਰਾ 13ਏ/3/67 ਜੂਆ ਐਕਟ ਦੇ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

### ਨਜਾਇਜ਼ ਸ਼ਰਾਬ ਸਮੇਤ ਕਾਬੂ

**ਜਲਾਲਾਬਾਦ, (ਦਹੂਜਾ)**-ਥਾਣਾ ਅਰਨੀਵਾਲਾ ਦੀ ਪੁਲਸ ਨੇ ਸਵਾ 8 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।ਜਾਂਚ ਅਧਿਕਾਰੀ ਹੌਲਦਾਰ ਪਵਨ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਗੁਰਦੀਪ ਸਿੰਘ ਵਾਸੀ ਅਲਿਆਣਾ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜਿਸ 'ਤੇ ਪੁਲਸ ਨੇ ਛਾਪਾ ਮਾਰ ਕੇ ਉਸ ਨੂੰ ਸਵਾ 8 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ ਕਰ ਲਿਆ, ਜਿਸ 'ਤੇ ਧਾਰਾ 61/1/14 ਦੇ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

### ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੇ ਚਲਾਇਆ ਸਫਾਈ ਅਭਿਆਨ

**ਗੁਰੂ ਹਰਸਹਾਏ (ਫਕੀਰ ਚੰਦ ਸੀਕਰੀ)**-ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸ਼ਹੀਦ ਤ੍ਰਿਲੋਚਨ ਸਿੰਘ ਨਗਰ ਗੁਰੂ ਹਰਸਹਾਏ ਵਿੱਚ ਹੋਣ ਵਾਲੀ ਰਾਮ ਕਥਾ ਦੇ ਆਰੰਭ ਹੋਣ ਤੋਂ ਪਹਿਲਾਂ ਸੰਸਥਾਨ ਦੇ ਵਲੰਟੀਅਰਜ਼ ਨੇ ਸੰਘਰਸ਼ ਪਰਕਲਪ ਦੇ ਅੰਤਰਗਤ ਸਫਾਈ ਅਭਿਆਨ ਸ਼ੁਰੂ ਕੀਤਾ। ਦੇਸ਼ ਭਗਤਾਂ ਨੇ ਤਾਂ ਗੁਲਾਮੀ ਦੀਆਂ ਜ਼ੰਜੀਰ ਨੂੰ ਤੋੜ ਕੇ ਮਾਂ ਭਾਰਤੀ ਨੂੰ ਆਜ਼ਾਦ ਕਰਵਾਇਆ। ਹੁਣ ਸਾਡਾ ਕਰਤੱਵ ਹੈ ਕਿ ਗੰਦਗੀ ਨੂੰ ਦੂਰ ਕਰਕੇ ਭਾਰਤ ਮਾਤਾ ਦੀ ਸੇਵਾ ਕਰੀਏ। ਸਵੱਛਤਾ ਮਾਨਵਤਾ ਦਾ ਗੁਣ ਹੈ, ਇਹ ਸਾਨੂੰ ਬਿਮਾਰੀਆਂ ਤੋਂ ਬਚਾਉਣ ਦਾ ਇੱਕ ਚੰਗਾ ਉਪਾਅ ਹੈ। ਇਹ ਸੁਖੀ ਜੀਵਨ ਦਾ ਆਧਾਰ ਹੈ। ਸਾਫ-ਸੁਥਰਾ ਰਹਿਣਾ ਮਨੁੱਖ ਦਾ ਪ੍ਰਕਿਰਤਕ ਗੁਣ ਹੈ। ਆਪਣੇ ਘਰ ਤੇ ਆਸ-ਪਾਸ ਦੇ ਇਲਾਕੇ ਨੂੰ ਸਾਫ ਸੁਥਰਾ ਰੱਖਣਾ ਚਾਹੀਦਾ ਹੈ। ਸੰਸਥਾ ਦੇ ਵਲੰਟੀਅਰ ਅਧਿਆਤਮਕ ਖੇਤਰ ਵਿੱਚ ਤਾਂ ਅੱਗੇ ਵਧ ਰਹੇ ਹਨ, ਇਸ ਦੇ ਨਾਲ ਹੀ ਸਮਾਜਿਕ ਕਾਰਜਾਂ ਵਿੱਚ ਵੀ ਆਪਣਾ ਯੋਗਦਾਨ ਦੇ ਰਹੇ ਹਨ।

# ਮਾਸਟਰ ਕਾਡਰ ਦੀਆਂ ਤਰੱਕੀਆਂ ਲਈ 15 ਤੱਕ ਵਿਧਾਇਕਾਂ ਨੂੰ ਦਿੱਤੇ ਜਾਣਗੇ ਮੰਗ ਪੱਤਰ : ਅਮਨਦੀਪ ਸ਼ਰਮਾ

## ਹੋਮ-ਸਾਇੰਸ, ਫਿਜੀਕਲ ਐਜੂਕੇਸ਼ਨ, ਵੋਕੇਸ਼ਨਲ ਅਧਿਆਪਕਾਂ ਦੀਆਂ ਤਰੱਕੀਆਂ ਨੂੰ ਵੀ ਵਿਚਾਰਿਆ ਜਾਵੇ : ਵਿੱਦਿਆ ਸਾਗਰ

**ਮਾਨਸਾ (ਆਤਮਾ ਸਿੰਘ ਪਮਾਰ)**-ਪਿਛਲੇ ਲੰਮੇ ਸਮੇਂ ਤੋਂ ਪ੍ਰਾਇਮਰੀ ਅਧਿਆਪਕਾਂ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਨੂੰ ਉਡੀਕ ਰਹੇ ਅਧਿਆਪਕ ਹੁਣ 15 ਨਵੰਬਰ ਤੱਕ ਸਮੁੱਚੇ ਹਲਕਾ ਵਿਧਾਇਕਾਂ, ਬਲਾਕ ਸਿੱਖਿਆ ਅਫਸਰਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਰਾਹੀਂ ਸਿੱਖਿਆ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਣਗੇ। ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ, ਸੂਬਾ ਜਨਰਲ ਸਕੱਤਰ ਜਤਿੰਦਰ ਸਿੰਘ ਦੁਆਬੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬੀ, ਹਿੰਦੀ, ਅੰਗਰੇਜ਼ੀ, ਸਾਇੰਸ, ਮੈਥ ਤੇ ਬਾਕੀ ਵਿਸ਼ਿਆਂ ਦੀਆਂ ਤਰੱਕੀਆਂ ਪਿਛਲੇ ਲੰਮੇ ਸਮੇਂ ਤੋਂ ਲਟਕਾ ਦੀ ਸਥਿਤੀ ਵਿੱਚ ਹਨ। ਉਨ੍ਹਾਂ ਕਿਹਾ ਕਿ ਮਾਸਟਰ ਕਾਡਰ ਤੋਂ ਬਾਕੀ ਤਰੱਕੀਆਂ ਦਾ ਕੰਮ ਤਾਂ ਜਾਰੀ ਹੈ, ਪ੍ਰੰਤੂ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਨੂੰ ਅਧਿਆਪਕ ਲੰਮੇ ਸਮੇਂ ਤੋਂ ਉਡੀਕ ਰਹੇ ਹਨ।

ਉਨ੍ਹਾਂ ਮੰਗ ਕੀਤੀ ਕਿ ਪ੍ਰਾਇਮਰੀ ਅਧਿਆਪਕਾਂ ਦੀਆਂ ਤਰੱਕੀਆਂ ਤੁਰੰਤ ਕੀਤੀਆਂ ਜਾਣ। ਜਥੇਬੰਦੀ ਸੂਬਾ ਆਗੂਆਂ ਰਗਵਿੰਦਰ ਸਿੰਘ ਧੂਲਕਾ, ਬਲਜੀਤ ਸਿੰਘ ਗੁਰਦਾਸਪੁਰ, ਗੁਰਜੰਟ ਸਿੰਘ ਬੱਛੋਆਣਾ, ਸੱਤਪਾਲ ਸਿੰਘ ਸੰਗਰੂਰ, ਸੁਖਵੀਰ ਸੰਗਰੂਰ, ਰਕੇਸ਼ ਗੋਇਲ ਬਰੇਟਾ, ਜਸ਼ਨਦੀਪ ਸਿੰਘ ਕੁਲਾਣਾ, ਮਾਲਵਿੰਦਰ ਸਿੰਘ ਬਰਨਾਲਾ, ਪੂਰਨ ਤਪਾ, ਭਗਵੰਤ ਭਠੇਜਾ, ਦਿਲਬਾਗ ਸਿੰਘ ਬੌਡੇ ਮੋਗਾ, ਦਿਲਬਾਗ ਸਿੰਘ ਤਰਨਤਾਰਨ ਸਾਹਿਬ, ਦਲੀਪ ਕੁਮਾਰ ਨਵਾਂਸ਼ਹਿਰ, ਯਸ਼ਪਾਲ ਨਵਾਂ ਸ਼ਹਿਰ, ਪਰਮਜੀਤ ਸਿੰਘ ਪਟਿਆਲਾ, ਜਸਵੀਰ ਹੁਸ਼ਿਆਰਪੁਰ, ਬਲਜਿੰਦਰ ਸਿੰਘ ਕਣਕਵਾਲੀਆ ਆਦਿ ਨੇ ਜ਼ੂਮ 'ਤੇ ਜਥੇਬੰਦੀ ਦੀ ਮੀਟਿੰਗ ਕਰਕੇ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੇ ਵੱਖ-ਵੱਖ ਵਿਸ਼ਿਆਂ ਤੇ ਹੋਮ-ਸਾਇੰਸ, ਫਿਜੀਕਲ ਐਜੂਕੇਸ਼ਨ, ਵੋਕੇਸ਼ਨਲ ਅਧਿਆਪਕਾਂ ਦੀਆਂ ਪਦਉਨਤੀਆਂ ਤੁਰੰਤ ਕਰਨ ਦੀ ਮੰਗ ਕੀਤੀ।

ਪੰਜਾਬ ਦੇ ਆਗੂ ਵਿੱਦਿਆ ਸਾਗਰ ਨੇ ਕਿਹਾ ਕਿ ਪ੍ਰਾਇਮਰੀ ਅਧਿਆਪਕਾਂ ਦੀਆਂ ਤਰੱਕੀਆਂ ਨੂੰ ਸਮਾਂਬੱਧ ਕੀਤਾ ਜਾਵੇ ਤਾਂ ਜੋ ਅਧਿਆਪਕਾਂ ਨੂੰ ਲੰਮੇ ਸਮੇਂ ਤੱਕ ਤਰੱਕੀਆਂ ਦਾ ਇੰਤਜ਼ਾਰ ਨਾ ਕਰਨਾ ਪਵੇ। ਉਨ੍ਹਾ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਸਬੰਧਤ ਹਲਕਿਆਂ ਦੇ ਵਿਧਾਇਕਾਂ ਨੂੰ ਇਸ ਸਬੰਧੀ ਮੰਗ ਪੱਤਰ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਦਿੱਤੇ ਜਾਣ।

# ਸਰਕਾਰ ਦੀ ਵਾਅਦਾ-ਖਿਲਾਫੀ ਵਿਰੁੱਧ 16 ਨੂੰ ਚਾਰ ਜ਼ਿਲ੍ਹਿਆਂ 'ਚ ਕਰਾਂਗੇ ਚੱਕਾ ਜਾਮ : ਡੱਲੇਵਾਲ



**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਸੀਨੀਅਰ ਆਗੂ ਤੇ ਸੂਬਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਏਕਤਾ ਸਿੱਧੂਪੁਰ) ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਦੱਸਿਆ ਕਿ 16 ਨਵੰਬਰ ਨੂੰ ਪੰਜਾਬ ਦੇ ਚਾਰ ਜ਼ਿਲ੍ਹਿਆਂ ਸ੍ਰੀ ਅੰਮ੍ਰਿਤਸਰ ਸਾਹਿਬ, ਟਹਿਣਾ ਟੀ ਪੁਆਇੰਟ ਫਰੀਦਕੋਟ, ਫਤਿਹਗੜ੍ਹ ਸਾਹਿਬ ਤੇ ਮਾਨਸਾ ਵਿਖੇ ਸਰਕਾਰ ਵੱਲੋਂ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਨਾ ਕਰਨ ਦੇ ਰੋਸ ਵਜੋਂ ਵੱਡੇ ਇਕੱਠ ਕਰਕੇ ਚੱਕਾ ਜਾਮ ਕੀਤਾ ਜਾਵੇਗਾ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕਹਿਣੀ ਤੇ ਕਰਨੀ ਵਿੱਚ ਅੰਤਰ ਦਾ ਪਤਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ 6 ਅਕਤੂਬਰ ਨੂੰ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਨਾਲ ਹੋਈ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਗੱਲ ਮੰਨੀ ਸੀ ਕਿ ਕਿਸੇ ਕਿਸਾਨ ਦੀ ਜ਼ਮੀਨ ਦੀ ਫਰਦ ਵਿੱਚ ਰੈੱਡ ਐਂਟਰੀ ਜਾਂ ਕਿਸੇ ਕਿਸਾਨ ਉੱਪਰ ਪਰਾਲੀ ਸਾੜਨ ਦਾ ਪਰਚਾ ਦਰਜ ਨਹੀਂ ਕੀਤਾ ਜਾਵੇਗਾ, ਪਰ ਸਰਕਾਰ ਵੱਲੋਂ ਵਾਅਦਾ ਖਿਲਾਫੀ ਕਰਦੇ ਹੋਏ ਕਿਸਾਨਾਂ ਉੱਪਰ ਪਰਾਲੀ ਸਾੜਨ ਦੇ ਮੁਕੱਦਮੇ ਤੇ ਜ਼ਮੀਨ ਦੀ ਜਮ੍ਹਾਂਬੰਦੀ ਵਿੱਚ ਰੈੱਡ ਐਂਟਰੀਆਂ ਕਰਕੇ ਸਰਕਾਰ ਵੱਲੋਂ ਤਾਨਾਸ਼ਾਹੀ ਰਵੱਈਆ ਆਪਣਾ ਕੇ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਵੀ ਉਲੰਘਣਾ ਕੀਤੀ ਜਾ ਰਹੀ ਹੈ, ਕਿਉਂਕ ਨਾ ਤਾਂ ਸਰਕਾਰ ਵੱਲੋਂ ਮਾਣਯੋਗ ਸੁਪਰੀਮ ਕੋਰਟ ਦੇ ਦਿੱਤੇ ਹੁਕਮਾਂ ਅਨੁਸਾਰ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੇ ਇਵਜ ਵਿੱਚ ਮੁਆਵਜ਼ਾ ਦਿੱਤਾ ਗਿਆ ਹੈ, ਨਾ ਹੀ ਗ੍ਰੀਨ ਟ੍ਰਿਬਿਊਨਲ ਵੱਲੋਂ ਸਰਕਾਰਾਂ ਨੂੰ ਦਿੱਤੇ ਗਏ ਹੁਕਮਾਂ ਅਨੁਸਾਰ ਪਰਾਲੀ ਦੇ ਪ੍ਰਬੰਧਨ ਲਈ ਕਿਸਾਨਾਂ ਨੂੰ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਗਿਆ ਹੈ ਅਤੇ ਨਾ ਹੀ ਮੁੱਖ ਮੰਤਰ ਭਗਵੰਤ ਸਿੰਘ ਮਾਨ ਵੱਲੋਂ ਕਿਸਾਨਾਂ ਨੂੰ 2500 ਰੁਪਏ ਪਰਾਲੀ ਨਾ ਸਾੜਨ ਦੀ ਇਵਜ ਵਿੱਚ ਮੁਆਵਜ਼ਾ ਦੇਣ ਦਾ ਵਾਅਦਾ ਪੂਰਾ ਕੀਤਾ ਗਿਆ ਹੈ। ਇਸ ਲਈ ਪਰਾਲੀ ਸਾੜਨ ਦੇ ਕੀਤੇ ਜਾ ਰਹੇ ਪਰਚੇ, ਰੈੱਡ ਐਂਟਰੀਆਂ ਤੇ ਮੁਲਾਜ਼ਮਾਂ ਦੀ ਮੁਅੱਤਲੀ ਤੋਂ ਇਹ ਸਿੱਧ ਹੁੰਦਾ ਹੈ ਕਿ ਮੁੱਖ ਮੰਤਰੀ ਦੀ ਕਹੀ ਹੋਈ ਗੱਲ ਨੂੰ ਉਸ ਦੇ ਮੰਤਰੀ ਹੀ ਨਹੀਂ ਮੰਨ ਰਹੇ ਹਨ। ਉਨ੍ਹਾ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਕਿਸਾਨਾਂ ਨਾਲ ਚੱਟਾਨ ਵਾਂਗ ਖੜੀ ਹੈ ਤੇ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੀ ਜਾ ਰਹੀ ਇਸ ਧੱਕੇਸ਼ਾਹੀ ਨੂੰ ਅਤੇ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਇਨ੍ਹਾਂ ਕੋਝੀਆਂ ਹਰਕਤਾਂ ਨੂੰ ਬਿਲਕੁੱਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਸਰਕਾਰ ਨੇ ਇਹ ਕੋਝੀਆਂ ਹਰਕਤਾਂ ਬੰਦ ਨਾ ਕੀਤੀਆਂ ਤਾਂ ਫਿਰ ਸਾਨੂੰ ਕੋਈ ਸਖਤ ਕਦਮ ਚੁੱਕਣ ਲਈ ਮਜਬੂਰ ਹੋਣਾ ਪਵੇਗਾ। ਡੱਲੇਵਾਲ ਨੇ ਕਿਹਾ ਕਿ ਪੰਜਾਬ ਵਿੱਚ ਅਫਸਰਸ਼ਾਹੀ ਬੇਲਗਾਮ ਹੋ ਚੁੱਕੀ ਹੈ ਤੇ ਸਾਡੇ ਘਰਾਂ ਵਿੱਚ ਧੀਆਂ ਭੈਣਾਂ ਸੁਰੱਖਿਅਤ ਨਹੀਂ ਹਨ ਅਤੇ ਖੁਦ ਖੇਤੀ ਕਰਕੇ ਆਪਣਾ ਤੇ ਪਰਵਾਰ ਦਾ ਗੁਜ਼ਾਰਾ ਚਲਾ ਰਹੀ ਅਤੇ ਕੁੜੀ ਲਈ ਪ੍ਰੇਰਣਾ ਸਰੋਤ ਹਰਜਿੰਦਰ ਕੌਰ ਉੱਪਲ ਨੂੰ ਪੰਜਾਬ ਪੁਲਸ ਦੇ ਅਫਸਰ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਜੋ ਕਿ ਨਾ-ਬਰਦਾਸ਼ਤ ਯੋਗ ਹਨ। ਉਨ੍ਹਾ ਕਿਹਾ ਜਿੱਥੇ ਕਿਤੇ ਵੀ ਕਿਸੇ ਧੀ ਦੀ ਇੱਜ਼ਤ ਦੀ ਰਾਖੀ ਕਰਨ ਦੀ ਗੱਲ ਆਈ ਹੈ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਹਿੱਕ ਡਾਹ ਕੇ ਖੜੀ ਹੈ ਅਤੇ ਅੱਗੇ ਤੋਂ ਵੀ ਇਸ ਤਰ੍ਹਾਂ ਹੀ ਖੜੀ ਰਹੇਗੀ। ਉਨ੍ਹਾ ਕਿਹਾ ਕਿ ਜੇਕਰ ਇਸ ਧੀ ਨੂੰ ਇਨਸਾਫ ਦਿਵਾਉਣ ਲਈ ਤੇ ਪੰਜਾਬ ਸਰਕਾਰ ਦੇ ਬੇਲਗਾਮ ਅਫਸਰਾਂ 'ਤੇ ਕਾਰਵਾਈ ਕਰਵਾਉਣ ਲਈ ਸੰਘਰਸ਼ ਲੜਨਾ ਪਿਆ ਤਾਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਉਹ ਹਰ ਸੰਘਰਸ਼ ਲੜੇਗੀ।

# ਪੈਰਾਡਾਈਜ਼ ਸਕੂਲ ਦਾ ਜ਼ੋਨ ਐਥਲੈਟਿਕ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



**ਪਾਤੜਾਂ, (ਭੁਪਿੰਦਰਜੀਤ ਮੌਲਵੀਵਾਲਾ)**-ਦਿ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਵੱਖ-ਵੱਖ ਈਵੈਂਟਸ ਤੇ ਵਰਗਾਂ ਵਿੱਚ ਸੋਨੇ, ਚਾਂਦੀ ਤੇ ਤਾਂਬੇ ਦੇ ਤਮਗੇ ਜਿੱਤ ਕੇ ਆਪਣਾ ਲੋਹਾ ਮਨਵਾਇਆ ਹੈ।

ਸਕੂਲ ਦੇ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਦੱਸਿਆ ਕਿ ਹਾਈ ਜੰਪ ਤੇ ਲੌਂਗ ਜੰਪ 17 ਸਾਲ ਵਰਗ 'ਚ ਅਕਾਸ਼ਦੀਪ ਸਿੰਘ ਨੇ ਸੋਨੇ ਦਾ ਤਮਗਾ, ਲੌਂਗ ਜੰਪ 17 ਸਾਲ ਵਰਗ 'ਚ ਅਮਨਦੀਪ ਕੌਰ ਨੇ ਚਾਂਦੀ ਦਾ ਤਮਗਾ, ਗੁਰਸ਼ਰਨਜੀਤ ਸਿੰਘ ਨੇ 17 ਸਾਲ ਵਰਗ 'ਚ ਜੈਵਲਿਨ ਥਰੋ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਸੌ ਮੀਟਰ ਤੇ 200 ਮੀਟਰ ਦੌੜ 14 ਸਾਲ ਵਰਗ ਵਿੱਚ ਜੈਸਮੀਨ ਕੌਰ ਨੇ ਸੋਨੇ ਦੇ ਤਮਗੇ, ਸ਼ਾਟਪੁੱਟ 17 ਸਾਲ ਵਰਗ 'ਚ ਦਿਕਸ਼ੀ ਸ਼ਰਮਾ ਨੇ ਸੋਨੇ ਦਾ ਤਮਗਾ ਤੇ 19 ਸਾਲ ਵਰਗ ਵਿੱਚ ਜਸ਼ਨਦੀਪ ਕੌਰ ਨੇ ਤਾਂਬੇ ਦਾ ਤਮਗਾ ਜਿੱਤ ਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ।

ਸਕੂਲ ਪ੍ਰਬੰਧਕਾਂ ਨੇ ਜੇਤੂਆਂ ਨੂੰ ਵਧਾਈ ਦਿੱਤੀ ਤੇ ਫ਼ਿਜੀਕਲ ਐਜੂਕੇਸ਼ਨ ਅਧਿਆਪਕਾਂ ਅਭਿਨਵ ਸ਼ਰਮਾ, ਕਿਰਨਜੀਤ ਕੌਰ, ਰਵਿੰਦਰ ਸਿੰਘ ਤੇ ਰੀਨੂੰ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਕਲੇਰ ਸਕੂਲ ਦੇ ਹਾਕੀ ਖਿਡਾਰੀਆਂ ਨੇ ਗੋਲਡ ਮੈਡਲ ਜਿੱਤ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ



**ਭਗਤਾ ਭਾਈਕਾ, (ਰਾਜੀਵ ਗੋਇਲ)** : ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਮੋਗਾ ਦੇ ਹਾਕੀ ਖਿਡਾਰੀਆਂ ਨੇ ਬੰਗਲੌਰ ਵਿਖੇ ਹੋਏ ਸੀ.ਆਈ.ਐੱਸ.ਸੀ.ਈ. ਦੇ ਨਾਰਥ ਰੀਜਨ ਨੈਸ਼ਨਲ ਹਾਕੀ ਮੁਕਾਬਲਿਆਂ ਵਿੱਚ ਅੰਡਰ-19 ਲੜਕਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਗੋਲਡ ਮੈਡਲ ਜਿੱਤ ਕੇ ਟਰਾਫੀ 'ਤੇ ਕਬਜ਼ਾ ਕੀਤਾ। ਪਹਿਲੇ ਦਿਨ ਦੇ ਮੁਕਾਬਲੇ ਵਿੱਚ ਨਾਰਥ ਇੰਡੀਆ (ਕਲੇਰ ਦੇ ਖਿਡਾਰੀ) ਨੇ ਯੂ ਪੀ ਯੂ ਕੇ ਨੂੰ 3-0 ਨਾਲ ਹਰਾਇਆ, ਦੂਜੇ ਦਿਨ ਦੇ ਮੁਕਾਬਲੇ ਵਿੱਚ ਨਾਰਥ ਇੰਡੀਆ (ਕਲੇਰ ਦੇ ਖਿਡਾਰੀ) ਨੇ ਕਰਨਾਟਕਾ ਨੂੰ 5-1 ਨਾਲ ਹਰਾਇਆ, ਤੀਜੇ ਗੇੜ ਦੇ ਸੈਮੀਫਾਈਨਲ ਮੁਕਾਬਲੇ ਵਿੱਚ ਨਾਰਥ ਇੰਡੀਆ (ਕਲੇਰ ਦੇ ਖਿਡਾਰੀ) ਨੇ ਮਹਾਰਾਸ਼ਟਰ ਨੂੰ 12-0 ਦੇ ਸਕੋਰ ਨਾਲ ਹਰਾਇਆ ਅਤੇ ਤੀਜੇ ਗੇੜ ਦੇ ਫਾਈਨਲ ਹਾਕੀ ਮੁਕਾਬਲੇ ਵਿੱਚ ਨਾਰਥ ਇੰਡੀਆ (ਕਲੇਰ ਦੇ ਖਿਡਾਰੀ) ਨੇ ਤਾਮਿਲਨਾਡੂ ਨੂੰ 6-0 ਦੇ ਸਕੋਰ ਨਾਲ ਕਰਾਰੀ ਹਾਰ ਦੇ ਕੇ ਗੋਲਡ ਮੈਡਲ ਜਿੱਤ ਕੇ ਟਰਾਫੀ 'ਤੇ ਕਬਜ਼ਾ ਕੀਤਾ ਤੇ ਪਹਿਲੀ ਪੁਜ਼ੀਸ਼ਨ ਹਾਸਲ ਕਰਕੇ ਆਪਣੇ ਹਾਕੀ ਕੋਚ ਮਨਦੀਪ ਸਿੰਘ ਦਾ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਸ਼ਾਨਦਾਰ ਜਿੱਤ ਉੱਤੇ ਸਕੂਲ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰਪਰਸਨ ਰਣਧੀਰ ਕੌਰ ਕਲੇਰ, ਸਪੋਰਟਸ ਮੈਨੇਜਰ ਕੋਹਿਨੂਰ ਸਿੱਧੂ, ਹਾਊਸ ਕੁਆਰਡੀਨੇਟਰ ਵੀਰ ਦਵਿੰਦਰ ਕੌਰ, ਸੀਨੀਅਰ ਕੁਆਰਡੀਨੇਟਰ ਰੰਜੀਵ ਸ਼ਰਮਾ ਤੇ ਪ੍ਰਿੰਸੀਪਲ ਸ਼ਸ਼ੀ ਕਾਂਤ ਵੱਲੋਂ ਹਾਕੀ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਮਨਦੀਪ ਸਿੰਘ ਦਾ ਸਕੂਲ ਪਹੁੰਚਣ ਉੱਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਖੁਸ਼ੀ ਦੇ ਮੌਕੇ 'ਤੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਤੇ ਪ੍ਰਿੰਸੀਪਲ ਸ਼ਸ਼ੀ ਕਾਂਤ ਨੇ ਹਾਕੀ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਮਨਦੀਪ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਨੇ ਹਾਕੀ ਖਿਡਾਰੀਆਂ ਨੂੰ ਭਵਿੱਖ ਵਿੱਚ ਹੋਰ ਵੀ ਮਿਹਨਤ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਇਸ ਸ਼ਾਨਦਾਰ ਜਿੱਤ ਦੇ ਪਿੱਛੇ ਮਨਦੀਪ ਸਿੰਘ ਹਾਕੀ ਕੋਚ ਦੀ ਸਖਤ ਮਿਹਨਤ ਝਲਕਦੀ ਹੈ। ਇਸ ਮੌਕੇ ਐਗਜ਼ਾਮੀਨੇਸ਼ਨ ਇੰਚਾਰਜ ਮੈਡਮ ਦਮਨਜੋਤ ਕੌਰ, ਜੂਨੀਅਰ ਕੁਆਰਡੀਨੇਟਰ ਮੈਡਮ ਰੁਪਿੰਦਰ ਕੌਰ, ਪ੍ਰਾਇਮਰੀ ਕੁਆਰਡੀਨੇਟਰ ਮੈਡਮ ਕਰਮਜੀਤ ਕੌਰ, ਕਿੰਡਰਗਾਰਟਨ ਕੁਆਰਡੀਨੇਟਰ ਮੈਡਮ ਮੋਨਿਕਾ ਚਾਲਾਨਾ, ਲਖਵਿੰਦਰ ਸਿੰਘ ਕ੍ਰਿਕਟ ਕੋਚ, ਆਈ ਟੀ ਵਿਭਾਗ ਦੇ ਮੁਖੀ ਗੁਰਵਿੰਦਰ ਸੋਨੂੰ, ਡੀ ਪੀ ਈ ਰਾਜਵੀਰ ਸਿੰਘ, ਅਮਾਨਤ ਅਲੀ, ਕਰਨਵੀਰ ਸਿੰਘ, ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਵੱਖ-ਵੱਖ ਸੜਕ ਹਾਦਸਿਆਂ 'ਚ ਥਾਣੇਦਾਰ ਤੇ ਵਿਦਿਆਰਥੀ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਵਾਪਰੇ ਦੋ ਵੱਖ-ਵੱਖ ਸੜਕ ਹਾਦਸਿਆਂ ਕਾਰਨ ਇੱਕ ਸਹਾਇਕ ਥਾਣੇਦਾਰ ਤੇ ਇੱਕ 18 ਵਰ੍ਹਿਆਂ ਦੇ ਕਾਲਜ ਵਿਦਿਆਰਥੀ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ। ਬੀਤੀ 29 ਅਕਤੂਬਰ ਨੂੰ ਦੇਰ ਸ਼ਾਮ ਮੰਡੀ ਗੋਬਿੰਦਗੜ੍ਹ ਥਾਣੇ ਵਿਖੇ ਤਾਇਨਾਤ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਡਿਊਟੀ ਖਤਮ ਕਰਨ ਉਪਰੰਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਕਸੁੰਭੜੀ ਵਿਖੇ ਸਥਿਤ ਆਪਣੇ ਘਰ ਨੂੰ ਜਾ ਰਿਹਾ ਸੀ ਤਾਂ ਰਾਤ 8 ਵਜੇ ਦੇ ਕਰੀਬ ਸਰਹਿੰਦ-ਚੁੰਨੀ ਮਾਰਗ 'ਤੇ ਸਥਿਤ ਪਿੰਡ ਭੈਰੋਂਪੁਰ ਕੋਲ ਪਹੁੰਚਣ 'ਤੇ ਉਸ ਦਾ ਮੋਟਰਸਾਈਕਲ ਇੱਕ ਤੇਜ਼ ਰਫਤਾਰ ਟਰੱਕ ਦੀ ਲਪੇਟ 'ਚ ਆ ਗਿਆ, ਜਿਸ ਕਾਰਨ ਗੁਰਚਰਨ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਦਾਖਲ ਕਰਵਾਇਆ ਗਿਆ ਸੀ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਭਤੀਜੇ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਅਣਪਛਾਤੇ ਟਰੱਕ ਚਾਲਕ ਵਿਰੁੱਧ ਅ/ਧ 279,304ਏ,427 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਇੱਕ ਹੋਰ ਮਾਮਲੇ 'ਚ ਮੰਡੀ ਗੋਬਿੰਦਗੜ੍ਹ ਦੇ ਦਲੀਪ ਨਗਰ ਦਾ ਰਹਿਣ ਵਾਲਾ 18 ਸਾਲਾ ਨੌਜਵਾਨ ਸਿਧਾਂਸ਼ੂ ਗੋਇਲ, ਜੋ ਮੰਡੀ ਗੋਬਿੰਦਗੜ੍ਹ ਦੇ ਜੀ.ਪੀ.ਸੀ. ਕਾਲਜ ਵਿੱਚ ਕਾਮਰਸ ਦਾ ਵਿਦਿਆਰਥੀ ਸੀ, ਕਾਲਜ ਪੜ੍ਹਨ ਲਈ ਪੈਦਲ ਤੁਰਿਆ ਜਾ ਰਿਹਾ ਸੀ ਤਾਂ ਸਵੇਰੇ ਸਵਾ ਕੁ ਨੌਂ ਵਜੇ ਦੇ ਕਰੀਬ ਖਾਲਸਾ ਸਕੂਲ ਕੋਲ ਪਹੁੰਚਣ 'ਤੇ ਪਿੱਛੋਂ ਆਈ ਇੱਕ ਤੇਜ਼ ਰਫਤਾਰ ਬੱਸ ਨੇ ਸਿਧਾਂਸ਼ੂ ਗੋਇਲ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਸਿਧਾਂਸ਼ੂ ਗੋਇਲ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਹਸਪਤਾਲ ਲਿਜਾਣ 'ਤੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਮ੍ਰਿਤਕ ਦੀ ਮਾਤਾ ਦੇ ਬਿਆਨਾਂ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਬੱਸ ਦੇ ਕਥਿਤ ਚਾਲਕ ਰਣਜੀਤ ਸਿੰਘ ਵਾਸੀ ਕਕਰਾਲਾ ਵਿਰੁੱਧ ਅ/ਧ 279,304ਏ ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸਿਧਾਂਸ਼ੂ ਗੋਇਲ ਇੱਕ ਹੋਣਹਾਰ ਤੇ ਮਿਹਨਤੀ ਨੌਜਵਾਨ ਸੀ, ਜੋ ਪਹਿਲਾਂ ਸਵੇਰੇ ਪੈਦਲ ਕਾਲਜ ਪੜ੍ਹਨ ਜਾਂਦਾ ਸੀ ਤੇ ਬਾਅਦ ਦੁਪਹਿਰ ਬੱਚਿਆਂ ਨੂੰ ਟਿਊਸ਼ਨਾਂ ਪੜ੍ਹਾਉਂਦਾ ਸੀ।

# ਇੰਟਰ ਕਾਲਜ ਪੁਰਸ਼ ਕਬੱਡੀ ਟੂਰਨਾਮੈਂਟ 'ਚ ਹੋਏ ਫਸਵੇਂ ਮੁਕਾਬਲੇ



**ਰਾਜਪੁਰਾ (ਰਮੇਸ਼ ਕਟਾਰੀਆ)**-ਸਵਾਮੀ ਵਿਵੇਕਾਨੰਦ ਇੰਜੀਨੀਅਰਿੰਗ ਕਾਲਜ ਬਨੂੰੜ ਵਿੱਚ ਆਈ. ਕੇ. ਜੀ. ਪੀ. ਟੀ. ਯੂ. ਜਲੰਧਰ ਵੱਲੋਂ ਇੰਟਰ ਕਾਲਜ ਪੁਰਸ਼ ਕਬੱਡੀ ਟੂਰਨਾਮੈਂਟ 2022-23 ਦੀ ਸ਼ੁਰੂਆਤ ਹੋਈ, ਜੋ ਕਿ ਦੋ ਦਿਨ ਚੱਲੇਗਾ, ਜਿਸ ਵਿੱਚ ਪੰਜਾਬ ਦੇ ਇੰਜੀਨੀਅਰਿੰਗ ਕਾਲਜ ਦੀਆਂ ਟੀਮਾਂ ਨੇ ਹਿੱਸਾ ਲਿਆ। ਅੱਜ ਦੇ ਇਸ ਟੂਰਨਾਮੈਂਟ ਦੇ ਮੁੱਖ ਮਹਿਮਾਨ ਆਰ. ਡੀ. ਕਾਇਲੇ ਰਿਟਾਇਰਡ ਜੀ. ਐੱਮ. ਪੀ. ਐੱਨ. ਬੀ., ਕਾਲਜ ਦੇ ਚੇਅਰਮੈਨ ਅਸ਼ਵਨੀ ਗਰਗ, ਪ੍ਰੈਜ਼ੀਡੈਂਟ ਅਸ਼ੋਕ ਗਰਗ, ਪ੍ਰਿੰਸੀਪਲ ਪ੍ਰਤੀਕ ਗਰਗ, ਹੈੱਡ ਸਪੋਰਟਸ ਡਿਪਾਰਟਮੈਂਟ ਸਵਾਈਟ ਕੁਲਦੀਪ ਸਿੰਘ ਬਰਾੜ, ਯੂਨੀਵਰਸਿਟੀ ਤੋਂ ਆਬਜ਼ਰਵਰ ਗੁਰਪ੍ਰੀਤ ਸਿੰਘ, ਡੀ. ਪੀ. ਈ. ਪਲਵਿੰਦਰ ਸਿੰਘ ਤੋਂ ਇਲਾਵਾ ਵੱਖ ਵੱਖ ਟੀਮਾਂ ਦੇ ਕੋਚ ਤੇ ਸਟਾਫ ਹਾਜ਼ਰ ਸਨ। ਮੈਚ ਦੌਰਾਨ ਕਮੈਂਟਰੀ ਵਿੱਚ ਮਜ਼ਾਕੀਆ ਅੰਦਾਜ਼ ਨਾਲ ਤਲਵਿੰਦਰ ਸਿੰਘ ਰੰਧਾਵਾ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਇਸ ਮੌਕੇ ਹੋਏ ਮੁਕਾਬਲਿਆਂ ਵਿੱਚੋਂ ਸਭ ਤੋਂ ਹਾਈ ਵੋਲਟੇਜ ਮੈਚ ਸੁਆਮੀ ਵਿਵੇਕਾਨੰਦ ਇੰਜੀਨੀਅਰਿੰਗ ਕਾਲਜ ਬਨੂੰੜ ਤੇ ਚੰਡੀਗੜ੍ਹ ਇੰਜੀਨੀਅਰਿੰਗ ਕਾਲਜ ਲਾਂਡਰਾ ਦੇ ਦਰਮਿਆਨ ਹੋਇਆ, ਇਸ ਫਸਵੇਂ ਮੁਕਾਬਲੇ ਵਿੱਚ ਅਖੀਰਲੇ ਸਕਿੰਟਾਂ ਵਿੱਚ ਸਵਾਈਟ ਬਨੂੰੜ ਨੇ ਪਾਸਾ ਪਲਟਦੇ ਹੋਏ ਮੈਚ ਆਪਣੇ ਨਾਮ ਕੀਤਾ। ਮੈਚ ਦਾ ਨਜ਼ਾਰਾ ਦੇਖਦੇ ਬਣਦਾ ਸੀ, ਜਿਸ ਤੋਂ ਖੁਸ਼ ਹੋ ਕੇ ਪ੍ਰੈਜ਼ੀਡੈਂਟ ਅਸ਼ੋਕ ਗਰਗ ਨੇ ਟੀਮ ਨੂੰ ਗਿਆਰਾਂ ਹਜ਼ਾਰ ਰੁਪਏ ਨਗਦ ਇਨਾਮ ਦਿੱਤਾ।

ਦੇਰ ਸ਼ਾਮ ਚੱਲੇ ਇਸ ਟੂਰਨਾਮੈਂਟ ਵਿੱਚ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਲੁਧਿਆਣਾ ਨੇ ਮਲੋਟ ਨੂੰ, ਚੰਡੀਗੜ੍ਹ ਇੰਜੀਨੀਅਰਿੰਗ ਕਾਲਜ ਨੇ ਆਈ. ਕੇ. ਜੀ. ਪੀ. ਟੀ. ਯੂ. ਮੋਹਾਲੀ ਨੂੰ, ਡੀ. ਏ. ਵੀ. ਇੰਜੀਨੀਅਰਿੰਗ ਜਲੰਧਰ ਨੇ ਦੋਆਬਾ ਕਾਲਜ ਖਰੜ ਨੂੰ, ਸੀ. ਜੀ. ਸੀ. ਜੰਝੇਰੀ ਨੇ ਬਾਬਾ ਬੰਦਾ ਸਿੰਘ ਬਹਾਦਰ ਕਾਲਜ ਫਤਿਹਗੜ੍ਹ ਸਾਹਿਬ ਨੂੰ ਹਰਾਇਆ। ਚੇਅਰਮੈਨ ਅਸ਼ਵਨੀ ਗਰਗ ਨੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਤੇ ਕਿਹਾ ਕਿ ਇਸ ਨਾਲ ਚੰਗੇ ਸਮਾਜ ਦੀ ਸਿਰਜਣਾ ਹੁੰਦੀ ਹੈ ਤੇ ਬੱਚੇ ਨਸ਼ਿਆਂ ਤੋਂ ਦੂਰ ਵੀ ਰਹਿੰਦੇ ਹਨ।

# ਰਿਸ਼ਵਤ ਲੈਂਦਾ ਪਟਵਾਰੀ ਤੇ ਉਸ ਦਾ ਸਹਾਇਕ ਰੰਗੇ ਹੱਥੀਂ ਕਾਬੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਵਿਜੀਲੈਂਸ ਬਿਊਰੋ ਬਠਿੰਡਾ ਰੇਂਜ ਵੱਲੋਂ ਜਗਦੇਵ ਸਿੰਘ ਪਟਵਾਰੀ ਮਾਲ ਹਲਕਾ ਪਿੰਡ ਬਣਾਂਵਾਲੀ ਤੇ ਉਸ ਦੇ ਪ੍ਰਾਈਵੇਟ ਸਹਾਇਕ ਅਮਰਜੀਤ ਸਿੰਘ ਨੂੰ 7,000 ਰੁਪਏ ਰਿਸ਼ਵਤ ਲੈਂਦੇਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਗਿਆ। ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਤਹਿਤ ਜਗਦੇਵ ਸਿੰਘ ਪਟਵਾਰੀ ਮਾਲ ਹਲਕਾ ਪਿੰਡ ਬਣਾਂਵਾਲੀ ਤੇ ਉਸ ਦੇ ਪ੍ਰਾਈਵੇਟ ਸਹਾਇਕ ਅਮਰਜੀਤ ਸਿੰਘ ਨੂੰ 7,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਵਿਜੀਲੈਂਸ ਬਿਓਰੋ ਬਠਿੰਡਾ ਦੇ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਜਗਦੇਵ ਸਿੰਘ ਪਟਵਾਰੀ ਮਾਲ ਹਲਕਾ ਪਿੰਡ ਬਣਾਂਵਾਲੀ ਤੇ ਉਸ ਦੇ ਪ੍ਰਾਈਵੇਟ ਸਹਾਇਕ ਅਮਰਜੀਤ ਸਿੰਘ ਨੂੰ ਰੂਪ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਬਹਿਣੀਵਾਲ ਤਹਿਸੀਲ ਤੇ ਜ਼ਿਲ੍ਹਾ ਮਾਨਸਾ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਬਠਿੰਡਾ ਪਾਸ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਸ ਦੀ ਸਾਲ 2017-18 ਦੀ ਜਮਾਂਬੰਦੀ ਵਿੱਚ ਸ਼ਿਕਾਇਤਕਰਤਾ ਦਾ ਰਕਬਾ ਘਟਾ ਦਿੱਤਾ ਗਿਆ ਸੀ, ਜਿਸ ਦਾ ਰਿਕਾਰਡ ਵਿੱਚ ਦਰੁਸਤਗੀ ਕਰਵਾਉਣ ਬਦਲੇ ਲਿਖਤੀ ਦਰਖਾਸਤ ਤਹਿਸੀਲਦਾਰ ਸਾਹਿਬ ਪਾਸ ਦੇ ਦਿੱਤੀ ਤੇ ਤਹਿਸੀਲਦਾਰ ਨੇ ਇਹ ਦਰਖਾਸਤ ਮਾਰਕ ਕਰਕੇ ਪਟਵਾਰੀ ਜਗਦੇਵ ਸਿੰਘ ਨੂੰ ਅਗਲੇਰੀ ਕਾਰਵਾਈ ਲਈ ਭੇਜ ਦਿੱਤੀ। ਇਸ ਤੋਂ ਬਾਅਦ ਪਟਵਾਰੀ ਨੂੰ ਨੂੰ ਮਿਲਣ 'ਤੇ ਉਸ ਨੇ ਸ਼ਿਕਾਇਤਕਰਤਾ ਨੂੰ ਆਪਣੇ ਤੇ ਅਪਣੇ ਪਾਸ ਰੱਖੇ ਪ੍ਰਾਈਵੇਟ ਵਿਅਕਤੀਆਂ ਦੇ ਖਰਚੇ ਗਿਣਾਉਣੇ ਸ਼ੁਰੂ ਕਰ ਦਿੱਤੇ, ਇਸ ਲਈ ਰਿਕਾਰਡ ਵਿੱਚ ਦਰੁਸਤਗੀ ਜਗਦੇਵ ਸਿੰਘ ਪਟਵਾਰੀ ਤੇ ਉਸ ਦਾ ਪ੍ਰਾਈਵੇਟ ਸਹਾਇਕ ਅਮਰਜੀਤ ਸਿੰਘ 7000 ਰੁਪਏ ਰਿਸ਼ਵਤ ਦੀ ਮੰਗ ਕਰ ਰਹੇ ਸਨ। ਪੜਤਾਲ ਦੌਰਾਨ ਉਨ੍ਹਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਤੇ ਮੁਜਰਮਾਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਬਿਓਰੋ ਰੇਂਜ ਬਠਿੰਡਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

# ਐੱਸ ਡੀ ਕਾਲਜ ਨੇ ਯੁਵਕ ਤੇ ਵਿਰਾਸਤੀ ਮੇਲੇ 'ਚ ਓਵਰਆਲ ਸੈਕਿੰਡ ਰਨਰਅੱਪ ਟਰਾਫੀ ਜਿੱਤੀ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਏਕ ਭਾਰਤ ਸ੍ਰੇਸ਼ਟ ਭਾਰਤ ਥੀਮ ਨੂੰ ਸਮਰਪਤ ਮੋਗਾ-ਫਿਰੋਜ਼ਪੁਰ ਬੀ ਜ਼ੋਨ ਦਾ ਤਿੰਨ ਰੋਜ਼ਾ ਯੁਵਕ ਤੇ ਵਿਰਾਸਤੀ ਮੇਲਾ ਦੇਵ ਸਮਾਜ ਕਾਲਜ ਫਾਰ ਵੋਮੈਨ ਫਿਰੋਜ਼ਪੁਰ ਸ਼ਹਿਰ ਵਿਖੇ ਆਯੋਜਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਜੇਤੂ ਵਿਦਿਆਰਥੀਆਂ ਨੂੰ ਸਮੂਹ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਵਧਾਈ ਦਿੱਤੀ ਅਤੇ ਕਿਹਾ ਕਿ ਸਾਡੀ ਸੰਸਥਾ ਦਾ ਮੰਤਵ ਕਾਲਜ ਵਿਦਿਆਰਥਣਾਂ ਦੇ ਬਹੁੱਪਖੀ ਵਿਕਾਸ ਲਈ ਕਲਾ ਦੇ ਖੇਤਰ ਵਿੱਚ ਅੱਗੇ ਵਧਣ ਲਈ ਉਤਸ਼ਾਹਤ ਕਰਨਾ ਹੈ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਡਾ. ਆਰ ਸੀ ਮਿੱਤਲ ਤੇ ਸਕੱਤਰ ਸ੍ਰੀ ਦਰਸ਼ਨ ਪਾਲ ਸਿੰਘਲ ਨੇ ਸੰਸਥਾ ਦਾ ਨਾਮ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ।

ਕਾਲਜ ਵਿਦਿਆਰਥਣਾਂ ਨੇ ਯੁਵਕ ਤੇ ਵਿਰਾਸਤੀ ਮੇਲੇ ਦੀਆਂ ਵੱਖ ਵੱਖ ਵੰਨਗੀਆਂ ਵਿੱਚ 30 ਇਨਾਮ ਜਿੱਤੇ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ, ਰੰਗੋਲੀ ਵਿੱਚ ਦੂਸਰਾ ਸਥਾਨ, ਸਟਿਲ ਲਾਈਫ ਵਿੱਚ ਦੂਸਰਾ ਸਥਾਨ, ਫੋਟੋਗ੍ਰਾਫੀ ਵਿੱਚ ਤੀਸਰਾ ਸਥਾਨ, ਆਨ ਦਾ ਸਪਾਟ ਪੇਂਟਿੰਗ ਵਿੱਚ ਤੀਸਰਾ ਸਥਾਨ, ਨਿਬੰਧ ਲੇਖ ਪੰਜਾਬੀ ਵਿੱਚ ਪਹਿਲਾ ਸਥਾਨ, ਰਿਵਾਇਤੀ ਲੋਕ ਗੀਤ ਸੁਹਾਗ ਵਿੱਚ ਤੀਸਰਾ ਸਥਾਨ, ਗਿੱਧੇ ਵਿੱਚ ਦੂਸਰਾ ਸਥਾਨ ਤੇ ਗਿੱਧੇ ਵਿੱਚ ਵਿਅਕਤੀਗਤ ਮਿਸ ਸਿਮਰਨਜੀਤ ਨੇ ਤੀਸਰਾ, ਐਲੋਕੇਸ਼ਨ ਵਿੱਚ ਤੀਸਰਾ ਸਥਾਨ, ਨਾਲੇ ਦੀ ਬੁਣਾਈ 'ਚ ਤੀਸਰਾ ਸਥਾਨ, ਈਨੂੰ 'ਚ ਦੂਸਰਾ ਸਥਾਨ, ਗੁੱਡੀਆਂ ਪਟੋਲੇ 'ਚ ਦੂਸਰਾ ਸਥਾਨ, ਮੁਹਾਵਰੇਦਾਰ ਵਾਰਤਾਲਾਪ 'ਚ ਦੂਸਰਾ ਸਥਾਨ ਤੇ ਵਿਅਕਤੀਗਤ ਪਹਿਲਾ ਸਥਾਨ ਮਿਸ ਲਵਪ੍ਰੀਤ ਕੌਰ ਨੇ, ਮਿੱਟੀ ਦੇ ਖਿਡੌਣੇ ਵਿੱਚ ਤੀਸਰਾ ਸਥਾਨ, ਛਿੱਕੂ 'ਚ ਤੀਸਰਾ ਸਥਾਨ, ਕਰੋਸੀਆ 'ਚ ਪਹਿਲਾ ਸਥਾਨ, ਪ੍ਰੰਪਰାਗਤ ਕਢਾਈ ਬਾਗ 'ਚ ਦੂਸਰਾ ਸਥਾਨ, ਪੱਖੀ 'ਚ ਤੀਸਰਾ ਸਥਾਨ, ਮਹਿੰਦੀ 'ਚ ਤੀਸਰਾ ਸਥਾਨ, ਹੈਰੀਟੇਜ ਕੁਇੱਜ਼ 'ਚ ਦੂਸਰਾ ਸਥਾਨ, ਮਿਮਿਕਰੀ 'ਚ ਦੂਸਰਾ ਸਥਾਨ, ਹਿਸਟ੍ਰੋਨਿਕ 'ਚ ਤੀਸਰਾ ਸਥਾਨ, ਭੰਡ 'ਚ ਤੀਸਰਾ ਸਥਾਨ ਤੇ ਭੰਡ 'ਚ ਵਿਅਕਤੀਗਤ ਕੁਲਵਿੰਦਰ ਕੌਰ ਨੇ ਤੀਸਰਾ, ਮੂਕਨਾਟਕ (ਮਾਈਮ) 'ਚ ਤੀਸਰਾ ਸਥਾਨ ਤੇ ਵਿਅਕਤੀਗਤ ਲਵਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ।

ਅੰਤ 'ਤੇ ਕਾਲਜ ਪ੍ਰਿੰਸੀਪਲ ਨੇ ਯੂਥ ਵੈੱਲਫੇਅਰ ਸੈੱਲ ਦੇ ਕਨਵੀਨਰ ਡਾ. ਪਲਵਿੰਦਰ ਕੌਰ, ਟੀਮ ਮੈਂਬਰਾਂ ਤੇ ਆਈਟਮ ਇੰਚਾਰਜ ਟੀਚਰਜ਼ ਨੂੰ ਵਿਸ਼ੇਸ਼ ਤੌਰ 'ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਉੱਪ ਪ੍ਰਧਾਨ ਰਾਜੀਵ ਮਿੱਤਲ, ਅਸ਼ੋਕ ਗਰਗ ਤੇ ਸੰਜੀਵ ਗੋਇਲ ਹਾਜ਼ਰ ਸਨ। ਨਿਬੰਧ ਲੇਖ (ਪੰਜਾਬੀ) ਪੋਸਟਰ ਮੇਕਿੰਗ, ਕਰੋਸ਼ੀਆ 'ਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਇੰਟਰਜ਼ੋਨਲ ਦੀ ਤਿਆਰੀ ਕਰ ਰਹੀਆਂ ਹਨ।

# ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਵੱਲੋਂ ਮੈਡੀਕਲ ਚੈੱਕਅੱਪ ਕੈਂਪ

**ਕੋਟਕਪੂਰਾ (ਰਛਪਾਲ ਭੁੱਲਰ)**-ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਵੱਲੋਂ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ 752ਵੇਂ ਤੇ ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ 552ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ, ਟੀਮਿੰਗ ਟੁਗੈਦਰ ਤਹਿਤ ਜ਼ਿਲ੍ਹਾ ਗਵਰਨਰ ਲਾਇਨ ਲਲਿਤ ਬਹਿਲ ਵੱਲੋਂ ਐਲਾਨੇ ਡਾਇਬਟੀਜ਼ ਮੰਥ ਦੇ ਅਨੁਸਾਰ ਨਾਮਦੇਵ ਭਵਨ ਮੋਗਾ ਰੋਡ ਕੋਟਕਪੂਰਾ ਵਿਖੇ ਕੋਛੜ ਲਬੋਟਰੀ ਤੇ ਸਿਵਲ ਹਸਪਤਾਲ ਕੋਟਕਪੂਰਾ ਦੇ ਮੁਲਾਜ਼ਮਾਂ ਤੇ ਡਾਕਟਰ ਸਾਹਿਬਾਨ ਦੇ ਸਹਿਯੋਗ ਨਾਲ ਸ਼ੂਗਰ ਚੈੱਕਅਪ, ਮੈਡੀਸਨ ਤੇ ਅੱਖਾਂ ਦਾ ਵਿਸ਼ਾਲ ਕੈਂਪ ਲਾਇਆ ਗਿਆ, ਜਿਸ ਦੌਰਾਨ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਲਾਇਨ ਰਜਿੰਦਰ ਸਿੰਘ ਸਰਾਂ, ਸੰਦੀਪ ਕੌੜਾ ਪ੍ਰਧਾਨ, ਕੰਵਲ ਅਰੋੜਾ, ਵਿਕਰਾਂਤ ਧੀਂਗੜਾ, ਮਿੱਕੀ ਬਰਗਾੜੀ, ਜਗਸੀਰ ਸਿੰਘ, ਗੁਰਦੀਪ ਸਿੰਘ ਜ਼ੈੱਡ ਸੀ, ਮੈਡੀਕਲ ਸਟਾਫ ਡਾ. ਵਿਕਰਮ ਜਿੰਦਲ, ਡਾ. ਮਹੇਸ਼ ਜਿੰਦਲ, ਅਨਿਲ ਸਿੰਗਲਾ, ਡਾ. ਨਵਪ੍ਰੀਤ ਕੌਰ, ਅਸ਼ਵਨੀ ਸ਼ਰਮਾ, ਮੰਗਾ ਸਿੰਘ, ਨਵੀਨ ਮੌਰਿਆ ਤੋਂ ਇਲਾਵਾ ਨਾਮਦੇਵ ਸਭਾ ਦੇ ਪ੍ਰਧਾਨ ਸ਼ਰਨਜੀਤ ਸਿੰਘ ਮੁੱਕਰ ਤੇ ਮੈਂਬਰ ਹਾਜ਼ਰ ਸਨ। ਸਭਾ ਵੱਲੋਂ ਮੈਡੀਕਲ ਸਟਾਫ ਤੇ ਕਲੱਬ ਦੇ ਮੈਂਬਰਾਂ ਦਾ ਸਨਮਾਨ ਵੀ ਕੀਤਾ ਗਿਆ।



# 'ਹਾਓ ਜੈਂਡਰ ਮੈਟਰਸ : ਇਕੁਐਲਟੀ ਐਂਡ ਨਿਯੁਟਰੇਲੇਟੀ' ਵਿਸ਼ੇ 'ਤੇ ਵੈਬੀਨਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਛਤਰ ਛਾਇਆ ਤੇ ਡਾ. ਸੰਗੀਤਾ ਦੇ ਕੁਸ਼ਲ ਦਿਸ਼ਾ ਨਿਰਦੇਸ਼ਨ ਹੇਠ ਕਾਲਜ ਤਰੱਕੀ ਦੀਆਂ ਲੀਹਾਂ 'ਤੇ ਅੱਗੇ ਵਧ ਰਿਹਾ ਹੈ। ਇਸੇ ਕੜੀ ਵਿੱਚ ਵੈਬੀਨਾਰ ਸਮਾਜ ਸ਼ਾਸਤਰ ਵਿਭਾਗ ਵੱਲੋਂ 'ਹਾਓ ਜੈਂਡਰ ਮੈਟਰਸ : ਇਕੁਐਲਟੀ ਐਂਡ ਨਿਯੁਟਰੇਲੇਟੀ' ਵਿਸ਼ੇ 'ਤੇ ਵੈਬੀਨਾਰ ਕੀਤਾ ਗਿਆ। ਵੈਬੀਨਾਰ ਦੇ ਮੁੱਖ ਬੁਲਾਰੇ ਡਾ. ਜਗਦੀਸ਼ ਮਹਿਤਾ, ਅਸਿਸਟੈਂਟ ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ, ਡੀਏਵੀ ਕਾਲਜ ਚੰਡੀਗੜ੍ਹ ਨੇ ਸ਼ਿਰਕਤ ਕੀਤੀ। ਡਾ. ਸੰਗੀਤਾ ਕਾਰਜਕਾਰੀ ਪ੍ਰਿੰਸੀਪਲ ਨੇ ਡਾ. ਜਗਦੀਸ਼ ਮਹਿਤਾ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਜਿਹੋ ਵਿਸ਼ਿਆਂ 'ਤੇ ਖੁੱਲ੍ਹ ਕੇ ਗੱਲ ਕਰਨੀ ਅੱਜ ਦੇ ਸਮੇਂ ਵਿੱਚ ਜ਼ਰੂਰੀ ਹੈ। ਡਾ. ਜਗਦੀਸ਼ ਮਹਿਤਾ ਨੇ ਵਿਸ਼ੇ 'ਤੇ ਚਾਨਣਾ ਪਾਉਂਦਿਆਂ ਸਭ ਤੋਂ ਪਹਿਲਾਂ ਵਿਦਿਆਰਥਣਾਂ ਨੂੰ ਲਿੰਗ, ਫੈਮਾਇਨ ਤੇ ਮੈਸਕੁਲਾਇਨ ਸ਼ਬਦਾਂ ਨਾਲ ਜਾਣੂ ਕਰਵਾਇਆ। ਉਨ੍ਹਾਂ ਲਿੰਗ ਦੀ ਸਮਾਜਿਕ ਉਤਪਤੀ, ਪਿੱਤਰਮੁਖੀ ਸਮਾਜਿਕ ਸੰਰਚਨਾ ਤੇ ਕਿੱਤਾਮੁਖੀ ਸੈਕਸ ਐਗਰੀਗੇਸ਼ਨ ਵਰਗੀਆਂ ਧਾਰਨਾਵਾਂ ਨੂੰ ਲਿੰਗਕ ਭੇਦਭਾਵ ਦਾ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਇਹ ਭੇਦਭਾਵ ਸਿਰਫ ਔਰਤਾਂ ਨਾਲ ਹੀ ਨਹੀਂ, ਬਲਕਿ ਮਰਦਾਂ ਨਾਲ ਵੀ ਕੀਤਾ ਜਾਂਦਾ ਹੈ। ਦਿੱਲੀ ਐੱਨ ਜੀ ਓ ਦੇ ਅਧਿਐਨ ਅਨੁਸਾਰ ਸਾਰੇ ਦਰਜ ਕੇਸਾਂ ਵਿੱਚੋਂ 95 ਪ੍ਰਤੀਸ਼ਤ ਕੇਸਾਂ ਵਿੱਚ ਲਿੰਗ ਸਮਾਨਤਾ ਲਈ ਬਣਾਏ ਗਏ ਕਾਨੂੰਨ ਬਹੁਤੇ ਫਲਦਾਇਕ ਸਿੱਧ ਨਹੀਂ ਹੋ ਰਹੇ ਹਨ। ਉਦਾਹਰਨ ਦੇ ਤੌਰ 'ਤੇ ਦਾਜ ਵਰਗੇ ਕਾਨੂੰਨ ਕੁੜੀਆਂ ਦੇ ਹੱਕ ਵਿੱਚ ਭੁਗਤਦੇ ਹਨ। ਇਸ ਲਈ ਲਿੰਗ ਨਿਰਪੱਖਤਾ ਲਈ ਬਣਾਏ ਗਏ ਕਾਨੂੰਨਾਂ ਤੇ ਨੀਤੀਆਂ ਵਿੱਚ ਸੋਧ ਹੋਣੀ ਜ਼ਰੂਰੀ ਹੈ ਤਾਂ ਜੋ ਸਮਾਜ ਦੀਆ ਇਹ ਦੋਨੋਂ ਮੁੱਖ ਧਿਰਾਂ ਸਮਾਜਿਕ ਲਿੰਗਕ ਭੇਦਭਾਵ ਦਾ ਸ਼ਿਕਾਰ ਨਾ ਹੋਣ। ਉਨ੍ਹਾਂ ਉੱਤਰੀ ਤੇ ਦੱਖਣ ਭਾਰਤ ਵਿੱਚ ਲਿੰਗ ਅਨੁਪਾਤ ਦੀ ਅਸਮਾਨਤਾ ਦੇ ਪ੍ਰਭਾਵਾਂ ਬਾਰੇ ਵਿਦਿਆਰਥਣਾਂ ਦੇ ਸ਼ੰਕਿਆਂ ਨੂੰ ਵੀ ਨਵਿਰਤ ਕੀਤਾ। ਡਾ. ਬਲਜਿੰਦਰ ਕੌਰ ਨੇ ਵੈਬੀਨਾਰ ਵਿੱਚ ਸੰਚਾਲਕ ਦੀ ਭੂਮਿਕਾ ਨਿਭਾਈ। ਇਸ ਮੌਕੇ ਨਿਰਮਲ ਸਿੰਘ ਢਿੱਲੋਂ ਨੇ ਵਿਦਿਆਰਥਣਾਂ ਨੂੰ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ।

CMYK

6-NOV-PAGE-9.qxd 11/5/2022 10:48 PM Page 1



# ਕਿਸਾਨ-ਮਜ਼ਦੂਰ ਜਥੇਬੰਦੀ ਨੇ ਪ੍ਰਧਾਨ ਮੰਤਰੀ ਦਾ ਪੁਤਲਾ ਫੂਕਿਆ



**ਮੱਖੂ, (ਰਛਪਾਲ ਸਿੰਘ ਸੰਧੂ)** : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਮੱਖੂ ਦੀਆਂ ਵੱਖ ਵੱਖ ਇਕਾਈਆਂ ਦੇ ਕਿਸਾਨਾਂ ਮਜ਼ਦੂਰਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡੇਰਾ ਬਿਆਸ ਦੇ ਬਾਬਾ ਗੁਰਿੰਦਰ ਸਿੰਘ ਨਾਲ ਮੁਲਾਕਾਤ ਦੇ ਰੋਸ ਵਜੋਂ ਮੱਖੂ-ਮੱਲਾਂਵਾਲਾ ਰੋਡ 'ਤੇ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ ਦੀ ਪ੍ਰਧਾਨਗੀ ਹੇਠ ਪ੍ਰਧਾਨ ਮੰਤਰੀ ਦਾ ਪੁਤਲਾ ਫੂਕਿਆ ਤੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ 700 ਤੋਂ ਵੱਧ ਕਿਸਾਨਾਂ ਮਜ਼ਦੂਰਾਂ ਦਾ ਕਾਤਲ ਹੈ, ਕਿਉਂਕਿ ਮੋਦੀ ਸਰਕਾਰ ਹੀ ਖੇਤੀ ਕਾਲੇ ਕਾਨੂੰਨ ਲੈ ਕੇ ਆਈ ਸੀ, ਇੱਕ ਸਾਲ ਤੋਂ ਵੱਧ ਸਮਾਂ ਦੇਸ਼ ਤੇ ਪੰਜਾਬ ਭਰ ਦੇ ਕਿਸਾਨਾਂ ਮਜ਼ਦੂਰਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਬੈਠ ਕੇ ਸ਼ਹੀਦੀਆਂ ਦੇ ਕੇ ਕਾਲੇ ਕਾਨੂੰਨ ਵਾਪਸ ਕਰਵਾਏ ਸਨ ਤੇ ਲਖੀਮਪੁਰ ਖੀਰੀ ਵਿੱਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ 4 ਕਿਸਾਨਾਂ ਤੇ ਇੱਕ ਪੱਤਰਕਾਰ ਨੂੰ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਣੀ ਦੀ ਸ਼ਹਿ 'ਤੇ ਉਸ ਦੇ ਪੁੱਤਰ ਤੇ ਉਸ ਦੇ ਗੈਂਗ ਵੱਲੋਂ ਦਰੜ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਪਰ ਮੋਦੀ ਸਰਕਾਰ ਵੱਲੋਂ ਸ਼ਹੀਦ ਹੋਏ ਕਿਸਾਨਾਂ ਮਜ਼ਦੂਰਾਂ ਸੰਬੰਧੀ ਕੋਈ ਵੀ ਲਫਜ਼ ਨਾ ਬੋਲ ਕੇ ਸ਼ਹੀਦ ਹੋਏ ਕਿਸਾਨਾਂ ਦਾ ਅਪਮਾਨ ਕੀਤਾ ਗਿਆ ਹੈ ਤੇ ਨਾ ਹੀ ਅੰਦੋਲਨ ਸਮਾਪਤੀ ਵੇਲੇ ਕਿਸਾਨਾਂ ਨਾਲ ਮੰਨੀਆਂ ਮੰਗਾਂ ਕੇਂਦਰ ਸਰਕਾਰ ਨੇ ਲਾਗੂ ਕੀਤੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਫੇਰੀ ਮੌਕੇ 23 ਫਸਲਾਂ ਦੀ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਉਣ, ਬਿਜਲੀ ਵੰਡ ਲਾਇਸੰਸ ਰੂਲਜ਼ 2022 ਰੱਦ ਕਰਨ, ਦਿੱਲੀ ਅੰਦੋਲਨ ਦੌਰਾਨ ਕਿਸਾਨਾਂ ਸਿਰ ਕੀਤੇ ਪਰਚੇ ਰੱਦ ਕਰਨ, 700 ਤੋਂ ਵੱਧ ਸ਼ਹੀਦ ਹੋਏ ਕਿਸਾਨ ਮਜ਼ਦੂਰਾਂ ਦੇ ਪਰਵਾਰ ਨੂੰ 5 ਲੱਖ ਦਾ ਮੁਆਵਜ਼ਾ ਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਤੇ ਉਨ੍ਹਾਂ ਦਾ ਸਮੁੱਚਾ ਕਰਜ਼ਾ ਖਤਮ ਕਰਨ ਦੀਆਂ ਮੰਗਾਂ ਲਾਗੂ ਕਰ ਦੇਣੀਆ ਚਾਹੀਦੀਆਂ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਬਲਜਿੰਦਰ ਸਿੰਘ, ਸਾਹਿਬ ਸਿੰਘ ਤਲਵੰਡੀ, ਲਖਵਿੰਦਰ ਸਿੰਘ, ਗੁਰਮੀਤ ਸਿੰਘ ਵਸਤੀ ਨਾਮਦੇਵ, ਸੁਖਚੈਨ ਸਿੰਘ, ਗਗਨਦੀਪ ਸਿੰਘ, ਕਲਗਾ ਸਿੰਘ, ਕੁਲਦੀਪ ਸਿੰਘ, ਬੇਅੰਤ ਸਿੰਘ, ਗੁਰਮੀਤ ਸਿੰਘ, ਜੋਗਾ ਸਿੰਘ ਆਦਿ ਆਗੂ ਹਾਜ਼ਰ ਸਨ।

# ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਵੱਲੋਂ ਅਰਥੀ ਫੂਕ ਮੁਜ਼ਾਹਰਾ



**ਮਾਨਸਾ: (ਆਤਮਾ ਸਿੰਘ ਪਮਾਰ)**-ਦਿ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਮਾਨਸਾ ਵੱਲੋਂ ਸੂਬੇ ਦੇ ਸੱਦੇ ਅਨੁਸਾਰ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਰੰਗਾ ਦੀ ਪ੍ਰਧਾਨਗੀ ਹੇਠ ਨਹਿਰੀ ਕੋਠੀ ਜਵਾਹਰਕੇ ਵਿਖੇ ਮਾਨਯੋਗ ਸਕੱਤਰ ਕ੍ਰਿਸ਼ਨ ਕੁਮਾਰ, ਜਲ ਸਰੋਤ ਵਿਭਾਗ ਪੰਜਾਬ ਦੇ ਖਿਲਾਫ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਇਸ ਅਰਥੀ ਫੂਕ ਮੁਜ਼ਾਹਰੇ ਵਿੱਚ ਸ੍ਰੀ ਬਲਵਿੰਦਰ ਸਿੰਘ, ਨਹਿਰੀ ਵਿਭਾਗ, ਪ੍ਰਧਾਨ ਬਹਿਮਣ ਕੋਠੀ, ਰਾਮੂ ਭੀਖੀ, ਬਲਜੀਤ ਰੱਲਾ, ਵੇਦ ਪ੍ਰਕਾਸ, ਗੁਰਦਰਸ਼ਨ ਸਿੰਘ ਤੇ ਗੁਰਪ੍ਰੀਤ ਸਿੰਘ ਸਿਵਲ ਹਸਪਤਾਲ, ਮੱਖਣ ਸਿੰਘ ਬੀ.ਐਂਡ ਆਰ., ਗੁਰਵਿੰਦਰ ਸਿੰਘ ਰੈਵਨਿਊ ਯੂਨੀਅਨ, ਅਵਤਾਰ ਸਿੰਘ ਨਹਿਰੀ ਪਟਵਾਰ ਯੂਨੀਅਨ, ਗੁਰਵਿੰਦਰ ਸਿੰਘ ਜਟਾਣਾ, ਰਾਮ ਸਿੰਘ ਖੋਖਰ, ਬਿੱਕਰ ਸਿੰਘ ਮਾਖਾ, ਹਿੰਮਤ ਸਿੰਘ ਦੂਲੋਵਾਲ ਫੀਲਡ ਵਰਕਸ਼ਾਪ ਯੂਨੀਅਨ ਆਦਿ ਨੇ ਮੁਜ਼ਾਹਰੇ ਨੂੰ ਸੰਬੋਧਨ ਕੀਤਾ ਅਤੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਜੋ ਜਲ ਸਰੋਤ ਵਿਭਾਗ ਵਿੱਚ ਦਰਜਾ ਚਾਰ ਦੀ ਹਾਜ਼ਰੀ ਐੱਮ-ਸੇਵਾ ਐਪ ਤੇ ਆਨਲਾਈਨ ਲਾਉਣ ਦਾ ਫੁਰਮਾਨ ਜਾਰੀ ਕੀਤਾ ਹੈ, ਇਹ ਕੱਢਿਆ ਪੱਤਰ ਰੱਦ ਕੀਤਾ ਜਾਵੇ। ਆਗੂ ਸਾਥੀਆਂ ਨੇ ਮੰਗ ਕੀਤੀ ਕਿ ਵਰਦੀਆਂ ਤੁਰੰਤ ਦਿੱਤੀਆਂ ਜਾਣ, ਖਾਲੀ ਪੋਸਟਾਂ ਤੁਰੰਤ ਭਰੀਆਂ ਜਾਣ, ਪ੍ਰਮੋਸ਼ਨ ਚੈਨਲ ਲਾਗੂ ਕੀਤਾ ਜਾਵੇ, ਮੁਲਾਜ਼ਮਾਂ ਨੂੰ ਡੀ.ਏ. ਦੀਆਂ ਕਿਸ਼ਤਾਂ ਦਾ ਬਕਾਇਆ ਜਲਦੀ ਜਾਰੀ ਕੀਤਾ ਜਾਵੇ, ਕੱਟੇ ਹੋਏ ਭੱਤੇ ਬਹਾਲ ਕੀਤੇ ਜਾਣ, ਕੱਚੇ ਕਾਮੇ ਪੱਕੇ ਕੀਤੇ ਜਾਣ, ਠੇਕੇਦਾਰੀ ਸਿਸਟਮ ਬੰਦ ਕਰਕੇ ਰੈਗੂਲਰ ਭਰਤੀ ਚਾਲੂ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ। ਇਨ੍ਹਾਂ ਉਪਰੋਕਤ ਕੰਮਾਂ ਦਾ ਹੱਲ ਤੁਰੰਤ ਕੀਤਾ ਜਾਵੇ। ਜੇਕਰ ਜਲ ਸਰੋਤ ਵਿਭਾਗ ਵਿੱਚ ਦਰਜਾ ਚਾਰ ਦੀ ਹਾਜ਼ਰੀ ਐੱਮ-ਸੇਵਾ ਐਪ ਤੇ ਆਨਲਾਈਨ ਲਾਉਣ ਸਬੰਧੀ ਪੱਤਰ ਰੱਦ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਆਊਟਸੋਰਸਿੰਗ ਅਧੀਨ ਕੰਮ ਕਰਦੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਚ ਵਾਧਾ ਕੀਤਾ ਜਾਵੇ : ਪ ਸ ਸ ਫ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ , ਚੰਡੀਗੜ੍ਹ ਜ਼ਿਲ੍ਹਾ ਇਕਾਈ ਫ਼ਰੀਦਕੋਟ ਦੀ ਇੱਕ ਮੀਟਿੰਗ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿੱਚ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਭਾਣਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਫੈਡਰੇਸ਼ਨ ਦੇ ਸੂਬਾਈ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਜਨਰਲ ਸਕੱਤਰ ਹਰਵਿੰਦਰ ਸ਼ਰਮਾ, ਆਲ ਇੰਡੀਆ ਆਸ਼ਾ ਵਰਕਰ ਯੂਨੀਅਨ ਪੰਜਾਬ ਦੇ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਪੈਨਸ਼ਨਰ ਆਗੂ ਅਸ਼ੋਕ ਕੌਸ਼ਲ, ਹਰਪਾਲ ਮਚਾਕੀ, ਸੋਮ ਨਾਥ ਅਰੋੜਾ, ਸੁਖਚੈਨ ਸਿੰਘ ਥਾਂਦੇਵਾਲਾ, ਸੁਖਵਿੰਦਰ ਸਿੰਘ ਪ੍ਰਧਾਨ ਸਕਿਓਰਟੀ ਗਾਰਡ ਤੇ ਸ਼ਿਵ ਨਾਥ ਦਰਦੀ ਜਨਰਲ ਸਕੱਤਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਲੋੜੀਂਦੇ ਹੁਕਮ ਜਾਰੀ ਕਰਨ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਤੇ ਹੋਰ ਅਦਾਰਿਆਂ ਵਿੱਚ ਆਊਟ ਸੋਰਸ ਅਧੀਨ ਕੰਮ ਕਰਦੇ ਮੁਲਾਜ਼ਮਾਂ ਦੀ ਯੋਗਤਾ ਤੇ ਕੰਮ ਅਨੁਸਾਰ ਤਨਖਾਹਾਂ ਵਿੱਚ ਯੋਗ ਵਾਧਾ ਕਰਨ, ਆਸ਼ਾ ਵਰਕਰਾਂ, ਮਿੱਡ ਡੇ ਮੀਲ ਵਰਕਰਾਂ ਤੇ ਆਂਗਨਵਾੜੀ ਵਰਕਰਾਂ ਨਾਲ ਆਮ ਆਦਮੀ ਪਾਰਟੀ ਦੇ ਚੋਣ ਵਾਅਦੇ ਅਨੁਸਾਰ ਮਾਣ ਭੱਤਾ ਦੁੱਗਣਾ ਕਰਨ ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ ਨੋਟੀਫਿਕੇਸ਼ਨ ਤੁਰੰਤ ਜਾਰੀ ਕਰਨ, ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦਾ ਰਹਿੰਦਾ ਬਕਾਇਆ ਤੇ ਮਹਿੰਗਾਈ ਭੱਤੇ ਦੀ ਰਹਿੰਦੀ ਕਿਸ਼ਤ 38 ਫੀਸਦੀ ਦੇਣ ਦੀ ਮੰਗ ਕੀਤੀ। ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਹੁਕਮਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਗੱਲਾਂ ਨਾਲ ਸਮੇਂ ਨੂੰ ਅੱਗੇ ਲੰਘਾ ਰਹੀ ਹੈ। ਫ਼ੈਸਲਾ ਕੀਤਾ ਗਿਆ ਕਿ 12 ਨਵੰਬਰ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਹੋ ਰਹੀ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਫਰੀਦਕੋਟ ਜ਼ਿਲ੍ਹੇ ਦੇ ਆਗੂ ਸਾਥੀ ਸ਼ਮੂਲੀਅਤ ਕਰਨਗੇ। ਮੀਟਿੰਗ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਸਮੂਹ ਕੱਚੇ, ਠੇਕਾ ਆਧਾਰਤ, ਆਊਟਸੋਰਸ ਮੁਲਾਜ਼ਮਾਂ, ਰੈਗੂਲਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਗਏ ਸਾਰੇ ਚੋਣ ਵਾਅਦੇ ਤੁਰੰਤ ਪੂਰੇ ਕੀਤੇ ਜਾਣ।

ਮੀਟਿੰਗ ਵਿੱਚ ਹਾਜ਼ਰ ਮੁਲਾਜ਼ਮਾਂ ਨੇ ਸਰਬਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਆਪਣੀਆਂ ਮੰਗਾਂ ਦੀ ਖਾਤਰ ਸੋਲਨ (ਹਿਮਾਚਲ ਪ੍ਰਦੇਸ਼) ਵਿਖੇ ਰੋਸ ਪ੍ਰਗਟ ਕਰ ਰਹੇ ਬੇਰੁਜ਼ਗਾਰ ਈ ਟੀ ਟੀ ਅਧਿਆਪਕਾਂ ਪ੍ਰਤੀ ਵਰਤੀ ਗਈ ਮੰਦੀ ਸ਼ਬਦਾਵਲੀ ਦੀ ਸਖਤ ਸ਼ਬਦਾਂ ਵਿੱਚ ਸਖ਼ਤ ਨਿਖੇਧੀ ਕੀਤੀ।

## ਕਾਤਰਾਂ

### ਮੈਗਾ ਲੀਗਲ ਸਰਵਿਸ ਕੈਂਪ 9 ਨੂੰ

**ਸੰਗਰੂਰ, (ਪ੍ਰਵੀਨ ਸਿੰਘ)**-ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਨਵੀਂ ਦਿੱਲੀ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੇ ਆਦੇਸ਼ਾਂ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਵੱਲੋਂ 9 ਨਵੰਬਰ ਨੂੰ ਭਾਈ ਗੁਰਦਾਸ ਗਰੁੱਪ ਆਫ ਇੰਸਟੀਚਿਊਸ਼ਨਜ਼ ਸੰਗਰੂਰ ਵਿਖੇ ਇੱਕ ਮੈਗਾ ਲੀਗਲ ਸਰਵਿਸ ਕੈਂਪ ਲਾਇਆ ਜਾ ਰਿਹਾ ਹੈ। ਇਸ ਕੈਂਪ ਸਬੰਧੀ ਪ੍ਰਭਜੋਤ ਸਿੰਘ ਕਾਲੇਕਾ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵੱਖ ਵੱਖ ਵਿਭਾਗਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਹਾਇਕ ਕਮਿਸ਼ਨਰ ਸ੍ਰੀ ਦੇਵਦਰਸ਼ਦੀਪ ਸਿੰਘ ਵੀ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਇਸ ਮੈਗਾ ਕੈਂਪ ਵਿੱਚ ਵੱਖ ਵੱਖ ਵਿਭਾਗਾਂ ਦੇ ਨੁਮਾਇੰਦਿਆਂ ਵੱਲੋਂ ਵਿਭਾਗੀ ਯੋਜਨਾਵਾਂ ਬਾਰੇ ਜਾਗਰੂਕ ਕੀਤਾ ਜਾਵੇਗੀ।

### 31 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਬ ਇੰਸਪੈਕਟਰ ਪਰਮਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧੀ ਪੁੱਡਾ ਗਰਾਊਂਡ ਪਾਸ ਪੁੱਜੇ ਤਾਂ ਦੋ ਨੌਜਵਾਨ ਵਿਨੈ ਉਰਫ ਪਾਂਡੀਆ ਪੁੱਤਰ ਵਿਜੈ ਵਾਸੀ ਗਲੀ ਭੰਡਾਰੀਆਂ ਵਾਲੀ, ਭਾਰਤ ਨਗਰ ਸਿਟੀ ਫਿਰੋਜ਼ਪੁਰ ਤੇ ਲਖਵਿੰਦਰ ਉਰਫ ਅਜੈ ਪੁੱਤਰ ਚਿਮਨ ਲਾਲ ਵਾਸੀ ਗਲੀ ਮੱਸਾ ਸਿੰਘ ਵਾਲੀ ਭਾਰਤ ਨਗਰ ਸਿਟੀ ਫਿਰੋਜ਼ਪੁਰ ਪੈਦਲ ਆਉਂਦੇ ਵਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਤੇ ਇਕ ਦਮ ਮੌਕੇ ਤੋਂ ਖਿਸਕਣ ਲੱਗੇ, ਜਿਨ੍ਹਾਂ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਨ੍ਹਾਂ ਦੋਵਾਂ ਕੋਲੋਂ 31 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

### ਦਸਤਾਰ ਤੇ ਗੁਰਬਾਣੀ ਕੰਠ ਮੁਕਾਬਲੇ 8 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਦਸਤਾਰ ਤੇ ਗੁਰਬਾਣੀ ਕੰਠ ਮੁਕਾਬਲੇ 8 ਨਵੰਬਰ ਨੂੰ ਗੁਰਦੁਆਰਾ ਸ੍ਰੀ ਅਨੰਦ ਸਾਹਿਬ ਕਸੂਰੀ ਗੇਟ ਫਿਰੋਜ਼ਪੁਰ ਸ਼ਹਿਰ ਵਿਖੇ ਕਰਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਥਿੰਦ ਨੇ ਦੱਸਿਆ ਕਿ 6 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਤੇ 8 ਨਵੰਬਰ ਨੂੰ ਭੋਗ ਪਾਏ ਜਾਣਗੇ। ਇਸ ਉਪਰੰਤ ਦੁਪਹਿਰ 2 ਵਜੇ ਤੋਂ 3.30 ਵਜੇ ਤੱਕ ਗੁਰਬਾਣੀ ਕੰਠ ਤੇ ਦਸਤਾਰ ਮੁਕਾਬਲੇ ਕਰਵਾਏ ਜਾਣਗੇ ਅਤੇ ਰਾਤ 8 ਵਜੇ ਕਥਾ ਵਾਚਕ ਗਿਆਨੀ ਸਤਨਾਮ ਸਿੰਘ ਚੰਦੜ ਕਥਾ ਸੁਣਾ ਕੇ ਨਿਹਾਲ ਕਰਨਗੇ।

### ਪੈਨਸ਼ਨ ਐਸੋਸੀਏਸ਼ਨ ਡਵੀਜ਼ਨ ਲਹਿਰਾ ਦੀ ਮੀਟਿੰਗ

**ਮੂਨਕ (ਰਾਜਪਾਲ ਸਿੰਗਲਾ)**-ਪੈਨਸ਼ਨ ਐਸੋਸੀਏਸ਼ਨ ਡਵੀਜ਼ਨ ਲਹਿਰਾ ਇਕਾਈ ਦੀ ਮੀਟਿੰਗ ਮੂਨਕ ਦਫ਼ਤਰ ਵਿਖੇ ਸੋਮ ਚੰਦ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਵਿੱਛੜੇ ਸਾਥੀ ਭੂਰਾ ਸਿੰਘ ਰਾਜਲਹੇੜੀ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਮੀਟਿੰਗ ਵਿੱਚ ਜਗਰੂਪ ਸਿੰਘ, ਮੰਗਤ ਸਿੰਘ, ਸੋਮ ਚੰਦ ਤੇ ਜੋਗਿੰਦਰ ਸਿੰਘ ਨੇ ਸੰਬੋਧਨ ਕਰਦੇ ਹੋਏ ਦੱਸਿਆ ਕਿ ਹੋਰ ਵੀ ਬਹੁਤ ਸਾਰੇ ਸੰਘਰਸ਼ ਯੂਨੀਅਨਾਂ ਨਾਲ ਪੰਜਾਬ ਦੀਆਂ ਜਥੇਬੰਦੀਆਂ ਨਾਲ ਰਲ ਕੇ ਸੰਘਰਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲਾ ਰਹਿੰਦਾ ਪੇ ਗ੍ਰੇਡ ਲਾਗੂ ਨਹੀਂ ਕੀਤਾ ਜਾ ਰਿਹਾ ਤੇ 2.59 ਦੇ ਨਾਲ ਪੈਨਸ਼ਨਰਾਂ ਨੂੰ ਸੋਧ ਕਰਕੇ ਪੈਨਸ਼ਨਾਂ ਨਹੀਂ ਦਿੱਤੀਆਂ ਜਾ ਰਹੀਆਂ। ਯੂ ਟੀ ਮੁਲਾਜ਼ਮ ਤੇ ਸਾਂਝਾ ਫਰੰਟ ਵੱਲੋਂ ਵੀ ਸੰਘਰਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਨਾਲ ਰਲ ਕੇ ਪੰਜਾਬ ਦੀ ਪੈਨਸ਼ਨ ਐਸੋਸੀਏਸ਼ਨ ਜਥੇਬੰਦੀ ਵੱਲੋਂ ਹੈ, ਸੰਘਰਸ਼ ਕੀਤੇ ਜਾ ਰਹੇ ਹਨ ਉਨ੍ਹਾਂ ਦੀ ਤਿਆਰੀ ਸਬੰਧੀ ਮੀਟਿੰਗ ਕੀਤੀ ਗਈ ਹੈ।

### ਪ੍ਰਦੀਪ ਸਿੰਘ ਖਾਲਸਾ ਨਮਿੱਤ ਪਾਠ ਦਾ ਭੋਗ ਅੱਜ



**ਮਾਛੀਵਾੜਾ ਸਾਹਿਬ ( ਜਗਦੀਸ਼ ਰਾਏ, ਸ਼ੈਕੀ ਸ਼ਰਮਾ)**-ਸਵਰਗੀ ਨੌਜਵਾਨ ਪ੍ਰਦੀਪ ਸਿੰਘ ਖਾਲਸਾ (21) ਪੁੱਤਰ ਹਰਜਿੰਦਰ ਸਿੰਘ ਵਾਸੀ ਮੁਸ਼ਕਾਬਾਦ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 6 ਨਵੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ (ਨੇੜੇ ਆਟਾ ਚੱਕੀ) ਪਿੰਡ ਮੁਸ਼ਕਾਬਾਦ ਵਿਖੇ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ ਹੋਵੇਗੀ।

### 'ਲੋਕਤੰਤਰ ਤੇ ਚੋਣ ਪ੍ਰਣਾਲੀ' ਵਿਸ਼ੇ 'ਤੇ ਲੈਕਚਰ

**ਲਹਿਰਾਗਾਗਾ, (ਪਵਨ ਸ਼ਰਮਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗਤਪੁਰਾ ਵਿਖੇ 'ਲੋਕਤੰਤਰ ਤੇ ਚੋਣ ਪ੍ਰਣਾਲੀ' ਵਿਸ਼ੇ 'ਤੇ ਲੈਕਚਰ ਕਰਵਾਇਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਰਿਸਰਚ ਸਕਾਲਰ ਹੁਸ਼ਿਆਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਲੋਕਤੰਤਰ ਦੀ ਸ਼ੁਰੂਆਤ, ਵੱਖ-ਵੱਖ ਦੇਸ਼ਾਂ ਵਿਚਲੇ ਲੋਕਤੰਤਰ ਪ੍ਰਬੰਧ ਦੇ ਫਰਕ ਤੇ ਚੋਣ ਕਮਿਸ਼ਨ ਤੋਂ ਜਾਣੂ ਕਰਵਾਇਆ। ਰਣਦੀਪ ਸੰਗਤਪੁਰਾ ਤੇ ਗੁਰਵੀਰ ਲਹਿਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਲੈਕਚਰਾਰ ਸੰਦੀਪ ਕੌਰ, ਜਸਵੀਰ ਸਿੰਘ, ਅਧਿਆਪਕ ਅਸ਼ੋਕ ਕੁਮਾਰ ਤੇ ਨਵਦੀਪ ਕੌਰ, ਅਰੁਣ ਵਿਜੇ, ਮਨੀ ਮਹੇਸ਼, ਮਨਪ੍ਰੀਤ ਕੌਰ, ਹਰਜੀਤ ਕੌਰ, ਰਿਕੂ ਸ਼ਰਮਾ, ਸ਼ੈਫੀ ਗੁਪਤਾ, ਕੋਮਲ ਰਾਣੀ ਹਾਜ਼ਰ ਸਨ।

### ਬਾਬਾ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ 13 ਨੂੰ

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)** : ਸਥਾਨਕ ਬਾਬਾ ਨਾਮਦੇਵ ਸਭਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਨਾਮਦੇਵ ਜੀ ਦਾ 752ਵਾਂ ਪ੍ਰਕਾਸ਼ ਦਿਹਾੜਾ 13 ਨਵੰਬਰ ਨੂੰ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਸਭਾ ਪ੍ਰਧਾਨ ਰਾਜਿੰਦਰ ਸਿੰਘ ਰਾਜਾ ਨੇ ਦੱਸਿਆ ਕਿ ਇਸ ਵਾਰ ਵੀ 11, 12 ਤੇ 13 ਨਵੰਬਰ ਨੂੰ ਬਾਬਾ ਨਾਮਦੇਵ ਧਰਮਸ਼ਾਲਾ ਸਲਾਈਟ ਕਾਲਜ ਰੋਡ ਲੌਂਗੋਵਾਲ ਵਿਖੇ ਪ੍ਰਕਾਸ਼ ਦਿਹਾੜਾ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਸਬੰਧੀ 11 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, 12 ਨੂੰ ਰਾਤ ਸਮੇਂ ਭਾਰੀ ਦੀਵਾਨ ਸਜਣਗੇ ਤੇ 13 ਨਵੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਸਮੇਂ ਢਾਡੀ ਜਥੇ ਬਾਬਾ ਨਾਮਦੇਵ ਜੀ ਦੀ ਜੀਵਨੀ ਸੁਣਾ ਨੇ ਸੰਗਤਾਂ ਨੂੰ ਨਿਹਾਲ ਕਰਨਗੇ।

### 10 ਕਿੱਲੋ ਚੂਰਾ ਪੋਸਤ ਸਮੇਤ ਕਾਬੂ

**ਮਲੋਟ, (ਗੁਰਮੀਤ ਸਿੰਘ ਮੱਕੜ)** : ਸਥਾਨਕ ਥਾਣਾ ਸਿਟੀ ਪੁਲਸ ਨੇ ਚੂਰਾ ਪੋਸਤ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਛਾਪਿਆਂਵਾਲੀ ਤੋਂ ਪਿੰਡ ਅਬੁਲ ਖੁਰਾਣਾ ਨੂੰ ਜਾ ਰਹੀ ਸੀ ਤਾਂ ਸਾਹਮਣੇ ਸੱਜੇ ਹੱਥ ਕੱਚੇ ਰਸਤੇ 'ਤੇ ਇੱਕ ਕਾਰ ਰੰਗ ਗੋਲਡਨ ਮਾਰਕਾ ਮਾਰੂਤੀ ਸਾਜ਼ੂਕੀ ਖੜੀ ਦਿਖਾਈ ਦਿੱਤੀ, ਜਿਸ ਦਾ ਡਰਾਇਵਰ ਸੀਟ 'ਤੇ ਰਾਕੇਸ਼ ਕੁਮਾਰ ਵਾਸੀ ਡੱਬਵਾਲੀ ਰਹੂੜਿਆਂਵਾਲੀ ਬੈਠਾ ਹੋਇਆ ਸੀ, ਜੋ ਪੁਲਸ ਪਾਰਟੀ ਦੀ ਗੱਡੀ ਦੇਖ ਕੇ ਇੱਕਦਮ ਘਬਰਾ ਕੇ ਕਾਰ ਦੀ ਡਰਾਈਵਰ ਸੀਟ ਵਾਲੀ ਬਾਰੀ ਖੋਲ੍ਹ ਕੇ ਭੱਜਣ ਲੱਗਾ, ਜਿਸ ਨੂੰ ਕਾਬੂ ਕਰਕੇ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ ਗੱਟੇ ਵਿੱਚੋਂ 10 ਕਿੱਲੋਗ੍ਰਾਮ ਚੂਰਾ ਪੋਸਤ ਬਰਾਮਦ ਕਰ ਲਿਆ ਗਿਆ। ਪੁਲਸ ਨੇ ਉਕਤ ਵਿਅਕਤੀ 'ਤੇ ਮੁੱਕਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਾਮਰੇਡ ਚੰਦ ਸਿੰਘ ਹਰੀ ਨੌਂ ਸਦੀਵੀ ਵਿਛੋੜਾ ਦੇ ਗਏ

## ਆਰ ਐੱਮ ਪੀ ਆਈ ਆਗੂਆਂ ਵੱਲੋਂ ਨਾਹਰਿਆਂ ਦੀ ਗੂੰਜ 'ਚ ਇਨਕਲਾਬੀ ਵਿਦਾਇਗੀ



**ਕੋਟਕਪੂਰਾ (ਰਛਪਾਲ ਭੁੱਲਰ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਦੇ ਸਤਿਕਾਰਤ ਆਗੂ ਕਾਮਰੇਡ ਚੰਦ ਸਿੰਘ ਹਰੀ ਨੌਂ ਸਦੀਵੀ ਵਿਛੋੜਾ ਦੇ ਗਏ। ਉਨ੍ਹਾ ਨੇ ਆਪਣੀ ਉਮਰ ਦੇ ਚਾਲੀ ਸਾਲ ਲਾਲ ਝੰਡੇ ਦੀ ਅਗਵਾਈ ਹੇਠ ਕਿਰਤੀ-ਕਿਸਾਨਾਂ, ਮਿਹਨਤਕਸ਼ਾਂ ਦੇ ਮਾਨਵਤਾਵਾਦੀ ਸੰਗਰਾਮਾਂ ਦੇ ਲੇਖੇ ਲਾਏ। ਉਨ੍ਹਾ ਬੇਜ਼ਮੀਨੇ ਕਿਰਤੀ ਪਰਿਵਾਰ 'ਚ ਜਨਮ ਲੈਣ ਦੇ ਬਾਵਜੂਦ ਸਾਲ ਭਰ ਤੋਂ ਵਧੇਰੇ ਸਮਾਂ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਗਏ ਜੇਤੂ ਕਿਸਾਨ ਸੰਘਰਸ਼ ਵਿੱਚ ਸ਼ਾਨਾਮੱਤਾ ਯੋਗਦਾਨ ਪਾਇਆ। ਸੰਨ 1983 ਵਿੱਚ ਸੀ ਪੀ ਆਈ (ਐੱਮ) ਦੇ ਮੈਂਬਰ ਬਣੇ ਸਾਥੀ ਚੰਦ ਸਿੰਘ ਨੇ ਪਹਿਲਾਂ ਸੀ ਪੀ ਐੱਮ ਪੰਜਾਬ ਤੇ ਪਿੱਛੋਂ ਆਰ ਐੱਮ ਪੀ ਆਈ ਦੀ ਸਥਾਪਨਾ ਅਤੇ ਮਜ਼ਬੂਤੀ ਲਈ ਵੱਡਮੁੱਲਾ ਯੋਗਦਾਨ ਪਾਇਆ।

ਉਨ੍ਹਾ ਦਾ ਅੰਤਮ ਸੰਸਕਾਰ ਪਿੰਡ ਹਰੀ ਨੌਂ ਵਿਖੇ ਇਨਕਲਾਬੀ ਰਵਾਇਤਾਂ ਅਨੁਸਾਰ ਕੀਤੀ ਗਿਆ। ਪਾਰਟੀ ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ, ਕੇਂਦਰੀ ਕਮੇਟੀ ਦੇ ਮੈਂਬਰਾਨ ਸਾਥੀ ਗੁਰਨਾਮ ਸਿੰਘ ਦਾਊਦ ਤੇ ਮਹੀਪਾਲ ਨੇ ਉਨ੍ਹਾ ਦੀ ਮ੍ਰਿਤਕ ਦੇਹ 'ਤੇ ਸਨਮਾਨ ਵਜੋਂ ਪਾਰਟੀ ਦਾ ਸੂਹਾ ਝੰਡਾ ਪਾਇਆ। ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਗੁਰਤੇਜ ਸਿੰਘ ਹਰੀ ਨੌਂ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਆਗੂਆਂ ਸਾਥੀ ਧਰਮਿੰਦਰ ਸਿੰਘ, ਜਤਿੰਦਰ ਕੁਮਾਰ ਤੇ ਦੀਪਕ ਠਾਕੁਰ, ਪਸਸਫ ਦੇ ਸੀਨੀਅਰ ਸੂਬਾਈ ਆਗੂ ਵੀਰ ਇੰਦਰ ਜੀਤ ਸਿੰਘ ਪੁਰੀ, ਪਿੰਡ ਤੇ ਇਲਾਕੇ ਦੇ ਕਮਿਊਨਿਸਟ ਆਗੂਆਂ ਤੇ ਜਨਤਕ ਕਾਰਕੁਨਾਂ ਨੇ ਜੋਸ਼ੀਲੇ ਨਾਹਰਿਆਂ ਦੀ ਗੂੰਜ ਦਰਮਿਆਨ ਆਪਣੇ ਯੁੱਧ ਸਾਥੀ ਨੂੰ ਵਿਦਾ ਕੀਤਾ।

# ਲਿਬਰੇਸ਼ਨ ਵੱਲੋਂ ਸੂਰੀ ਦੇ ਕਤਲ ਦੀ ਨਿੰਦਾ

**ਛਾਜਲੀ, (ਜਸਵੀਰ ਲਾਡੀ)**-ਸ਼ਿਵ ਸੈਨਾ ਹਿੰਦੋਸਤਾਨ ਦੇ ਪ੍ਰਮੁੱਖ ਸੁਧੀਰ ਸੂਰੀ ਦਾ ਕਤਲ ਪਿਛਲੇ ਕੁਝ ਅਰਸੇ ਤੋਂ ਪੰਜਾਬ ਵਿੱਚ ਨਫਰਤ ਭਰੇ ਭਾਸ਼ਣਾਂ ਰਾਹੀਂ ਮਾਹੌਲ ਨੂੰ ਖਰਾਬ ਕਰਨ ਦੀਆਂ ਯੋਜਨਾਬੱਧ ਕੋਸ਼ਿਸ਼ਾਂ ਦਾ ਨਤੀਜਾ ਹੈ। ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਇਸ ਕਤਲ ਕਾਂਡ ਦੀ ਸਖਤ ਨਿੰਦਾ ਕਰਦੀ ਹੈ ਤੇ ਪਾਰਟੀ ਨੇ ਮੁੱਖ ਮੰਤਰੀ ਭਗਵੰਤ ਮਾਨ, ਜਿਨ੍ਹਾਂ ਕੋਲ ਗ੍ਰਹਿ ਮੰਤਰਾਲਾ ਵੀ ਹੈ, ਤੋਂ ਮੰਗ ਕੀਤੀ ਹੈ ਕਿ ਹੋਰਨਾਂ ਸੂਬਿਆਂ 'ਚ ਸਿਆਸੀ ਸਰਗਰਮੀਆਂ ਵਿੱਚ ਰੁਝੇ ਰਹਿਣ ਦੀ ਬਜਾਏ, ਸਭ ਤੋਂ ਪਹਿਲਾਂ ਉਹ ਪੰਜਾਬ ਦੇ ਮਾਮਲਿਆਂ ਵੱਲ ਧਿਆਨ ਦੇਣ। ਪਾਰਟੀ ਦੇ ਸੂਬਾਈ ਆਗੂ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਆਪਣੇ ਪ੍ਰੈੱਸ ਨੋਟ ਰਾਹੀਂ ਕਿਹਾ ਕਿ ਚਿੰਤਾ ਦੀ ਗੱਲ ਹੈ ਕਿ ਪੰਜਾਬ ਦੀ 'ਆਪ' ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰਾਂ ਮੂਕ ਦਰਸ਼ਕ ਬਣ ਕੇ ਭੜਕਾਊ ਤਾਕਤਾਂ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ, ਕਿਉਂਕਿ ਪੰਜਾਬ ਵਿੱਚ ਕੋਈ ਹਿੰਦੂ ਰਾਸ਼ਟਰ ਦੀ ਆਵਾਜ਼ ਉਠਾਵੇ ਜਾਂ ਖਾਲਿਸਤਾਨ ਦੀ, ਦੋਵਾਂ ਦਾ ਸਭ ਤੋਂ ਵੱਧ ਲਾਭ ਫਿਰਕੂ ਫਾਸ਼ੀਵਾਦੀ ਸੰਘ-ਬੀਜੇਪੀ ਨੂੰ ਹੀ ਮਿਲਦਾ ਹੈ। ਲਿਬਰੇਸ਼ਨ ਨੇ ਪੰਜਾਬੀਆਂ ਨੂੰ ਸੁਚੇਤ ਕੀਤਾ ਕਿ ਇਹੋ ਜਹੀਆਂ ਵਾਰਦਾਤਾਂ ਪੰਜਾਬ ਨੂੰ ਮੁੜ ਬੀਤੇ ਦੇ ਮਾੜੇ ਦੌਰ ਵਿੱਚ ਵਾਪਸ ਲੈ ਜਾਣ ਦੀ ਸੋਚੀ-ਸਮਝੀ ਸਾਜ਼ਿਸ਼ ਹਨ। ਲਿਬਰੇਸ਼ਨ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿਛਾਖੜੀ ਤੇ ਫਾਸ਼ੀਵਾਦੀ ਤਾਕਤਾਂ ਦੇ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਹਰ ਕੀਮਤ 'ਤੇ ਸ਼ਾਂਤੀ ਤੇ ਆਪਸੀ ਸਦਭਾਵਨਾ ਬਣਾਈ ਰੱਖਣ।

# ਗੁਰਪੁਰਬ ਮੌਕੇ ਦੇਸ਼ ਭਗਤ ਗਲੋਬਲ ਸਕੂਲ 'ਚ ਜਪੁਜੀ ਸਾਹਿਬ ਦੇ ਪਾਠ ਕਰਵਾਏ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯੂਨਾਈਟਿਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿੱਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਜਪੁਜੀ ਸਾਹਿਬ, ਅਨੰਦ ਸਾਹਿਬ ਤੇ ਚੌਪਈ ਸਾਹਿਬ ਦੇ ਪਾਠ ਕਰਵਾਏ ਗਏ। ਪ੍ਰਿੰਸੀਪਲ ਜਿੰਦਲ ਨੇ ਕਿਹਾ ਕਿ ਇਹ ਤਿਉਹਾਰ ਸਿੱਖਾਂ ਦੇ ਦਸ ਗੁਰੂਆਂ ਵਿੱਚੋਂ ਪਹਿਲੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਦਰਸਾਉਂਦਾ ਹੈ। ਗੁਰੂ ਜੀ ਨੇ ਲੋਕਾਂ ਵਿੱਚ ਪਿਆਰ, ਭਾਈਚਾਰਕ ਸਾਂਝ ਤੇ ਸਦਭਾਵਨਾ ਦੇ ਵਿਚਾਰ ਨੂੰ ਫੈਲਾਇਆ। ਉਨ੍ਹਾਂ ਦੀਆਂ ਸਿੱਖਿਆਵਾਂ ਬਹੁਤ ਮਹੱਤਵ ਰੱਖਦੀਆਂ ਹਨ ਤੇ ਸ਼ਰਧਾਲੂ ਆਪਣੇ ਜੀਵਨ ਵਿੱਚ ਉਨ੍ਹਾਂ ਦਾ ਅਭਿਆਸ ਕਰਦੇ ਹਨ।

ਉਨ੍ਹਾ ਕਿਹਾ ਕਿ ਤਿਉਹਾਰ ਦੀ ਆਮਦ ਤੋਂ ਪਹਿਲਾਂ ਲੋਕ ਸਭ ਤੋਂ ਵੱਧ ਉਤਸ਼ਾਹਤ ਹੁੰਦੇ ਹਨ ਅਤੇ ਤਿਉਹਾਰ ਦੀਆਂ ਵੱਖ-ਵੱਖ ਰਸਮਾਂ ਨਿਭਾਉਂਦੇ ਹਨ। ਸਿੱਖ ਧਰਮ ਦੇ ਲੋਕ ਆਪਣੇ ਗੁਰੂਆਂ ਨੂੰ ਬਹੁਤ ਮਹੱਤਵ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇੱਕ ਹੀ ਦੇਵਤੇ ਦੀ ਉਪਾਸਨਾ ਕਰਨ ਤੇ ਮਨੁੱਖਤਾ ਨੂੰ ਉਨ੍ਹਾਂ ਸਾਰੀਆਂ ਥਾਵਾਂ 'ਤੇ ਫੈਲਾਉਣ ਬਾਰੇ ਸਿਖਾਇਆ, ਜੋ ਉਨ੍ਹਾਂ ਨੇ ਯਾਤਰਾ ਕੀਤੀ। ਪ੍ਰਿੰਸੀਪਲ ਸੰਜੀਵ ਜਿੰਦਲ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਧੇਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਜਯੰਤੀ ਹਰ ਸਾਲ ਕਾਰਤਿਕ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਈ ਜਾਂਦੀ ਹੈ। ਇਸ ਮੌਕੇ ਸਮੂਹ ਸਟਾਫ ਮੌਜੂਦ ਸੀ।

# ਦਲਿਤ ਮਹਿਲਾ 'ਤੇ ਹਮਲਾ ਕਰਨ ਦਾ ਮੁੱਦਾ ਐੱਸ ਸੀ ਕਮਿਸ਼ਨ ਕੋਲ ਪੁੱਜਾ

## ਪੂਨਮ ਕਾਂਗੜਾ ਵੱਲੋਂ ਹਮਲਾ ਕਰਨ ਵਾਲਿਆਂ 'ਤੇ ਕਾਰਵਾਈ ਦਾ ਭਰੋਸਾ



**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਸੰਗਰੂਰ ਦੇ ਪਿੰਡ ਘਰਾਚੋਂ ਵਿਖੇ ਇੱਕ ਦਲਿਤ ਮਹਿਲਾ ਤੇ ਕੁਝ ਜਰਨਲ ਵਰਗ ਦੇ ਲੋਕਾਂ ਵੱਲੋਂ ਉਸ ਦੀ ਦੁਕਾਨ ਅੰਦਰ ਬੜ ਕਿ ਹਮਲਾ ਕਰਨ ਦਾ ਮਾਮਲਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਦਰਬਾਰ ਪਹੁੰਚ ਗਿਆ ਹੈ, ਜਿਸ ਸਬੰਧੀ ਪੀੜਤ ਮਹਿਲਾ ਵੱਲੋਂ ਸਥਾਨਕ ਰੈਸਟ ਹਾਊਸ ਵਿਖੇ ਮੈਡਮ ਪੂਨਮ ਕਾਂਗੜਾ ਮੈਂਬਰ ਐੱਸ ਸੀ ਕਮਿਸ਼ਨ ਪੰਜਾਬ ਨੂੰ ਮਿਲ ਕੇ ਆਪਣੀ ਸ਼ਿਕਾਇਤ ਦਰਜ ਕਰਵਾਈ ਤੇ ਢਿੱਲੀ ਕਾਰਗੁਜ਼ਾਰੀ ਲਈ ਸਬੰਧਤ ਪੁਲਸ ਅਧਿਕਾਰੀਆਂ ਦੀ ਸ਼ਿਕਾਇਤ ਵੀ ਕੀਤੀ। ਮੈਡਮ ਪੂਨਮ ਕਾਂਗੜਾ ਨੂੰ ਪਿੰਡ ਘਰਾਚੋਂ ਦੀ ਰਾਜਵੀਰ ਕੌਰ ਪਤਨੀ ਜਸਵੀਰ ਸਿੰਘ ਨੇ ਦੱਸਿਆ ਕਿ ਉਹ ਪਿੰਡ ਘਰਾਚੋਂ ਵਿਖੇ ਜੋਤ ਬਿਊਟੀ ਪਾਰਲਰ ਦੇ ਨਾਮ 'ਤੇ ਦੁਕਾਨ ਕਰਦੀ ਹੈ। 31 ਅਕਤੂਬਰ ਨੂੰ ਪਿੰਡ ਦੇ ਹੀ ਰਹਿਣ ਵਾਲੇ ਸੁਖਵਿੰਦਰ ਸਿੰਘ ਫੌਜੀ ਉਸ ਦੇ ਸਪੁੱਤਰ ਸਸੀ ਕੁਮਾਰ, ਵਿੱਕੀ, ਸੰਦੀਪ ਤੇ ਸੁਖਵਿੰਦਰ ਸਿੰਘ ਫੌਜੀ ਦੀਆਂ ਨੂੰਹਾਂ ਨੇ ਉਨ੍ਹਾਂ ਦੀ ਦੁਕਾਨ 'ਤੇ ਕਥਿਤ ਹਮਲਾ ਕਰ ਦਿੱਤਾ, ਜਿੱਥੇ ਉਨ੍ਹਾਂ ਦੀ ਦੁਕਾਨ ਅੰਦਰ ਵੜ ਕੇ (ਰਾਜਵੀਰ ਕੌਰ) ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ, ਉਥੇ ਹੀ ਉਨ੍ਹਾਂ ਨੂੰ ਜਨਤਕ ਤੌਰ 'ਤੇ ਜਾਤੀ ਸੂਚਕ ਸ਼ਬਦ ਬੋਲ ਕੇ ਗਾਲੀ ਗਲੋਚ ਕੀਤਾ ਗਿਆ ਅਤੇ ਉਨ੍ਹਾਂ ਦੀ ਦੁਕਾਨ ਦੀ ਸਾਰੀ ਨਕਦੀ ਲੈ ਕੇ ਫਰਾਰ ਹੋ ਗਏ। ਰਾਜਵੀਰ ਕੌਰ ਨੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਥਾਣਾ ਭਵਾਨੀਗੜ੍ਹ ਵਿਖੇ ਸ਼ਿਕਾਇਤ ਦਰਜ ਕਰਵਾਈ ਹੋਈ ਹੈ, ਪ੍ਰੰਤੂ ਅਜੇ ਤੱਕ ਕਿਸੇ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾ ਮੰਗ ਕੀਤੀ ਕਿ ਉਕਤ ਦੋਸ਼ੀਆਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਰਾਜਵੀਰ ਕੌਰ ਵੱਲੋਂ ਮੈਡਮ ਪੂਨਮ ਕਾਂਗੜਾ ਨੂੰ ਸਬੂਤ ਵੀ ਪੇਸ਼ ਕੀਤੇ ਗਏ। ਮੈਡਮ ਪੂਨਮ ਕਾਂਗੜਾ ਨੇ ਮੌਕੇ 'ਤੇ ਹੀ ਸਬੰਧਤ ਪੁਲਸ ਅਧਿਕਾਰੀਆਂ ਦੀ ਖਿਚਾਈ ਕੀਤੀ ਤੇ ਕਾਰਵਾਈ ਕਰਨ ਦੇ ਹੁਕਮ ਦਿੱਤੇ।

# ਪ੍ਰਿੰਸੀਪਲ ਸਮੇਤ ਚਾਰ ਅਧਿਆਪਕਾਂ ਦੀ ਬਦਲੀ ਦੇ ਰੋਸ ਵਜੋਂ ਹਮੀਦੀ ਸਕੂਲ ਦੇ ਗੇਟ ਅੱਗੇ ਧਰਨਾ

## ■ ਪੰਡੋਰੀ ਵੱਲੋਂ ਮਾਮਲੇ ਨੂੰ ਹੱਲ ਕਰਨ ਦਾ ਭਰੋਸਾ



**ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਹਮੀਦੀ (ਬਰਨਾਲਾ) ਵਿਖੇ ਸਿੱਖਿਆ ਵਿਭਾਗ ਵੱਲੋਂ ਪ੍ਰਿੰਸੀਪਲ ਸਮੇਤ ਚਾਰ ਅਧਿਆਪਕਾਂ ਨੂੰ ਤਬਦੀਲ ਕੀਤੇ ਜਾਣ ਦੇ ਰੋਸ ਵਜੋਂ ਵਿਦਿਆਰਥੀਆਂ ਨੇ ਸਕੂਲ ਦੇ ਗੇਟ ਮੂਹਰੇ ਰੋਸ ਪ੍ਰਗਟ ਕਰਦਿਆਂ ਆਵਾਜਾਈ ਠੱਪ ਕਰਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸਮਾਜ ਸੇਵੀ ਜਸਵਿੰਦਰ ਸਿੰਘ ਮਾਂਗਟ, ਢਾਡੀ ਨਾਥ ਸਿੰਘ ਹਮੀਦੀ ਨੇ ਕਿਹਾ ਕਿ ਇਕ ਪਾਸੇ ਤਾਂ ਸੂਬਾ ਸਰਕਾਰ ਸਰਕਾਰੀ ਸਕੂਲਾਂ ਵਿੱਚ ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਵੱਡੇ ਵੱਡੇ ਦਾਅਵੇ ਕਰਦੀ ਨਹੀਂ ਥੱਕਦੀ, ਪਰ ਦੂਜੇ ਪਾਸੇ ਸਰਕਾਰੀ ਸਕੂਲਾਂ 'ਚ ਮਿਹਨਤ ਤੇ ਲਗਨ ਨਾਲ ਪੜ੍ਹਾਉਂਦੇ ਆ ਰਹੇ ਅਧਿਆਪਕਾਂ ਦੀਆਂ ਬਦਲੀਆਂ ਕਰਕੇ ਸਕੂਲਾਂ ਨੂੰ ਖਾਲੀ ਕੀਤਾ ਜਾ ਰਿਹਾ, ਜਿਸ ਕਰਕੇ ਵਿਦਿਆਰਥੀਆਂ ਦਾ ਭਵਿੱਖ ਧੁੰਦਲਾ ਹੋਣ ਦਾ ਖਦਸ਼ਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਕੂਲ ਵਿੱਚੋਂ ਪ੍ਰਿੰਸੀਪਲ ਰਮਨਦੀਪ ਸਿੰਘ ਸਮੇਤ ਬਦਲੇ ਚਾਰ ਅਧਿਆਪਕ ਵਿਦਿਆਰਥੀਆਂ ਨੂੰ ਮਿਹਨਤ ਨਾਲ ਪੜ੍ਹਾਉਂਦੇ ਆ ਰਹੇ ਸੀ, ਪਰ ਸਿੱਖਿਆ ਵਿਭਾਗ ਵੱਲੋਂ ਚਾਰੇ ਅਧਿਆਪਕਾਂ ਦੀਆਂ ਬਦਲੀਆਂ ਕੀਤੇ ਜਾਣ ਕਾਰਨ ਵਿਦਿਆਰਥੀਆਂ, ਮਾਪਿਆਂ ਤੇ ਪਿੰਡ ਵਾਸੀਆਂ 'ਚ ਸੂਬਾ ਸਰਕਾਰ, ਸਿੱਖਿਆ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਪਾਸੋਂ ਮੰਗ ਕੀਤੀ ਕਿ ਇਸ ਸਕੂਲ ਵਿੱਚੋਂ ਤਬਦੀਲ ਕੀਤੇ ਅਧਿਆਪਕਾਂ ਨੂੰ ਮੁੜ ਇਥੇ ਹੀ ਭੇਜਿਆ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਦਿੱਤੀ ਜੇਕਰ ਉਨ੍ਹਾਂ ਦੀ ਗੱਲ ਨਾ ਸੁਣੀ ਗਈ, ਤਾਂ ਅਗਲੇ ਦਿਨਾਂ 'ਚ ਵੱਖ ਵੱਖ ਜਥੇਬੰਦੀਆਂ ਨੂੰ ਨਾਲ ਲੈ ਕੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

ਸੰਪਰਕ ਕੀਤੇ ਜਾਣ 'ਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਇਸ ਮਸਲੇ ਨੂੰ ਛੇਤੀ ਹੱਲ ਕਰਨ ਦਾ ਭਰੋਸਾ ਦਿੱਤਾ। ਜ਼ਿਕਰਯੋਗ ਹੈ ਕਿ ਸਰਕਾਰੀ ਸਕੂਲ ਹਮੀਦੀ ਵਿਖੇ ਛੇਵੀਂ ਤੋਂ ਬਾਰਵੀਂ ਤੱਕ ਦੇ 250 ਵਿਦਿਆਰਥੀ ਪੜ੍ਹ ਰਹੇ ਹਨ। ਇਸ ਮੌਕੇ ਸਰਪੰਚ ਜਸਪ੍ਰੀਤ ਕੌਰ ਮਾਂਗਟ, ਜਗਜੀਤ ਸਿੰਘ ਸਰਾਂ, ਅਮਰ ਸਿੰਘ ਚੋਪੜਾ, ਡਾ: ਬਲਵੰਤ ਰਾਏ ਸ਼ਰਮਾ, ਜਗਜੀਤ ਸਿੰਘ, ਬਲਰਾਜ ਸਿੰਘ, ਕੇਵਲ ਸਿੰਘ, ਪਰਮਜੀਤ ਕੌਰ ਗੌੜੀਆ, ਜਗਜੀਤ ਸਿੰਘ ਚੋਪੜਾ ਆਦਿ ਹਾਜ਼ਰ ਸਨ।

# ਫੂਡ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ 'ਤੇ ਨਿਗਾਹ ਰੱਖਣ ਦੀ ਲੋੜ : ਅਸ਼ੋਕ ਕੁਮਾਰ

**ਜੈਤੋ (ਸਤੀਸ਼ ਕੁਮਾਰ ਭੀਰੀ)**-ਪਿਛਲੇ ਕਈ ਸਾਲਾਂ ਤੋਂ ਆਪਣੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਲੁੱਟ ਦਾ ਸ਼ਿਕਾਰ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਪੰਜਾਬ ਵਿਚਲੇ ਗੁਦਾਮਾਂ ਵਿੱਚ ਲੱਗਣ ਵਾਲੇ ਚਾਵਲਾਂ ਦੀ ਕਵਾਲਿਟੀ, ਵਜ਼ਨ ਤੇ ਘਟੀਆ ਬਾਰਦਾਨੇ ਦਾ ਬੋਲਬਾਲਾ ਹੈ। ਇਸ ਭ੍ਰਿਸ਼ਟਾਚਾਰ ਤੇ ਘਪਲਿਆਂ ਨਾਲ ਸਬੰਧਤ ਖਬਰਾਂ ਲਗਾਤਾਰ ਅਖਬਾਰਾਂ ਦੀਆਂ ਸੁਰਖੀਆਂ ਵੀ ਬਣ ਰਹੀਆਂ ਹਨ, ਪਰ ਕੋਈ ਵੀ ਸਰਕਾਰੀ ਏਜੰਸੀ ਇਸ ਭ੍ਰਿਸ਼ਟਾਚਾਰ ਦੀ ਜਾਂਚ ਲਈ ਗੰਭੀਰ ਨਹੀਂ ਹੈ। ਅਸ਼ੋਕ ਕੁਮਾਰ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪਿਛਲੇ ਦੋ ਸਾਲਾਂ ਤੋਂ ਸਰਕਾਰ ਤੇ ਜਾਂਚ ਏਜੰਸੀਆਂ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਪਿਛਲੇ 10 ਸਲਾਂ ਤੋਂ ਪੰਜਾਬ ਵਿੱਚ ਤਾਇਨਾਤ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਪ੍ਰਾਪਰਟੀ ਦੀ ਜਾਂਚ ਕਰਵਾਈ ਜਾਵੇ ਤਾਂ ਕਰੋੜਾਂ ਰੁਪਏ ਦੇ ਗਬਨ ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਅਸ਼ੋਕ ਕੁਮਾਰ ਨੇ ਸਰਕਾਰੀ ਏਜੰਸੀਆਂ ਨੂੰ ਆਗਾਹ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਜੇਕਰ ਆਉਣ ਵਾਲੇ ਦਿਨਾਂ ਵਿੱਚ ਐੱਫ ਸੀ ਆਈ ਦੇ ਗੁਦਾਮਾਂ ਵਿੱਚ ਲੱਗਣ ਵਾਲੇ ਚਾਵਲਾਂ ਦੀ ਕਵਾਲਿਟੀ, ਵਜ਼ਨ ਤੇ ਬਾਰਦਾਨੇ 'ਤੇ ਨਿਗਾਹ ਰੱਖੀ ਜਾਵੇ ਤਾਂ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਇੱਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਅਧਿਕਾਰੀਆਂ, ਕਰਮਚਾਰੀਆਂ ਦੇ ਨਾਲ ਨਾਲ ਪੰਜਾਬ ਵਿਚਲੇ ਗੁਦਾਮਾਂ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ ਤਾਂ ਖਾਲੀ ਖਜ਼ਾਨੇ ਦੇ ਰੋਣੇ ਤੋਂ ਨਿਜਾਤ ਪਾਈ ਜਾ ਸਕਦੀ ਹੈ।

# ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸੀਨੀਅਰ ਸਿਟੀਜ਼ਨਾਂ ਦਾ ਸਨਮਾਨ



**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜ਼ਨਜ ਵੈੱਲਫ਼ੇਅਰ ਐਸੋਸੀਏਸ਼ਨ ਧੂਰੀ ਵੱਲੋਂ ਪ੍ਰਧਾਨ ਜਗਦੀਸ਼ ਸ਼ਰਮਾ ਦੀ ਅਗਵਾਈ ਵਿੱਚ ਐਸੋਸੀਏਸ਼ਨ ਦਫਤਰ ਵਿਖੇ ਮੈਂਬਰਾਂ ਦੀ ਮਹੀਨਾਵਾਰ ਇਕੱਤਰਤਾ ਕੀਤੀ ਗਈ। ਮੀਟਿੰਗ ਦੌਰਾਨ ਐਸੋਸੀਏਸ਼ਨ ਵੱਲੋਂ ਮਹਿੰਗਾਈ, ਪ੍ਰਦੂਸ਼ਣ, ਮਿਲਾਵਟ ਤੇ ਸਰਕਾਰੀ ਹਸਪਤਾਲ ਦੇ ਨਿਕੰਮੇ ਪ੍ਰਬੰਧ ਖਿਲਾਫ ਸਬੰਧਤ ਅਧਿਕਾਰੀਆਂ ਨਾਲ ਸਮੇਂ ਸਮੇਂ ਕੀਤੀਆਂ ਮੀਟਿੰਗਾਂ ਵਿੱਚ ਉਨ੍ਹਾਂ ਵੱਲੋਂ ਮੰਗਾਂ ਬਾਰੇ ਭਰੋਸੇ ਉੱਪਰ ਖੁੱਲ੍ਹੀ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਵਿੱਚ ਨਵੰਬਰ ਮਹੀਨੇ ਵਿੱਚ ਜਨਮਦਿਨ ਵਾਲੇ ਸਾਥੀਆਂ ਜਸਪਾਲ ਸਿੰਘ ਖੁਰਮੀ, ਸ਼ੇਰ ਸਿੰਘ ਬੇਨੜਾ, ਭਰਪੂਰ ਸਿੰਘ ਸਰਪੰਚ, ਰਜਿੰਦਰ ਕੁਮਾਰ ਬਿਲਾ ਤੇ ਰਮੇਸ਼ ਕੁਮਾਰ ਨੂੰ ਹਾਰ ਪਾ ਕੇ ਸਨਮਾਨਤ ਕੀਤਾ ਗਿਆ ਅਤੇ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ ਗਈ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਭਾ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਨੇ ਦੱਸਿਆ ਕਿ ਐੱਸ.ਡੀ.ਐੱਮ., ਡੀ.ਐੱਸ.ਪੀ., ਐੱਸ. ਐੱਮ. ਓ. ਤੇ ਕਾਰਜ ਸਾਧਕ ਅਫਸਰ ਵੱਲੋਂ ਮੰਗਾਂ ਬਾਰੇ ਜਿੱਥੇ ਭਰੋਸੇ ਕੇਵਲ ਲਾਰੇ ਹੀ ਰਹਿ ਗਏ ਹਨ, ਉਥੇ ਅਜੇ ਤੱਕ ਕੋਈ ਵੀ ਹੱਲ ਨਹੀਂ ਕੱਢਿਆ ਗਿਆ, ਜਿਸ ਕਰਕੇ ਸੀਨੀਅਰ ਸਿਟੀਜ਼ਨਾਂ ਵਿੱਚ ਬਹੁਤ ਰੋਸ ਪਾਇਆ ਗਿਆ। ਰੇਲਵੇ ਵਿਭਾਗ ਵੱਲੋਂ ਬੰਦ ਕੀਤੀ ਰਿਆਇਤੀ ਰੇਲ ਸਫਰ ਸਹੂਲਤ ਬਹਾਲ ਨਹੀਂ ਕੀਤੀ ਗਈ, ਜਦੋਂਕਿ ਕੇਂਦਰੀ ਮੰਤਰੀ, ਸੰਸਦ ਮੈਂਬਰ ਤੇ ਹੋਰ ਉੱਚ ਅਧਿਕਾਰੀ ਪਰਿਵਾਰਾਂ ਸਮੇਤ ਮੁਫਤ ਸਫਰ ਦਾ ਆਨੰਦ ਲੈ ਰਹੇ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸੀਨੀਅਰ ਸਿਟੀਜ਼ਨਾਂ ਦੀਆਂ ਮੰਗਾਂ ਛੇਤੀ ਪ੍ਰਵਾਨ ਕੀਤੀਆਂ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗਿਰਧਾਰੀ ਲਾਲ, ਪੂਰਨ ਰਾਮ, ਰਾਮ ਗੋਪਾਲ ਸ਼ਰਮਾ, ਮੁਰਾਰੀ ਲਾਲ, ਗੁਰਦਿਆਲ ਨਿਰਮਾਣ, ਪ੍ਰੇਮ ਸਿੰਘ, ਚਰਨਜੀਤ ਸਿੰਘ, ਤੀਰਥ ਸਿੰਘ, ਰਾਮ ਲਾਲ, ਸੁਰੇਸ਼ ਅਗਰਵਾਲ, ਕਪਿਲ ਸ਼ਰਮਾ, ਅਵਤਾਰ ਸਿੰਘ, ਰਾਜਿੰਦਰ ਕੁਮਾਰ, ਜਨਕ ਰਾਜ, ਤਰਸੇਮ ਮਿੱਤਲ, ਡਾ. ਅਮਰਜੀਤ ਸਿੰਘ, ਸੁਰਿੰਦਰ ਕੁਮਾਰ ਤੇ ਹੋਰ ਅਨੇਕਾਂ ਮੈਂਬਰ ਹਾਜ਼ਰ ਸਨ।

# ਉਪ ਮੰਡਲ ਮੈਜਿਸਟ੍ਰੇਟ ਵੱਲੋਂ ਨਗਰ ਕੌਂਸਲ ਖੰਨਾ ਦੇ ਸੇਵਾ ਕੇਂਦਰ ਦਾ ਦੌਰਾ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪੰਜਾਬ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਆਮ ਲੋਕਾਂ ਨੂੰ ਬਿਹਤਰ ਪ੍ਰਸ਼ਾਸਕੀ ਸੇਵਾਵਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਉੱਪ ਮੰਡਲ ਮੈਜਿਸਟ੍ਰੇਟ ਖੰਨਾ ਸ੍ਰੀਮਤੀ ਮਨਜੀਤ ਕੌਰ ਵੱਲੋਂ ਨਗਰ ਕੌਂਸਲ ਖੰਨਾ ਦੇ ਸੇਵਾ ਕੇਂਦਰ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾ ਨਾਲ ਨਗਰ ਕੌਂਸਲ ਖੰਨਾ ਦੇ ਕਾਰਜਕਾਰੀ ਅਧਿਕਾਰੀ ਤੋਂ ਇਲਾਵਾ ਜ਼ਿਲ੍ਹਾ ਈ-ਗਵਰਨੈਂਸ ਕੋਆਰਡੀਨੇਟਰ ਲੁਧਿਆਣਾ ਸ੍ਰੀ ਅਮਨ ਗਰਗ ਮੌਜੂਦ ਸਨ।

ਐੱਸ.ਡੀ.ਐੱਮ. ਖੰਨਾ ਵੱਲੋਂ ਇਸ ਮੌਕੇ ਕੰਮ ਕਰਵਾਉਣ ਆਏ ਲੋਕਾਂ ਨਾਲ ਗੱਲਬਾਤ ਕੀਤੀ ਗਈ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ। ਉਨ੍ਹਾ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਲੋਕਾਂ ਦੇ ਕੰਮ ਟੋਕਨ ਅਨੁਸਾਰ ਕੀਤੇ ਜਾਣ ਤੇ ਕਿਸੇ ਵੀ ਬਿਨੈਕਾਰ ਨੂੰ ਖੱਜਲ ਖੁਆਰ ਨਾ ਕੀਤਾ ਜਾਵੇ। ਉਨ੍ਹਾ ਕਿਹਾ ਕਿ ਆਮ ਲੋਕਾਂ ਦੇ ਬੈਠਣ ਲਈ ਕੁਰਸੀਆਂ, ਪੀਣ ਲਈ ਸਾਫ ਪਾਣੀ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ। ਉਨ੍ਹਾਂ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਸੂਬੇ ਵਿੱਚ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਹੁਕਮਾਂ ਤਹਿਤ ਪ੍ਰਸ਼ਾਸਨ ਲੋਕਾਂ ਨੂੰ ਚੰਗੀਆਂ ਪ੍ਰਸ਼ਾਸਕੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

# ਰਾਮ ਸਰੂਪ ਅਣਖੀ ਸਾਹਿਤ ਸਭਾ ਧੌਲਾ ਵੱਲੋਂ ਮਿੰਨੀ ਕਹਾਣੀ ਦਰਬਾਰ ਤੇ ਵਿਚਾਰ-ਗੋਸ਼ਟੀ

## ☛ ਅਜੋਕੇ ਸਮੇਂ ਦੀ ਮੰਗ ਅਨੁਸਾਰ ਮਿੰਨੀ ਕਹਾਣੀ ਦਾ ਦੌਰ : ਨਿਰੰਜਣ ਬੋਹਾ ☛ ਬੇਅੰਤ ਬਾਜਵਾ ਨੂੰ ਪਹਿਲਾ ਰਾਜ ਕਮਲ ਯਾਦਗਾਰੀ ਪੁਰਸਕਾਰ



**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸੋਨੀ)**-ਰਾਮ ਸਰੂਪ ਅਣਖੀ ਸਾਹਿਤ ਸਭਾ ਧੌਲਾ ਵੱਲੋਂ ਐੱਸ ਡੀ ਸਭਾ ਬਰਨਾਲਾ ਦੇ ਸਹਿਯੋਗ ਨਾਲ ਐੱਸ ਐੱਸ ਡੀ ਕਾਲਜ ਬਰਨਾਲਾ ਵਿਖੇ ਇੱਕ ਮਿੰਨੀ ਕਹਾਣੀ ਦਰਬਾਰ ਤੇ ਵਿਚਾਰ ਗੋਸ਼ਟੀ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਉੱਘੇ ਕਹਾਣੀਕਾਰ ਤੇ ਆਲੋਚਕ ਨਿਰੰਜਣ ਬੋਹਾ, ਵਿਸ਼ੇਸ਼ ਮਹਿਮਾਨ ਵਜੋਂ ਐਡਵੋਕੇਟ ਸ਼ਿਵਦਰਸ਼ਨ ਸ਼ਰਮਾ ਤੇ ਪ੍ਰਧਾਨਗੀ ਕਹਾਣੀਕਾਰ ਦਰਸ਼ਨ ਜੋਗਾ ਵੱਲੋਂ ਸ਼ਿਰਕਤ ਕੀਤੀ ਗਈ। ਸਮਾਗਮ ਵਿੱਚ ਹਾਜ਼ਰ ਕਹਾਣੀਕਾਰ ਨੂੰ ਰਾਮ ਸਰੂਪ ਅਣਖੀ ਸਾਹਿਤ ਸਭਾ ਦੇ ਚੇਅਰਮੈਨ ਬੇਅੰਤ ਸਿੰਘ ਬਾਜਵਾ ਤੇ ਪ੍ਰਧਾਨ ਅਮਨਦੀਪ ਸਿੰਘ ਧਾਲੀਵਾਲ ਨੇ ਜੀ ਆਇਆਂ ਆਖਿਆ। ਗਜ਼ਲਗੋ ਬੂਟਾ ਸਿੰਘ ਚੌਹਾਨ ਤੇ ਭਪਿੰਦਰ ਸਿੰਘ ਨੇ ਮਾਤਾ ਸ਼ੋਭਾ ਅਣਖੀ ਜੀ ਦੇ ਜੀਵਨ ਤੇ ਸ੍ਰੀ ਅਣਖੀ ਨਾਲ ਬਿਤਾਏ ਜੀਵਨ ਬਾਰੇ ਚਾਨਣਾ ਪਾਇਆ। ਇਸ ਤੋਂ ਬਾਅਦ ਕਹਾਣੀ ਪਾਠ ਦੌਰਾਨ ਭੁਪਿੰਦਰ ਸਿੰਘ ਮਾਨ, ਪਵਨ ਪਰਿੰਦਾ, ਤੇਜਿੰਦਰ ਚੰਡਿਹੋਕ, ਬਿੰਦਰ ਖੁੱਡੀ ਕਲਾਂ, ਅੰਤਰਜੀਤ ਭੱਠਲ, ਅਨਿਲ ਸ਼ੋਰੀ, ਮਾਲਵਿੰਦਰ ਸ਼ਾਇਰ ਤੇ ਦਵਿੰਦਰ ਦੀਪ ਨੇ ਆਪਣੀਆਂ ਕਹਾਣੀਆਂ ਦਾ ਪਾਠ ਕੀਤਾ। ਐਡਵੋਕੇਟ ਸ਼ਿਵਦਰਸ਼ਨ ਸ਼ਰਮਾ ਨੇ ਆਏ ਵਿਦਵਾਨਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਐੱਸ ਡੀ ਸਭਾ ਦੀਆਂ ਸਾਰੀਆਂ ਸੰਸਥਾਵਾਂ ਵੱਲੋਂ ਸਾਹਿਤਕ ਸਮਾਗਮਾਂ ਲਈ ਹਰ ਤਰ੍ਹਾਂ ਦੇ ਸਹਿਯੋਗ ਦਾ ਵਚਨ ਦਿੱਤਾ। ਕਹਾਣੀ ਪਾਠ ਤੋਂ ਬਾਅਦ ਤੋਂ ਆਲੋਚਕ ਨਿਰੰਜਣ ਬੋਹਾ ਤੇ ਦਰਸ਼ਨ ਜੋਗਾ ਨੇ ਪੜ੍ਹੀਆਂ ਗਈਆਂ ਕਹਾਣੀਆਂ 'ਤੇ ਆਪਣੇ ਵਿਚਾਰ ਦਿੱਤੇ। ਉੱਘੇ ਕਾਲਮ ਨਵੀਸ ਗੁਰਸੇਵਕ ਸਿੰਘ ਧੌਲਾ ਤੇ ਪਾਲੀ ਖਾਦਿਮ ਨੇ ਭਵਿੱਖ 'ਚ ਨਵੇਂ ਕਹਾਣੀਕਾਰਾਂ ਲਈ ਇੱਕ ਵਰਕਸ਼ਾਪ ਲਗਾਉਣ ਦਾ ਪ੍ਰਸਤਾਵ ਰੱਖਿਆ। ਇਸ ਮੌਕੇ ਨੌਜਵਾਨ ਨਾਵਲਕਾਰ ਤੇ ਕੇਂਦਰੀ ਸੱਭਿਆਚਾਰ ਮੰਤਰਾਲਾ ਭਾਰਤ ਸਰਕਾਰ ਦੇ ਖੋਜਾਰਥੀ ਬੇਅੰਤ ਸਿੰਘ ਬਾਜਵਾ ਨੂੰ ਪੰਜਾਬੀ ਤੇ ਹਿੰਦੀ ਸਾਹਿਤ ਖੇਤਰ ਦੇ ਪ੍ਰਸਿੱਧ ਗਲਪਕਾਰ ਰਾਜ ਕਮਲ ਪਹਿਲੇ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਆ ਗਿਆ। ਜ਼ਿਲ੍ਹਾ ਭਾਸ਼ਾ ਅਫਸਰ ਸੁਖਵਿੰਦਰ ਸਿੰਘ ਗੁਰਮ, ਰਘਵੀਰ ਸਿੰਘ ਕੱਟੂ, ਬਰਨਾਲਾ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਰਜਿੰਦਰ ਸਿੰਘ ਬਰਾੜ, ਜਨਰਲ ਸਕੱਤਰ ਹਰਿੰਦਰ ਪਾਲ ਨਿੱਕਾ, ਪੱਤਰਕਾਰ ਮਨੋਜ ਸ਼ਰਮਾ, ਪੱਤਰਕਾਰ ਜਗਸੀਰ ਸਿੰਘ ਸੰਧੂ, ਪੱਤਰਕਾਰ ਰਮਨਦੀਪ ਸਿੰਘ ਧਾਲੀਵਾਲ, ਐਡਵੋਕੇਟ ਕੁਲਵੰਤ ਰਾਏ ਗੋਇਲ, ਜਗਸੀਰ ਸਿੰਘ ਚਹਿਲ, ਗੁਰਪ੍ਰੀਤ ਸਿੰਘ ਗੈਰੀ, ਪੱਤਰਕਾਰ ਗੁਰਪ੍ਰੀਤ ਸਿੰਘ ਸੋਨੀ, ਪੱਤਰਕਾਰ ਅਮਨਦੀਪ ਸਿੰਘ ਭੋਤਨਾ ਆਦਿ ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

# ਕੰਨਿਆ ਸਕੂਲ 'ਚ ਸਮਾਗਮ ਦੌਰਾਨ ਹੋਣਹਾਰ ਵਿਦਿਆਰਥਣਾਂ ਦਾ ਸਨਮਾਨ



**ਧਨੌਲਾ (ਕਰਮਜੀਤ ਸਿੰਘ ਸਾਗਰ)**-ਜ਼ਿਲ੍ਹਾ ਸਿੱਖਿਆ ਅਫਸਰ (ਸ ਸ) ਸਰਬਜੀਤ ਸਿੰਘ ਤੂਰ ਤੇ ਇੰਚਾਰਜ ਰੁਪਿੰਦਰ ਕੌਰ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ 'ਚ ਰੰਗਾ ਰੰਗ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਓਐੱਸਡੀ ਹੁਸਨਪ੍ਰੀਤ ਭਾਰਦਵਾਜ ਤੇ ਪਰਮਿੰਦਰ ਸਿੰਘ ਭੰਗੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਟਰੱਕ ਯੂਨੀਅਨ ਧਨੌਲਾ ਦੇ ਇੰਚਾਰਜ ਬੂਟਾ ਸਿੰਘ, ਅਭਿਨਾਸ਼ ਸਿੰਘ, ਕੁਮਾਰ ਹੈਪੀ, ਪ੍ਰਧਾਨ ਹਰਦੀਪ ਸਿੰਘ ਸੋਢੀ ਨੇ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਪ੍ਰੋਗਰਾਮ ਦੀ ਸ਼ੋਭਾ ਵਧਾਈ। ਮੁੱਖ ਮਹਿਮਾਨ ਵਜੋਂ ਪਹੁੰਚੇ ਹੁਸਨਪ੍ਰੀਤ ਭਾਰਦਵਾਜ ਵੱਲੋਂ ਸਕੂਲ 'ਚ ਮੱਲਾਂ ਮਾਰਨ ਵਾਲੀਆਂ ਵਿਦਿਆਰਥਣਾਂ ਦਾ ਵਿਸ਼ੇਸ਼ ਤੌਰ 'ਤੇ ਟਰਾਫ਼ੀਆਂ ਨਾਲ ਸਨਮਾਨ ਕੀਤਾ ਗਿਆ। ਲੜਕੀਆਂ ਵੱਲੋਂ ਪੇਸ਼ ਕੀਤੇ ਰੰਗਾਰੰਗ ਪ੍ਰੋਗਰਾਮ ਵਿੱਚ ਤਿਆਰ ਕੀਤੀਆਂ ਸਕਿੱਟਾਂ 'ਚ ਗਿੱਧਾ ਵੀ ਪੇਸ਼ ਕੀਤਾ ਗਿਆ। ਸਟੇਜ ਸੰਚਾਲਨ ਤੇ ਨੈਸ਼ਨਲ ਐਵਾਰਡ ਪ੍ਰਾਪਤ ਕਰਨ ਵਾਲੀ ਇੰਗਲਿਸ਼ ਮੈਡਮ ਉਰਵਸ਼ੀ ਗੁਪਤਾ ਨੇ ਆਪਣੇ ਬੋਲਾਂ ਰਾਹੀਂ ਮਹਿਮਾਨਾਂ ਨੂੰ ਸਕੂਲ ਨੂੰ ਕੁਝ ਦੇਣ ਲਈ ਮਜਬੂਰ ਕਰ ਦਿੱਤਾ। ਇੰਚਾਰਜ ਰੁਪਿੰਦਰ ਕੌਰ ਮੈਡਮ ਨੇ ਸਕੂਲ ਦੀਆਂ ਮੰਗਾਂ ਲਈ ਮੰਗ ਪੱਤਰ ਪੜ੍ਹ ਕੇ ਸੁਣਾਇਆ। ਮੁੱਖ ਮਹਿਮਾਨ ਹੁਸਨਪ੍ਰੀਤ ਭਾਰਦਵਾਜ ਨੇ ਵਿਸ਼ਵਾਸ ਦਿਵਾਇਆ ਕਿ ਸਕੂਲ ਨੂੰ ਖੁੱਲ੍ਹੀ ਇਮਾਰਤ ਦਿੱਤੀ ਜਾਵੇਗੀ, ਜਿਸ ਵਿੱਚ ਖੁੱਲ੍ਹਾ ਗਰਾਊਂਡ ਤੇ ਖੁੱਲ੍ਹੇ ਕਮਰੇ ਹੋਣਗੇ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਪੜ੍ਹਨ ਆਈਆਂ ਲੜਕੀਆਂ ਦੀ ਬੀ ਸੁਪਨੇ ਹੁੰਦੇ ਹਨ ਕਿ ਅਸੀਂ ਵੀ ਗੇਮਾਂ ਵਿੱਚ ਹਿੱਸਾ ਲੈ ਕੇ ਆਪਣੇ ਦੇਸ਼ ਦੇ ਨਾਲ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਉੱਚਾ ਕਰੀਏ, ਇਸ ਲਈ ਅੱਜ ਪਹਿਲਾਂ ਬਾਕਸਿੰਗ ਦੇ ਗਰਾਊਂਡ ਦਾ ਉਦਘਾਟਨ ਕਰ ਦਿੱਤਾ ਗਿਆ ਤੇ ਬਾਕੀ ਹੋਰ ਗੇਮਾਂ ਦੀ ਵੀ ਜਲਦੀ ਸ਼ੁਰੂਆਤ ਕੀਤੀ ਜਾਵੇਗੀ। ਸਕੂਲ ਵੱਲੋਂ ਆਏ ਮੁੱਖ ਮਹਿਮਾਨਾਂ ਦੇ ਨਾਲ ਬੱਚਿਆਂ ਦੇ ਮਾਪਿਆਂ ਦਾ ਵੀ ਸਨਮਾਨ ਕੀਤਾ ਗਿਆ । ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਪ੍ਰਕਾਸ਼ ਪੁਰਬ ਸੰਬੰਧੀ ਗਿੱਦੜਬਾਹਾ 'ਚ ਵਿਸ਼ਾਲ ਨਗਰ ਕੀਰਤਨ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਗਿੱਦੜਬਾਹਾ ਦੀ ਪ੍ਰਬੰਧਕੀ ਕਮੇਟੀ ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਹਿਰ ਅੰਦਰ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਵਿੱਚ ਰਾਗੀ, ਢਾਡੀ ਜਥਿਆਂ ਤੋਂ ਇਲਾਵਾ ਅਕਾਲ ਅਕੈਡਮੀ ਦੌਲਾ ਦੇ ਬੱਚਿਆਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਨਗਰ ਕੀਰਤਨ ਵਿੱਚ ਔਰਤਾਂ ਤੇ ਮਰਦਾਂ ਤੋਂ ਇਲਾਵਾ ਸਕੂਲੀ ਬੱਚਿਆਂ ਨੇ ਵੀ ਹਿੱਸਾ ਲਿਆ। ਨਗਰ ਕੀਰਤਨ ਦੌਰਾਨ ਸ੍ਰੀ ਸੁਖਮਨੀ ਸੇਵਾ ਸੁਸਾਇਟੀ, ਖਾਲਸਾ ਸੇਵਾ ਸੁਸਾਇਟੀ, ਧਾਰਮਿਕ ਜਥੇਬੰਦੀਆਂ ਤੇ ਸਮਾਜਿਕ ਜਥੇਬੰਦੀਆਂ ਤੋਂ ਇਲਾਵਾ ਸਕੂਲੀ ਬੈਂਡ, ਫੌਜੀ ਬੈਂਡ ਨੇ ਨਗਰ ਕੀਰਤਨ ਦੀ ਸ਼ੋਭਾ ਵਧਾਈ, ਉਥੇ ਹੀ ਗੱਤਕਾ ਪਾਰਟੀ ਨੇ ਗੱਤਕੇ ਦੇ ਸ਼ਾਨਦਾਰ ਜੌਹਰ ਦਿਖਾਏ। ਨਗਰ ਕੀਰਤਨ ਦੀ ਆਮਦ ਦੀ ਖੁਸ਼ੀ ਵਿੱਚ ਸ਼ਹਿਰ ਵਾਸੀਆਂ ਵੱਲੋਂ ਜਗ੍ਹਾ-ਜਗ੍ਹਾ ਸਵਾਗਤੀ ਗੇਟ ਲਗਾਏ ਗਏ। ਸ਼ਹਿਰ ਵਾਸੀਆਂ ਨੇ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਲਈ ਚਾਹ, ਬਿਸਕੁੱਟ, ਬ੍ਰੈੱਡ, ਪਕੌੜੇ, ਬਰਫੀ, ਕੇਲੇ ਤੇ ਸੇਬ ਆਦਿ ਦੇ ਲੰਗਰ ਲਗਾਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਮਿੰਦਰ ਸਿੰਘ, ਮੀਤ ਪ੍ਰਧਾਨ ਨਰਿੰਦਰ ਸਿੰਘ, ਸਾਬਕਾ ਪ੍ਰਧਾਨ ਪਟਵਾਰੀ ਲਖਵੀਰ ਸਿੰਘ ਵਾਲੀਆ, ਸੈਕਟਰੀ ਅਰਵਿੰਦਰ ਸਿੰਘ ਖਾਲਸਾ, ਖਜ਼ਾਨਚੀ ਪ੍ਰਦੀਪ ਸਿੰਘ, ਅਮਰਜੀਤ ਸਿੰਘ, ਜਗਜੀਤ ਸਿੰਘ ਜੱਗਾ, ਅਮਰੀਕ ਸਿੰਘ, ਗੁਰਦੀਪ ਸਿੰਘ, ਹੈੱਡ ਗ੍ਰੰਥੀ ਕੁਲਵਿੰਦਰ ਸਿੰਘ, ਗਗਨਦੀਪ ਸਿੰਘ, ਕਾਲਾ ਸਿੰਘ, ਹਰਵਿੰਦਰ ਸਿੰਘ ਕਾਕਾ, ਲੈਕਚਰਾਰ ਕੁਲਜੀਤ ਸਿੰਘ ਮਾਨ, ਵਰਿੰਦਰ ਸਿੰਘ ਜੋਗਿੰਦਰ ਸਿੰਘ, ਨਰਿੰਦਰ ਸਿੰਘ, ਗੋਗੀ ਬਲਜੀਤ ਸਿੰਘ ਮਾਨ ਛੱਤਿਆਣਾ, ਦਵਿੰਦਰ ਭੋਲਾ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤ ਹਾਜ਼ਰ ਸੀ।

# ਨਹਿਰੀ ਵਿਭਾਗ ਦੇ ਪੈਨਸ਼ਨਰਾਂ ਦੀ ਮੀਟਿੰਗ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)-ਨਹਿਰੀ ਵਿਭਾਗ ਦੇ ਸੇਵਾ ਮੁਕਤ ਕਰਮਚਾਰੀਆਂ ਦੀ ਇੱਕ ਅਹਿਮ ਮੀਟਿੰਗ ਜਿਲਾ ਪ੍ਰਧਾਨ ਕਰਮਜੀਤ ਸ਼ਰਮਾ ਤੇ ਕਾਲਾ ਸਿੰਘ ਬੇਦੀ ਦੀ ਸਾਂਝੀ ਪ੍ਰਧਾਨਗੀ ਹੇਠ ਨਹਿਰ ਕਲੋਨੀ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈ। ਇਸ ਮੀਟਿੰਗ ਵਿੱਚ ਪੈਨਸ਼ਨਰਾਂ ਦੀ ਜਥੇਬੰਦੀ ਜੋ ਕਿ ਜ਼ਿਲ੍ਹਾ ਪੱਧਰ ਤੇ ਸੂਬਾ ਪੱਧਰੀ ਸੰਘਰਸ਼ ਕਰ ਰਹੀਂ ਹੈ, ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਮਹਿੰਗਾਈ ਭੱਤੇ ਦੀ ਅਧੂਰੀ ਜਾਰੀ ਕੀਤੀ ਕਿਸ਼ਤ ਦੀ ਸੁਧਾਈ ਦੀ ਮੰਗ ਕੀਤੀ ਜੋ ਕਿ ਕ੍ਰਮਵਾਰ ਜੁਲਾਈ 2021 ਤੇ ਜਨਵਰੀ 2022 ਤੋਂ ਲਾਗੂ ਕਰਕੇ ਬਕਾਇਆ ਸਬੰਧੀ ਫੈਸਲਾ ਕੀਤਾ ਜਾਵੇ। ਜੇਕਰ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲਾਗੂ ਕਰਨ ਵਿੱਚ ਦੇਰੀ ਕੀਤੀ ਤਾਂ ਸੂਬਾ ਕਮੇਟੀ ਅਨੁਸਾਰ 16 ਨਵੰਬਰ ਨੂੰ ਬਠਿੰਡਾ ਜ਼ੋਨਲ ਰੈਲੀ ਤੇ 28 ਨਵੰਬਰ ਦੀ ਮੋਹਾਲੀ ਦੀ ਸੂਬਾ ਰੈਲੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾਂ ਸਰਬਜੀਤ ਸਿੰਘ ਦਰਦੀ, ਮੰਦਰ ਸਿੰਘ ਧਾਲੀਵਾਲ, ਬਲਰਾਜ ਪੁਰੀ, ਬੰਤ ਰਾਮ, ਜੀਤ ਸਿੰਘ, ਗੁਰਮੇਜ ਸਿੰਘ, ਸੁਰਿੰਦਰਪਾਲ ਸਿੰਘ, ਬਲਵਿੰਦਰ ਸਿੰਘ, ਦਰਸ਼ਨ ਸਿੰਘ ਆਦਿ ਪ੍ਰਮੁੱਖ ਤੌਰ 'ਤੇ ਸ਼ਾਮਲ ਸਨ।

# ਮੰਡੀ ਗੋਬਿੰਦਗੜ੍ਹ 'ਚ ਚੋਰਾਂ ਨੇ ਬੈਂਕ ਨੂੰ ਬਣਾਇਆ ਨਿਸ਼ਾਨਾ, ਗਹਿਣੇ ਚੋਰੀ

## ਬੈਂਕ ਦੇ ਸੇਫ 'ਚ ਪਈ ਨਕਦੀ ਚੋਰੀ ਹੋਣ ਤੋਂ ਬਚੀ



ਸ੍ਰੀ ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) : ਮੰਡੀ ਗੋਬਿੰਦਗੜ੍ਹ ਵਿਖੇ ਅੱਧੀ ਰਾਤ ਨੂੰ ਇੱਕ ਬੈਂਕ ਦੀ ਇਮਾਰਤ 'ਚ ਦਾਖਲ ਹੋਏ ਚੋਰਾਂ ਵੱਲੋਂ ਲਾਕਰ ਤੋੜ ਕੇ ਗਹਿਣੇ ਚੋਰੀ ਕਰਕੇ ਲੈ ਜਾਣ ਦਾ ਸਮਾਚਾਰ ਹੈ। ਘਟਨਾ ਸਥਾਨ 'ਤੇ ਜਾਂਚ ਕਰ ਰਹੇ ਡੀ.ਐੱਸ.ਪੀ.(ਪੀ.ਬੀ.ਆਈ.) ਗੁਰਬੰਸ ਸਿੰਘ ਬੈਂਸ ਨੇ ਦੱਸਿਆ ਕਿ 2-3 ਨਵੰਬਰ ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਵਿਅਕਤੀ ਜੀ.ਟੀ. ਰੋਡ ਮੰਡੀ ਗੋਬਿੰਦਗੜ੍ਹ ਵਿਖੇ ਸਥਿਤ ਸੈਂਟਰਲ ਬੈਂਕ ਆਫ ਇੰਡੀਆ ਦੇ ਨਾਲ ਲਗਦੇ ਖਾਲੀ ਪਲਾਟ 'ਚੋਂ ਬੈਂਕ ਦੀ ਕੰਧ 'ਚ ਲੱਗੇ ਇੱਕ ਐਗਜਾਸਟ ਫੈਨ ਨੂੰ ਤੋੜ ਕੇ ਉਸ ਰਾਹੀਂ ਬੈਂਕ ਅੰਦਰ ਦਾਖਲ ਹੋ ਗਏ, ਜਿਸ ਤੋਂ ਬਾਅਦ ਉਹ ਬੈਂਕ ਦੀ ਬੇਸਮੈਂਟ 'ਚ ਬਣੇ ਸਟਰਾਂਗ ਰੂਮ ਦੀ ਕੰਧ 'ਚ ਲੱਗੇ ਐਗਜਾਸਟ ਫੈਨ ਨੂੰ ਤੋੜ ਕੇ ਸਟਰਾਂਗ ਰੂਮ ਅੰਦਰ ਦਾਖਲ ਹੋ ਗਏ, ਜਿੱਥੇ ਉਨ੍ਹਾਂ ਵੱਲੋਂ 7 ਲਾਕਰ ਤੋੜੇ ਗਏ, ਜਿਨ੍ਹਾਂ 'ਚੋਂ 3 ਲਾਕਰ ਖਾਲੀ ਸਨ ਤੇ 4 ਲਾਕਰਾਂ 'ਚ ਗਾਹਕਾਂ ਦਾ ਸਾਮਾਨ ਸੀ, ਜਿਨ੍ਹਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਦੇ ਆਉਣ ਤੋਂ ਬਾਅਦ ਹੀ ਹੋਏ ਨੁਕਸਾਨ ਬਾਰੇ ਪੂਰੀ ਜਾਣਕਾਰੀ ਮਿਲ ਸਕੇਗੀ। ਉਨ੍ਹਾਂ ਦੱਸਿਆ ਕਿ ਸਟਰਾਂਗ 'ਚ ਪਈ ਸੇਫ 'ਚ ਬੈਂਕ ਦੀ ਨਕਦੀ ਵੀ ਸੀ, ਜੋ ਕਿ ਚੋਰੀ ਹੋਣ ਤੋਂ ਬਚ ਗਈ। ਉਨ੍ਹਾਂ ਕਿਹਾ ਕਿ ਮੌਕੇ 'ਤੇ ਸੱਦੇ ਗਏ ਫਿੰਗਰ ਪ੍ਰਿੰਟ ਮਾਹਰ, ਐੱਫ.ਐੱਸ.ਐੱਲ. ਟੀਮ, ਡਾਗ ਸਕੂਐਡ ਸਮੇਤ ਪੁਲਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਮਾਮਲੇ ਦੀ ਵਿਗਿਆਨਕ ਢੰਗ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਅਣਪਛਾਤਿਆਂ ਵਿਰੁੱਧ ਅ/ਧ 457,380,427 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਲਾਕਰ ਟੁੱਟਣ ਦੀ ਸੂਚਨਾ ਮਿਲਣ 'ਤੇ ਬੈਂਕ 'ਚ ਪਹੁੰਚੇ ਰਕੇਸ਼ ਕਰਕਰਾ ਨਾਮਕ ਵਿਅਕਤੀ ਨੇ ਦੱਸਿਆ ਕਿ ਚੋਰਾਂ ਵੱਲੋਂ ਤੋੜੇ ਗਏ ਲਾਕਰਾਂ ਵਿੱਚੋਂ ਇੱਕ ਲਾਕਰ ਉਸ ਦਾ ਵੀ ਸੀ, ਜਿਸ ਵਿੱਚ ਉਨ੍ਹਾਂ ਦੇ ਕੁਝ ਜ਼ਰੂਰੀ ਕਾਗਜ਼ਾਤ ਤੇ ਸੋਨੇ ਦੇ ਗਹਿਣੇ ਸਨ, ਜੋ ਕਿ ਚੋਰੀ ਹੋ ਗਏ।

# ਸਹਿਜ ਸੁਭਾਅ ਦੇ ਮਾਲਕ ਸਨ ਮਾਤਾ ਜੀਤ ਕੌਰ

**ਭੋਗ 'ਤੇ ਵਿਸ਼ੇਸ਼**



ਮਾਤਾ ਜੀਤ ਕੌਰ ਦਾ ਜਨਮ ਪਾਕਿਸਤਾਨ ਵਿੱਚ ਮਾਤਾ ਭਾਗ ਕੌਰ ਦੀ ਕੁੱਖੋਂ ਪਿਤਾ ਹਰੀ ਸਿੰਘ ਦੇ ਘਰ 1937 ਵਿੱਚ ਹੋਇਆ। ਵੰਡ ਉਪਰੰਤ ਪਰਵਾਰ ਪੱਖੋਪੁਰ ਆ ਗਿਆ ਤੇ ਬਾਅਦ ਵਿੱਚ ਪਰਵਾਰ ਪੱਕੇ ਤੌਰ 'ਤੇ ਸੁਲਤਾਨਪੁਰ ਲੋਧੀ ਵਿਖੇ ਰਹਿਣ ਲੱਗ ਪਿਆ।

ਮਾਤਾ ਜੀਤ ਕੌਰ ਦੀ ਸ਼ਾਦੀ 1960 ਦੇ ਕਰੀਬ ਕਾਮਰੇਡ ਚਮਨ ਲਾਲ ਸ਼ਾਲਾਪੁਰੀ ਨਾਲ ਹੋਈ। ਸਹਿਜ ਸੁਭਾਅ, ਮਿਲਣਸਾਰ ਹੋਣ ਕਰਕੇ ਉਹਨਾ ਆਪਣੇ ਭਾਈਚਾਰੇ ਅਤੇ ਸਮਾਜ ਵਿੱਚ ਆਪਣੀ ਚੰਗੀ ਥਾਂ ਬਣਾਈ। ਜਿੱਥੇ ਕਾਮਰੇਡ ਚਮਨ ਲਾਲ ਦਾ ਲੋਕ ਘੋਲਾਂ ਵਿੱਚ ਸਾਥ ਦਿੱਤਾ, ਉੱਥੇ ਉਹਨਾ ਆਪਣੇ ਬੱਚਿਆਂ ਦਾ ਚੰਗਾ ਪਾਲਣ-ਪੋਸ਼ਣ ਕਰਦਿਆਂ ਆਪਣੀ ਸਮਰੱਥਾ ਅਨੁਸਾਰ ਪੜ੍ਹਾਇਆ। ਮਾਤਾ ਜੀਤ ਕੌਰ ਵੱਲੋਂ ਦਿੱਤੇ ਚੰਗੇ ਸੰਸਕਾਰਾਂ ਸਦਕਾ ਬੱਚਿਆਂ ਨੇ ਸਮਾਜ ਵਿੱਚ ਚੰਗਾ ਨਾਂਅ ਕਮਾਇਆ ਹੈ। ਵੱਡਾ ਪੁੱਤਰ ਅਮਰਜੀਤ ਕੋਮਲ ਜੋ ਕਿ ਪਹਿਲਾਂ ਕਿੱਤੇ ਵਜੋਂ ਅਧਿਆਪਕ ਸਨ, ਬਤੌਰ ਸੈਂਟਰ ਹੈੱਡ ਟੀਚਰ ਸੇਵਾ-ਮੁਕਤ ਹੋਣ ਉਪਰੰਤ ਉਹ ਅੱਜਕੱਲ੍ਹ ਪੰਜਾਬੀ ਰੋਜ਼ਾਨਾ ਅਜੀਤ ਵਿੱਚ ਜ਼ਿਲ੍ਹਾ ਉਪ ਦਫਤਰ ਕਪੂਰਥਲਾ ਵਿਖੇ ਬਤੌਰ ਇੰਚਾਰਜ ਸੇਵਾਵਾਂ ਨਿਭਾਅ ਰਹੇ ਹਨ। ਉਹਨਾ ਤੋਂ ਛੋਟਾ ਸੁਖਵਿੰਦਰ ਪਾਲ ਸਹਿਕਾਰੀ ਬੈਂਕ ਵਿੱਚ ਬਤੌਰ ਸੀਨੀਅਰ ਮੈਨੇਜਰ ਆਪਣੀ ਡਿਊਟੀ ਨਿਭਾਅ ਰਹੇ ਹਨ।

ਮਾਤਾ ਜੀਤ ਕੌਰ, ਜੋ ਬਿਮਾਰ ਚੱਲ ਰਹੇ ਸਨ, ਬੀਤੀ 28 ਅਕਤੂਬਰ ਨੂੰ ਉਹਨਾ ਦਾ ਅਚਨਚੇਤ ਦਿਹਾਂਤ ਹੋ ਗਿਆ। ਉਹਨਾ ਦੇ ਗ੍ਰਹਿ ਪਿੰਡ ਸ਼ਾਲਾਪੁਰ ਵਿਖੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਰੱਖੇ ਅਖੰਡ ਪਾਠ ਦੇ ਭੋਗ 6 ਨਵੰਬਰ (ਐਤਵਾਰ) 12 ਤੋਂ 1.00 ਵਜੇ ਤੱਕ ਪਾਏ ਜਾ ਰਹੇ ਹਨ। ਸ਼ਰਧਾਂਜਲੀ ਸਮਾਗਮ ਵਿੱਚ ਰਾਜਸੀ, ਧਾਰਮਕ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਆਗੂ ਉਹਨਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

*—ਨਵਕਿਰਨ ਲਾਹੌਰੀ, ਪਰਸਨ ਲਾਲ ਭੋਲਾ*
*87270-63230*

# ਪਰਾਲੀ ਨਾ ਸਾੜਨ ਵਾਲੇ ਵਾਤਾਵਰਣ ਦੇ ਰਾਖੇ ਕਿਸਾਨਾਂ ਦਾ ਸਨਮਾਨ




ਫਾਜ਼ਿਲਕਾ, (ਨਿਸ਼ਾ ਸ਼ਰਮਾ)-ਫਾਜ਼ਿਲਕਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਥੇ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਵਾਤਾਵਰਨ ਦੇ ਰਾਖੇ ਸਨਮਾਨ ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਕਿਸਾਨਾਂ ਨੂੰ ਡਿਪਟੀ ਕਮਿਸ਼ਨਰ ਡਾ: ਹਿਮਾਂਸ਼ੂ ਅਗਰਵਾਲ ਆਈਏਐੱਸ ਨੇ ਭੇਟ ਕੀਤੇ। ਇਸ ਮੌਕੇ ਡਿਪਟੀ ਕਮਿਸ਼ਨਰ ਡਾ: ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਹ ਕਿਸਾਨ ਪਰਾਲੀ ਨੂੰ ਬਿਨਾਂ ਸਾੜੇ ਇਸ ਦਾ ਪ੍ਰਬੰਧ ਕਰਕੇ ਹੋਰਨਾਂ ਕਿਸਾਨਾਂ ਲਈ ਰਾਹ ਦਸੇਰੇ ਬਣ ਰਹੇ ਹਨ। ਉਨ੍ਹਾ ਕਿਹਾ ਕਿ ਕਿਸਾਨ ਵੀਰ ਪਰਾਲੀ ਨੂੰ ਸਾੜਨ ਦੀ ਬਜਾਏ ਇਸ ਦੀ ਸੰਭਾਲ ਖੇਤੀਬਾੜੀ ਵਿਭਾਗ ਵੱਲੋਂ ਸੁਝਾਏ ਤਰੀਕਿਆਂ ਨਾਲ ਕਰਨ ਨਾਲ ਕਿਸਾਨਾਂ ਦੀ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਨਹੀਂ ਘਟੇਗੀ ਤੇ ਅੱਗ ਲੱਗਣ ਨਾਲ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੰਦੀਪ ਕੁਮਾਰ ਨੇ ਖੇਤੀਬਾੜੀ ਵਿਭਾਗ ਨੂੰ ਕਿਹਾ ਕਿ ਉਹ ਜਾਗਰੂਕਤਾ ਗਤੀਵਿਧੀਆਂ ਨੂੰ ਹੋਰ ਤੇਜ਼ ਕਰਨ। ਇਸ ਮੌਕੇ ਐੱਸ ਡੀ ਐੱਮ ਨਿਕਾਸ ਖੀਂਚੜ, ਮੁੱਖ ਖੇਤੀਬਾੜੀ ਅਫਸਰ ਰਾਜਿੰਦਰ ਕੁਮਾਰ, ਖੇਤੀਬਾੜੀ ਅਫਸਰ ਗੁਰਮੀਤ ਸਿੰਘ ਚੀਮਾ ਆਦਿ ਹਾਜ਼ਰ ਸਨ।

# ਅਥਲੈਟਿਕ ਮੁਕਾਬਲਿਆਂ 'ਚ ਨਨਕਾਣਾ ਸਾਹਿਬ ਸਕੂਲ ਨੇ ਜਿੱਤੇ ਤਮਗੇ



ਸਮਰਾਲਾ (ਸੁਰਜੀਤ ਸਿੰਘ)-ਸਮਰਾਲਾ ਜ਼ੋਨ ਦੇ ਐਥਲੈਟਿਕ ਮੁਕਾਬਲਿਆਂ ਵਿੱਚ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਦੇ ਵਿਦਿਆਰਥੀਆਂ ਨੇ ਵੱਖ-ਵੱਖ ਟ੍ਰੈਕ ਤੇ ਫੀਲਡ ਈਵੈਂਟਾਂ ਵਿੱਚ ਦਸ ਤਮਗੇ ਹਾਸਲ ਕੀਤੇ। ਅੰਡਰ-17 ਸ਼ਾਟਪੁੱਟ ਵਿੱਚ ਅਮਨਦੀਪ ਸਿੰਘ ਨੇ ਪਹਿਲਾ ਸਥਾਨ, ਕੁਲਦੀਪ ਯਾਦਵ ਨੇ ਸ਼ਾਟਪੁੱਟ ਤੇ 200 ਮੀਟਰ ਵਿੱਚ ਤੀਸਰਾ ਸਥਾਨ, ਜੋਬਨਪ੍ਰੀਤ ਸਿੰਘ ਨੇ 800 ਮੀਟਰ ਰੇਸ 'ਚ ਦੂਸਰਾ ਸਥਾਨ, ਜੋਬਨ ਸਿੰਘ ਨੇ 400 ਮੀਟਰ ਰੇਸ 'ਚ ਤੀਸਰਾ ਸਥਾਨ, ਓਂਕਾਰ ਸਿੰਘ ਨੇ 100 ਮੀਟਰ ਰੇਸ 'ਚ ਤੀਸਰਾ ਸਥਾਨ ਤੇ ਕਿਰਨਜੋਤ ਕੌਰ ਨੇ ਸ਼ਾਟਪੁੱਟ 'ਚ ਤੀਸਰਾ ਸਥਾਨ ਹਾਸਲ ਕੀਤਾ। ਚਾਰ ਸੌ ਮੀਟਰ ਰੀਲੇਅ ਰੇਸ 'ਚ ਜੋਬਨ ਸਿੰਘ, ਕੁਲਦੀਪ ਯਾਦਵ, ਮਨਪ੍ਰੀਤ ਸਿੰਘ ਤੇ ਓਂਕਾਰ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ। ਹਸ਼ਨਜੋਤ ਸਿੰਘ ਨੇ ਅੰਡਰ-14 ਦੇ 200 ਮੀਟਰ ਰੇਸ ਵਿੱਚ ਪਹਿਲਾ ਤੇ 100 ਮੀਟਰ ਰੇਸ ਵਿੱਚ ਦੂਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸੇ ਤਰ੍ਹਾਂ ਵਿਦਿਆਰਥੀਆਂ ਨੇ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ 2 ਸੋਨੇ, 3 ਚਾਂਦੀ ਤੇ 5 ਕਾਂਸੀ ਦੇ ਤਮਗੇ ਜਿੱਤੇ। ਸਕੂਲ ਦੀ ਸਮੂਹ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਪ੍ਰਿੰਸੀਪਲ ਮਾਲਇੰਦਰ ਸਿੰਘ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਆਉਣ ਵਾਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਐੱਸ ਐੱਫ ਸੀ ਕਾਨਵੈਂਟ ਸਕੂਲ ਨੇ ਤੀਰਅੰਦਾਜ਼ੀ 'ਚ ਗੋਲਡ ਮੈਡਲ ਜਿੱਤਿਆ

ਮੋਗਾ (ਅਮਰਜੀਤ ਬੱਬਰੀ)-ਐਸ ਐਫ ਸੀ ਕਾਨਵੈਂਟ ਸਕੂਲ ਦੇ ਵਿਦਿਆਰਥੀ ਜਿੱਥੇ ਸਿੱਖਿਆ ਦੇ ਖੇਤਰ ਵਿੱਚ ਅਹਿਮ ਪ੍ਰਾਪਤੀਆਂ ਕਰ ਰਹੇ ਹਨ, ਉਥੇ ਖੇਡਾਂ ਦੇ ਖੇਤਰ ਦੇ ਵਿੱਚ ਵੀ ਇਸ ਸਕੂਲ ਦੇ ਵਿਦਿਆਰਥੀ ਇਤਿਹਾਸ ਲਿਖ ਰਹੇ ਹਨ। ਬੀਤੇ ਦਿਨੀਂ ਪਟਿਆਲਾ ਵਿੱਚ ਹੋਏ ਰਾਜ ਪੱਧਰੀ ਤੀਰਅੰਦਾਜ਼ੀ ਮੁਕਾਬਲਿਆਂ ਦੌਰਾਨ ਇਸ ਸਕੂਲ ਦੇ ਦੋ ਬੱਚਿਆਂ, ਜਿਨ੍ਹਾਂ 'ਚ ਪਰਮਦੀਪ ਸਿੰਘ ਤੇ ਅਮਰਿੰਦਰ ਸਿੰਘ ਨੇ ਭਾਗ ਲਿਆ। ਪਰਮਦੀਪ ਤੇ ਅਮਰੀਦਾਰ ਦੋਵਾਂ ਨੇ ਬਹੁਤ ਵਧੀਆ ਪ੍ਰਦਰਸ਼ਨ ਕਰਕੇ ਤੀਰਅੰਦਾਜ਼ੀ ਵਿੱਚ ਗੋਲਡ ਮੈਡਲ ਜਿੱਤਿਆ। ਉਨ੍ਹਾਂ ਦੇ ਕੋਚ ਗਗਨ ਸ਼ਰਮਾ ਵੀ ਇਸ ਜਿੱਤ ਤੋਂ ਬਹੁਤ ਖੁਸ਼ ਸਨ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਪਵਨਦੀਪ ਕੌਰ ਚਾਹਲ ਨੇ ਬੱਚਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਜਿੱਤ ਬੱਚਿਆਂ ਤੇ ਉਨ੍ਹਾਂ ਦੇ ਕੋਚ ਨੂੰ ਜਾਂਦੀ ਹੈ। ਇਸ ਸਮੇਂ ਸਕੂਲ ਦੇ ਡਾਇਰੈਕਟਰ ਸ੍ਰੀ ਅਭਿਸ਼ੇਕ ਜਿੰਦਲ ਨੇ ਵੀ ਬੱਚਿਆਂ ਨੂੰ ਵਧਾਈ ਦਿੱਤੀ।

# ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸਮਾਗਮ



ਸੰਗਰੂਰ, (ਪ੍ਰਵੀਨ ਸਿੰਘ)-ਸਮਾਜ ਸੇਵਾ ਲੋਕ ਭਲਾਈ ਬਜ਼ੁਰਗਾਂ ਤੇ ਪੈਨਸ਼ਨਰਾਂ ਦੇ ਸਤਿਕਾਰ ਨੂੰ ਸਮਰਪਤ ਅਤੇ ਹਰ ਤਰ੍ਹਾਂ ਦਾ ਸਤਿਕਾਰ ਕਰਨ ਵਾਲੀ ਸੰਸਥਾ ਸਟੇਟ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਦੀ ਅਗਵਾਈ ਵਿੱਚ ਸਥਾਨਕ ਤਹਿਸੀਲ ਕੰਪਲੈਕਸ ਵਿਖੇ ਭਗਤੀ ਲਹਿਰ ਦੇ ਸ਼੍ਰੋਮਣੀ ਭਗਤ ਬ੍ਰਹਮ ਗਿਆਨੀ ਬਾਬਾ ਨਾਮਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸਤਿਕਾਰ ਤੇ ਸਨਮਾਨ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉੱਘੇ ਸਮਾਜ ਸੇਵੀ ਤੇ ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧੀ ਸਭਾ ਦੇ ਪ੍ਰਧਾਨ ਭਾਈ ਸਤਨਾਮ ਸਿੰਘ ਦਮਦਮੀ ਤੋਂ ਇਲਾਵਾ ਗੁਰਦੁਆਰਾ ਭਗਤ ਨਾਮਦੇਵ ਜੀ ਸੰਗਰੂਰ ਦੇ ਪ੍ਰਧਾਨ ਭਾਈ ਸੁਖਦੇਵ ਸਿੰਘ ਰਤਨ, ਮਾਸਟਰ ਰਜਿੰਦਰ ਸਿੰਘ ਤੱਗੜ, ਦਰਸ਼ਨ ਸਿੰਘ, ਬਲਦੇਵ ਸਿੰਘ ਰਤਨ ਤੇ ਵੇਦ ਪ੍ਰਕਾਸ਼ ਸਚਦੇਵਾ ਨੂੰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਸਮਾਜਿਕ ਤੇ ਧਾਰਮਿਕ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ। ਸ਼੍ਰੀ ਰਾਜ ਕੁਮਾਰ ਅਰੋੜਾ ਨੇ ਇਸ ਮੌਕੇ ਕਿਹਾ ਕਿ ਬ੍ਰਹਮ ਗਿਆਨੀ ਬਾਬਾ ਨਾਮਦੇਵ ਜੀ ਤੇਰਵੀਂ ਸਦੀ ਦੇ ਮਹਾਨ ਸਮਾਜ ਸੁਧਾਰਕ ਤੇ ਧਾਰਮਿਕ ਆਗੂ ਸਨ, ਜਿਨ੍ਹਾਂ ਨੇ ਸਾਂਝੀਵਾਰਤਾ ਤੇ ਸੁੱਚੀ ਕਿਰਤ ਦਾ ਸੰਦੇਸ਼ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਜੀਨੀਅਰ ਪ੍ਰਵੀਨ ਬਾਂਸਲ, ਜਸਵੀਰ ਸਿੰਘ ਖਾਲਸਾ, ਸੁਰਿੰਦਰ ਸਿੰਘ ਸੋਢੀ, ਕਿਸ਼ੋਰੀ ਲਾਲ, ਮਹੇਸ਼ ਕੁਮਾਰ ਜੌਹਰ, ਮੇਘ ਰਾਜ, ਓਮ ਪ੍ਰਕਾਸ਼ ਖੀਪਲ, ਡਾ. ਮਨਮੋਹਨ ਸਿੰਘ, ਕਰਨੈਲ ਸਿੰਘ ਸੇਖੋਂ, ਕਮਲਜੀਤ ਸਿੰਘ, ਰਾਜ ਕੁਮਾਰ ਬਾਂਸਲ ਤੇ ਹੋਰ ਸੰਸਥਾ ਦੀਆਂ ਸ਼ਖਸੀਅਤਾਂ ਮੌਜੂਦ ਸਨ।

# ਸੁਪੀਰੀਅਰ ਵਰਲਡ ਸਕੂਲ ਦੀਆਂ ਵਿਦਿਆਰਥਣਾਂ ਗਰੁੱਪ ਡਾਂਸ ਤੇ ਰੰਗੋਲੀ 'ਚ ਛਾਈਆਂ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਗੜ੍ਹੀ ਤਰਖਾਣਾ ਵਿਖੇ ਸਥਿਤ ਦਿ ਸੁਪੀਰੀਅਰ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਲੁਧਿਆਣਾ ਈਸਟ ਸਹੋਦਿਆ ਕੰਪਲੈਕਸ ਦੇ ਗਰੁੱਪ ਡਾਂਸ ਤੇ ਰੰਗੋਲੀ ਮੁਕਾਬਲਿਆਂ 'ਚ ਵੱਧ ਚੜ੍ਹ ਕੇ ਭਾਗ ਲਿਆ। ਸਕੂਲ ਵਿਦਿਆਰਥਣ ਸਿਮਰਪ੍ਰੀਤ ਕੌਰ, ਯਸ਼ੀਕਾਪਾਲ, ਆਂਚਲਪ੍ਰੀਤ ਕੌਰ, ਕਿਰਨਪ੍ਰੀਤ ਕੌਰ, ਮੰਨਤ ਗਿੱਲ, ਪ੍ਰਭਜੋਤ ਕੌਰ, ਮੁਸਕਾਨ, ਰਮਨਪ੍ਰੀਤ ਕੌਰ, ਰਿਧੀਮਾ ਕਪੂਰ ਤੇ ਕ੍ਰਿਸ਼ੀਕਾ ਨੇ ਗਰੁੱਪ ਡਾਂਸ ਇੰਟਰ ਸਕੂਲ ਮੁਕਾਬਲੇ ਵਿਚ ਭਾਗ ਲਿਆ ਗਿਆ ਜਿਸ ਵਿਚ ਰਿਧੀਮਾ ਤੇ ਕ੍ਰਿਸ਼ੀਕਾ ਨੇ ਆਪਣੇ ਡਾਂਸ ਦੀ ਕਲਾ ਦਿਖਾ ਕੇ ਬੈਸਟ ਪ੍ਰਫਾਰਮੈਂਸ ਦਾ ਐਵਾਰਡ ਅਤੇ ਸੁੰਦਰ ਤੇ ਆਕਰਸ਼ਿਤ ਪਹਿਰਾਵੇ ਕਾਰਨ ਬੈਸਟ ਕੋਸਟਿਊਮ ਐਵਾਰਡ ਹਾਸਲ ਕਰ ਸਕੂਲ ਤੇ ਮਾਤਾ ਪਿਤਾ ਦਾ ਨਾਂਅ ਚਮਕਾਇਆ। ਸਕੂਲ ਦੀਆਂ ਵਿਦਿਆਰਥਣਾਂ ਅਰਮਨਪ੍ਰੀਤ ਤੇ ਹਿਮਾਨੀ ਵੱਲੋਂ ਰੰਗੋਲੀ ਮੁਕਾਬਲੇ ਵਿੱਚ ਆਪਣੀ ਕਲਾ ਨੂੰ ਪੇਸ਼ ਕਰ ਟਰਾਫ਼ੀਆਂ ਤੇ ਸਰਟੀਫਿਕੇਟ ਪ੍ਰਾਪਤ ਕੀਤੇ। ਵਿਦਿਆਰਥੀਆਂ ਨੂੰ ਮੁਕਾਬਲਿਆਂ ਲਈ ਸਕੂਲ ਅਧਿਆਪਕ ਭਜਨ ਕੌਰ, ਪਰਦੀਪ ਕੌਰ, ਪ੍ਰੀਤੀ ਪਦਮ ਤੇ ਮੀਨੂੰ ਸਰੀਨ ਵੱਲੋਂ ਵਿਸ਼ੇਸ਼ ਸਿਖਲਾਈ ਦਿੱਤੀ ਗਈ। ਸਕੂਲ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ ਅਤੇ ਅੱਗੇ ਤੋਂ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਵੀ ਕੀਤਾ।

...ਸਫ਼ਾ 5 ਦੇ ਬਾਕੀ

## ਲੰਡਾ ਨੇ ਲਈ ...

ਪੋਸਟਮਾਰਟਮ ਤੋਂ ਬਾਅਦ ਸੁਧੀਰ ਸੂਰੀ ਦਾ ਮ੍ਰਿਤਕ ਸਰੀਰ ਉਨ੍ਹਾ ਦੇ ਘਰ ਭਾਰੀ ਪੁਲਸ ਫੋਰਸ ਨਾਲ ਲਿਆਂਦਾ ਗਿਆ। ਭਾਰੀ ਗਿਣਤੀ ਵਿਚ ਲੋਕ ਸੂਰੀ ਦੇ ਘਰ ਪਹੁੰਚੇ। ਪਰਵਾਰਕ ਮੈਂਬਰਾਂ ਮੁਤਾਬਕ ਉਦੋਂ ਤੱਕ ਸੂਰੀ ਦਾ ਸਸਕਾਰ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਸੂਰੀ ਨੂੰ ਸ਼ਹੀਦ ਦਾ ਦਰਜਾ ਉਨ੍ਹਾਂ ਨੂੰ ਲਿਖਤੀ ਰੂਪ ਵਿਚ ਨਹੀਂ ਦਿੱਤਾ ਜਾਂਦਾ। ਸੂਰੀ ਦੇ ਘਰ ਇਸ ਸਮੇਂ ਮਾਤਮ ਛਾਇਆ ਹੋਇਆ ਹੈ ਤੇ ਪੂਰੇ ਇਲਾਕੇ ਵਿਚ ਲੋਕ ਸਹਿਮੇ ਹੋਏ ਹਨ। ਪੁਲਸ ਦੇ ਉੱਚ ਅਧਿਕਾਰੀ ਮੌਜੂਦਾ ਹਾਲਾਤ ਨੂੰ ਕਾਬੂ ਹੇਠ ਕਰਨ ਲਈ ਜੁਟੇ ਰਹੇ। ਸੁਧੀਰ ਸੂਰੀ ਦੇ ਘਰ ਦੇ ਬਾਹਰ ਸ਼ਿਵ ਸੈਨਿਕਾਂ ਅਤੇ ਸਮੱਰਥਕਾਂ ਨੇ ਖਾਲਿਸਤਾਨ ਮੁਰਦਾਬਾਦ ਦੇ ਨਾਅਰੇ ਲਗਾਏ। ਮੌਕੇ 'ਤੇ ਭਾਰੀ ਫੋਰਸ 'ਚ ਤੈਨਾਤ ਪੁਲਸ ਅਧਿਕਾਰੀਆਂ ਨੇ ਮਾਹੌਲ ਨੂੰ ਸ਼ਾਂਤ ਕਰਨ ਲਈ ਪੂਰੀ ਕੋਸ਼ਿਸ਼ ਕਰਦੀ ਰਹੀ, ਪਰ ਸ਼ਿਵ ਸੈਨਿਕ ਅਤੇ ਸਮੱਰਥਕ ਲਗਾਤਾਰ ਜੈ ਸ੍ਰੀ ਰਾਮ ਦੇ ਜੈਕਾਰੇ ਲਗਾਉਂਦੇ ਹੋਏ ਸੂਰੀ ਦੇ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕਰਦੇ ਰਹੇ ਉੱਧਰ ਸੂਰੀ ਦੀ ਹੱਤਿਆ ਕਰਨ ਵਾਲੇ ਸੰਦੀਪ ਸਿੰਘ ਨੂੰ ਲੈ ਕੇ ਸੁਰੱਖਿਆ ਏਜੰਸੀਆਂ ਦੇ ਹੱਥ ਇਕ ਵੀਡੀਓ ਤੇ ਤਸਵੀਰ ਲੱਗੀ ਹੈ। ਇਸ ਵਿਚ ਸੰਦੀਪ ਸਿੰਘ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਨੂੰ ਮਿਲ ਰਿਹਾ ਹੈ। ਸੰਦੀਪ ਸਿੰਘ ਉਸ ਵੀਡੀਓ 'ਚ ਆਪਣੇ ਛੋਟੇ ਬੇਟੇ ਨੂੰ ਅੰਮ੍ਰਿਤਪਾਲ ਸਿੰਘ ਨੂੰ ਮਿਲਵਾਉਣ ਲਈ ਲੈ ਗਿਆ ਸੀ।

ਸੁਧੀਰ ਸੂਰੀ ਦੀ ਲਾਸ਼ ਦਾ ਸਿਟੀ ਸਕੈਨ ਕਰਵਾਇਆ ਗਿਆ। ਸਿਟੀ ਸਕੈਨ ਤੋਂ ਪਤਾ ਲੱਗਾ ਕਿ ਸੂਰੀ ਨੂੰ ਚਾਰ ਗੋਲੀਆਂ ਲੱਗੀਆਂ ਸਨ। ਦੋ ਗੋਲੀਆਂ ਛਾਤੀ ਨੇੜੇ ਲੱਗੀਆਂ। ਇਕ ਗੋਲੀ ਪੇਟ ਨੇੜੇ ਤੇ ਇਕ ਮੋਢੇ ਨੂੰ ਛੂਹ ਕੇ ਲੰਘ ਗਈ। ਸਿਟੀ ਸਕੈਨ ਤੋਂ ਬਾਅਦ ਲਾਸ਼ ਨੂੰ ਪੋਸਟਮਾਰਟਮ ਲਈ ਪੋਸਟਮਾਰਟਮ ਹਾਊਸ ਲਿਜਾਇਆ ਗਿਆ। ਮੈਡੀਕਲ ਕਾਲਜ 'ਚ ਤਿੰਨ ਡਾਕਟਰਾਂ ਦੇ ਬੋਰਡ ਵੱਲੋਂ ਸੁਧੀਰ ਸੂਰੀ ਦਾ ਪੋਸਟਮਾਰਟਮ ਕੀਤਾ ਗਿਆ। ਇਸ ਟੀਮ ਵਿੱਚ ਡਾ. ਜਤਿੰਦਰ ਪਾਲ, ਡਾ. ਕਰਮਜੀਤ, ਡਾ. ਸੰਨੀ ਬਸਰਾ ਸ਼ਾਮਲ ਸਨ। ਬਟਾਲਾ ਤੇ ਅੰਮ੍ਰਿਤਸਰ 'ਚ ਪੁਲਸ ਨੇ ਸ਼ਹਿਰ ਦੇ ਹਿੰਦੂ ਆਗੂਆਂ ਨੂੰ ਨਜ਼ਰਬੰਦ ਕਰ ਦਿੱਤਾ। ਸ਼ਿਵ ਸੈਨਿਕਾਂ ਦਾ ਕਹਿਣਾ ਸੀ ਕਿ ਪੁਲਸ ਅਧਿਕਾਰੀਆਂ ਨੇ ਹਿੰਦੂ ਆਗੂਆਂ ਤੇ ਸ਼ਿਵ ਸੈਨਿਕਾਂ ਨੂੰ ਉਨ੍ਹਾਂ ਦੇ ਘਰਾਂ 'ਚ ਬੰਦ ਕਰ ਦਿੱਤਾ ਹੈ ਤਾਂ ਜੋ ਸ਼ਹਿਰ 'ਚ ਹਾਲਾਤ ਨਾ ਵਿਗੜਨ। ਨਾਲ ਹੀ ਉਨ੍ਹਾਂ ਦੇ ਘਰਾਂ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ ਹੈ।

ਸਨਿੱਚਰਵਾਰ ਪੰਜਾਬ ਬੰਦ ਦੇ ਸੱਦੇ ਦਾ ਕਈ ਸ਼ਹਿਰਾਂ 'ਚ ਅਸਰ ਦੇਖਣ ਨੂੰ ਮਿਲਿਆ। ਅੰਮ੍ਰਿਤਸਰ 'ਚ ਸਵੇਰੇ ਸ਼ਿਵ ਸੈਨਿਕ ਮੋਟਰਸਾਈਕਲਾਂ 'ਤੇ ਬਾਜ਼ਾਰਾਂ 'ਚ ਦੁਕਾਨਾਂ ਬੰਦ ਕਰਵਾਉਣ ਨਿਕਲੇ। ਸੂਰੀ ਦੇ ਕਤਲ ਦੇ ਵਿਰੋਧ 'ਚ ਹੁਸ਼ਿਆਰਪੁਰ ਦੇ ਬਾਜ਼ਾਰ ਬੰਦ ਰਹੇ। ਬੰਦ ਦੇ ਸੱਦੇ ਨੂੰ ਗੁਰਦਾਸਪੁਰ 'ਚ ਵੀ ਸਮਰਥਨ ਮਿਲਿਆ ।

ਜ਼ਿਕਰਯੋਗ ਹੈ ਕਿ ਸ਼ਿਵ ਸੈਨਾ (ਟਕਸਾਲੀ) ਦੇ ਆਗੂ ਹਰਦੀਪ ਪੁਰੀ, ਸ਼ਿਵ ਸੈਨਾ (ਰਾਸ਼ਟਰਵਾਦੀ) ਦੇ ਸਚਿਨ ਬਹਿਲ, ਸ਼ਿਵ ਸੈਨਾ (ਭਾਰਤੀ) ਦੇ ਅਜੈ ਸੇਠ, ਸ਼ਿਵ ਸੈਨਾ (ਸੂਰਿਆਵੰਸ਼ੀ) ਦੇ ਰਾਕੇਸ਼ ਭਸੀਨ ਤੇ ਆਲ ਇੰਡੀਆ ਹਿੰਦੂ ਸੰਘਰਸ਼ ਕਮੇਟੀ ਦੇ ਆਗੂਆਂ ਨੇ ਵਪਾਰੀਆਂ ਨੂੰ ਆਪਣੀਆਂ ਦੁਕਾਨਾਂ ਬੰਦ ਰੱਖਣ ਦੀ ਅਪੀਲ ਕੀਤੀ ਸੀ। ਫਾਜ਼ਿਲਕਾ ਦੀਆਂ ਕੁਝ ਜਥੇਬੰਦੀਆਂ ਨੇ ਪੰਜਾਬ ਬੰਦ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਸੀ। ਇਸ ਸੰਬੰਧੀ ਵਪਾਰ ਮੰਡਲ ਨਾਲ ਵੀ ਗੱਲਬਾਤ ਕੀਤੀ ਗਈ, ਜਿਸ 'ਤੇ ਵਪਾਰ ਮੰਡਲ ਨੇ 12 ਵਜੇ ਤੱਕ ਦੁਕਾਨਾਂ ਬੰਦ ਰੱਖ ਕੇ ਸਮਰਥਨ ਕਰਨ ਦੀ ਹਾਮੀ ਭਰੀ, ਪਰ ਬਾਅਦ ਵਿਚ ਸ਼ਿਵ ਸੈਨਾ ਆਗੂਆਂ ਦੇ ਕਹਿਣ 'ਤੇ ਹੀ ਇਹ ਬੰਦ ਰੱਦ ਕਰ ਦਿੱਤਾ ਗਿਆ।

## ਕਾਂਗਰਸ ਵੱਲੋਂ ਹਿਮਾਚਲ...

ਸਿਰਮੌਰ ਦੇ ਸਿਲਈ ਵਿੱਚ ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਰੈਲੀ ਕਰੇਗੀ। 10 ਨਵੰਬਰ ਨੂੰ ਸ਼ਿਮਲਾ 'ਚ ਪ੍ਰਿਅੰਕਾ ਦਾ ਰੋਡ ਸ਼ੋਅ ਪ੍ਰਸਤਾਵਿਤ ਹੈ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਹੀ ਨਹੀਂ, ਸਗੋਂ ਮੁੱਖ ਮੰਤਰੀ ਜੈ ਰਾਮ ਠਾਕੁਰ ਵੀ ਹੁਣ ਸਿੱਧੇ ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧ ਰਹੇ ਹਨ। ਹੁਣ ਤੱਕ ਪ੍ਰਿਅੰਕਾ ਗਾਂਧੀ ਵਾਡਰਾ ਨੇ ਕਾਂਗਰਸ ਦੀ ਤਰਫੋਂ ਪ੍ਰਚਾਰ ਦੀ ਕਮਾਨ ਸੰਭਾਲੀ ਹੈ। ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਹੋਣ ਦੇ ਬਾਵਜੂਦ ਰਾਹੁਲ ਗਾਂਧੀ ਨੇ ਹੁਣ ਤੱਕ ਕੋਈ ਰੈਲੀ ਨਹੀਂ ਕੀਤੀ ਹੈ। ਨਾ ਹੀ ਸੂਬੇ ਵਿੱਚ ਕੋਈ ਰੈਲੀ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਰਾਹੁਲ ਗਾਂਧੀ ਹਿਮਾਚਲ 'ਚ ਕਿਉਂ ਨਹੀਂ ਆ ਰਹੇ ਹਨ, ਇਸ ਦਾ ਜਵਾਬ ਦੇਣਾ ਕਾਂਗਰਸ ਦੇ ਨੇਤਾਵਾਂ ਨੂੰ ਵੀ ਮੁਸ਼ਕਲ ਹੋ ਗਿਆ ਹੈ। ਹਾਲਾਂਕਿ ਕੁਝ ਇਹ ਵੀ ਕਹਿ ਰਹੇ ਹਨ ਕਿ ਵਿਧਾਨ ਸਭਾ ਚੋਣਾਂ ਨਹੀਂ, ਸਗੋਂ ਭਾਰਤ ਨੂੰ ਇਕਜੁੱਟ ਕਰਨਾ ਜ਼ਿਆਦਾ ਜ਼ਰੂਰੀ ਹੈ। ਹਿਮਾਚਲ ਪ੍ਰਦੇਸ਼ ਵਿੱਚ ਵੋਟਾਂ ਪੈਣ ਵਿੱਚ ਸਿਰਫ ਇੱਕ ਹਫਤਾ ਬਾਕੀ ਰਹਿ ਗਿਆ ਹੈ, ਸਿਆਸੀ ਪਾਰਟੀਆਂ ਨੇ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਨਾਲ ਹੀ ਉਹ ਇੱਕ-ਦੂਜੇ ਨੂੰ ਘੇਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ ਹਨ। ਹੁਣ ਤੱਕ ਭਾਜਪਾ ਪ੍ਰਚਾਰ ਦੌਰਾਨ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਦੀ ਗੱਲ ਕਰ ਰਹੀ ਸੀ ਅਤੇ ਕਾਂਗਰਸ ਦੀ ਧੜੇਬੰਦੀ ਅਤੇ ਪਰਵਾਰਵਾਦ ਨੂੰ ਉਭਾਰ ਰਹੀ ਸੀ। ਰਾਹੁਲ ਗਾਂਧੀ ਨੂੰ ਸਿੱਧਾ ਨਿਸ਼ਾਨਾ ਨਹੀਂ ਬਣਾਇਆ। ਦੋ ਦਿਨਾਂ ਤੋਂ ਭਾਜਪਾ ਨੇ ਆਪਣੀ ਰਣਨੀਤੀ ਬਦਲ ਕੇ ਕਾਂਗਰਸ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਆਗੂ ਇਲਜ਼ਾਮ ਲਾ ਰਹੇ ਹਨ ਕਿ ਰਾਹੁਲ ਗਾਂਧੀ ਹਿਮਾਚਲ ਚੋਣਾਂ ਨੂੰ ਚੋਣਾਂ ਨਹੀਂ ਮੰਨਦੇ। ਉਨ੍ਹਾਂ ਲਈ ਭਾਰਤ ਜੋੜੋ ਯਾਤਰਾ ਜ਼ਿਆਦਾ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਕਿਹਾ ਜਾ ਰਿਹਾ ਹੈ ਕਿ ਹਿਮਾਚਲ ਦੇ ਆਗੂ ਨਹੀਂ ਚਾਹੁੰਦੇ ਕਿ ਰਾਹੁਲ ਗਾਂਧੀ ਸੂਬੇ 'ਚ ਆ ਕੇ ਚੋਣ ਪ੍ਰਚਾਰ ਕਰਨ।

## ਈਰਾਨ ਨੇ ਰੂਸ...

ਅਧਿਕਾਰਤ ਆਈਆਰਐਨਏ ਨਿਊਜ਼ ਏਜੰਸੀ ਦੇ ਅਨੁਸਾਰ, ਈਰਾਨ ਨੇ ਯੂਕਰੇਨ ਵਿੱਚ ਯੁੱਧ ਵਿੱਚ ਸਹਾਇਤਾ ਲਈ ਰੂਸ ਨੂੰ ਮਿਜ਼ਾਈਲਾਂ ਅਤੇ ਡਰੋਨ ਪ੍ਰਦਾਨ ਕੀਤੇ ਹਨ। ਈਰਾਨ ਨੇ ਕਿਹਾ ਕਿ ਯੂਕਰੇਨ ਯੁੱਧ ਤੋਂ ਕੁਝ ਮਹੀਨੇ ਪਹਿਲਾਂ ਰੂਸ ਨੂੰ ਬਹੁਤ ਘੱਟ ਡਰੋਨ ਮੁਹੱਈਆ ਕਰਵਾਏ ਗਏ ਸਨ। ਯੂਕਰੇਨ ਨੇ ਹਾਲ ਹੀ ਦੇ ਹਫਤਿਆਂ ਵਿੱਚ ਨਾਗਰਿਕ ਬੁਨਿਆਦੀ ਢਾਂਚੇ 'ਤੇ ਡਰੋਨ ਹਮਲਿਆਂ ਵਿੱਚ ਵਾਧਾ ਦਰਜ ਕੀਤਾ ਹੈ। ਇਸ ਨੇ ਖਾਸ ਤੌਰ 'ਤੇ ਈਰਾਨ ਦੇ ਬਣੇ ਸ਼ਹੀਦ-136 ਡਰੋਨ ਦੀ ਵਰਤੋਂ ਕਰਕੇ ਪਾਵਰ ਸਟੇਸ਼ਨਾਂ ਅਤੇ ਡੈਮਾਂ ਨੂੰ ਨਿਸ਼ਾਨਾ ਬਣਾਇਆ ਹੈ। ਰੂਸ ਇਸ ਗੱਲ ਤੋਂ ਇਨਕਾਰ ਕਰਦਾ ਹੈ ਕਿ ਉਸਦੀ ਫੌਜ ਨੇ ਯੂਕਰੇਨ 'ਤੇ ਹਮਲਾ ਕਰਨ ਲਈ ਈਰਾਨੀ ਡਰੋਨ ਦੀ ਵਰਤੋਂ ਕੀਤੀ ਹੈ। ਪਿਛਲੇ ਮਹੀਨੇ, ਦੋ ਸੀਨੀਅਰ ਈਰਾਨੀ ਅਧਿਕਾਰੀਆਂ ਅਤੇ ਦੋ ਈਰਾਨੀ ਡਿਪਲੋਮੈਟਾਂ ਨੇ ਰੋਇਟਰਜ਼ ਨੂੰ ਦੱਸਿਆ ਸੀ ਕਿ ਈਰਾਨ ਨੇ ਰੂਸ ਨੂੰ ਹੋਰ ਡਰੋਨ ਦੇ ਨਾਲ-ਨਾਲ ਸਤ੍ਹਾ ਤੋਂ ਸਤ੍ਹਾ 'ਤੇ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਪ੍ਰਦਾਨ ਕਰਨ ਦਾ ਵਾਅਦਾ ਕੀਤਾ ਸੀ। ਸਰਕਾਰੀ ਨਿਊਜ਼ ਏਜੰਸੀ ਨੇ ਅਮੀਰਬਦੌਲਾਹੀਅਨ ਦੇ ਹਵਾਲੇ ਨਾਲ ਕਿਹਾ ਕਿ ਤਹਿਰਾਨ ਅਤੇ ਕੀਵ ਦੋ ਹਫਤੇ ਪਹਿਲਾਂ ਯੂਕਰੇਨ ਵਿੱਚ ਈਰਾਨੀ ਡਰੋਨ ਦੀ ਵਰਤੋਂ ਦੇ ਦੋਸ਼ਾਂ 'ਤੇ ਚਰਚਾ ਕਰਨ ਲਈ ਸਹਿਮਤ ਹੋਏ ਸਨ, ਪਰ ਯੂਕਰੇਨੀਅਨ ਸਹਿਮਤੀ ਵਾਲੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ ਸਨ। "ਅਸੀਂ ਯੂਕਰੇਨ ਦੇ ਵਿਦੇਸ ਮੰਤਰੀ ਨਾਲ ਇਹ ਦਰਸਾਉਣ ਵਾਲੇ ਦਸਤਾਵੇਜ਼ ਪ੍ਰਦਾਨ ਕਰਨ ਲਈ ਸਹਿਮਤ ਹੋਏ ਹਾਂ ਕਿ ਰੂਸ ਨੇ ਯੂਕਰੇਨ ਵਿੱਚ ਈਰਾਨੀ ਡਰੋਨਾਂ ਦੀ ਵਰਤੋਂ ਕੀਤੀ ਸੀ, ਪਰ ਯੂਕਰੇਨੀ ਪ੍ਰਤੀਨਿਧੀ ਮੰਡਲ ਆਖਰੀ ਸਮੇਂ ਵਿੱਚ ਯੋਜਨਾਬੱਧ ਮੀਟਿੰਗ ਤੋਂ ਪਿੱਛੇ ਹਟ ਗਿਆ" ਅਮੀਰਬਦੌਲਾਹੀਅਨ ਨੇ ਕਿਹਾ। ਯੂਕਰੇਨ ਦੇ ਵਿਦੇਸ਼ ਮੰਤਰਾਲੇ ਨੇ ਤੁਰੰਤ ਲਿਖਤੀ ਬੇਨਤੀ ਦਾ ਜਵਾਬ ਨਹੀਂ ਦਿੱਤਾ। ਈਰਾਨ ਦੇ ਵਿਦੇਸ਼ ਮੰਤਰੀ ਨੇ ਦੁਹਰਾਇਆ ਕਿ ਜੇ ਇਹ ਸਾਬਤ ਹੋ ਜਾਂਦਾ ਹੈ ਕਿ ਰੂਸ ਨੇ ਯੂਕਰੇਨ ਵਿਰੁੱਧ ਜੰਗ ਵਿੱਚ ਈਰਾਨੀ ਡਰੋਨਾਂ ਦੀ ਵਰਤੋਂ ਕੀਤੀ ਸੀ ਤਾਂ ਤਹਿਰਾਨ "ਉਦਾਸੀਨ ਨਹੀਂ ਰਹੇਗਾ"। ਯੂਰਪੀਅਨ ਯੂਨੀਅਨ ਨੇ ਪਿਛਲੇ ਮਹੀਨੇ ਈਰਾਨ 'ਤੇ ਰੂਸ ਨੂੰ ਇਸ ਦੇ ਡਰੋਨ ਸਪੁਰਦਗੀ 'ਤੇ ਨਵੀਆਂ ਪਾਬੰਦੀਆਂ 'ਤੇ ਸਹਿਮਤੀ ਜਤਾਈ ਸੀ ਅਤੇ ਬ੍ਰਿਟੇਨ ਨੇ ਯੂਕਰੇਨ ਵਿਚ ਨਾਗਰਿਕ ਅਤੇ ਬੁਨਿਆਦੀ ਢਾਂਚੇ ਦੇ ਟੀਚਿਆਂ 'ਤੇ ਹਮਲਾ ਕਰਨ ਲਈ ਰੂਸ ਨੂੰ ਤਿੰਨ ਈਰਾਨੀ ਫੌਜਾਂ ਨੂੰ ਡਰੋਨ ਸਪਲਾਈ ਕਰਨ ਲਈ ਸਹਿਮਤੀ ਦਿੱਤੀ ਸੀ। ਅੰਕੜਿਆਂ ਅਤੇ ਇਕ ਰੱਖਿਆ ਨਿਰਮਾਤਾ 'ਤੇ ਪਾਬੰਦੀ ਲਗਾ ਦਿੱਤੀ ਸੀ।

## 83 ਸਾਲ ਦੀ ਔਰਤ...

ਦੇ ਹਾਫਿਜਾਬਾਦ ਦੇ ਕਾਜ਼ੀਪੁਰ ਵਿਚ ਧੂਮ-ਧਾਮ ਨਾਲ ਹੋਇਆ ਸੀ, ਪਰ ਉਨ੍ਹਾਂ ਦੇ ਵਿਆਹ ਦਾ ਖੁਲਾਸਾ ਹਾਲ ਹੀ ਇਕ ਇੰਟਰਵਿਊ ਵਿਚ ਹੋਇਆ। ਇੰਟਰਵਿਊ 'ਚ ਦੋਵਾਂ ਨੇ ਖੁੱਲ੍ਹ ਕੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ। ਦੋਵਾਂ ਦੱਸਿਆ ਕਿ ਕਿਵੇਂ ਉਹ ਪਹਿਲੀ ਵਾਰ ਫੇਸਬੁਕ 'ਤੇ ਮਿਲੇ ਸਨ।

ਬਜ਼ੁਰਗ ਔਰਤ ਦਾ 28 ਸਾਲਾ ਪਤੀ ਪਾਕਿਸਤਾਨ ਦੇ ਕਾਜ਼ੀਪੁਰ 'ਚ ਆਪਣਾ ਸਪੇਅਰ ਪਾਰਟਸ ਦਾ ਕਾਰੋਬਾਰ ਕਰਦਾ ਹੈ। ਫਿਲਹਾਲ ਬਜ਼ੁਰਗ ਔਰਤ ਆਪਣੇ ਪਤੀ ਹਾਫਿਜ ਨਦੀਮ ਨਾਲ ਕਾਫੀ ਖੁਸ਼ ਹੈ ਤੇ ਦੋਵੇਂ ਆਪਣੇ ਭਵਿੱਖ ਦੀ ਯੋਜਨਾ ਬਣਾਉਣ 'ਚ ਲੱਗੇ ਹੋਏ ਹਨ।

## ਪਾਕਿ ਫੌਜ ਨੇ ਇਮਰਾਨ...

ਪਾਕਿਸਤਾਨ ਸਰਕਾਰ ਨੂੰ ਇਸ ਮਾਮਲੇ ਦੀ ਜਾਂਚ ਕਰਨ ਅਤੇ ਸੰਸਥਾ ਅਤੇ ਇਸ ਦੇ ਅਧਿਕਾਰੀਆਂ ਖਿਲਾਫ ਮਾਣਹਾਨੀ ਅਤੇ ਝੂਠੇ ਦੋਸ਼ਾਂ ਲਈ ਜ਼ਿੰਮੇਵਾਰ ਲੋਕਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ। ਜ਼ਿਕਰਯੋਗ ਹੈ ਕਿ ਇਮਰਾਨ ਖਾਨ 'ਤੇ ਬੀਤੇ ਵੀਰਵਾਰ ਪੰਜਾਬ ਸੂਬੇ ਦੇ ਵਜ਼ੀਰਾਬਾਦ 'ਚ ਕਾਤਲਾਨਾ ਹਮਲਾ ਹੋਇਆ ਸੀ ਤੇ ਉਸ ਨੂੰ ਜ਼ਖਮੀ ਹਾਲਤ 'ਚ ਇਲਾਜ ਲਈ ਹਸਪਤਾਲ ਭਰਤੀ ਕਰਵਾਇਆ ਗਿਆ ਸੀ।

## ਵਿਗਿਆਨਕ ਸਰਵੇਖਣ...

ਕਰਕੇ ਹਫਤੇ 'ਚ ਜਵਾਬ ਦਾਖਲ ਕਰਨ ਲਈ ਕਿਹਾ ਹੈ। ਪਟੀਸ਼ਨਕਰਤਾ ਨੇ ਜ਼ਿਲ੍ਹਾ ਅਦਾਲਤ ਵਾਰਾਨਸੀ 'ਚ ਗਿਆਨਵਾਪੀ ਮਸਜਿਦ ਕੰਪਲੈਕਸ ਦਾ ਵਿਗਿਆਨਕ ਸਰਵੇਖਣ ਕਰਾਉਣ ਦੀ ਮੰਗ ਲਈ ਅਰਜ਼ੀ ਦਾਖਲ ਕੀਤੀ ਸੀ। ਜ਼ਿਲ੍ਹਾ ਅਦਾਲਤ ਨੇ ਇਹ ਕਹਿੰਦੇ ਹੋਏ ਅਰਜ਼ੀ 14 ਅਕਤੂਬਰ ਨੂੰ ਖਾਰਜ ਕਰ ਦਿੱਤੀ ਸੀ ਕਿ ਅਜਿਹਾ ਕਰਨ ਨਾਲ ਨਿਰਮਾਣ ਨੂੰ ਹਾਨੀ ਪਹੁੰਚ ਸਕਦੀ ਹੈ। ਸੁਪਰੀਮ ਕੋਰਟ ਨੇ ਕੰਪਲੈਕਸ 'ਚ ਪੁਰਾਣੀ ਹਾਲਤ ਕਾਇਮ ਰੱਖਣ ਦਾ ਹੁਕਮ ਦਿੱਤਾ ਹੈ। ਪਟੀਸ਼ਨ 'ਚ ਜ਼ਿਲ੍ਹਾ ਅਦਾਲਤ ਦੇ ਇਸੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ। ਦੂਜੇ ਪਾਸੇ ਹਾਈ ਕੋਰਟ 'ਚ ਹੀ ਗਿਆਨਵਾਪੀ ਕੰਪਲੈਕਸ ਸਥਿਤ ਸ਼ਿੰਗਾਰ ਗੌਰੀ ਪੂਜਾ ਮਾਮਲੇ 'ਚ ਸੁਣਵਾਈ ਵਕੀਲਾਂ ਦੀ ਅਪੀਲ ਤੋਂ ਬਾਅਦ ਟਾਲ ਦਿੱਤੀ ਗਈ ਹੈ। ਮਾਮਲੇ 'ਚ ਅਗਲੀ ਸੁਣਵਾਈ 22 ਨਵੰਬਰ ਨੂੰ ਹੋਵੇਗੀ।

## ਰੂਸ ਦੇ ਕੈਫੇ 'ਚ...

ਕੱਢਣ 'ਚ ਸਫਲਤਾ ਹਾਸਲ ਕੀਤੀ ਹੈ। ਕੋਸਟਰੋਮਾ ਮਾਸਕੋ ਦੇ ਉੱਤਰ ਵਿੱਚ ਲੱਗਭੱਗ 340 ਕਿਲੋਮੀਟਰ (210 ਮੀਲ) ਸਥਿਤ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਗ ਲੱਗਣ ਦੌਰਾਨ ਕੈਫੇ ਦੀ ਛੱਤ ਡਿੱਗ ਗਈ।]

ਇੱਕ ਅਪਰਾਧਿਕ ਜਾਂਚ ਸ਼ੁਰੂ ਕੀਤੀ ਗਈ ਹੈ ਅਤੇ ਪੁਲਸ ਫਲੇਅਰ ਗਨ ਦੀ ਵਰਤੋਂ ਕਰਨ ਵਾਲੇ ਵਿਅਕਤੀ ਦੀ ਭਾਲ ਕਰ ਰਹੀ ਹੈ। ਕੋਸਟ੍ਰੋਮਾ ਖੇਤਰ ਦੇ ਗਵਰਨਰ ਸਰਗੇਈ ਸਿਟਨੀਕੋਵ ਨੇ ਕਿਹਾ ਕਿ ਪੰਜ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਮਿਲੀ ਹੈ। ਰੂਸ 'ਚ ਕਿਸੇ ਮਨੋਰੰਜਨ ਸਥਾਨ 'ਤੇ ਅੱਗ ਲੱਗਣ ਦਾ ਇਹ ਪਹਿਲਾ ਮੌਕਾ ਨਹੀਂ ਹੈ, ਇਸ ਤੋਂ ਪਹਿਲਾਂ 2009 'ਚ ਪਰਮ ਸ਼ਹਿਰ ਦੇ ਲੇਮ ਹਾਰਸ ਨਾਈਟ ਕਲੱਬ 'ਚ ਅੱਗ ਲੱਗਣ ਕਾਰਨ 150 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ ਸੀ।

## ਹਜ਼ਾਰਾਂ ਸਿਰ ਦੇ ਕੇ...

ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਹਰ ਰੋਜ਼ ਹੁੰਦੀਆਂ ਹਿੰਸਾਤਮਕ ਕਾਰਵਾਈਆਂ ਰੋਕਣ ਵਿਚ ਸਫਲ ਹੋਈ ਹੈ। ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਕੇਜਰੀਵਾਲ ਦੀਆਂ ਪੰਜਾਬ ਵਿਰੋਧੀ ਨੀਤੀਆਂ ਦਾ ਸਮਰਥਨ ਕਰਨ ਦੀ ਬਜਾਏ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵੱਲ ਪੂਰਾ ਧਿਆਨ ਦੇਣ। ਉਹਨਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਫੌਰੀ ਤੌਰ 'ਤੇ ਸਰਬ ਪਾਰਟੀ ਮੀਟਿੰਗ ਬੁਲਾ ਕੇ ਪ੍ਰਾਂਤ ਵਿਚ ਹਰ ਕੀਮਤ 'ਤੇ ਅਮਨ-ਸ਼ਾਂਤੀ, ਆਪਸੀ ਭਾਈਚਾਰਾ ਅਤੇ ਏਕਤਾ ਨੂੰ ਕਾਇਮ ਰੱਖਣ ਲਈ ਸਾਂਝੇ ਉਦਮ ਕਰਨ ਦੀ ਅਪੀਲ ਕੀਤੀ ਹੈ।

## ਮੋਦੀ ਪੁੱਜੇ ਡੇਰਾ...

ਕਮਰੇ 'ਚ ਗੁਫਤਗੂ ਕੀਤੀ। ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਡੇਰਾ ਬਿਆਸ ਆਏ । ਡੇਰਾ ਬਿਆਸ ਦਾ ਪੰਜਾਬ ਦੇ ਨਾਲ-ਨਾਲ ਹਿਮਾਚਲ ਪ੍ਰਦੇਸ਼ 'ਚ ਵੀ ਕਾਫੀ ਅਸਰ ਹੈ। ਹਿਮਾਚਲ ਪ੍ਰਦੇਸ਼ 'ਚ ਵੱਡੀ ਗਿਣਤੀ 'ਚ ਡੇਰਾ ਬਿਆਸ ਦੇ ਪੈਰੋਕਾਰ ਹਨ। ਪ੍ਰਧਾਨ ਮੰਤਰੀ ਮੋਦੀ ਦੇ ਆਦਮਪੁਰ ਏਅਰ ਫੋਰਸ ਸਟੇਸ਼ਨ 'ਤੇ ਪਹੁੰਚਣ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਰਾਜ ਦੇ ਮੁੱਖ ਸਕੱਤਰ ਵੀ ਕੇ ਜੰਜੂਆ ਤੇ ਡੀ ਜੀ ਪੀ ਗੌਰਵ ਯਾਦਵ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਹੈਲੀਕਾਪਟਰ ਰਾਹੀਂ ਡੇਰਾ ਬਿਆਸ ਲਈ ਰਵਾਨਾ ਹੋਏ। ਪ੍ਰਧਾਨ ਮੰਤਰੀ ਮੋਦੀ ਦੇ ਦੌਰੇ ਦੇ ਮੱਦੇਨਜਰ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਸਨ। ਹਾਲਾਂਕਿ ਪੀਐਮ ਮੋਦੀ ਹੈਲੀਕਾਪਟਰ ਰਾਹੀਂ ਡੇਰਾ ਬਿਆਸ ਗਏ, ਪਰ ਸੜਕਾਂ ਦੇ ਕਿਨਾਰੇ ਸੁਰੱਖਿਆ ਵੀ ਸਖਤ ਕਰ ਦਿੱਤੀ ਗਈ ਸੀ। ਡੇਰਾ ਬਿਆਸ ਦੇ ਆਲੇ-ਦੁਆਲੇ ਵੀ ਸੁਰੱਖਿਆ ਸਖਤ ਕਰ ਦਿੱਤੀ ਗਈ ਹੋਈ ਸੀ।

# ਪਿੰਗਲਵਾੜਾ ਦੇ ਪ੍ਰਬੰਧਕ ਚੀਮਾ ਦਾ ਜਨਮ ਦਿਨ ਮਨਾਇਆ



ਸੰਗਰੂਰ (ਪ੍ਰਵੀਨ ਸਿੰਘ)-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਸ਼ਾਖਾ ਸੰਗਰੂਰ ਦੇ ਮੁੱਖ ਪ੍ਰਬੰਧਕ ਤਰਲੋਚਨ ਸਿੰਘ ਚੀਮਾ ਦਾ 100ਵਾਂ ਜਨਮ ਦਿਨ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਸ਼ਾਖਾ ਦੇ ਮੁਲਾਜ਼ਮਾਂ ਵੱਲੋਂ ਮਨਾਇਆ ਗਿਆ। ਇਸ ਮੌਕੇ ਸਹਾਇਕ ਪ੍ਰਬੰਧਕ ਪ੍ਰੋ. ਮੇਜਰ ਸਿੰਘ ਧੂਰੀ ਨੇ ਦੱਸਿਆ ਕਿ ਪਿੰਗਲਵਾੜਾ ਸ਼ਾਖਾ ਸੰਗਰੂਰ ਸ੍ਰ. ਚੀਮਾ ਦੀ ਅਗਵਾਈ ਹੇਠ ਦਿਨ-ਰਾਤ ਤਰੱਕੀ ਦੇ ਰਾਹ 'ਤੇ ਚੱਲ ਰਹੀ ਹੈ ਤੇ ਸੰਗਤਾਂ ਵੱਲੋਂ ਸਹਿਯੋਗ ਮਿਲ ਰਿਹਾ ਹੈ। ਉਨ੍ਹਾਂ ਦੇ ਬੱਚੇ ਹਰਮਨਜੀਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਪ੍ਰਿੰ. ਬਲਵੰਤ ਸਿੰਘ, ਪ੍ਰੋ. ਕੁਲਵੰਤ ਸਿੰਘ, ਜਰਨੈਲ ਸਿੰਘ, ਬੀਬੀ ਗੁਰਮੀਤ ਕੌਰ ਭੱਠਲ, ਨਰਿੰਦਰ ਸਿੰਘ ਭੱਠਲ, ਮੋਹਨ ਸ਼ਰਮਾ, ਮਾਸਟਰ ਸੱਤਪਾਲ, ਹੈੱਡ ਮੁਖਤਿਆਰ ਸਿੰਘ ਲੰਗਰ ਕਮੇਟੀ ਕੈਂਸਰ ਹਸਪਤਾਲ ਸੰਗਰੂਰ, ਸੁਖਦਰਸ਼ਨ ਸਿੰਘ ਢਿੱਲੋਂ, ਗੁਰਮੇਲ ਸਿੰਘ, ਬਲਦੇਵ ਸਿੰਘ ਗੋਸਲ, ਡਾ. ਉਪਾਸਨਾ ਹਾਜ਼ਰ ਸਨ।

# ਜ਼ਰੂਰਤਮੰਦ ਲੋਕਾਂ ਨੂੰ ਕੰਬਲ ਵੰਡੇ



ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਸਰਦੀ ਦੇ ਮੌਸਮ ਦੀ ਸ਼ੁਰੂਆਤ ਹੁੰਦਿਆਂ ਹੀ ਸ਼ਹਿਰ ਦੇ ਰੇਲਵੇ ਸਟੇਸ਼ਨ 'ਤੇ ਪਹੁੰਚ ਕੇ ਸ਼ੈੱਲ ਇੰਜਣ ਆਇਲ ਦੇ ਡਿਸਟੀਬਿਊਟਰ ਤੇ ਸਮਾਜ ਸੇਵੀ ਅਸ਼ਵਨੀ ਵੋਹਰਾ ਤੇ ਉਦਯੋਗਪਤੀ ਬੱਬੂ ਆਂਵਲਾ ਵੱਲੋਂ ਇਕਵੰਜਾ ਗਰੀਬ ਲੋਕਾਂ ਨੂੰ ਠੰਢ ਤੋਂ ਬਚਣ ਲਈ ਕੰਬਲ ਵੰਡੇ ਗਏ। ਇਸ ਮੌਕੇ ਉਨ੍ਹਾਂ ਨਾਲ ਨਿੱਕਾ ਆਂਵਲਾ, ਅਮਿਤ ਆਂਵਲਾ, ਬੱਲਾ ਮੋਗਾ, ਡਿਪਟੀ ਗੱਖੜ, ਬਿੱਟੂ ਗਲਹੋਤਰਾ, ਲੱਕੀ ਮਾਨਕਟਾਲਾ, ਵਿੱਕੀ ਸੇਠੀ ਐੱਮ ਸੀ ਆਦਿ ਹਾਜ਼ਰ ਸਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਮਾਜ ਸੇਵੀ ਅਸ਼ਵਨੀ ਵੋਹਰਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਜ਼ਰੂਰਤਮੰਦਾਂ ਨੂੰ ਕੰਬਲ ਵੰਡੇ ਜਾਣਗੇ।

# ਸਰਸਵਤੀ ਸਕੂਲ ਦੀ ਜ਼ਿਲ੍ਹਾ ਅਥਲੈਟਿਕਸ 'ਚ ਸ਼ਾਨਦਾਰ ਪ੍ਰਾਪਤੀ




ਜੈਤੋ (ਸਤੀਸ਼ ਕੁਮਾਰ ਭੀਰੀ)-ਸਥਾਨਕ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਜੈਤੋ ਦੇ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਐਥਲੈਟਿਕਸ ਮੁਕਾਬਲਿਆਂ ਵਿੱਚ ਸ਼ਾਨਦਾਰ ਜਿੱਤ ਹਾਸਲ ਕੀਤੀ, ਜਿਸ ਵਿੱਚ ਗਰਵ ਗੋਪਾਲ ਨੇ ਪਹਿਲਾ, ਕਮਲਜੀਤ ਸਿੰਘ ਨੇ ਦੂਜਾ ਤੇ ਪ੍ਰਥਮ ਲੂੰਬਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਕੁਸਮ ਕਾਲੜਾ ਨੇ ਸਕੂਲ ਪੁੱਜਣ 'ਤੇ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਸੁਖਜੀਤ ਸਿੰਘ ਤੇ ਸੁਸ਼ਮਾ ਸ਼ਰਮਾ ਨੂੰ ਵਧਾਈ ਦਿੱਤੀ ਅਤੇ ਖਿਡਾਰੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਿਆਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ।

# ਗੌਰਮਿੰਟ ਪ੍ਰਾਇਮਰੀ ਸਕੂਲ ਕੋਟਲੀ ਸੰਘਰ ਵਿਖੇ ਬੱਚਿਆਂ ਨੂੰ ਵੰਡੇ ਖਿਡਾਉਣੇ



ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)-ਪਿੰਡ ਕੋਟਲੀ ਦੇਵਨ ਵਿਖੇ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ (ਰਜਿ.) ਦੁਆਰਾ ਸਕੂਲ ਮੁਖੀ ਗੁਰਪ੍ਰੀਤ ਸੰਧੂ ਦੀ ਸਹਾਇਤਾ ਨਾਲ ਛੋਟੇ ਬੱਚਿਆਂ ਨੂੰ ਖਿਡੌਣੇ ਵੰਡੇ ਗਏ। ਜਾਣਕਾਰੀ ਦਿੰਦਿਆਂ ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸੰਕਲਪ ਸੁਸਾਇਟੀ ਲੰਬੇ ਸਮੇਂ ਤੋਂ ਸਿੱਖਿਆ ਸਿਹਤ ਤੇ ਵਾਤਾਵਰਨ ਦੇ ਨਾਲ ਨਾਲ ਟਰੈਫਿਕ ਸੰਬੰਧੀ ਜਾਗਰੂਕਤਾ ਪ੍ਰੋਗਰਾਮ ਕਰਕੇ ਲੋਕਾਂ ਨੂੰ ਚੇਤਨ ਕਰਦੀ ਆ ਰਹੀ ਹੈ। ਚੇਅਰਪਰਸਨ ਕੁਲਵਿੰਦਰ ਕੌਰ ਬਰਾੜ ਨੇ ਦੱਸਿਆ ਕਿ ਖਾਸ ਕਰਕੇ ਸਿੱਖਿਆ ਨਾਲ ਸਬੰਧਤ ਕਾਰਜਾਂ ਨੂੰ ਸਿਰੇ ਚਾੜ੍ਹਨ ਵਿੱਚ ਸਰਕਾਰੀ ਗੌਰਮਿੰਟ ਪ੍ਰਾਇਮਰੀ ਸਕੂਲ ਕੋਟਲੀ ਦੇ ਮੁਖੀ ਗੁਰਪ੍ਰੀਤ ਸਿੰਘ ਸੰਧੂ ਦਾ ਅਹਿਮ ਯੋਗਦਾਨ ਰਿਹਾ ਹੈ। ਸੰਸਥਾ ਦੇ ਇਸ ਉਪਰਾਲੇ ਬਦਲੇ ਧੰਨਵਾਦ ਕਰਦਿਆਂ ਸਕੂਲ ਮੁਖੀ ਗੁਰਪ੍ਰੀਤ ਸਿੰਘ ਸੰਧੂ ਨੇ ਆਖਿਆ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਹ ਸੂਬੇ ਦੀ ਇਕ ਸਿਰਮੌਰ ਸਮਾਜ ਸੇਵੀ ਸੰਸਥਾ ਨਾਲ ਜੁੜ ਕੇ ਸਮਾਜ ਸੇਵਾ ਦੇ ਬਣਦੇ ਫਰਜ਼ਾਂ ਨੂੰ ਅੰਜ਼ਾਮ ਦੇ ਰਹੇ ਹਨ। ਇਸ ਮੌਕੇ ਪ੍ਰਧਾਨ ਨਰਿੰਦਰ ਸਿੰਘ ਸੰਧੂ, ਸਰਬਜੀਤ ਕੌਰ ਨਵਨੀਤ ਕੌਰ, ਚਰਨਜੀਤ ਕੌਰ, ਸਰਬਜੀਤਕੌਰ ਤੇ ਰੇਸ਼ਮਾ ਰਾਣੀ ਆਦਿ ਮੌਜੂਦ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸਾਬਕਾ ਮਹਿਲ਼ਾ ਸਰਪੰਚ ਨੇ ਪੁਲਸ 'ਤੇ ਲਾਏ 90 ਹਜ਼ਾਰ ਰਿਸ਼ਵਤ ਲੈਣ ਦੇ ਦੋਸ਼

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼ਹਿਰ ਦੇ ਸਨਅਤੀ ਏਰੀਆ ਛੇਹਰਟਾ ਦੀ ਬੁੱਕਲ ਵਿੱਚ ਵੱਸੇ ਪਿੰਡ ਗੁਮਾਨਪੁਰਾ ਦੀ ਸਾਬਕਾ ਸਰਪੰਚ ਤੇ ਸੀਪੀਆਈ ਦੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੀ ਮੈਂਬਰ ਬੀਬੀ ਗੁਰਨਾਮ ਕੌਰ ਨੇ ਪੰਜਾਬ ਸਰਕਾਰ ਦੇ ਰਿਸ਼ਵਤ ਖਤਮ ਕਰਨ ਦੇ ਕੀਤੇ ਜਾ ਰਹੇ ਦਾਅਵਿਆਂ ਨੂੰ ਖੋਖਲੇ ਦੱਸਦਿਆਂ ਕਿਹਾ ਕਿ ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ, ਦੀ ਕਹਾਵਤ ਅਨੁਸਾਰ ਪੁਲਸ ਅੱਜ ਵੀ ਮੋਟੀਆਂ ਰਿਸ਼ਵਤਾਂ ਲੈ ਰਹੀ ਹੈ ਅਤੇ ਨਸ਼ੇ ਦੇ ਵਪਾਰੀਆਂ ਦੀ ਬਜਾਏ ਗਰੀਬ ਲੋਕਾਂ ਵਿਰੁੱਧ ਝੂਠੇ ਮੁਕੱਦਮੇ ਦਰਜ ਕਰਕੇ ਉਨ੍ਹਾਂ ਨੂੰ ਨਜਾਇਜ਼ ਤੌਰ 'ਤੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ ਜਿਸ ਦੀ ਪੁਸ਼ਟੀ ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾ ਕਾਰਜਕਾਰੀ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਆਸਲ ਨੇ ਕਰਦਿਆਂ ਕਿਹਾ ਕਿ ਪੁਲਸ ਵੱਲੋਂ ਅੱਜ ਵੀ ਮੋਟੀਆਂ ਰਿਸ਼ਵਤਾਂ ਲਈਆਂ ਜਾ ਰਹੀਆਂ ਹਨ।




ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਲਿਤ ਸਮਾਜ ਨਾਲ ਸਬੰਧਿਤ ਬੀਬੀ ਗੁਰਨਾਮ ਕੌਰ ਨੇ ਭਰੇ ਹੋਏ ਮਨ ਨਾਲ ਦੱਸਿਆ ਕਿ ਬੀਤੀ 17 ਅਕਤੂਬਰ ਨੂੰ ਉਨ੍ਹਾਂ ਦੇ ਘਰ ਪਿੰਡ ਗੁਮਾਨਪੁਰਾ ਵਿਖੇ ਚਿੱਟ ਕੱਪੜਿਆਂ ਵਿੱਚ ਪੁਲਸ ਆਈ ਤੇ ਸਾਡੇ ਘਰ ਜਬਰੀ ਦਾਖਲ ਹੋ ਕੇ ਮੇਰੇ ਪੋਤੇ ਅੰਮ੍ਰਿਤਪਾਲ ਸਿੰਘ ਨੂੰ ਫੜ ਕੇ ਲੈ ਗਈ। ਉਨ੍ਹਾਂ ਦੱਸਿਆ ਕਿ ਉਸ ਦਾ ਬੇਟਾ ਸਿਕੰਦਰ ਸਿੰਘ ਮਾੜਾ ਮੋਟਾ ਨਸ਼ਾ ਕਰਦਾ ਹੈ ਪਰ ਪੋਤਰਾ ਤਾਂ ਮਿਹਨਤ ਮਜ਼ਦੂਰੀ ਕਰਦਾ ਹੈ ਜਿਸ ਦਾ ਕੋਈ ਕਸੂਰ ਨਹੀਂ ਹੈ। ਪੁਲਸ ਨੇ ਇਸ ਸਮੇਂ ਗੋਲੀ ਵੀ ਚਲਾਈ ਜਿਸ ਦਾ ਖੋਲ ਉਨ੍ਹਾਂ ਨੇ ਪ੍ਰੈੱਸ ਨੂੰ ਵਿਖਾਇਆ। ਮੇਰੀ ਨੂੰਹ ਜਿਹੜੀ ਮਿਹਨਤ ਮਜ਼ਦੂਰੀ ਦਾ ਕੰਮ ਕਰਦੀ ਹੈ, ਨੇ ਪੈਸਾ-ਪੈਸਾ ਜੋੜ ਕੇ 3800 ਰੁਪਏ ਇਕੱਠੇ ਕੀਤੇ ਸਨ ਜੋ ਪੁਲਸ ਲੈ ਗਈ ਅਤੇ ਇਹ ਘਟਨਾ ਸ਼ਾਮੀ ਚਾਰ ਵਜੇ ਵਾਪਰੀ। ਸ਼ਾਮੀ ਇੱਕ ਫੋਨ ਆਉਂਦਾ ਹੈ ਕਿ ਉਹ ਦਿਹਾਤੀ ਸੀ. ਆਈ. ਏ. ਸਟਾਫ ਤੋਂ ਬੋਲਦਾ ਹੈ ਤੇ ਅੰਮ੍ਰਿਤਪਾਲ ਸਿੰਘ ਸਾਡੇ ਕੋਲ ਹੈ ਤੇ ਉਸ ਦੀ ਰੋਟੀ ਪਹੁੰਚਾ ਦਿਉ। ਜਦੋਂ ਪਰਿਵਾਰ ਵਾਲੇ ਰੋਟੀ ਲੈ ਕੇ ਗਏ ਤਾਂ ਦਬੁਰਜੀ ਪੁਲਸ ਲਾਈਨ ਦਾ ਗੇਟ ਨਹੀਂ ਲੰਘਣ ਦਿੱਤਾ। ਅਗਲੇ ਦਿਨ ਜਦੋਂ ਉਹ ਸੀ. ਆਈ. ਏ. ਸਟਾਫ ਗਏ ਤਾਂ ਉਸ ਦੇ ਬਾਹਰ ਉਨ੍ਹਾਂ ਨੂੰ ਭਕਨਾ ਕਲਾਂ ਦੇ ਦੋ ਵਿਅਕਤੀ ਕਿਸ਼ਨ ਕੁਮਾਰ ਤੇ ਹੀਰਾ ਸਿੰਘ ਮਿਲੇ, ਜਿਨ੍ਹਾਂ ਨੇ ਦੱਸਿਆ ਕਿ ਸੀ. ਆਈ. ਏ. ਸਟਾਫ ਦਾ ਇੰਚਾਰਜ ਬਾਬਾ ਰਛਪਾਲ ਸਿੰਘ ਹੈ ਤੇ ਉਹ ਡੇਢ ਲੱਖ ਰੁਪਏ ਲੈ ਕੇ ਸਭ ਕੁਝ ਠੀਕ ਕਰ ਦੇਵੇਗਾ ਤੇ ਸੌਦਾ 90 ਹਜ਼ਾਰ 'ਤੇ ਹੋ ਗਿਆ। ਬੀਬੀ ਗੁਰਨਾਮ ਕੌਰ ਨੇ ਦੱਸਿਆ ਕਿ ਉਸਨੇ 90 ਹਜ਼ਾਰ ਰੁਪਏ ਲੋਕਾਂ ਕੋਲੋ ਉਧਾਰੇ ਚੁੱਕੇ ਤੇ ਕਿਸ਼ਨ ਮਸੀਹ ਨੂੰ ਦੇ ਦਿੱਤੇ ਜਿਸ ਦੀ ਵੀਡੀਓ ਵੀ ਉਨ੍ਹਾਂ ਦੇ ਕੋਲ ਮੌਜੂਦ ਹੈ ਪਰ ਪੈਸੇ ਲੈਣ ਦੇ ਬਾਵਜੂਦ ਵੀ 20 ਗ੍ਰਾਮ ਹੈਰੋਇਨ ਦਾ ਕੇਸ ਥਾਣਾ ਘਰਿੰਡਾ ਵਿਖੇ ਦਰਜ ਕਰ ਲਿਆ ਗਿਆ ਤੇ ਜੇਲ੍ਹ ਭੇਜ ਦਿੱਤਾ ਗਿਆ। ਕਿਸ਼ਨ ਮਸੀਹ ਕੋਲੋ ਜਦੋਂ ਪੈਸੇ ਵਾਪਸ ਮੰਗੇ ਤਾਂ ਉਸ ਨੇ ਬਾਬਾ ਰਛਪਾਲ ਸਿੰਘ ਨੂੰ ਮਿਲਾ ਦਿੱਤਾ ਤੇ ਸਾਡੇ ਮੋਬਾਇਲ ਬਾਹਰ ਰੱਖਵਾ ਦਿੱਤੇ। ਬਾਬਾ ਰਛਪਾਲ ਸਿੰਘ ਨੇ ਮੰਨਿਆ ਕਿ ਰਿਸ਼ਵਤ ਉਸ ਨੇ ਲਈ ਹੈ ਪਰ ਉਸਨੇ ਨਾਲ ਹੀ ਇਹ ਵੀ ਕਹਿ ਦਿੱਤਾ ਕਿ ਬੁੱਢੀਏ ਜੇਕਰ ਰੌਲਾ ਪਾਇਆ ਤਾਂ ਇੱਕ ਵਾਰੀ ਫਿਰ ਜੇਲ੍ਹ ਵਿੱਚੋਂ ਲਿਆ ਕਿ ਉਸ ਵਿਰੁੱਧ 250 ਗ੍ਰਾਮ ਹੋਰ ਹੈਰੋਇਨ ਪਾ ਕੇ ਵੱਡਾ ਕੇਸ ਪਾ ਦਿੱਤਾ ਜਾਵੇਗਾ। ਬੀਬੀ ਗੁਰਨਾਮ ਕੌਰ ਨੇ ਕਿਹਾ ਕਿ ਉਹ 1993 ਤੋਂ 2013 ਤੱਕ ਪਿੰਡ ਦੀ ਪੰਚਾਇਤ ਮੈਂਬਰ ਰਹੀ ਹੈ ਤੇ 2013 ਵਿੱਚ ਪਿੰਡ ਦੀ ਸਰਪੰਚ ਵੀ ਰਹੀ ਹੈ ਪਰ ਪਿੰਡ ਦੇ ਇੱਕ ਮੋਹਤਬਰ ਦੀ ਜਿੰਨੀ ਕੁ ਬੇਇੱਜ਼ਤੀ ਪੁਲਸ ਇੰਸਪੈਕਟਰ ਨੇ ਕੀਤੀ ਹੈ ਉਸ ਨੂੰ ਵੇਖ ਕੇ ਤਾਂ ਇਹ ਹੀ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਪੁਲਸ ਦਾ ਕੰਮ ਤਾਨਾਸ਼ਾਹ ਵਾਲਾ ਹੀ ਹੈ। ਸੀ. ਪੀ. ਆਈ. ਦੇ ਸੂਬਾ ਕਮੇਟੀ ਮੈਂਬਰ ਅਮਰਜੀਤ ਸਿੰਘ ਆਸਲ, ਬੀਬੀ ਦਸਵਿੰਦਰ ਕੌਰ, ਜ਼ਿਲ੍ਹਾ ਸਕੱਤਰ ਸ਼ਹਿਰੀ ਵਿਜੇ ਕੁਮਾਰ ਤੇ ਜ਼ਿਲ੍ਹਾ ਦਿਹਾਤੀ ਸਕੱਤਰ ਤੇ ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰਾ ਨੇ ਕਿਹਾ ਕਿ ਬੀਬੀ ਗੁਰਨਾਮ ਕੌਰ ਨਾਲ ਪੁਲਸ ਨੇ ਧੱਕਾ ਕੀਤਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਬਾ ਰਛਪਾਲ ਸਿੰਘ ਇੱਕ ਦਬੰਗ ਕਿਸਮ ਦਾ ਪੁਲ਼ਸ ਅਫਸਰ ਹੈ ਤੇ ਉਸ ਦੇ ਖਿਲਾਫ ਪਹਿਲਾਂ ਵੀ ਸ਼ਿਕਾਇਤਾਂ ਆ ਚੁੱਕੀਆਂ ਹਨ ਤੇ ਦਬੰਗ ਵਿਅਕਤੀ ਨੂੰ ਜ਼ਿੰਮੇਵਾਰ ਅਹੁਦੇ 'ਤੇ ਲਗਾਉਣਾ ਪ੍ਰਸ਼ਾਸਨ ਦੀ ਗਲਤੀ ਹੈ।

ਦੂਸਰੇ ਪਾਸੇ ਇੰਸਪੈਕਟਰ ਰਛਪਾਲ ਸਿੰਘ ਨੇ ਕਿਹਾ ਕਿ ਪੈਸੇ ਲੈਣ ਦੇ ਦੋਸ਼ ਪੂਰੀ ਤਰ੍ਹਾ ਬੇਬੁਨਿਆਦ ਹਨ ਤੇ ਉਨ੍ਹਾਂ ਨੇ ਕਿਸੇ ਕੋਲੋਂ ਕੋਈ ਪੈਸਾ ਨਹੀਂ ਲਿਆ, ਸਿਰਫ ਇਹ ਬਦਨਾਮ ਕਰਨ ਦੀ ਹੀ ਸਾਜ਼ਿਸ਼ ਹੈ। ਉਹ ਨਾ ਤਾਂ ਮੌਕੇ 'ਤੇ ਗਏ ਹਨ ਤੇ ਨਾ ਹੀ ਗੋਲੀ ਚੱਲਣ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਹੈ। ਉਨ੍ਹਾਂ ਨੇ ਤਾਂ ਦੋਸ਼ੀ ਖਿਲਾਫ ਪਰਚਾ ਕਹਿ ਕੇ ਦਿਵਾਇਆ ਹੈ।

## ਦੋ ਰੋਜ਼ਾ ਪ੍ਰਾਇਮਰੀ ਸਕੂਲ ਖੇਡ ਮੁਕਾਬਲੇ ਸਫਲਤਾਪੂਰਵਕ ਸੰਪੰਨ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਿੱਖਿਆ ਵਿਭਾਗ ਪਠਾਨਕੋਟ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਜਸਵੰਤ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀ. ਜੀ. ਸਿੰਘ ਦੇ ਦਿਸ਼ਾ ਨਿਰਦੇਸਾਂ ਤਹਿਤ ਬਲਾਕ ਨਰੋਟ ਜੈਮਲ ਸਿੰਘ ਦੀਆਂ ਪ੍ਰਾਇਮਰੀ ਸਕੂਲ ਖੇਡਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਰਾਗੜ੍ਹ ਮੁੰਡੇ ਦੇ ਖੇਡ ਮੈਦਾਨ ਵਿੱਚ ਬੀਪੀਈਓ ਰਿਸ਼ਮਾ ਦੇਵੀ ਅਤੇ ਬਲਾਕ ਖੇਡ ਅਫਸਰ ਗੁਰਸ਼ਰਨਜੀਤ ਕੌਰ ਦੀ ਅਗਵਾਈ ਹੇਠ ਸਫਲਤਾਪੂਰਵਕ ਸੰਪੰਨ ਹੋ ਗਈਆਂ। ਬਲਾਕ ਪੱਧਰੀ ਖੇਡਾਂ ਦੇ ਦੂਜੇ ਦਿਨ ਦੀ ਸ਼ੁਰੂਆਤ ਬੀਪੀਈਓ ਰਿਸ਼ਮਾ ਦੇਵੀ ਨੇ ਰਿਬਨ ਕੱਟ ਕੀਤੀ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਖ-ਵੱਖ ਸੈਂਟਰਾਂ ਦੇ ਜੇਤੂ ਖਿਡਾਰੀਆਂ ਨੇ ਬੜੇ ਉਤਸ਼ਾਹਪੂਰਵਕ ਹਿੱਸਾ ਲਿਆ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਮੀਡੀਆ ਸੈਲ ਬਲਕਾਰ ਅੱਤਰੀ, ਪੀਟੀਆਈ ਅਸ਼ਵਨੀ ਕੁਮਾਰ, ਪੀਟੀਆਈ ਸੰਦੀਪ ਕੁਮਾਰ, ਪੀਟੀਆਈ ਪਵਨ ਕੁਮਾਰ, ਅਸ਼ਵਨੀ ਕੁਮਾਰ, ਸੀਐੱਚਟੀ ਸਰਬਜੀਤ, ਕਸ਼ਮੀਰਾ ਲਾਲ, ਅੰਜੂ ਬਾਲਾ, ਰਾਜ ਕੁਮਾਰੀ ਬਕਨੌਰ, ਬੰਸੀ ਲਾਲ, ਐੱਚਟੀ ਅਜੇ ਕੁਮਾਰ, ਬਿਸ਼ੰਬਰ ਦਾਸ, ਦੀਪਕ ਕੁਮਾਰ, ਨਰੇਸ ਕੁਮਾਰ ਅਤੇ ਸਮੇਤ ਅਧਿਆਪਕ ਹਾਜ਼ਰ ਸਨ।

## ਖਾਲਸਾ ਕਾਲਜ ਦੀਆਂ ਵਿਦਿਆਰਥਣਾਂ ਨੇ ਜ਼ੋਨਲ ਯੁਵਕ ਮੇਲੇ 'ਚ ਕਰਵਾਈ ਬੱਲੇ-ਬੱਲੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਫ਼ਾਰ ਵੂਮੈਨ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਏ ਗਏ 3 ਰੋਜ਼ਾ ਜ਼ੋਨਲ ਯੁਵਕ ਮੇਲੇ 'ਚ ਆਪਣੇ ਹੁਨਰ ਦਾ ਮੁਜ਼ਾਹਰਾ ਕਰਕੇ ਸ਼ਾਨਦਾਰ ਸਥਾਨ ਹਾਸਲ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜੀਐਨਡੀਯੂ ਵਿਖੇ ਆਯੋਜਿਤ ਉਕਤ ਮੇਲੇ ਦੌਰਾਨ ਪੋਸਟਰ ਮੇਕਿੰਗ, ਕਾਰਟੂਨਿੰਗ, ਕਲੇਅ ਮਾਡਲਿੰਗ, ਡਿਬੇਟ, ਸੰਗੀਤ (ਵੋਕਲ), ਡਾਂਸ, ਗਿੱਧਾ, ਭੰਗੜਾ, ਮਹਿੰਦੀ, ਮਾਈਮ, ਮਿਮਿਕਰੀ ਆਦਿ ਮੁਕਾਬਲੇ ਕਰਵਾਏ ਗਏ ਜਿਸ 'ਚ ਯੂਨੀਵਰਸਿਟੀ ਦੇ ਸਮੂਹ ਮਾਨਤਾ ਪ੍ਰਾਪਤ ਕਾਲਜਾਂ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਕਾਲਜ ਨੇ ਕੈਟਾਗਰੀ ਦੇ ਲਗਭਗ ਹਰੇਕ ਆਈਟਮ 'ਚ ਭਾਗ ਲੈਂਦਿਆਂ ਸਖ਼ਤ ਮੁਕਾਬਲੇ ਦੇ ਬਾਵਜੂਦ ਪੁਜ਼ੀਸ਼ਨਾਂ ਹਾਸਲ ਕੀਤੀਆਂ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਕਾਲਜ ਨੇ ਪੋਸਟਰ ਮੇਕਿੰਗ, ਰੰਗੋਲੀ, ਮਹਿੰਦੀ ਅਤੇ ਕਾਸਟਿਊਮ ਪਰੇਡ 'ਚ ਪਹਿਲਾ ਸਥਾਨ, ਡਿਬੇਟ, ਕਲੇਅ ਮਾਡਲਿੰਗ, ਇੰਸਟਾਲੇਸ਼ਨ, ਮਾਈਮ, ਫੁੱਲਕਾਰੀ ਅਤੇ ਗਰੁੱਪ ਸ਼ਬਦ 'ਚ ਦੂਜਾ ਸਥਾਨ ਅਤੇ ਭਾਸ਼ਣ, ਵਾਰ, ਕਵੀਸ਼ਰੀ, ਗ਼ਜ਼ਲ ਅਤੇ ਲੋਕ ਗੀਤ 'ਚ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਕਾਲਜ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਸ਼੍ਰੇਣੀਆਂ 'ਚ ਕੁੱਲ 15 ਸਥਾਨ ਹਾਸਲ ਕੀਤੇ। ਉਨ੍ਹਾਂ ਸਾਰੇ ਜੇਤੂਆਂ ਅਤੇ ਪ੍ਰਤੀਯੋਗੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਉਤਸ਼ਾਹਿਤ ਕੀਤਾ।

## ਇੱਕੀਵੀਂ ਐਥਲੈਟਿਕ ਮੀਟ ਦੌਰਾਨ ਖਿਡਾਰੀਆਂ ਨੇ ਦਿਖਾਏ ਜੌਹਰ

**ਤਰਨਤਾਰਨ (ਪ੍ਰਿਤਪਾਲ ਸਿੰਘ)**-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਅੱਜ ਇੱਕੀਵੀਂ ਅਥਲੈਟਿਕ ਮੀਟ ਦੇ ਦੂਸਰੇ ਦਿਨ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਨੇ ਕਈ ਖੇਡ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ। ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਸਰਦਾਰ ਹਰਜੀਤ ਸਿੰਘ, ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਸਕੂਲ ਬੈਂਡ ਦੀਆਂ ਮਧੁਰ ਧੁਨਾਂ ਨਾਲ ਉਨ੍ਹਾਂ ਨੂੰ ਸਟੇਜ ਤੱਕ ਲਿਆਂਦਾ ਗਿਆ। ਸਕੂਲ ਪ੍ਰਿੰਸੀਪਲ ਰਣਜੀਤ ਕੌਰ ਭਾਟੀਆ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ। ਅਥਲੈਟਿਕ ਮੀਟ ਦੀ ਸ਼ੁਰੂਆਤ ਸਕੂਲ ਸ਼ਬਦ ਨਾਲ ਕੀਤੀ ਗਈ। ਸਕੂਲ ਪ੍ਰਿੰਸੀਪਲ ਰਣਜੀਤ ਭਾਟੀਆ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਸ ਵਾਰ ਇਸ ਅਥਲੈਟਿਕ ਮੀਟ 'ਚ 30 ਤੋਂ ਵੱਧ ਸਕੂਲਾਂ ਦੇ ਖਿਡਾਰੀ ਭਾਗ ਲੈ ਰਹੇ ਹਨ ਜਿਨ੍ਹਾਂ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ ਰਿਲੇਅ, ਡਿਸਕਸ ਥਰੋ, ਜੈਵਲਿਨ ਥਰੋ, ਸ਼ਾਟਪੁੱਟ, ਲਾਂਗ ਜੰਪ, ਟ੍ਰਿਪਲ ਜੰਪੂ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੀਆਂ ਖੇਡਾਂ ਦੇ ਮੁਕਾਬਲੇ ਹੋ ਰਹੇ ਹਨ ਜਿਨ੍ਹਾਂ ਵਿੱਚ ਵਿਦਿਆਰਥੀ ਭਾਗ ਲੈ ਕੇ ਚੰਗੀਆਂ ਪ੍ਰਾਪਤੀਆਂ ਆਪਣੇ ਨਾਂਅ ਦਰਜ ਕਰਵਾ ਰਹੇ ਹਨ। ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਹਰਜੀਤ ਸਿੰਘ ਮੀਤ ਪ੍ਰਧਾਨ ਗੁਰਿੰਦਰ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਖੇਡਾਂ ਰੂਹ ਦੀ ਖੁਰਾਕ ਹਨ। ਉਨ੍ਹਾਂ ਸਮੂਹ ਖਿਡਾਰੀਆਂ ਨੂੰ ਖੇਡ ਦੀ ਭਾਵਨਾ ਨਾਲ ਖੇਡ ਕੇ ਜਿੱਤਣ ਦੀਆਂ ਅਸੀਸਾਂ ਦਿੱਤੀਆਂ।




# ਮੋਦੀ ਦੀ ਪੰਜਾਬ ਫੇਰੀ ਦੇ ਵਿਰੋਧ 'ਚ ਕਿਸਾਨ ਆਗੂਆਂ ਫੂਕਿਆ ਪੁਤਲਾ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਵੱਲੋਂ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਦੀ ਅਗਵਾਈ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦਾ ਵਿਰੋਧ ਕਰਦਿਆਂ ਖਾਲੜਾ 'ਤੇ ਕੱਚਾਪੱਕਾ ਵਿਖੇ ਸੜਕ ਜਾਮ ਕਰਕੇ ਸੈਂਟਰ ਸਰਕਾਰ ਦਾ ਪੁਤਲਾ ਫੂਕਿਆ ਗਿਆ। ਪੁਤਲਾ ਫੂਕਣ ਉਪਰੰਤ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਜ਼ੋਨ ਪ੍ਰਧਾਨ ਭਾਈ ਦਿਲਬਾਗ ਸਿੰਘ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲਖੀਮਪੁਰ ਖੀਰੀ ਕਾਂਡ ਦੇ ਮੁੱਖ ਮੁਲਜ਼ਮ ਮੰਤਰੀ ਨੂੰ ਮੰਤਰੀ ਮੰਡਲ ਵਿੱਚੋਂ ਅਜੇ ਤੱਕ ਬਰਖਾਸਤ ਨਹੀਂ ਕੀਤਾ ਗਿਆ ਅਤੇ ਨਾ ਹੀ ਸਰਕਾਰ 'ਤੇ ਪ੍ਰਸ਼ਾਸਨ ਵੱਲੋਂ ਬਣਦੀ ਸਜ਼ਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਖੇ ਕਿਸਾਨੀ ਅੰਦੋਲਨ ਦੌਰਾਨ ਮੰਨੀਆਂ ਗਈਆਂ ਮੰਗਾਂ ਨੂੰ ਮੋਦੀ ਸਰਕਾਰ ਨੇ ਅਜੇ ਤਕ ਲਾਗੂ ਨਹੀਂ ਕੀਤਾ ਹੈ। ਇਸ ਮੌਕੇ ਕਿਸਾਨ ਆਗੂ ਦਿਲਬਾਗ ਸਿੰਘ ਪਹੂਵਿੰਡ ਨੇ ਮੋਦੀ ਸਰਕਾਰ ਨੂੰ ਸਖਤ ਸ਼ਬਦਾਂ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਲਖੀਮਪੁਰ ਖੀਰੀ ਕਾਂਡ ਦੇ ਮੁੱਖ ਮੁਲਜ਼ਮ ਨੂੰ ਮੰਤਰੀ ਮੰਡਲ ਵਿੱਚੋਂ ਬਰਖਾਸਤ ਕਰਕੇ ਬਣਦੀ ਸਜ਼ਾ ਨਹੀਂ ਦਿੰਦੀ ਅਤੇ ਕਿਸਾਨੀ ਅੰਦੋਲਨ ਦੌਰਾਨ ਕਿਸਾਨਾਂ ਨਾਲ ਕੀਤੇ ਵਾਅਦੇ ਤਹਿਤ ਐੱਮ.ਐੱਸ.ਪੀ. 'ਤੇ ਕਾਨੂੰਨ ਸਥਾਪਿਤ ਨਹੀਂ ਕਰਦੀ ਉਦੋਂ ਤੱਕ ਪੰਜਾਬ ਵਿੱਚ ਮੋਦੀ ਅਤੇ ਬਾਕੀ ਭਾਜਪਾ ਮੰਤਰੀਆਂ ਦੇ ਆਉਣ 'ਤੇ ਇਸੇ ਤਰ੍ਹਾਂ ਹੀ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਸੁੱਚਾ ਸਿੰਘ ਵੀਰਮ, ਪੂਰਨ ਸਿੰਘ ਮੱਦਰ, ਬਲਿਹਾਰ ਸਿੰਘ ਮਨਿਹਾਲਾ, ਮਾਨ ਸਿੰਘ ਮਾੜੀਮੇਘਾ, ਹਰਜਿੰਦਰ ਸਿੰਘ ਕਲਸੀਆ, ਸੁੱਚਾ ਸਿੰਘ ਵੀਰਮ, ਨਿਸ਼ਾਨ ਸਿੰਘ ਮਾੜੀਮੇਘਾ, ਹਰਭਜਨ ਸਿੰਘ ਕੱਚਾ ਪੱਕਾ, ਮੰਗਤ ਸਿੰਘ ਕੱਚਾ ਪੱਕਾ, ਹਰਚੰਦ ਸਿੰਘ ਸਾਂਧਰਾ, ਜੁਗਰਾਜ ਸਿੰਘ ਸਾਂਧਰਾ, ਗੁਰਸਾਬ ਸਿੰਘ ਮਾੜੀਮੇਘਾ, ਸਤਨਾਮ ਸਿੰਘ ਮਨਿਹਾਲਾ, ਰਾਜਬੀਰ ਸਿੰਘ ਮਨਿਹਾਲਾ, ਪਾਲ ਸਿੰਘ ਮਨਾਵਾ, ਅਮਰਜੀਤ ਸਿੰਘ ਮਨਾਵਾ, ਬਲਵੀਰ ਸਿੰਘ ਚੀਮਾ, ਬਲਵਿੰਦਰ ਸਿੰਘ ਵਾੜਾ ਠੱਠੀ, ਬਚਿੱਤਰ ਸਿੰਘ ਨਵਾਂਪਿੰਡ, ਸਵਰਨ ਸਿੰਘ ਡਲੀਰੀ, ਗੁਰਸਾਬ ਸਿੰਘ ਡਲੀਰੀ, ਦਿਲਬਾਗ ਸਿੰਘ ਵੀਰਮ, ਹਰਪਾਲ ਸਿੰਘ ਕਲਸੀਆਂ, ਮੇਜਰ ਸਿੰਘ ਕਲਸੀਆਂ, ਜਗਜੀਤ ਸਿੰਘ ਮੱਲ੍ਹੀ, ਸੁਖਦੇਵ ਸਿੰਘ ਮੱਲ੍ਹੀ, ਪ੍ਰਤਾਪ ਸਿੰਘ ਚੂੰਘ, ਕੁਲਵੰਤ ਸਿੰਘ ਚੂੰਘ, ਰਸਾਲ ਸਿੰਘ ਮਾਣਕਪੁਰਾ, ਧਰਮਿੰਦਰ ਸਿੰਘ ਮਾਣਕਪੁਰਾ, ਜੋਗਿੰਦਰ ਸਿੰਘ ਪਹੂਵਿੰਡ, ਜਗਜੀਤ ਸਿੰਘ ਪਹੂਵਿੰਡ, ਨਿਰਵੈਲ ਸਿੰਘ ਚੇਲਾ , ਸੁਖਦੇਵ ਸਿੰਘ ਚੇਲਾ, ਗੁਰਚਰਨ ਸਿੰਘ ਥੇਹ ਨੌਸ਼ਹਿਰਾ, ਗੁਰਮੇਜ ਸਿੰਘ ਥੇਹ ਨੌਸ਼ਹਿਰਾ, ਬਿੱਕਰ ਸਿੰਘ ਵੱਡੀ ਮੱਖੀ, ਸੁਬੇਗ ਸਿੰਘ ਮੱਖੀ ਕਲਾਂ, ਗੁਰਨਾਮ ਸਿੰਘ ਵੱਡੀ ਮੱਖੀ, ਜਸਵੰਤ ਸਿੰਘ ਨਵਾਂਪਿੰਡ, ਬਲਵੰਤ ਸਿੰਘ ਨਵਾਂਪਿੰਡ, ਅਜਮੇਰ ਸਿੰਘ ਅਮੀਸ਼ਾਹ, ਕਾਰਜ ਸਿੰਘ ਅਮੀਸ਼ਾਹ, ਬਾਜ ਸਿੰਘ ਖਾਲੜਾ, ਸਾਰਜ ਸਿੰਘ ਖਾਲੜਾ, ਸੁਖਪਾਲ ਸਿੰਘ ਦੋਦੇ, ਬਲਵਿੰਦਰ ਸਿੰਘ ਦੋਦੇ, ਅੰਗਰੇਜ਼ ਸਿੰਘ ਵਾਂ, ਕਾਲਾ ਸਿੰਘ ਵਾਂ, ਹੀਰਾ ਸਿੰਘ ਮੱਦਰ, ਜੈਮਲ ਸਿੰਘ ਮੱਦਰ ਅਤੇ ਬਲਦੇਵ ਸਿੰਘ ਉੱਧੋਕੇ ਹਾਜ਼ਰ ਹੋਏ।

## 'ਵੀ' ਨੇ ਨਵੇਂ ਵੀ ਮੈਕਸ ਪਲਾਨ ਨਾਲ ਪੋਸਟਪੇਡ ਪੇਸ਼ਕਸ਼ਾਂ ਨੂੰ ਬਣਾਇਆ ਹੋਰ ਬਿਹਤਰ

**ਲੁਧਿਆਣਾ**-ਭਾਰਤ ਦੇ ਪ੍ਰਮੁੱਖ ਦੂਰਸੰਚਾਰ ਸੇਵਾ ਪ੍ਰਦਾਤਾ,ਵੋਡਾਫੋਨ ਆਈਡੀਆ (ਵੀ) ਨੇ ਅੱਜ ਡਿਜੀਟਲ ਯੁੱਗ ਵਿੱਚ ਮੋਬਾਈਲ ਖ਼ਪਤਕਾਰਾਂ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦੇਸ ਦਾ ਸਭ ਤੋਂ ਵਧੀਆ ਵੈਲਿਊ ਪੋਸਟਪੇਡ ਪਲਾਨ-ਵੀ ਮੈਕਸ ਨੂੰ ਲਾਂਚ ਕਰਨ ਦੀ ਘੋਸ਼ਣਾ ਕੀਤੀ ਹੈ ਜਿਸਦੇ ਤਹਿਤ ਉਪਭੋਗਤਾ ਵਧੇਰੇ ਡੇਟਾ, ਵਧੇਰੇ ਨਿਯੰਤਰਣ, ਵਧੇਰੇ ਸੁਵਿਧਾਵਾਂ ਅਤੇ ਬੇਮਿਸਾਲ ਕੰਟੇਂਟ ਪੇਸ਼ਕਸ਼ਾਂ ਦਾ ਲਾਭ ਉਠਾ ਸਕਣਗੇ। ਨਵੇਂ ਵੀ ਮੈਕਸ ਪ੍ਰਸਤਾਵ ਬਾਰੇ ਬੋਲਦੇ ਹੋਏ, ਅਵਨੀਸ਼ ਖੋਸਲਾ ਸੀਐਮਓ ਵੋਡਾਫੋਨ ਆਈਡੀਆ ਲਿਮਟਿਡ ਨੇ ਕਿਹਾ ਕਿ ਅਸੀਂ ਉਪਭੋਗਤਾ ਦੀਆਂ ਬਦਲਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਦੇ ਅਨੁਸਾਰ ਲਗਾਤਾਰ ਆਪਣੀਆਂ ਪੇਸ਼ਕਸ਼ਾਂ ਵਿੱਚ ਨਵੀਨਤਾ ਲਿਆ ਕੇ ਆਧੁਨਿਕ ਸੇਵਾਵਾਂ ਪੇਸ਼ ਕਰਦੇ ਰਹੇ ਹਾਂ। ਉਨ੍ਹਾਂ ਲਈ ਅੱਜ ਦੇ ਡਿਜੀਟਲ ਯੁੱਗ ਵਿੱਚ ਫਾਇਦੇਮੰਦ ਰਹੇਗੀ। ਨਵੇਂ ਵੀ ਮੈਕਸ ਪਲਾਨ ਸਾਰੇ ਮੌਜੂਦਾ ਅਤੇ ਨਵੇਂ ਵੀ ਪੋਸਟਪੇਡ ਉਪਭੋਗਤਾਵਾਂ ਲਈ 1 ਨਵੰਬਰ, 2022 ਤੋਂ ਪੂਰੇ ਭਾਰਤ ਵਿੱਚ ਉਪਲਬੱਧ ਹੋਣਗੇ।

## ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਲੱਗਣ ਵਾਲੇ ਮੋਰਚਿਆਂ ਦੀਆਂ ਤਿਆਰੀਆਂ ਸ਼ੁਰੂ : ਸਭਰਾਂ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਪਿੰਡ ਸਭਰਾਂ ਗੁਰਦੁਆਰਾ ਬਾਬਾ ਕਾਹਨ ਸਿੰਘ ਜੀ ਵਿਖੇ ਜੁਗਰਾਜ ਸਿੰਘ ਰਾਜਸਥਾਨੀ, ਬਲਕਾਰ ਸਿੰਘ ਦੋਧੀ ਅਤੇ ਅਮਰਜੀਤ ਸਿੰਘ ਸਭਰਾਂ ਦੀ ਪ੍ਰਧਾਨਗੀ ਹੇਠ ਪੰਦਰਵਾੜਾ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੁਖਵਿੰਦਰ ਸਿੰਘ ਸਭਰਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਅੰਦੋਲਨਕਾਰੀ ਕਿਸਾਨਾਂ, ਮਜ਼ਦੂਰਾਂ ਤੇ ਦੇਸ਼ ਵਾਸੀਆਂ ਨਾਲ ਵਾਅਦਾ ਖਿਲਾਫੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਤਰ੍ਹਾਂ ਪੰਜਾਬ ਸਰਕਾਰ ਨੇ ਵੀ ਆਬਾਦਕਾਰਾਂ ਨੂੰ ਮਾਲਕੀ ਹੱਕ ਦੇਣ ਦੀ ਬਜਾਏ, ਜ਼ਮੀਨਾਂ ਨੂੰ ਖੋਹਣ ਦਾ ਤਹੱਈਆ ਕਰ ਲਿਆ ਹੈ, ਨਸ਼ਿਆਂ ਦਾ ਪ੍ਰਕੋਪ ਪਹਿਲਾਂ ਨਾਲੋਂ ਵੱਧ ਗਿਆ ਹੈ, ਨਿੱਤ ਨਸ਼ੇੜੀ ਬੱਚਿਆਂ ਦੀਆਂ ਲਾਸ਼ਾਂ ਮਾਪਿਆਂ ਦੇ ਮੋਢਿਆਂ 'ਤੇ ਲੱਦੀਆਂ ਜਾਂਦੀਆਂ ਹਨ, ਰੇਤ ਮਾਫੀਆ ਦਨਦਨਾਉਂਦਾ ਫਿਰਦਾ, ਬੀਬੀਆਂ ਨੂੰ 1000 ਵਾਅਦੇ ਮੁਤਾਬਕ ਨਹੀਂ ਲਾਗੂ ਹੋਇਆ, ਚੋਰੀਆਂ ਤੇ ਡਕੈਤੀਆਂ ਸ਼ਰੇਆਮ ਹੋ ਰਹੀਆਂ ਹਨ ਆਦਿ। ਉਪਰੋਕਤ ਮਸਲਿਆਂ ਨੂੰ ਲੈ ਕੇ ਮੋਰਚੇ ਲਗਾਏ ਜਾ ਰਹੇ ਹਨ ਤੇ ਇਸ ਲਈ ਤਿਆਰੀਆਂ ਵੀ ਸ਼ੁਰੂ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਮੋਰਚਿਆਂ ਦੌਰਾਨ ਪੈਦਾ ਹੋਣ ਵਾਲੀਆਂ ਪ੍ਰਸ਼ਾਸਨਿਕ ਪ੍ਰੇਸ਼ਾਨੀਆਂ ਲਈ ਸਰਕਾਰਾਂ ਜ਼ਿੰਮੇਵਾਰ ਹੋਣਗੀਆਂ। ਇਸ ਮੌਕੇ ਅਮਰ ਸਿੰਘ, ਲੱਖਾ ਸਿੰਘ, ਸੰਦੀਪ ਸਿੰਘ ਨਿਰਵੈਰ ਸਿੰਘ, ਸੁਖਵਿੰਦਰ ਸਿੰਘ, ਪ੍ਰਕਾਸ਼ ਸਿੰਘ, ਪ੍ਰਤਾਪ ਸਿੰਘ, ਗੁਰਦਿਆਲ ਸਿੰਘ, ਸਤਨਾਮ ਸਿੰਘ, ਡਾਕਟਰ ਕਰਨੈਲ ਸਿੰਘ, ਅਜੀਤ ਸਿੰਘ, ਕੁਲਦੀਪ ਸਿੰਘ, ਗੁਰਦਿਆਲ ਸਿੰਘ, ਕਰਨੈਲ ਸਿੰਘ ਅਤੇ ਮੁਖਤਾਰ ਸਿੰਘ ਆਦਿ ਹਾਜ਼ਰ ਸਨ।



## ਸੂਬਾ ਸਰਕਾਰ ਲੋਕਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ : ਬਲਬੀਰ ਸਿੰਘ ਪੰਨੂੰ

**ਬਟਾਲਾ (ਤਰਲੋਕ ਬੱਗਾ)**-ਪੰਜਾਬ ਸਰਕਾਰ ਸੂਬੇ ਦਾ ਸਰਬਪੱਖੀ ਵਿਕਾਸ ਕਾਰਜ ਕਰਨ ਲਈ ਵਚਨਬੱਧ ਹੈ ਅਤੇ ਪਿਛਲੇ 7 ਮਹੀਨਿਆਂ ਦੇ ਕਾਰਜਕਾਲ ਦੌਰਾਨ ਸੂਬਾ ਸਰਕਾਰ ਵੱਲੋਂ ਲੋਕਹਿੱਤ ਲਈ ਇਤਿਹਾਸਕ ਫੈਸਲੇ ਲਏ ਗਏ ਹਨ। ਇਹ ਪ੍ਰਗਟਾਵਾ ਬਲੀਬਰ ਸਿੰਘ ਪਨੂੰ, ਚੇਅਰਮੈਨ ਪਨਸਪ ਅਤੇ ਹਲਕਾ ਇੰਚਾਰਜ ਆਪ ਪਾਰਟੀ ਫਤਿਹਗੜ੍ਹ ਚੂੜੀਆਂ ਨੇ ਪਿੰਡ ਛਿਛਰੇਵਾਲ ਦੇ ਮੌਜੂਦਾ ਅਤੇ ਸਾਬਕਾ ਸਰਪੰਚ ਅਤੇ ਪੰਚਾਇਤ ਮੈਂਬਰਾਂ ਵੱਲੋਂ ਕਾਂਗਰਸ ਤੇ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ 'ਆਪ' ਵਿੱਚ ਸ਼ਾਮਲ ਹੋਣ ਲਈ ਕਰਵਾਏ ਸਮਾਗਮ ਦੌਰਾਨ ਕੀਤਾ। ਚੇਅਰਮੈਨ ਪਨੂੰ ਨੇ ਕਾਂਗਰਸ ਤੇ ਅਕਾਲੀ ਪਾਰਟੀ ਨੂੰ ਅਲਵਿਦਾ ਕਹਿ ਕੇ ਆਪ ਪਾਰਟੀ 'ਚ ਸ਼ਾਮਲ ਹੋਣ 'ਤੇ ਸਰਪੰਚ ਜਸਵੰਤ ਕੋਰ (ਕਾਂਗਰਸ), ਸਚਿਨਦੀਪ ਸਿੰਘ ਬਾਠ, ਸਾਬਕਾ ਸਰਪੰਚ ਪ੍ਰਗਟ ਸਿੰਘ ਲਾਡੀ, ਸਾਬਕਾ ਸਰਪੰਚ ਸ਼ਿਵਰਾਜ ਬਿੱਟੂ, ਮੈਂਬਰ ਪੰਚਾਇਤ ਤਰਲੋਕ ਸਿੰਘ, ਮੈਂਬਰ ਪੰਚਾਇਤ ਜਸਪਾਲ ਸਿੰਘ ਤੇ ਗੁਰਦੇਵ ਸਿੰਘ, ਪਰਜੀਤ ਸਿੰਘ ਬਾਠ, ਜਸਪਾਲ ਸਿੰਘ, ਪ੍ਰਭੂ ਮਸੀਹ, ਕੈਪਟਨ ਲਖਵੀਰ ਸਿੰਘ ਤੇ ਇਕਬਾਲ ਸਿੰਘ (ਪਰਿਵਾਰਾਂ ਸਮੇਤ), ਮਾਸਟਰ ਰਣਧੀਰ ਸਿੰਘ, ਡੇਵਿਡ ਮਸੀਹ, ਬੰਟੀ ਮਸੀਹ, ਪੱਲੂ ਮਸੀਹ, ਲਾਡੀ ਮਸੀਹ, ਬੂਟਾ ਮਸੀਹ, ਜਗਦੀਪ ਸਿੰਘ, ਬਲਦੇਵ ਸਿੰਘ ਬਾਠ ਦਾ ਸਵਾਗਤ ਕਰਦਿਆਂ ਕਿਹਾ ਕਿ ਆਪ ਆਮ ਲੋਕਾਂ ਦੀ ਸਰਕਾਰ ਹੈ ਅਤੇ ਲੋਕ 'ਆਪ' ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਰਹੇ ਹਨ, ਜਿਸ ਕਾਰਨ ਆਪ ਦਾ ਪਰਿਵਾਰ ਲਗਾਤਾਰ ਵੱਡਾ ਹੁੰਦਾ ਜਾ ਰਿਹਾ ਹੈ। ਉਨ੍ਹਾਂ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਤੇ ਵਰਕਰਾਂ ਨੂੰ ਕਿਹਾ ਕਿ ਉਨਾਂ ਦਾ ਪੂਰਾ ਮਾਣ-ਸਨਮਾਨ ਕੀਤਾ ਜਾਵੇਗਾ।



# ਸਰਹੱਦੀ ਪਿੰਡਾਂ 'ਚ ਮੁਫ਼ਤ ਮੈਡੀਕਲ ਕੈਂਪ ਲਗਾਉਣ ਦਾ ਸਿਲਸਲਾ ਲਗਾਤਾਰ ਜਾਰੀ

**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਰੈੱਡ ਕਰਾਸ ਸੁਸਾਇਟੀ ਅਤੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਸਰਹੱਦੀ ਪਿੰਡਾਂ ਵਿੱਚ ਮੁਫ਼ਤ ਮੈਡੀਕਲ ਲਗਾਉਣ ਦਾ ਸਿਲਸਲਾ ਲਗਾਤਾਰ ਜਾਰੀ ਹੈ। ਸਿਹਤ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਸਿਹਤ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਮੈਡੀਕਲ ਕੈਂਪਾਂ ਦਾ ਸਰਹੱਦੀ ਖੇਤਰ ਦੇ ਵਸਨੀਕਾਂ ਨੂੰ ਬਹੁਤ ਲਾਭ ਪਹੁੰਚ ਰਿਹਾ ਹੈ। ਇਸੇ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੇ ਅਗਲੇ ਹਫ਼ਤੇ ਸਰਹੱਦੀ ਪਿੰਡਾਂ ਵਿੱਚ ਲੱਗਣ ਵਾਲੇ ਮੈਡੀਕਲ ਕੈਂਪਾਂ ਦੀ ਸੂਚੀ ਜਾਰੀ ਕੀਤੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 7 ਨਵੰਬਰ ਨੂੰ ਪਿੰਡ ਭਗਤਾਨਾ ਤੁਲੀਆਂ, ਭਗਤਾਨਾ ਬੋਹੜਵਾਲਾ, ਮੇਤਲਾ, ਅਗਵਾਨ, ਹਰੂਵਾਲ, ਤਾਜਪੁਰ, ਚੱਕ ਰਾਜਾ, ਜੱਡੋਏ, ਹਕੀਮਪੁਰ, ਮੱਦੇਪੁਰ, 8 ਨਵੰਬਰ ਨੂੰ ਪਿੰਡ ਕਾਹਲਾਂਵਾਲੀ, ਚੰਦੂ ਨੰਗਲ, ਪੱਖੋਕੇ ਟਾਹਲੀ, ਸਾਧਾਂਵਾਲੀ, ਵਜ਼ੀਰਪੁਰ, ਚੌਂਤਰਾ, ਸਲਾਚ, ਮਿਰਜਾਪੁਰ, ਚੱਕਰੀ, 9 ਨਵੰਬਰ ਨੂੰ ਖਾਸਾਂਵਾਲੀ, ਪੱਲੇ ਨੰਗਲ, ਵੈਰੋਕੇ, ਠੇਠਰਕੇ, ਨਿੱਕਾ ਠੇਠਰਕੇ, ਹਸਨਪੁਰ, ਵਜ਼ੀਰਪੁਰ, ਸੰਦਲਪੁਰ, ਮੈਨੀ, ਠਾਕੁਰਪੁਰ, 10 ਨਵੰਬਰ ਨੂੰ ਘਣੀਏ ਕੇ ਬੇਟ, ਧਰਮਕੋਟ ਰੰਧਾਵਾ, ਧਰਮਕੋਟ ਪੱਤਣ, ਰੱਤੜ-ਛੱਤੜ, ਗੋਲਾ-ਢੋਲਾ, ਇਲਾਮਪੁਰ, ਸਮਸ਼ੇਰਪੁਰ, ਠੁੰਡੀ, ਨਡਾਲਾ, 11 ਨਵੰਬਰ ਨੂੰ ਪੱਖੇ ਕੇ ਮਹਿਮਾਰਾ, ਖੋਦੇ ਬੇਟ, ਪੱਤੀ ਹਵੇਲੀਆਂ, ਜੌੜੀਆਂ ਖੁਰਦ, ਰੱਤਾ, ਦੋਸਤਪੁਰ, ਸ਼ਹੂਰਕਲਾਂ, ਬੋਹੜ ਵਡਾਲਾ, ਰੁੜਿਆਣਾ, ਵਰੀਲਾ ਖੁਰਦ, 12 ਨਵੰਬਰ ਨੂੰ ਚੰਦੂ ਵਡਾਲਾ, ਰੋਸੇ, ਲੋਪਾ, ਪਕੀਵਾਂ ਅਤੇ ਮੀਰ ਕਚਾਣਾ ਪਿੰਡਾਂ ਵਿਖੇ ਮੁਫ਼ਤ ਮੈਡੀਕਲ ਕੈਂਪ ਲੱਗਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੈਡੀਕਲ ਕੈਂਪਾਂ ਵਿੱਚ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੇਣ ਦੇ ਨਾਲ ਇਨ੍ਹਾਂ ਕੈਂਪਾਂ ਵਿੱਚ ਆਉਣ ਵਾਲੇ ਯੋਗ ਵਿਅਕਤੀਆਂ ਦੇ ਯੂ.ਡੀ.ਆਈ.ਡੀ. ਕਾਰਡ, ਪ੍ਰਧਾਨ ਮੰਤਰੀ ਮੁਧਰਾ ਧਨ ਪੈਨਸ਼ਨ ਯੋਜਨਾ ਅਤੇ ਈ-ਸ਼੍ਰਮ ਇੰਸ਼ੋਰੈਂਸ ਯੋਜਨਾ ਲਈ ਵੀ ਨਾਮ ਰਜਿਸਟਰਡ ਕੀਤੇ ਜਾਂਦੇ ਹਨ। ਉਨ੍ਹਾਂ ਸਰਹੱਦੀ ਖੇਤਰ ਦੀ ਵਸੋਂ ਨੂੰ ਇਨ੍ਹਾਂ ਮੈਡੀਕਲ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਹੈ।

# ਕਿਸਾਨਾਂ ਮੋਦੀ ਦੇ ਫੂਕੇ ਪੁਤਲੇ





**ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਅਧੀਨ ਜ਼ੋਨ ਬਾਬਾ ਦੀਪ ਸਿੰਘ ਜੀ ਵੱਲੋਂ 5 ਨਵੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਆਮਦ 'ਤੇ ਪੁਤਲੇ ਫੂਕੇ ਗਏ। ਇਸ ਮੌਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਸਲਾਹਕਾਰ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਮੀਤ ਪ੍ਰਧਾਨ ਅੰਗਰੇਜ ਸਿੰਘ ਦਬੁਰਜੀ, ਜ਼ੋਨ ਮੀਤ ਪ੍ਰਧਾਨ ਬਲਜੀਤ ਸਿੰਘ ਰਟੌਲ, ਜ਼ੋਨ ਸੀਨੀਅਰ ਆਗੂ ਬਾਬਾ ਸਵਿੰਦਰ ਸਿੰਘ ਖਾਰਾ ਨੇ ਕਿਹਾ ਕਿ ਮੋਦੀ ਸਰਕਾਰ ਦਿੱਲੀ ਕਿਸਾਨ ਅੰਦੋਲਨ ਦੌਰਾਨ ਕੀਤੇ ਵਾਅਦਿਆਂ ਤੋਂ ਮੁੱਕਰ ਰਹੀ ਹੈ। ਜ਼ੋਨ ਆਗੂਆਂ ਨੇ ਅੱਗੇ ਕਿਹਾ ਕਿ ਅਜੇ ਤੱਕ ਲਖੀਮਪੁਰ ਖੀਰੀ ਕਤਲ ਕਾਂਡ ਦਾ ਇਨਸਾਫ ਨਹੀਂ ਮਿਲ ਸਕਿਆ ਅਤੇ ਅਜੇ ਮਿਸ਼ਰਾ ਅੱਜ ਵੀ ਕੇਂਦਰੀ ਵਜ਼ੀਰ ਬਣ ਕੇ ਸੱਤਾ ਦਾ ਸੁਖ ਮਾਣ ਰਿਹਾ ਹੈ। ਇਸੇ ਤਰ੍ਹਾਂ ਬਿਜਲੀ ਐਕਟ 2020 ਪੂਰੀ ਤਰ੍ਹਾਂ ਰੱਦ ਕਰਨ ਦੀ ਥਾਂ ਲੋਕਾਂ ਦੇ ਅੱਖੀਂ ਘੱਟਾ ਪਾਉਂਦਿਆਂ ਸਟੈਂਡਿੰਗ ਕਮੇਟੀ ਪਾਸ ਭੇਜ ਕੇ ਬਿਜਲੀ ਵੰਡ ਰੂਲਜ਼ 2022 ਕਾਨੂੰਨ ਲਾਗੂ ਕਰ ਦਿੱਤਾ ਗਿਆ ਹੈ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਹਿੱਸੇਦਾਰੀ ਖਤਮ ਕਰਨਾ ਵੀ ਬਹੁਤ ਮੰਦਭਾਗਾ ਹੈ। ਮੋਦੀ ਸਰਕਾਰ ਦਿੱਲੀ ਅੰਦੋਲਨ ਦੌਰਾਨ ਸ਼ਹੀਦ ਹੋਏ ਸੱਤ ਸੌ ਕਿਸਾਨਾਂ, ਮਜ਼ਦੂਰਾਂ ਅਤੇ ਬੀਬੀਆਂ ਦੀ ਕਾਤਲ ਹੈ। ਇਸ ਮੌਕੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਸਾਰੇ ਪਿੰਡਾਂ ਨੇ ਵੱਖ-ਵੱਖ ਥਾਵਾਂ 'ਤੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ।

## ਅਨੰਦਪੁਰ ਸਾਹਿਬ ਰੈਲੀ ਦੀਆਂ ਤਿਆਰੀਆਂ ਮੁਕੰਮਲ: ਡੀ ਟੀ ਐੱਫ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਤਹਿਸੀਲ ਬਾਬਾ ਬਕਾਲਾ ਦੀ ਮੀਟਿੰਗ ਰੈਸਟ ਹਾਊਸ ਰਈਆ ਵਿਖੇ ਚਰਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ 6 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੀ ਸੂਬਾ ਪੱਧਰੀ ਇਨਸਾਫ਼ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਵਿੱਚ ਡੀ.ਐਮ.ਐਫ. ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਨੇ ਕਿਹਾ ਕਿ ਓ.ਡੀ.ਐਲ. ਅਧਿਆਪਕਾਂ ਦੇ ਹੱਕ ਵਿੱਚ ਅਦਾਲਤੀ ਫੈਸਲਾ ਆਉਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀਆਂ ਸੇਵਾਵਾਂ ਨਿਯਮਿਤ ਕਰਨ ਦੀ ਬਜਾਏ ਮੁੱਢਲੀ ਤਨਖਾਹ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ 2016 ਵਿੱਚ ਭਰਤੀ ਕੀਤੇ ਗਏ 180 ਈ.ਟੀ.ਟੀ. ਅਧਿਆਪਕਾਂ ਨੂੰ ਪਿਛਲੇ 6 ਸਾਲ ਤੋਂ ਰੈਗੂਲਰ ਨਹੀਂ ਕੀਤਾ ਜਾ ਰਿਹਾ ਅਤੇ ਇਨ੍ਹਾਂ ਨੂੰ ਪੰਜਾਬ ਦੇ ਤਨਖਾਹ ਸਕੇਲਾਂ ਦੀ ਬਜਾਏ ਕੇਂਦਰ ਦੇ ਸਕੇਲਾਂ ਨਾਲ ਨੂੜ ਦਿੱਤਾ ਗਿਆ ਹੈ ਜਦਕਿ ਇਨ੍ਹਾਂ ਦੇ ਭਰਤੀ ਇਸ਼ਤਿਹਾਰ ਵਾਲੇ ਬਾਕੀ ਈ.ਟੀ.ਟੀ. ਅਧਿਆਪਕ 2018 ਵਿੱਚ ਰੈਗੂਲਰ ਹੋ ਚੁੱਕੇ ਹਨ ਅਤੇ ਪੰਜਾਬ ਦੇ ਪੇ ਸਕੇਲ਼ ਲੈ ਰਹੇ ਹਨ। ਇਨ੍ਹਾਂ ਦੋਹਾਂ ਵਰਗਾਂ ਦੇ 300 ਅਧਿਆਪਕਾਂ ਨੂੰ ਇਨਸਾਫ ਦਿਵਾਉਣ ਲਈ 23 ਅਕਤੂਬਰ ਨੂੰ ਪੰਜਾਬ ਦੇ 9 ਕੈਬਨਿਟ ਮੰਤਰੀਆਂ ਦੇ ਘਰਾਂ ਵੱਲ ਰੋਸ ਮਾਰਚ ਕਰਕੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੀਆਂ ਅਰਥੀਆਂ ਸਾੜੀਆਂ ਗਈਆਂ ਸਨ ਅਤੇ 30 ਅਕਤੂਬਰ ਨੂੰ ਆਮ ਆਦਮੀ ਪਾਰਟੀ ਦੇ ਪੋਲ ਖੋਲ੍ਹ ਰੈਲੀ ਵੀ ਕੀਤੀ ਗਈ ਸੀ ਪ੍ਰੰਤੂ ਪੰਜਾਬ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ, ਜਿਸ ਕਾਰਨ 6 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਨਸਾਫ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਤਹਿਸੀਲ ਬਾਬਾ ਬਕਾਲਾ ਤੋਂ ਵੱਡੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਹੋਣਗੇ। ਇਸ ਮੌਕੇ ਵਿਪਨ ਰਿਖੀ, ਕੇਵਲ ਸਿੰਘ ਲੋਹਗੜ੍ਹ, ਰਾਕੇਸ਼ ਕੁਮਾਰ ਰਈਆ, ਮਨਪ੍ਰੀਤ ਸਿੰਘ ਰਈਆ, ਸੁਖਜਿੰਦਰ ਸਿੰਘ ਰਈਆ ਗੁਰਪ੍ਰੀਤ ਸਿੰਘ ਨਾਭਾ ਅਤੇ ਮਨਜੀਤ ਕੌਰ ਢਪੱਈਆਂ ਵੀ ਹਾਜ਼ਰ ਸਨ।

## ਕਬੱਡੀ ਦੇ ਖੇਤਰ 'ਚ ਜਗਦੀਪ ਕੌਰ ਦਾ ਚਮਕਿਆ ਨਾਂਅ

**ਚੋਹਲਾ ਸਾਹਿਬ/ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ/ਰਮਨ ਚੱਢਾ)**-ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਪਿੰਡ ਸੁਹਾਵਾ ਜੋ ਕਿ ਬੋਰਡ ਨਾਲ ਐਫੀਲੇਟਡ ਹੈ, ਇਲਾਕੇ ਦੀ ਮਹਾਨ ਸ਼ਖ਼ਸੀਅਤ ਸੰਤ ਬਾਬਾ ਸੁੱਖਾ ਸਿੰਘ ਦੀ ਸਰਪ੍ਰਸਤੀ ਹੇਠ ਹਰ ਦਿਨ ਤਰੱਕੀ ਦੇ ਰਾਹ 'ਤੇ ਚਲ ਰਿਹਾ ਹੈ। ਸੰਤ ਬਾਬਾ ਸੁੱਖਾ ਸਿੰਘ ਨੇ ਦਸਵੀਂ ਜਮਾਤ ਦੀ ਕਬੱਡੀ ਦੀ ਖਿਡਾਰਨ ਜਗਦੀਪ ਕੌਰ ਵਲੋਂ ਖੇਡਾਂ ਦੇ ਖੇਤਰ ਵਿਚ ਮਾਰੀਆਂ ਮੱਲਾਂ ਸਦਕਾ ਵਿਸ਼ੇਸ਼ ਤੌਰ 'ਤੇ ਮੈਡਲ ਅਤੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਡੀ. ਪੀ. ਬਲਜੀਤ ਕੌਰ ਨੇ ਜਗਦੀਪ ਕੌਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਇਸ ਖਿਡਾਰਨ ਨੇ ਖੇਡਾਂ ਵਤਨ ਪੰਜਾਬ ਦੀਆਂ ਬਲਾਕ ਲੈਵਲ ਮਾਣੋ ਚਾਹਲ ਤੋਂ ਗੋਲਡ ਮੈਡਲ, ਜ਼ਿਲ੍ਹਾ ਪੱਧਰੀ ਗੋਲਡ ਮੈਡਲ ਅਤੇ ਸਟੇਟ ਲੈਵਲ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸਿਲਵਰ ਮੈਡਲ ਜਿੱਤ ਕੇ ਇਲਾਕੇ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਜਿਸ ਲਈ ਐੱਮਐੱਲਏ ਲਾਲਜੀਤ ਸਿੰਘ ਭੁੱਲਰ ਅਤੇ ਮਨਜਿੰਦਰ ਸਿੰਘ ਲਾਲਪੁਰਾ ਹਲਕਾ ਖਡੂਰ ਸਾਹਿਬ ਵਲੋਂ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਹੁਣ ਇਸ ਖਿਡਾਰਨ ਦੀ ਮਲੇਸ਼ੀਆ ਲਈ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਸਿਲੈਕਸ਼ਨ ਹੋਈ ਹੈ ਜੋ ਕਿ ਜਨਵਰੀ 2023 ਵਿਚ ਮਲੇਸ਼ੀਆ ਕਬੱਡੀ ਕੱਪ ਖੇਡਣ ਜਾ ਰਹੀ ਹੈ। ਸਕੂਲ ਡਾਇਰੈਕਟਰ ਐਸ. ਕੇ. ਦੁੱਗਲ ਵਲੋਂ ਇਸ ਵਿਦਿਆਰਥਣ ਨੂੰ ਵਧਾਈ ਦਿੱਤੀ ਗਈ ਅਤੇ ਪ੍ਰਿੰ. ਯੁਗੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਖੇਡਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਰਾਜਵਿੰਦਰ ਕੌਰ, ਜਸਪਾਲ ਸਿੰਘ, ਪ੍ਰਭਜੀਤ ਸਿੰਘ ਅਤੇ ਹਰਜਿੰਦਰ ਸਿੰਘ ਆਦਿ ਸਟਾਫ ਹਾਜ਼ਰ ਸੀ।



## ਕਲਾਨੌਰ ਸਬ-ਸਟੇਸ਼ਨ ਦੇ ਸਾਰੇ ਫੀਡਰਾਂ ਦੀ ਮੁਰੰਮਤ ਜ਼ੋਰਾਂ 'ਤੇ : ਐੱਸ ਡੀ ਓ

**ਕਲਾਨੌਰ, (ਕੋਹਲੀ)**-ਡਿਪਟੀ ਚੀਫ਼ ਇੰਜਨੀਅਰ ਰਵਿੰਦਰਜੀਤ ਸਿੰਘ ਬੋਪਾਰਾਏ ਦੇ ਹੁਕਮਾਂ 'ਤੇ ਕਲਾਨੌਰ ਤੋਂ ਐੱਸਡੀਓ ਖਜ਼ਾਨ ਸਿੰਘ ਖਹਿਰਾ ਵੱਲੋਂ ਆਪਣੀ ਨਿਗਰਾਨੀ ਵਿੱਚ ਕਲਾਨੌਰ ਦੇ ਤਕਰੀਬਨ ਸਾਰੇ ਫੀਡਰਾਂ ਰੋਸਾ ਫੀਡਰ, ਸਿਟੀ ਫੀਡਰ, ਮਸਤਕੋਟ, ਫੱਤੂਪੁਰ, ਦੇਹੜ, ਜੋਗੋਵਾਲ, ਦਿਓਲ, ਗੋਸਲ, ਸ਼ਹੂਰ, ਡੇਅਰੀਵਾਲ ਕਿਰਨ , ਕਮਾਲਪੁਰ ਜੱਟਾਂ ਆਦਿ ਫੀਡਰਾਂ 'ਤੇ ਆਪਣੇ ਮੁਲਾਜ਼ਮਾਂ ਨੂੰ ਲਗਾ ਕੇ ਜੰਗੀ ਪੱਧਰ 'ਤੇ ਮੁਰੰਮਤ ਸ਼ੁਰੂ ਕਰ ਦਿੱਤੀ ਹੈ ਜਿਨ੍ਹਾਂ ਵਿੱਚ ਨਵੀਆਂ ਤਾਰਾਂ, ਜੈਂਪਰ, ਪੋਲ, ਕੁਨੈਕਟਰ ਚੈਨਲ ਆਦਿ ਜਿਸ ਵੀ ਚੀਜ਼ ਦੀ ਜ਼ਰੂਰਤ ਹੈ ਉਹੀ ਮੌਕੇ 'ਤੇ ਉਪਲੱਬਧ ਕਰਵਾਈ ਜਾ ਰਹੀ ਹੈ। ਗੌਰਤਲਬ ਹੈ ਕਿ ਦੋ ਦਿਨ ਪਹਿਲਾਂ ਹੀ ਡਿਪਟੀ ਚੀਫ ਇੰਜੀਨੀਅਰ ਅਰਵਿੰਦਰਜੀਤ ਸਿੰਘ ਬੋਪਾਰਾਏ ਵੱਲੋਂ ਕਲਾਨੌਰ ਸਬ-ਸਟੇਸ਼ਨ ਦੀ ਅਚਨਚੇਤ ਚੈਕਿੰਗ ਕੀਤੀ ਗਈ ਸੀ ਜਿਸ ਵਿੱਚ ਉਨ੍ਹਾਂ ਨੇ ਆਪਣੇ ਮੁਲਾਜ਼ਮਾਂ ਨੂੰ ਪੋਲਾਂ ਅਤੇ ਤਾਰਾਂ ਦੀ ਮੁਰੰਮਤ ਕਰਵਾਉਣ ਲਈ ਹੁਕਮ ਜਾਰੀ ਕੀਤੇ ਸਨ ਤਾਂ ਜੋ ਆਮ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਸਕੇ। ਇਸ ਮੌਕੇ ਐੱਸਡੀਓ ਖਜ਼ਾਨ ਸਿੰਘ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨੀ ਹੀ ਬਿਜਲੀ ਵਰਤਣ ਜਿੰਨੀ ਜ਼ਰੂਰਤ ਹੈ ਅਤੇ ਬਿਜਲੀ ਚੋਰੀ ਨਾ ਕਰਨ ਦੀ ਹਦਾਇਤ ਦਿੱਤੀ ਸਗੋਂ ਬਿਜਲੀ ਚੋਰੀ ਨਾ ਕਰਕੇ ਮਹਿਕਮੇ ਦਾ ਸਾਥ ਦੇਣ ਲਈ ਵੀ ਲੋਕਾਂ ਨੂੰ ਅਪੀਲ ਵੀ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੇਈ ਨਿਸ਼ਾਨ ਸਿੰਘ, ਜੇਈ ਰਣਧੀਰ ਸਿੰਘ, ਜੇਈ ਪਵਨ ਕੁਮਾਰ, ਜੇਈ ਰਵੀ ਕੁਮਾਰ, ਆਰ ਏ ਨਿਰਮਲ ਸਿੰਘ, ਦਵਿੰਦਰ ਸਿੰਘ ਕਲਾਨੌਰ, ਜਗਜੀਤ ਸਿੰਘ ਅਤੇ ਗੁਰਦੀਪ ਸਿੰਘ ਆਦਿ ਵੀ ਹਾਜ਼ਰ ਸਨ।



# ਐੱਸਡੀਐੱਮ ਦਫਤਰ ਵਿਖੇ ਲੱਗਾ ਮੋਰਚਾ 87ਵੇਂ ਦਿਨ 'ਚ ਦਾਖਲ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਪੱਟੀ ਜ਼ੋਨ ਵੱਲੋਂ ਐੱਸਡੀਐੱਮ ਦਫਤਰ ਪੱਟੀ ਅੱਗੇ ਲੱਗਾ ਅਣਮਿੱਥੇ ਸਮੇਂ ਲਈ ਮੋਰਚਾ 87ਵੇਂ ਦਿਨ ਵਿੱਚ ਦਾਖ਼ਲ ਹੋ ਗਿਆ। ਪੂਰੀ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਗੁਰਭੇਜ ਸਿੰਘ ਧਾਰੀਵਾਲ, ਸਵਰਣ ਸਿੰਘ ਹਰੀਕੇਅਤੇ ਰੂਪ ਸਿੰਘ ਸੈਦੋ ਨੇ ਕਿਹਾ ਕਿ 11 ਅਗਸਤ ਤੋਂ ਮੋਰਚਾ ਲਗਾਤਾਰ ਜਾਰੀ ਹੈ। ਮੋਰਚੇ ਦੌਰਾਨ ਪ੍ਰਸ਼ਾਸਨ ਅਤੇ ਹਲਕਾ ਵਿਧਾਇਕ ਭੁੱਲਰ ਨਾਲ ਕਈ ਮੀਟਿੰਗਾਂ ਹੋਈਆਂ ਪਰ ਮੀਟਿੰਗਾਂ ਬੇਸਿੱਟਾ ਰਹੀਆਂ। ਮੀਟਿੰਗ ਵਿੱਚ ਪ੍ਰਸ਼ਾਸਨ ਅਤੇ ਵਿਧਾਇਕ ਵੱਲੋ ਇਕ ਹਫਤੇ ਅੰਦਰ ਕੰਮ ਸ਼ੁਰੂ ਕਰਵਾਉਣ ਦਾ ਵਿਸ਼ਵਾਸ ਦਿਵਾਇਆ ਗਿਆ ਪਰ ਅਜੇ ਤੱਕ ਕਿਸੇ ਮਸਲੇ ਦਾ ਹੱਲ ਨਿਕਲਦਾ ਨਜ਼ਰ ਨਹੀ ਆ ਰਿਹਾ। ਪਿੰਡ ਸੀਤੋ ਨੌ ਬਾਅਦ ਰੋਹੀ ਤੋਂ ਇਲਾਕੇ ਦੇ ਲੋਕ ਪ੍ਰੇਸ਼ਾਨ ਹਨ। ਸੜਕ ਦੀ ਹਾਲਤ ਬਹੁਤ ਖਸਤਾ ਬਣੀ ਹੋਈ ਹੈ ਜਿਸ ਵਿੱਚ ਟੋਏ ਆਦਿ ਹੋਣ ਕਰਕੇ ਰੋਜ਼ਾਨਾ ਐਕਸੀਡੈਂਟ ਹੋ ਰਹੇ ਹਨ। ਸੜਕ ਤੇ ਪ੍ਰਸ਼ਾਸਨ ਨੇ ਮਿੱਟੀ ਪਾਉਣੀ ਸ਼ੁਰੂ ਜ਼ਰੂਰ ਕੀਤੀ ਹੈ ਪਰ ਉਸ ਸੜਕ 'ਤੇ ਵੀ ਪ੍ਰਸ਼ਾਸਨ ਵੱਲੋ ਖਾਨਾ ਪੂਰਤੀ ਕੀਤੀ ਜਾ ਰਹੀ ਹੈ। ਕਿਸਾਨ ਤੇ ਮਜ਼ਦੂਰ 87 ਦਿਨਾਂ ਤੋਂ ਧਰਨੇ 'ਤੇ ਬੈਠੇ ਇਨਸਾਫ ਦੀ ਉਡੀਕ ਕਰ ਰਹੇ ਹਨ ਪਰ ਪ੍ਰਸ਼ਾਸਨ ਵੱਲੋ ਧਰਨੇ 'ਤੇ ਬੈਠੇ ਕਿਸਾਨਾਂ ਦੀ ਸਾਰ ਨਹੀਂ ਲਈ ਜਾ ਰਹੀ। ਦੱਸਣਯੋਗ ਗੱਲ ਇਹ ਹੈ ਕੇ ਐੱਸਡੀਐੱਮ ਪੱਟੀ ਨਵੇਂ ਨਿਯੁਕਤ ਕੀਤੇ ਗਏ ਹਨ ਜੋ ਲਗਭਗ 20 ਕੁ ਦਿਨਾਂ ਤੋਂ ਆਪਣੀ ਡਿਊਟੀ 'ਤੇ ਪਹੁੰਚ ਰਹੇ ਹਨ ਪਰ ਨਵੇਂ ਐੱਸਡੀਐੱਮ ਵੱਲੋਂ ਧਰਨੇ 'ਤੇ ਬੈਠੇ ਕਿਸਾਨਾਂ ਨਾਲ ਗੱਲਬਾਤ ਕਰਨਾ ਜ਼ਰੂਰੀ ਨਹੀਂ ਸਮਝਿਆ ਗਿਆ ਜਿਸ ਦੇ ਰੋਸ਼ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋ ਐੱਸਡੀਐੱਮਪੱਟੀ ਦਾ ਪੁਤਲਾ ਵੀ ਫੂਕਿਆ ਗਿਆ ਅਤੇ ਕਿਸਾਨ ਆਗੂਆ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਇਸ ਧਰਨੇ ਨੂੰ ਲੈ ਕੇ ਜ਼ਿਲ੍ਹਾ ਆਗੂਆਂ ਨਾਲ ਮੀਟਿੰਗ ਹੋ ਚੁਕੀ ਹੈ ਅਤੇ ਛੇਤੀ ਹੀ ਪੱਟੀ ਜ਼ੋਨ ਦੀ ਮੀਟਿੰਗ ਸੱਦੀ ਜਾਵੇਗੀ ਅਤੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

## ਸੈਕਰਡ ਹਾਰਟ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ 56 ਤਮਗੇ ਜਿੱਤੇ



**ਪੱਟੀ (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**

ਪੱਟੀ ਇਲਾਕੇ 'ਚ ਸਭ ਤੋਂ ਪੁਰਾਣੀ ਵਿੱਦਿਅਕ ਸੰਸਥਾ ਸੈਕਰਡ ਹਾਰਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਪੱਟੀ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਖੇਡਾਂ ਵਿਚ ਹਿੱਸਾ ਲਿਆ। ਇਹ ਖੇਡਾਂ ਪੱਟੀ ਸ਼ਹਿਰ ਦੇ ਸਟੇਡੀਅਮ ਵਿਖੇ 31 ਅਕਤੂਬਰ ਅਤੇ 1 ਨਵੰਬਰ ਨੂੰ ਆਯੋਜਿਤ ਕੀਤੀਆਂ ਗਈਆਂ। ਇਸ ਵਿੱਚ ਵਿਦਿਆਰਥੀਆਂ ਨੇ ਉੱਚ ਮੱਲਾਂ ਮਾਰਦਿਆਂ 56 ਤਮਗੇ ਪ੍ਰਾਪਤ ਕੀਤੇ। ਡਿਸਕਸ ਥ੍ਰੋ ਵਿੱਚ ਸੋਨੇ ਦਾ 1 ਅਤੇ ਕਾਂਸੀ ਦੇ 3 ਤਮਗੇ ਜਿੱਤੇ ਅਤੇ ਸ਼ਾਟਪੁੱਟ ਵਿੱਚ ਸੋਨੇ ਦਾ 1 ਅਤੇ ਸਿਲਵਰ ਦਾ 1 ਤਮਗਾ ਜਿੱਤਿਆ। ਤੀਹਰੀ ਸ਼ਾਲ ਵਿੱਚ 1 ਸੋਨੇ ਦਾ 1 ਸਿਲਵਰ ਦਾ ਅਤੇ ਏਕ ਕਾਂਸੇ ਦਾ ਤਮਗਾ ਪ੍ਰਾਪਤ ਕੀਤਾ। ਦੌੜਾਂ ਵਿਚ 4 ਸੋਨੇ ਦੇ, 7 ਸਿਲਵਰ ਅਤੇ 4 ਕਾਂਸੀ ਦੇ ਤਮਗਿਆਂ 'ਤੇ ਕਬਜ਼ਾ ਕੀਤਾ। ਰਿਲੇਅ ਰੇਸਾਂ ਵਿੱਚ ਸੋਨੇ ਦੇ 4 ਅਤੇ ਕਾਂਸੇ ਦੇ 2 ਤਮਗੇ, ਉਚੀ ਛਲਾਂਗ ਵਿੱਚ ਸੋਨੇ ਦੇ 2 , ਸਿਲਵਰ ਦਾ 1 ਅਤੇ ਕਾਂਸੇ ਦੇ 3 ਤਮਗੇ ਪ੍ਰਾਪਤ ਕਰ ਕੇ ਸਕੂਲ ਦੇ ਮਾਣ ਨੂੰ ਵਧਾਇਆ। ਸੋਨੇ ਅਤੇ ਸਿਲਵਰ ਦੇ ਤਗਗੇ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਪੱਧਰੀ ਗੇਮਾਂ ਵਾਸਤੇ ਚੁਣਿਆ ਗਿਆ। ਇਸ ਲਈ ਡਾਇਰੈਕਟਰ ਫਾਦਰ ਥੌਮਸ ਪੋਚਾਲਿਲ, ਪ੍ਰਿੰਸੀਪਲ ਸਿਸਟਰ ਜੈਸਮੀਨ, ਸਿਸਟਰ ਨੇਹਾ, ਸਿਸਟਰ ਬੀਨਾ ਜੋਸ, ਕੋਚ ਅਵਤਾਰ ਸਿੰਘ, ਕੋਚ ਅਯੁਸ਼ ਸ਼ਰਮਾ, ਕੋਚ ਹਰਮੀਤ ਸਿੰਘ, ਕੋਚ ਕਰਨਬੀਰ ਸਿੰਘ, ਕੋਚ ਕਰਨਜੀਤ ਸਿੰਘ, ਕੋਚ ਦਲਬੀਰ ਕੌਰ ਅਤੇ ਸਟਾਫ ਨੇ ਵਿਦਿਆਰਥੀਆਂ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

## ਐਥਲੈਟਿਕ ਖੇਡਾਂ 'ਚ ਰਿਆੜਕੀ ਸਕੂਲ ਤੁਗਲਵਾਲਾ ਦੇ ਵਿਦਿਆਰਥੀ ਛਾਏ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-73ਵੀਆਂ ਜ਼ਿਲਾ ਪੱਧਰੀ (ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲ ਖੇਡਾਂ (2022-23) ਦੇ ਅਥਲੈਟਿਕਸ ਮੁਕਾਬਲਿਆਂ ਵਿੱਚ ਇਲਾਕੇ ਦੀ ਸਿਰਮੌਰ ਸੰਸਥਾ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੇ ਵਿਦਿਆਰਥੀਆਂ ਨੇ ਕੋਚ ਜਤਿੰਦਰ ਕੁਮਾਰ ਦੀ ਅਗਵਾਈ ਹੇਠ ਵੱਖ-ਵੱਖ ਈਵੈਂਟਸ ਵਿੱਚ ਖੇਡ ਪ੍ਰਦਰਸ਼ਨ ਕਰਦਿਆਂ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ ਹਨ› ਡਾਇਰੈਕਟਰ ਪ੍ਰਿੰ. ਮਨਪ੍ਰੀਤ ਕੌਰ ਵਿਰਕ ਨੇ ਦੱਸਿਆ ਕਿ ਦਮਨਪ੍ਰੀਤ ਸਿੰਘ ਨੇ ਡਿਸਕ ਥਰੋਅ ਅੰਡਰ-14 ਟੀਮ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨ ਤਮ•ਾ ਜਿੱਤਿਆ, ਜੈਵਲਿਨ ਥਰੋਅ ਅੰਡਰ-17 ਟੀਮ ਵਿੱਚ ਰੂਪਅਰਮਾਨ ਸਿੰਘ ਨੇ ਚਾਂਦੀ ਦਾ ਤਮਗਾ ਅਤੇ ਹਰਡਲ ਰੇਸ ਅੰਡਰ-17 ਵਿੱਚ ਮਾਧਵ ਸ਼ਰਮਾ ਨੇ ਦੂਜੀ ਪੁਜ਼ੀਸ਼ਨ ਹਾਸਲ ਕਰ ਚਾਂਦੀ ਦਾ ਤਮਗਾ ਜਿੱਤਿਆ। ਹਰਮਨਪ੍ਰੀਤ ਸਿੰਘ ਨੇ ਅੰਡਰ-19 ਜੈਵਲਿਨ ਥਰੋਅ ਵਿੱਚ ਦੂਜੀ ਪੁਜ਼ੀਸ਼ਨ ਹਾਸਲ ਕਰਕੇ ਆਪਣੀ ਸੰਸਥਾ, ਆਪਣੇ ਮਾਤਾ-ਪਿਤਾ ਅਤੇ ਇਲਾਕੇ ਦੇ ਮਾਣ ਨੂੰ ਹੋਰ ਵੀ ਚਾਰ ਚੰਨ ਲਗਾਏ ਹਨ। ਜੇਤੂ ਵਿਦਿਆਰਥੀਆਂ ਅਤੇ ਡੀਪੀ ਅਧਿਆਪਕ ਜਤਿੰਦਰ ਕੁਮਾਰ ਦਾ ਸਕੂਲ ਪਹੁੰਚਣ 'ਤੇ ਪ੍ਰਬੰਧਕਾਂ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸ਼ਾਨਦਾਰ ਪ੍ਰਾਪਤੀ ਤੇ ਸਕੂਲ ਪ੍ਰਬੰਧਕਾਂ, ਪ੍ਰਿੰਸੀਪਲ ਇੰਦਰਜੀਤ ਕੌਰ ਸੈਣੀ ਅਤੇ ਜਗਦੀਸ਼ ਕੌਰ ਵੱਲੋਂ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅੱਗੇ ਤੋਂ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਆ।



## ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਬਣਿਆ ਲੋਕਾਂ ਦੀ ਪਹਿਲੀ ਪਸੰਦ

**ਗੋਇੰਦਵਾਲ ਸਹਿਬ (ਕਾਬਲ ਸਿੰਘ ਮੱਲ੍ਹੀ)**—ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਜੋ ਕਿ ਇਲਾਕੇ ਵਿਚ ਵੀਜ਼ੇ ਲਗਵਾਉਣ ਵਿੱਚ ਪਹਿਲੀ ਕਤਾਰ ਵਿੱਚ ਨਜ਼ਰ ਆਉਂਦੀ ਹੈ। ਇਸ ਨੇ ਇਕ ਹੋਰ ਮਾਅਰਕਾ ਮਾਰਦਿਆਂ ਸਰਬਜੀਤ ਕੌਰ ਵਾਸੀ ਵਲਟੋਹਾ ਦਾ ਯੂ. ਕੇ. ਦਾ ਸਟੱਡੀ ਵੀਜ਼ਾ ਲਗਵਾ ਕੇ ਦਿਤਾ। ਐਮ. ਡੀ. ਨੇ ਦੱਸਿਆ ਕਿ ਵਿਦਿਆਰਥੀ ਅਤੇ ਉਸ ਦੇ ਮਾਪੇ ਬਹੁਤ ਖੁਸ਼ ਹਨ। ਉਨ੍ਹਾਂ ਦੱਸਿਆ ਕਿ ਵਿਦੇਸ਼ਾਂ ਵਿਚ ਭੇਜੇ ਗਏ ਵਿਦਿਆਰਥੀ ਵੱਖ-ਵੱਖ ਯੂਨੀਵਰਸਿਟੀਆਂ/ਕਾਲਜਾਂ ਵਿੱਚ ਪੜ੍ਹਾਈ ਕਰ ਰਹੇ ਹਨ ਅਤੇ ਬਣਦੇ ਸਮੇਂ ਅੰਦਰ ਆਪਣਾ ਕੰਮ ਕਰ ਰਹੇ ਹਨ ਅਤੇ ਲੋੜ ਮੁਤਾਬਕ ਉਨ੍ਹਾਂ ਨੂੰ ਸੰਸਥਾ ਵੱਲੋਂ ਗਾਈਡ ਵੀ ਕੀਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਜਨਵਰੀ ਇਨਟੇਕ ਲਈ ਸੰਸਥਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸਰਬਜੀਤ ਕੌਰ ਅਤੇ ਉਸਦੇ ਪਰਿਵਾਰ ਨੇ ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਅਤੇ ਉਸ ਦੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ।




# ਸਿੱਖ ਨੈਸ਼ਨਲ ਕਾਲਜ ਕਾਦੀਆਂ ਵੱਲੋਂ ਯੁਵਕ ਮੇਲੇ ਦੌਰਾਨ ਟਰਾਫੀ 'ਤੇ ਕਬਜ਼ਾ

**ਧਾਰੀਵਾਲ/ਕਾਦੀਆਂ, (ਮਨਦੀਪ ਸਿੰਘ ਵਿੱਕੀ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਕਰਵਾਏ ਯੁਵਕ ਮੇਲੇ ਦੇ ਜ਼ੋਨ 'ਬੀ' ਦੇ ਜ਼ੋਨਲ ਮੁਕਾਬਲਿਆਂ ਦੌਰਾਨ ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਵਿਦਿਆਰਥੀਆਂ ਵਲੋਂ ਓਵਰਆਲ ਦੂਸਰਾ ਸਥਾਨ ਪ੍ਰਾਪਤ ਕਰਕੇ ਟਰਾਫੀ ਜਿੱਤ ਕੇ ਕਾਲਜ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਜੇਤੂ ਟੀਮ ਦਾ ਕਾਲਜ ਪਹੁੰਚਣ 'ਤੇ ਸਟਾਫ ਅਤੇ ਵਿਦਿਆਰਥੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਕਾਲਜ ਪ੍ਰਿੰ. ਡਾ: ਹਰਪ੍ਰੀਤ ਸਿੰਘ ਹੁੰਦਲ ਨੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਕਾਲਜ ਯੁਵਕ ਭਲਾਈ ਵਿਭਾਗ ਦੇ ਇੰਚਾਰਜ ਪ੍ਰੋ. ਹਰਜਿੰਦਰ ਸਿੰਘ, ਕੋ-ਇੰਚਾਰਜ ਡਾ. ਸਤਿੰਦਰ ਕੌਰ ਤੋਂ ਇਲਾਵਾ ਪ੍ਰੋ. ਲਵਪ੍ਰੀਤ ਕੌਰ, ਪ੍ਰੋ. ਬਲਬੀਰ ਕੌਰ, ਪ੍ਰੋ. ਰਵਿੰਦਰ ਸਿੰਘ, ਪ੍ਰੋ. ਗੁਰਜੀਤ ਕੌਰ, ਪ੍ਰੋ. ਮਿਤਾਲੀ ਦੀ ਦੇਖ-ਰੇਖ ਹੇਠ ਯੁਵਕ ਮੇਲੇ 'ਚ ਭਾਗ ਲੈਣ ਲਈ ਵਿਦਿਆਰਥੀਆਂ ਵਲੋਂ ਕਲਾਤਮਕ, ਸਾਹਿਤਕ ਤੇ ਸੱਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਲਈ ਤਿਆਰੀ ਕੀਤੀ ਗਈ ਸੀ। ਕਾਲਜ ਦੇ ਵਿਦਿਆਰਥੀ ਜ਼ੋਰਾਵਰ ਸਿੰਘ ਵਲੋਂ ਕਲਾਸੀਕਲ ਇੰਸਟਰੂਮੈਂਟਲ ਨਾਨ-ਪ੍ਰਕਸ਼ਨ ਵਿੱਚ ਪਹਿਲਾ, ਵਿਦਿਆਰਥਣ ਬਲੈਸੀ ਵਲੋਂ ਗੀਤ ਗਾਇਨ 'ਚ ਪਹਿਲਾ ਸਥਾਨ, ਜਸਨਪ੍ਰੀਤ ਸਿੰਘ ਵਲੋਂ ਮਮਿਕਰੀ 'ਚ ਦੂਸਰਾ, ਗਿੱਧਾ ਟੀਮ ਵਲੋਂ ਦੂਸਰਾ, ਇੰਸਟਾਲੇਸ਼ਨ ਮੁਕਾਬਲੇ ਵਿੱਚ ਰਾਹੁਲ, ਪ੍ਰਿਯਾ, ਮਨਜੋਤ ਕੌਰ, ਬਲਰਾਜ ਵਲੋਂ ਤੀਸਰਾ ਸਥਾਨ, ਕਲਾਸੀਕਲ ਇੰਸਟਰੂਮੈਂਟਲ ਪ੍ਰਕਸ਼ਨ ਵਿੱਚ ਵਿਦਿਆਰਥੀ ਪੁਸ਼ਪਦੀਪ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਭੰਗੜਾ ਟੀਮ ਵਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਦੇ ਸਕੱਤਰ ਸੇਵਾਮੁਕਤ ਕਰਨਲ ਜਸਮੇਰ ਸਿੰਘ ਬਾਲਾ, ਸਥਾਨਕ ਪ੍ਰਬੰਧਕ ਕਮੇਟੀ ਸਕੱਤਰ ਡਾ: ਬਲਚਰਨਜੀਤ ਸਿੰਘ ਭਾਟੀਆ, ਮੈਂਬਰ ਇੰਜੀਨੀਅਰ ਨਰਿੰਦਰਪਾਲ ਸਿੰਘ ਸੰਧੂ ਸਮੇਤ ਸਮੂਹ ਮੈਂਬਰਾਂ ਵਲੋਂ ਪ੍ਰਿੰ. ਡਾ: ਹਰਪ੍ਰੀਤ ਸਿੰਘ ਹੁੰਦਲ, ਟੀਮ ਇੰਚਾਰਜ ਅਧਿਆਪਕਾਂ, ਜੇਤੂ ਟੀਮ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।



## ਰਿਲਾਇੰਸ ਰਿਟੇਲ ਵੱਲੋਂ ਅਜੀਓ ਬਿਜ਼ਨੈੱਸ ਤੇ ਐਥਲੀਜ਼ਰ ਬ੍ਰਾਂਡ ਐਕਸਲੇਰੇਟ ਲਾਂਚ

**ਅੰਮ੍ਰਿਤਸਰ**-ਰਿਲਾਇੰਸ ਰਿਟੇਲ ਨੇ ਆਪਣੇ ਨਵੇਂ ਕਾਮਰਸ ਪਲੇਟਫਾਰਮ, ਅਜੀਓ ਬਿਜ਼ਨੈਸ ਤੇ ਇੱਕ ਐਥਲੈਟਿਕ ਬ੍ਰਾਂਡ, ਐਕਸਲੇਰੇਟ ਲਾਂਚ ਕੀਤਾ ਹੈ। ਇਹ ਬ੍ਰਾਂਡ ਖੇਡਾਂ ਅਤੇ ਤੰਦਰੁਸਤੀ ਦੇ ਉਤਸ਼ਾਹੀ ਲੋਕਾਂ ਦੀਆਂ ਵਿਲੱਖਣ ਲੋੜਾਂ ਨੂੰ ਪੂਰਾ ਕਰਦਾ ਹੈ ਜੋ ਆਪਣੀ ਫਿਟਨੈਸ ਯਾਤਰਾ ਵਿੱਚ ਫੈਸ਼ਨ ਅਤੇ ਆਰਾਮ ਦੀ ਭਾਲ ਕਰਦੇ ਹਨ। ਐਕਸਲੇਰੇਟ ਕੋਲ 699 ਤੋਂ ਸ਼ੁਰੂ ਹੁੰਦੇ ਹੋਏ ਹਰ ਕੀਮਤ ਵਾਲੇ ਹਿੱਸੇ ਲਈ ਪੇਸਕਸ਼ ਹੈ। ਇਸ ਨੇ ਸਟਾਰ ਭਾਰਤੀ ਆਲਰਾਊਂਡਰ ਹਾਰਦਿਕ ਪੰਡਯਾ ਨੂੰ ਆਪਣੇ ਬ੍ਰਾਂਡ ਅੰਬੈਸਡਰ ਵਜੋਂ ਸਾਈਨ ਕੀਤਾ ਹੈ। ਐਕਸਲੇਰੇਟ ਦੇ ਲਾਂਚ 'ਤੇ ਬੋਲਦੇ ਹੋਏ ਰਿਲਾਇੰਸ ਰਿਟੇਲ ਦੇ ਫੈਸ਼ਨ ਅਤੇ ਲਾਈਫਸਟਾਈਲ ਦੇ ਪ੍ਰਧਾਨ ਅਤੇ ਸੀਈਓ ਅਖਿਲੇਸ ਪ੍ਰਸਾਦ ਨੇ ਕਿਹਾ, "ਐਕਸਲੇਰੇਟ ਯਕੀਨੀ ਤੌਰ 'ਤੇ ਆਪਣੇ ਨਵੀਨਤਾਕਾਰੀ ਅਤੇ ਕਿਫਾਇਤੀ ਉਤਪਾਦ ਪੇਸਕਸ਼ਾਂ ਨਾਲ ਮੁੱਲ ਪ੍ਰਤੀ ਜਾਗਰੂਕ ਖਪਤਕਾਰਾਂ ਨੂੰ ਖੁਸ਼ ਕਰੇਗਾ। ਸਾਡਾ ਬ੍ਰਾਂਡ ਅੰਬੈਸਡਰ ਹਾਰਦਿਕ ਪੰਡਯਾ ਇੱਕ ਹੈ। ਰੁਕਾਵਟਾਂ ਦੀ ਚਿੰਤਾ ਕੀਤੇ ਬਿਨਾਂ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਉਸਦੀ ਤਿਆਰੀ ਦਾ ਪ੍ਰਤੀਕ। ਹਾਰਦਿਕ ਪੰਡਯਾ ਨੇ ਐਕਸੀਲੇਰੇਟ ਨਾਲ ਆਪਣੇ ਸਬੰਧ 'ਤੇ ਬੋਲਦੇ ਹੋਏ ਕਿਹਾ ਕਿ ਮੈਨੂੰ ਐਕਸੀਲੇਰੇਟ ਨਾਲ ਜੁੜ ਕੇ ਬਹੁਤ ਖੁਸ਼ੀ ਹੋ ਰਹੀ ਹੈ। ਮੈਨੂੰ ਲੱਗਦਾ ਹੈ ਕਿ ਉਹਨਾਂ ਕੋਲ ਉਤਪਾਦਾਂ ਦੀ ਇੱਕ ਬਹੁਤ ਹੀ ਸਟਾਈਲਿਸ਼ ਅਤੇ ਆਰਾਮਦਾਇਕ ਲਾਈਨ ਹੈ। ਉਹਨਾਂ ਦੀ ਬ੍ਰਾਂਡ ਵਿਚਾਰਧਾਰਾ, 'ਡੌਂਟ ਬ੍ਰੇਕ' ਐਕਸਲੇਰੇਟ ਨਾਲ ਗੂੰਜਦੀ ਹੈ। ਆਤਮ-ਵਿਸ਼ਵਾਸ ਅਤੇ ਗਤੀ ਨਾਲ ਸਖਤ ਮਿਹਨਤ ਕਰਦੇ ਰਹਿਣਾ ਜੀਵਨ ਵਿੱਚ ਮੇਰਾ ਸਿਧਾਂਤ ਹੈ।

## ਪ੍ਰਿੰ. ਬਿੰਦੂ ਭੱਲਾ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਤ

**ਬਟਾਲਾ (ਤਰਲੋਕ ਬੱਗਾ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ ਵਲੋਂ ਆਯੋਜਿਤ ਪ੍ਰੋਗਰਾਮ ਵਿੱਚ ਡਾ. ਜਗਜੀਤ ਸਿੰਘ ਪ੍ਰੈਜ਼ੀਡੈਂਟ ਐਫਏਪੀ ਵਲੋਂ ਆਰਡੀਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਨੂੰ ਸਿੱਖਿਆ ਦੇ ਖੇਤਰ ਵਿਚ ਸਭ ਤੋਂ ਵਧੀਆ ਪ੍ਰਦਰਸ਼ਨ ਅਤੇ ਪ੍ਰਸ਼ੰਸਾਯੋਗ ਭੂਮਿਕਾ ਦੇ ਲਈ ਸਰਵੋਤਮ ਸਕੂਲ ਅਤੇ ਪ੍ਰਿੰਸੀਪਲ ਮੈਡਮ ਡਾਕਟਰ ਬਿੰਦੂ ਭੱਲਾ ਨੂੰ ਸਿੱਖਿਆ ਦੇ ਖੇਤਰ 'ਚ ਉੱਤਮ ਸੇਵਾਵਾਂ ਪ੍ਰਦਾਨ ਕਰਨ ਲਈ ਸਰਵਸ੍ਰੇਸ਼ਟ ਪ੍ਰਿੰਸੀਪਲ ਦੇ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ 230 ਸਕੂਲਾਂ ਅਤੇ 135 ਪ੍ਰਿੰਸੀਪਲਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰੈਜ਼ੀਡੈਂਟ ਅਜੇ ਖੋਸਲਾ ਅਤੇ ਪ੍ਰਿੰਸੀਪਲ ਮੈਡਮ ਡਾਕਟਰ ਬਿੰਦੂ ਭੱਲਾ ਨੇ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



## ਸੁਧੀਰ ਸੂਰੀ ਦੀ ਮੌਤ ਦੀ ਜਾਂਚ ਕੇਂਦਰੀ ਜਾਂਚ ਏਜੰਸੀ ਤੋਂ ਕਰਵਾਏ ਜਾਣ ਦੀ ਮੰਗ

**ਕਲਾਨੌਰ, (ਕੋਹਲੀ)**-ਦਿਨ-ਦਿਹਾੜੇ ਸ਼ਿਵ ਸੈਨਾ ਦੇ ਆਗੂ ਸੁਧੀਰ ਸੂਰੀ ਜਿਸ ਦਾ ਕਿ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ, 'ਤੇ ਹਿੰਦੂ ਸੰਗਠਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਨਰਿੰਦਰ ਵਿਜ ਨੀਤੀ ਭਾਜਪਾ ਸਕੱਤਰ ਗੁਰਦਾਸਪੁਰ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸ਼ਿਵ ਸੈਨਾ ਹਿੰਦੋਸਤਾਨ ਦੇ ਪ੍ਰਧਾਨ ਸੁਧੀਰ ਸੂਰੀ ਦਾ ਕਤਲ ਹੋਣ ਕਰਕੇ ਪੰਜਾਬ ਦੀ ਆਮ ਜਨਤਾ ਵਿਚ ਰੋਸ ਹੈ ਅਤੇ ਸਹਿਮ ਦਾ ਮਾਹੌਲ ਹੈ। ਇਹ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਬਹੁਤ ਵੱਡੀ ਸਾਜ਼ਿਸ਼ ਹੈ। ਪੰਜਾਬ ਦੀ ਕਾਨੂੰਨ ਵਿਵਸਥਾ ਦਾ ਕੋਈ ਵੀ ਵਾਲੀ ਵਾਰਿਸ ਨਹੀਂ ਹੈ। ਇਸ ਕਰਕੇ ਇਸ ਕਤਲ ਦੀ ਜਾਂਚ ਕਿਸੇ ਕੇਂਦਰੀ ਜਾਂਚ ਏਜੰਸੀ ਤੋਂ ਕਰਵਾਉਣਾ ਲਾਜ਼ਮੀ ਹੈ ਅਤੇ ਇਨ੍ਹਾਂ ਦੇਸ਼ ਵਿਰੋਧੀ ਅਨਸਰਾਂ ਦਾ ਨੰਗੇ ਹੋਣਾ ਜ਼ਰੂਰੀ ਹੈ। ਇਹ ਪੰਜਾਬ ਸਰਕਾਰ ਦੀ ਵੱਡੀ ਅਸਫਲਤਾ ਹੈ।

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਪਠਾਨਕੋਟ ਵਿਸ਼ੇਸ਼ ਸਪਲੀਮੈਂਟ













## ਟਰੱਕ ਨੇ ਐਕਟਿਵਾ ਸਵਾਰਾਂ ਨੂੰ ਮਾਰੀ ਟੱਕਰ, ਇੱਕ ਦੀ ਮੌਤ, ਇੱਕ ਗੰਭੀਰ ਜ਼ਖਮੀ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਝੱਜ ਚੌਕ - ਨੂਰਪੁਰ ਬੇਦੀ ਮੁੱਖ ਮਾਰਗ 'ਤੇ ਪਿੰਡ ਪਚਰੰਡਾ ਨੇੜੇ ਹੋਏ ਭਿਆਨਕ ਸੜਕ ਹਾਦਸੇ ਦੌਰਾਨ ਇਕ ਔਰਤ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮਾਮਲੇ ਸੰਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਏ.ਐਸ.ਆਈ ਤਜਿੰਦਰ ਸਿੰਘ ਨੇ ਦੱਸਿਆ ਹੈ ਕਿ ਕਾਹਨਪੁਰ ਖੂਹੀ ਸਾਈਡ ਤੋਂ ਆ ਰਿਹਾ ਟਰੱਕ ਨੰਬਰ ਐਚ.ਪੀ 64ਏ 2361 ਪਿੰਡ ਪਚਰੰਡਾ ਨੇੜੇ ਸਕੂਟਰੀ 'ਤੇ ਆ ਰਹੀਆਂ ਦੋ ਭੈਣਾਂ ਮਨਜੀਤ ਕੌਰ ਅਤੇ ਜਸਵੀਰ ਕੌਰ ਜੋ ਦਵਾਈ ਲੈਣ ਆ ਰਹੀਆਂ ਸਨ। ਆਪਣੀ ਐਕਟਿਵਾ ਸ੍ਰੀ ਆਨੰਦਪੁਰ ਵਾਲੀ ਸਾਈਡ ਤੋਂ ਸਿੰਘਪੁਰ ਹਸਪਤਾਲ ਨੂਰਪੁਰ ਬੇਦੀ ਵੱਲ ਆ ਰਹੀ ਸੀ ਤਾਂ ਉਕਤ ਟਰੱਕ ਨੇ ਉਸ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਸੜਕ 'ਤੇ ਡਿੱਗਦੇ ਹੋਏ ਮਨਜੀਤ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਦੂਸਰੀ ਭੈਣ ਜਸਵੀਰ ਕੌਰ ਗੰਭੀਰ ਜ਼ਖਮੀ ਹੋ ਗਈ। ਜਿਸ ਨੂੰ ਪਹਿਲਾਂ ਸਿਵਲ ਹਸਪਤਾਲ ਸ੍ਰੀ ਆਨੰਦਪੁਰ ਸਾਹਿਬ ਅਤੇ ਬਾਅਦ ਵਿੱਚ ਰੂਪਨਗਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿਸ ਦੀ ਹਾਲਤ ਹੁਣ ਠੀਕ ਦੱਸੀ ਜਾ ਰਹੀ ਹੈ। ਮ੍ਰਿਤਕ ਦੀ ਪਹਿਚਾਣ ਮਨਜੀਤ ਕੌਰ ਪਤਨੀ ਸੁਰਿੰਦਰ ਪਾਲ ਵਾਸੀ ਪਿੰਡ ਸਜਾਵਲਪੁਰ ਥਾਣਾ ਬਲਾਚੌਰ ਜ਼ਿਲ੍ਹਾ ਐਸ.ਬੀ.ਐਸ.ਨਗਰ ਵਜੋਂ ਹੋਈ ਹੈ। ਜਦਕਿ ਦੂਜੀ ਗੰਭੀਰ ਜ਼ਖਮੀ ਔਰਤ ਦੀ ਪਛਾਣ ਜਸਵੀਰ ਕੌਰ ਪਤਨੀ ਮੇਜਰ ਬੱਸੀ ਵਾਸੀ ਪਿੰਡ ਲੋਦੀਪੁਰ, ਸ੍ਰੀ ਅਨੰਦਪੁਰ ਸਾਹਿਬ ਵਜੋਂ ਹੋਈ ਹੈ। ਉਕਤ ਤਫਤੀਸ਼ੀ ਅਫਸਰ ਨੇ ਅੱਗੇ ਦੱਸਿਆ ਕਿ ਉਕਤ ਟਰੱਕ ਚਾਲਕ ਪ੍ਰਵੀਨ ਕੁਮਾਰ ਦੇਵੀ ਸਿੰਘ ਵਾਸੀ ਬੰਸੀ ਵਾਸੀ ਬਰਮਾਣਾ ਹਿਮਾਚਲ ਪ੍ਰਦੇਸ਼ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਲੱਖੇਵਾਲ ਵਿਖੇ ਵਿਸ਼ਾਲ ਕੁਸ਼ਤੀ ਦੰਗਲ ਕਰਵਾਇਆ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**- ਨਜਦੀਕੀ ਪਿੰਡ ਲੱਖੇਵਾਲ ਵਿਖੇ ਪੀਰਾਂ ਦੇ ਪੀਰ ਪੰਜ ਪੀਰ ਹਜਰਤ ਸੱਯਦ ਅਹਿਮਦ ਸੁਲਤਾਨ ਲੱਖ ਦਾਤਾ ਲਾਲਾਂ ਵਾਲਾ ਪੀਰ, ਸਿੱਧ ਬਾਬਾ ਪੌਣਾਹਾਰੀ ਦੇ ਧਾਰਮਿਕ ਅਸਥਾਨ 'ਤੇ ਸਮੂਹ ਨਗਰ ਨਿਵਾਸੀ ਅਤੇ ਗ੍ਰਾਮ ਪੰਚਾਇਤ ਵੱਲੋਂ ਦੂਜਾ ਵਿਸ਼ਾਲ ਕੁਸ਼ਤੀ ਦੰਗਲ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਜਸਪ੍ਰੀਤ ਸਿੰਘ ਸਨੀ ਨੇ ਦੱਸਿਆ ਕਿ ਇਸ ਛਿੰਝ ਮੇਲੇ ਵਿੱਚ 100 ਦੇ ਕਰੀਬ ਪਹਿਲਵਾਨਾਂ ਨੇ ਆਪਣੇ ਕੁਸ਼ਤੀ ਦੇ ਜੌਹਰ ਦਿਖਾਏ ਅਤੇ ਵੱਡੀ ਗਿਣਤੀ ਵਿਚ ਇੱਕਠੇ ਹੋਏ ਦਰਸ਼ਕਾਂ ਤੋਂ ਵਾਹ ਵਾਹ ਖੱਟੀ। ਇਸ ਛਿੰਝ ਦੌਰਾਨ ਝੰਡੀ ਦੀ ਕੁਸ਼ਤੀ ਜੱਸਾ ਪੱਟੀ ਅਤੇ ਜਤਿੰਦਰ ਪਥਰੇੜੀ ਵਿਚਕਾਰ ਹੋਈ, ਜਿਸ ਵਿੱਚ ਦੋਨਾਂ ਪਹਿਲਵਾਨਾਂ ਵਿੱਚ ਕਾਂਟੇ ਦੀ ਟੱਕਰ 20 ਮਿੰਟ ਚੱਲੀ, ਜਿਸ ਦੌਰਾਨ ਕੋਈ ਵੀ ਨਤੀਜਾ ਸਾਹਮਣੇ ਨਾ ਆਇਆ, ਪ੍ਰਬੰਧਕਾਂ ਨੇ ਅੰਕਾਂ ਦੇ ਅਧਾਰ 'ਤੇ ਕੁਸ਼ਤੀ ਕਰਵਾਉਣ ਦਾ ਫੈਸਲਾ ਕੀਤਾ, ਜਿਸ ਵਿੱਚ ਜੱਸਾ ਪੱਟੀ ਨੇ ਪਹਿਲਾਂ ਅੰਕ ਬਣਾ ਕੇ ਝੰਡੀ ਦੀ ਕੁਸ਼ਤੀ 'ਤੇ ਕਬਜਾ ਕਰ ਲਿਆ। ਇਸ ਤੋਂ ਇਲਾਵਾ ਦੂਸਰੀ ਝੰਡੀ ਦੀ ਕੁਸ਼ਤੀ ਗੋਲਡੀ ਚਮਕੌਰ ਸਾਹਿਬ ਅਤੇ ਮੁਨੀਸ਼ ਗੁੱਜਰ ਦਰਮਿਆਨ ਹੋਈ, ਦੋਨਾਂ ਪਹਿਲਾਵਾਨਾਂ ਵਿੱਚ ਕੁਸ਼ਤੀ ਕਰੀਬ 20 ਮਿੰਟ ਚੱਲੀ, ਕੋਈ ਨਤੀਜਾ ਨਾ ਆਉਂਦਾ ਦੇਖ ਪ੍ਰਬੰਧਕਾਂ ਨੇ ਅੰਕਾਂ ਦੇ ਅਧਾਰ 'ਤੇ ਕੁਸ਼ਤੀ ਕਰਵਾਈ ਜਿਸ ਵਿੱਚ ਗੋਲਡੀ ਚਮਕੌਰ ਸਾਹਿਬ ਅੰਕ ਬਣਾ ਕੇ ਜੇਤੂ ਰਿਹਾ। ਇਸੇ ਤਰ੍ਹਾਂ ਸ਼ੁਭਮ ਡੂਮਛੇੜੀ ਨੇ ਜਸ਼ਨ ਪੱਟੀ ਨੂੰ, ਬਾਬਾ ਚਮਕੌਰ ਸਾਹਿਬ ਨੇ ਗੁਰਮਿੰਦਰ ਗੱਗੜਵਾਲ ਨੂੰ, ਜੋਗੀ ਬਠਿੰਡਾ ਨੇ ਲਾਲ ਮੰਡ ਚੌਂਤਾ ਨੂੰ ਕ੍ਰਮਵਾਰ ਚਿੱਤ ਕੀਤਾ। ਇਸ ਦੰਗਲ ਮੇਲੇ ਦੇ ਪੁੱਜੇ ਪਹਿਲਵਾਨਾਂ ਅਤੇ ਆਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਕੁਸ਼ਤੀ ਦੰਗਲ ਦੇ ਮੁੱਖ ਪ੍ਰਬੰਧਕ ਗੱਦੀ ਨਸ਼ੀਨ ਜਸਪ੍ਰੀਤ ਸਿੰਘ ਸਨੀ, ਮਨੀ, ਬਹਾਦਰ ਸਿੰਘ ਪੰਚ, ਮਨਜੀਤ ਸਿੰਘ ਸਰਪੰਚ, ਹੈਪੀ ਫਰੀਦ, ਕੁਲਵੀਰ ਸਿੰਘ, ਪਾਲੀ, ਅਵਤਾਰ ਸਿੰਘ, ਦਲਜੀਤ ਸਿੰਘ, ਸੰਦੀਪ ਸਿੰਘ, ਗੁਰਪਾਲ ਸਿੰਘ ਸਮੂਹ ਗਰਾਮ ਪੰਚਾਇਤ, ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀਆਂ ਤੋਂ ਇਲਾਵਾ ਪਿੰਡ ਦੇ ਹੋਰ ਪਤਵੰਤੇ ਸੱਜਣ ਵੀ ਹਾਜਰ ਸਨ।



### ਧੰਨਵਾਦ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਪਠਾਨਕੋਟ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਦਿੱਤੇ ਸਹਿਯੋਗ ਲਈ ਮੈਂ ਇਸ਼ਤਿਹਾਰ ਦੇਣ ਵਾਲੀਆਂ ਸਮੂਹ ਸੰਸਥਾਵਾਂ ਦਾ ਵਿਸ਼ੇਸ਼ ਧੰਨਵਾਦ ਕਰਦਾ ਹਾਂ।

**ਦਵਿੰਦਰ ਸੈਣੀ**

ਪੱਤਰਕਾਰ ਪਠਾਨਕੋਟ, ਮੋਬਾ. 95305-91456



## ਸਿੱਖਿਆ ਮੰਤਰੀ ਦੇ ਬਿਆਨ ਵਾਲੀ ਪੋਸਟ ਦਾ ਖਮਿਆਜ਼ਾ ਭੁਗਤਣਾ ਪਿਆ ਮੈਨੂੰ : ਰੱਜਤ ਮਹਾਜਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼ਹਿਰ ਮੁਕੇਰੀਆਂ ਦੇ ਇੱਕ ਸਰਕਾਰੀ ਸਕੂਲ ਦੇ ਅਧਿਆਪਕ ਨੂੰ ਗਰੁੱਪ ਵਿੱਚ ਸਿੱਖਿਆ ਮੰਤਰੀ ਪੰਜਾਬ ਦੇ ਬਿਆਨ ਦੀ ਪੋਸਟ "ਸਰਕਾਰੀ ਸਕੂਲਾਂ ਦੇ ਵਿਦਿਆਰਥੀ ਰੁਜ਼ਗਾਰ ਮੰਗਣ ਵਾਲੇ ਨਹੀਂ ਰੁਜ਼ਗਾਰ ਦਾਤਾ ਬਣਨਗੇ" ਦੀ ਭਾਰੀ ਕੀਮਤ ਚੁਕਾਉਣੀ ਪਈ। ਇਸ ਸਬੰਧੀ ਅਧਿਆਪਕ ਅਧਿਆਪਕ ਰੱਜਤ ਮਹਾਜਨ ਵੱਲੋਂ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਅਤੇ ਐੱਸ.ਐੱਸ.ਪੀ ਦਫਤਰ ਜ਼ਿਲ੍ਹਾ ਹੁਸ਼ਿਆਰਪੁਰ ਕ੍ਰਾਈਮ ਸੈੱਲ ਨੂੰ ਦਿੱਤੀ ਆਨ ਲਾਈਨ ਦਰਖਾਸਤ ਵਿੱਚ ਲਿਖਿਆ ਹੈ ਕਿ ਮੈਂ ਰੱਜਤ ਮਹਾਜਨ ਵਾਸੀ ਮੁਕੇਰੀਆਂ, ਸਰਕਾਰੀ ਐਲੀਮੈਂਟਰੀ ਸਕੂਲ ਸਿੰਘਪੁਰ ਬਲਾਕ ਹਾਜੀਪੁਰ ਵਿਖੇ ਪੜ੍ਹਾਉਂਦਾ ਹਾਂ। ਅਧਿਆਪਕ ਰੱਜਤ ਮਹਾਜਨ ਨੇ ਦੱਸਿਆ ਕਿ "ਸੰਘਰਸ਼ ਕਮੇਟੀ ਹੁਸ਼ਿਆਰਪੁਰ" ਨਾਂਅ ਦੇ ਵਟਸਐਪ ਗਰੁੱਪ ਵਿੱਚ ਸਿੱਖਿਆ ਮੰਤਰੀ ਵੱਲੋਂ "ਬਿਜ਼ਨਸ ਬਲਾਸਟਰ ਯੰਗ ਇੰਟਰ ਪਨਿਓਰ ਸਕੀਮ" ਦੇ ਉਦਘਾਟਨ ਮੌਕੇ ਆਪਣੇ ਸੰਬੋਧਨ ਵਿੱਚ ਕਿਹਾ ਸੀ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਰੋਜ਼ਗਾਰ ਦਾਤਾ ਬਣਾਵਾਂਗੇ, ਮੈਂ ਬਹੁਤ ਪ੍ਰਭਾਵਿਤ ਹੋਇਆ ਅਤੇ ਇਸ ਬਿਆਨ ਦੀ ਕਲਿਪ ਮੈਂ ਉਪਰੋਕਤ ਗਰੁੱਪ ਵਿੱਚ ਭੇਜ ਦਿੱਤੀ। ਇਸ ਤੋਂ ਬਾਅਦ ਮੈਨੂੰ ਮੇਰੇ ਨੰਬਰ ਤੇ ਇੰਦਰ ਸੁਖਦੀਪ ਸਿੰਘ ਸਰਕਾਰੀ ਐਲੀਮੈਂਟਰੀ ਸਕੂਲ ਬਨਿਆਲ ਬਲਾਕ ਦਸੂਹਾ-2 ਅਧਿਆਪਕ ਦਾ ਫੋਨ ਆਇਆ ਕਿ ਪੋਸਟ ਕਿਉਂ ਪਾਈ, ਇਸ ਨੂੰ ਹਟਾ ਅਤੇ ਨਾਲ ਹੀ ਗਾਲੀ ਗਲੋਚ, ਮਾਂ ਭੈਣ ਦੀਆਂ ਗਾਲਾਂ ਅਤੇ ਤੈਨੂੰ ਦੇਖ ਲਵਾਂਗੇ, ਜਾਨੋਂ ਮਾਰਨ ਦੀ ਧਮਕੀ ਆਦਿ ਮੇਰੀ ਸ਼ਾਨ ਖਿਲਾਫ ਬੋਲਿਆ ਗਿਆ। ਮੇਰੀ ਕੋਈ ਗੱਲ ਨਾ ਸੁਣੀ "ਗਾਲਾਂ ਗਾਲਾਂ ਤੇ ਸਿਰਫ ਗਾਲਾਂ ਹੀ ਕੱਢਦਾ ਰਿਹਾ। ਉਸ ਨੇ ਕਿਹਾ ਕਿ ਮੈਂ ਇੰਦਰ ਸੁਖਦੀਪ ਸਿੰਘ ਬੋਲ ਰਿਹਾ ਹਾਂ। ਇਸ ਤੋਂ ਬਾਅਦ ਮੈ ਫੋਨ ਕੱਟ ਦਿੱਤਾ। ਮੇਰਾ ਪਰਵਾਰ ਅਤੇ ਰਿਸ਼ਤੇਦਾਰ ਵੱਲੋਂ ਮੇਰਾ ਜਨਮ ਦਿਨ ਮਨਾਇਆ ਜਾ ਰਿਹਾ ਸੀ। ਸਾਰੇ ਘਰ ਵਿੱਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ। ਦਰਖਾਸਤ ਕਰਤਾ ਵੱਲੋਂ ਆਪਣੀ ਅਤੇ ਆਪਣੇ ਪਰਵਾਰ ਦੀ ਜਾਨ ਅਤੇ ਮਾਲ ਦੀ ਰੱਖਿਆ ਲਈ ਉਕਤ ਵਿਅਕਤੀ ਖਿਲਾਫ ਸਖਤ ਕਾਰਵਾਈ ਲਈ ਸਿੱਖਿਆ ਮੰਤਰੀ, ਐਸ.ਐੱਸ.ਪੀ ਜ਼੍ਹਾ ਹੁਸ਼ਿਆਰਪੁਰ ਨੂੰ ਬੇਨਤੀ ਕੀਤੀ ਹੈ। ਇਸ ਸੰਬੰਧੀ ਜਦੋਂ ਮਾਸਟਰ ਇੰਦਰ ਸੁਖਦੀਪ ਸਿੰਘ ਤੋਂ ਪੱਖ ਜਾਨਣ ਲਈ ਉਨ੍ਹਾਂ ਦੇ ਫੋਨ ਨੰਬਰ ਤੇ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਮੇਰੀ ਰਜਤ ਮਹਾਜਨ ਨਾਲ ਫੋਨ ਤੇ ਇਸ ਸੰਬੰਧ ਵਿੱਚ ਗੱਲਬਾਤ ਹੋ ਗਈ ਹੈ, ਹੁਣ ਮੇਰਾ ਤੇ ਰੱਜਤ ਮਹਾਜਨ ਦਾ ਆਪਸੀ ਕੋਈ ਮੱਤਭੇਦ ਨਹੀਂ ਹੈ।

## ਵਾਤਾਵਰਣ ਬਚਾਉਣ ਦਾ ਹੋਕਾ ਦਿੰਦਿਆਂ ਨਗਰ ਕੀਰਤਨ ਸੀਚੇਵਾਲ ਤੋਂ ਸੁਲਤਾਨਪੁਰ ਲੋਧੀ ਪਹੁੰਚਿਆ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੂਜਾ ਮਹਾਨ ਨਗਰ ਕੀਰਤਨ ਨਿਰਮਲ ਕੁਟੀਆ ਸੀਚੇਵਾਲ ਤੋਂ ਸ਼ੁਰੂ ਹੋ ਕੇ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਪ੍ਰਕਾਸ਼ ਪਵਿੱਤਰ ਕਾਲੀ ਵੇਈਂ ਨਿਰਮਲ ਕੁਟੀਆ ਪਹੁੰਚਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਇਹ ਨਗਰ ਕੀਰਤਨ ਸਵੇਰੇ ਨਿਰਮਲ ਕੁਟੀਆ ਸੀਚੇਵਾਲ ਤੋਂ ਆਰੰਭ ਹੋਇਆ। ਇਹ ਨਗਰ ਕੀਰਤਨ ਪਿੰਡ ਮਾਲਾ, ਸੋਹਲ ਖਾਲਸਾ, ਤਲਵੰਡੀ ਮਾਧੋ, ਅਹਿਮਦਪੁਰ, ਸ਼ੇਰਪੁਰ ਦੋਨਾਂ, ਮਨਿਆਲਾ, ਤੋਤੀ, ਨਸੀਰੇਵਾਲ, ਮੁਹੱਬਲੀਪੁਰ, ਫੌਜੀ ਕਲੌਨੀ, ਝੱਲ ਲੇਈਵਾਲ, ਰਣਧੀਰਪੁਰ ਤੋਂ ਹੁੰਦਾ ਹੋਇਆ ਗੁਰਦੁਆਰਾ ਸੰਤ ਘਾਟ ਸਾਹਿਬ ਤੋਂ ਪਵਿੱਤਰ ਵੇਈਂ ਦੇ ਕੰਢੇ-ਕੰਢੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚਿਆ। ਨਗਰ ਕੀਰਤਨ ਦੌਰਾਨ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਨਿੱਘਾ ਸਵਾਗਤ ਕਰਨ ਲਈ ਸਵਾਗਤੀ ਗੇਟ ਤੇ ਲੰਗਰ ਲਗਾਏ ਗਏ ਸੀ। ਨਗਰ ਕੀਰਤਨ ਦੇ ਅੱਗੇ-ਅੱਗੇ ਗਤਕਾ ਖਿਡਾਰੀਆਂ ਵੱਲੋਂ ਗਤਕੇ ਦੇ ਜੌਹਰ ਦਿਖਾਏ ਜਾ ਰਹੇ ਸੀ ਤੇ ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਤੇ ਕਾਲਜ ਦੇ ਵਿਦਿਆਰਥੀਆਂ ਨੇ ਹੱਥਾਂ ਵਿਚ ਤਖਤੀਆਂ ਫੜ ਕੇ ਵਾਤਾਵਰਣ ਬਚਾਉਣ ਦਾ ਹੋਕਾ ਦਿੱਤਾ ਜਾ ਰਿਹਾ ਸੀ। ਇਸ ਨਗਰ ਕੀਰਤਨ ਵਿਚ ਸੰਤ ਲੀਡਰ ਸਿੰਘ ਸੈਫਲਾਬਾਦ, ਸੰਤ ਅਮਰੀਕ ਸਿੰਘ ਖੁਖਰੈਣ, ਸੰਤ ਗੁਰਮੇਜ ਸਿੰਘ ਸੈਦਰਾਣਾ ਸਾਹਿਬ ਆਦਿ ਮਹਾਂਪੁਰਸ਼ਾਂ ਤੇ ਸ਼ਖਸੀਅਤਾਂ ਨੇ ਹਾਜ਼ਰੀ ਭਰੀ। ਨਗਰ ਕੀਰਤਨ ਦੌਰਾਨ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵਾਤਾਵਰਣ ਨੂੰ ਬਚਾਉਣ ਲਈ ਤੇ ਹਵਾ, ਪਾਣੀ ਤੇ ਧਰਤੀ ਨੂੰ ਸ਼ੁੱਧ ਰੱਖਣ ਦਾ ਸੁਨੇਹਾ ਦਿੱਤਾ। ਉਹਨਾਂ ਫੈਕਟਰੀ ਚੋਂ ਨਿਕਲ ਰਹੇ ਧੂੰਏ ਤੇ ਪਰਾਲੀ ਨੂੰ ਅੱਗ ਲਗਾਉਂਦੇ ਕਿਸਾਨਾਂ ਬਾਰੇ ਕਿਹਾ ਕਿ ਉਹਨਾਂ ਦੀ ਕਰਨੀ ਦਾ ਭੁਗਤਾਨ ਕੁੱਲ ਲੋਕਾਈ ਨੂੰ ਚੁਕਾਉਣਾ ਪੈ ਰਿਹਾ ਹੈ। ਬੂਟਿਆਂ ਦਾ ਪ੍ਰਸ਼ਾਦ ਦਿੰਦਿਆਂ ਉਹਨਾਂ ਕਿਹਾ ਕਿ ਪੰਜਾਬ ਨੂੰ ਮੁੜ ਤੋਂ ਹਰਿਆ-ਭਰਿਆ ਤੇ ਇਸ ਦੇ ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸੁਰੱਖਿਅਤ ਹੋ ਸਕੇ। ਨਗਰ ਕੀਰਤਨ ਦੌਰਾਨ ਸੰਤ ਸੀਚੇਵਾਲ ਨੇ 13 ਨਵੰਬਰ ਨੂੰ ਪਵਿੱਤਰ ਵੇਈਂ ਕਿਨਾਰੇ ਵਾਤਾਵਰਣ ਸੈਮੀਨਾਰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਵਿਸ਼ਵ ਤੋਂ ਮਾਹਰ ਤੇ ਵਿਦਵਾਨ ਸ਼ਾਮਿਲ ਹੋਣਗੇ।



## ਮੇਹਰਚੰਦ ਪੋਲੀਟੈਕਨਿਕ 'ਚ 160 ਵਿਦਿਆਰਥੀ ਸਨਮਾਨਿਤ

**ਜਲੰਧਰ (ਸ਼ੈਲੀ ਐਲਬਰਟ)**

ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਸਲਾਨਾ ਸਮਾਗਮ ਸਿਰਜਨ-22 ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪੰਜਾਬੀ ਫਿਲਮਾਂ ਦੇ ਪ੍ਰਸਿੱਧ ਕਲਾਕਾਰ ਤੇ ਕਮੇਡੀ ਕਿੰਗ ਗੁਰਪ੍ਰੀਤ ਘੁੱਗੀ ਨੇ ਸ਼ਿਰਕਤ ਕੀਤੀ। ਡੀ.ਏ.ਵੀ. ਕਾਲਜ ਦੀ ਮੈਨੇਜਿੰਗ ਕਮੇਟੀ ਦੇ ਸਕੱਤਰ ਅਜੇ ਗੋਸਵਾਮੀ, ਕੁੰਦਨ ਲਾਲ ਅਗਰਵਾਲ, ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਪ੍ਰਿੰਸੀਪਲ ਸੁਧੀਰ ਸ਼ਰਮਾ, ਪ੍ਰਿੰਸੀਪਲ ਸੰਜੀਵ ਸੂਦ, ਪ੍ਰਿੰਸੀਪਲ ਜਤਿੰਦਰ ਸ਼ਰਮਾ, ਕਾਊਂਸਲਰ ਜਗਦੀਸ਼ ਸਮਰਾਏ, ਸਮਾਜ ਸੇਵਕ ਤੇ ਸਾਂਈਦਾਸ ਅਲੂਮੀਨ ਸੁਧੀਰ ਸ਼ਰਮਾ, ਆਰ. ਕੇ. ਚੌਧਰੀ, ਐਮ.ਐਲ. ਏਹਰੀ, ਪ੍ਰਿੰਸੀਪਲ ਵਿਜੇ ਸ਼ਰਮਾ ਵੀ ਹਾਜ਼ਰ ਸਨ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਸਟਾਫ ਨੇ ਮੁੱਖ ਮਹਿਮਾਨ ਦਾ ਸੁਆਗਤ ਫੁੱਲਾਂ ਦੇ ਗੁਲਦਸਤੇ ਨਾਲ ਕੀਤਾ। ਮੁੱਖ ਮਹਿਮਾਨ ਅਤੇ ਦੂਜੇ ਮਹਿਮਾਨਾਂ ਨੇ ਕਾਲਜ ਵਿੱਚ ਬਣਾਈ ਗਈ ਸਟੂਡੈਂਟ ਅਚੀਵਮੈਂਟ ਗੈਲਰੀ ਵੀ ਵੇਖੀ। ਪ੍ਰੋਗ੍ਰਾਮ ਦਾ ਅਗਾਜ਼ ਸ਼ਬਦ ਨਾਲ ਹੋਇਆ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਮੁੱਖ ਮਹਿਮਾਨ ਅਤੇ ਦੂਜੇ ਮਹਿਮਾਨਾਂ ਦੇ ਸਨਮਾਨ ਵਿੱਚ ਸੁਆਗਤੀ ਭਾਸ਼ਣ ਦਿੱਤਾ ਤੇ ਕਾਲਜ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਸਾਡੇ ਕਾਲਜ ਦੇ ਵਿਦਿਆਰਥੀ ਗੁਰਪ੍ਰੀਤ ਘੁੱਗੀ ਨੂੰ ਮਿਲਣ ਲਈ ਬੜੇ ਉਤਾਵਲੇ ਸਨ ਤੇ ਉਹਨਾਂ ਨੇ ਜੀ-ਤੋੜ ਮਿਹਨਤ ਕੀਤੀ ਹੈ। ਇਸ ਮੌਕੇ ਵਿਦਿਆਰਥੀਆਂ ਵਲੋਂ ਰੰਗਾਰੰਗ ਪ੍ਰੋਗਰਾਮ ਵਿੱਚ ਕਵਿਤਾ, ਕੋਰੀਓਗ੍ਰਾਫੀ, ਡਾਂਸ ਤੇ ਭੰਗੜਾ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਨੇ ਅਕਾਡਮਿਕ ਅਤੇ ਵੱਖ ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ 160 ਦੇ ਕਰੀਬ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਮੁੱਖ ਮਹਿਮਾਨ ਗੁਰਪ੍ਰੀਤ ਸਿੰਘ ਘੁੱਗੀ ਨੇ ਪ੍ਰਧਾਨਗੀ ਭਾਸ਼ਣ ਵਿੱਚ ਸਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਏਥੇ ਆ ਕੇ ਕਾਲਜ ਦੀਆਂ ਪ੍ਰਾਪਤੀਆਂ ਵੇਖ ਕੇ ਬਹੁਤ ਖੁਸ਼ ਹੋਏ ਹਨ। ਵਿਦਿਆਰਥੀਆਂ ਦੀਆਂ ਸੱਭਿਆਚਾਰਕ ਆਈਟਮਾਂ ਬੜੇ ਹੀ ਉਚ ਪੱਧਰ ਦੀਆਂ ਹਨ। ਉਹਨਾਂ ਵਿਦਿਆਰਥੀਆਂ ਨੂੰ ਮਿਹਨਤ ਕਰਨ ਲਈ ਤੇ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ। ਧੰਨਵਾਦ ਮਤਾ ਪੇਸ਼ ਕਰਦਿਆਂ ਅਜੇ ਗੋਸਵਾਮੀ ਨੇ ਕਿਹਾ ਕਿ ਜਦੋਂ ਵੀ ਉਹ ਇਸ ਕਾਲਜ ਵਿੱਚ ਆਉਂਦੇ ਹਨ, ਕੁਝ ਨਵਾਂ ਵੇਖਦੇ ਹਨ। ਉਹਨਾਂ ਦੀ ਇੱਛਾ ਹੈ ਕਿ ਇਹ ਭਾਰਤ ਦਾ ਨੰਬਰ ਵੰਨ ਪੋਲੀਟੈਕਨਿਕ ਬਣੇ। ਇਸ ਮੌਕੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸ. ਗੁਰਪ੍ਰੀਤ ਸਿੰਘ ਘੁੱਗੀ ਨੂੰ "ਡਿਸਟਿੰਗੁਇਸ਼ਡ ਚੀਫ ਗੈਸਟ" ਦਾ ਸਰਟੀਫਿਕੇਟ ਭੇਟ ਕੀਤਾ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਪੰਕਜ ਗੁਪਤਾ, ਮੈਡਮ ਪ੍ਰੀਤਕੰਵਲ, ਮੈਡਮ ਪ੍ਰਤਿਭਾ ਤੇ ਮੈਡਮ ਨੀਤੂ ਸ਼ਰਮਾ ਨੇ ਕੀਤਾ।




## ਪਿੰਡ ਬੱਡੋਂ 'ਚ ਅੱਖਾਂ ਦਾ ਆਪ੍ਰੇਸ਼ਨ ਕੈਂਪ ਅੱਜ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)** ਪਿੰਡ ਬੱਡੋਂ ਵਿਖੇ ਨਿਰਮਲ ਕੁਟੀਆ ਸੰਤ ਮਈਆ ਦਾਸ ਦੇ ਅਸਥਾਨ 'ਤੇ ਸਤਨਾਮ ਸਿੰਘ ਮਿਨਹਾਸ ਤੇ ਮਨਪ੍ਰੀਤ ਸਿੰਘ ਮਿਨਹਾਸ ਵੱਲੋਂ ਆਪਣੇ ਨਾਨਾ ਰਾਣਾ ਕ੍ਰਿਸ਼ਨ ਸਿੰਘ ਪਰਮਾਰ, ਨਾਨੀ ਹਰਬੰਸ ਕੌਰ, ਮਾਤਾ ਸੁਰਿੰਦਰ ਕੌਰ ਮਿਨਹਾਸ ਅਤੇ ਪਿਤਾ ਚੌਧਰੀ ਪ੍ਰਿਥਵੀ ਰਾਜ ਸਿੰਘ ਮਿਨਹਾਸ ਯਾਦ ਵਿੱਚ ਲਾਇਨਜ਼ ਕਲੱਬ ਆਦਮਪੁਰ ਅਤੇ ਲਾਇਨਜ਼ ਆਈ ਹਸਪਤਾਲ ਸੁਸਾਇਟੀ ਦੀ ਦੇਖ ਰੇਖ ਹੇਠ ਮੁਫ਼ਤ ਅੱਖਾਂ ਦਾ ਆਪ੍ਰੇਸ਼ਨ ਕੈਂਪ 06 ਨਵੰਬਰ ਦਿਨ ਐਤਵਾਰ ਨੂੰ ਸਵੇਰੇ 09 ਵਜੇ ਤੋਂ 01 ਤੱਕ ਲਗਾਇਆ ਜਾ ਰਿਹਾ ਹੈ। ਇਸ ਮੌਕੇ ਦਲਜੀਤ ਸਿੰਘ ਬਿੱਟੂ, ਸਰਪ੍ਰੀਤ ਸਿੰਘ ਸੋਨੂੰ ਸਾਬਕਾ ਪੰਚ, ਪ੍ਰਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਮੁਫ਼ਤ ਅੱਖਾਂ ਦੇ ਚੈੱਕ ਅੱਪ ਕੀਤਾ ਜਾਵੇਗਾ ਅਤੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਲੋੜਵੰਦ ਮਰੀਜ਼ਾਂ ਦੇ ਲਾਇਨਜ਼ ਆਈ ਹਸਪਤਾਲ ਆਦਮਪੁਰ ਵਿਖੇ ਆਪਰੇਸ਼ਨ ਕਰਕੇ ਮੁਫ਼ਤ ਲੈਨਜ਼ ਪਾਏ ਜਾਣਗੇ।

## ਗੁਰਦੁਆਰਾ ਸਿੰਘਾਂ ਸ਼ਹੀਦਾਂ, ਨੰਗਲ ਬੇਟ ਵਿਖੇ ਗੁਰਪੁਰਬ 18 ਤੋਂ

**ਫਿਲੌਰ (ਬਿਕਰਮਜੀਤ ਸਿੰਘ ਕਨੇਡੀ)**- ਗੁਰਦੁਆਰਾ ਸਿੰਘਾਂ ਸ਼ਹੀਦਾਂ, ਡੇਰਾ ਸੰਤ ਬਾਬਾ ਜਰਨੈਲ ਸਿੰਘ, ਨੰਗਲ ਬੇਟ , ਨੇੜੇ ਆਲੋਵਾਲ, ਫਿਲੌਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ 18 ਨਵੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਆਰੰਭ ਕੀਤੇ ਜਾਣਗੇ। 19 ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਆਰੰਭ ਕੀਤਾ ਜਾਵੇਗਾ ਜੋ ਨੰਗਲ, ਆਲੋਵਾਲ, ਭੁੱਲੇਵਾਲ, ਮੋਤਿਪੁਰ ਖਾਲਸਾ, ਗੰਨਾ ਪਿੰਡ ਫਿਲੌਰ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ । 20 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ । 20 ਨਵੰਬਰ ਨੂੰ ਲੜਕੀਆਂ ਦੇ ਸਮੂਹਿਕ ਵਿਆਹ ਕੀਤੇ ਜਾਣਗੇ । ਇਸ ਮੌਕੇ ਮਾਤਾ ਪ੍ਰਕਾਸ਼ ਕੌਰ ਦੀ ਸਲਾਨਾ ਬਰਸੀ ਨੂੰ ਸਮਰਪਤ ਅੱਖਾਂ ਦੇ ਮੁਫਤ ਅਪਰੇਸ਼ਨ ਕੀਤੇ ਜਾਣਗੇ । 21 ਨਵੰਬਰ ਨੂੰ 50, 55, 65 ਕਿਲੋ ਦੇ ਕਬੱਡੀ ਮੁਕਾਬਲੇ ਕਰਵਾਏ ਜਾਣਗੇ । 21 ਨਵੰਬਰ ਨੂੰ ਕਲੱਬਾਂ ਦੀਆਂ ਲੜਕੀਆਂ ਦੇ ਸ਼ੋਅ ਮੈਚ ਕਰਵਾਏ ਜਾਣਗੇ । 21 ਅਤੇ 22 ਨਵੰਬਰ ਨੂੰ ਵਾਲੀਬਾਲ ਮੈਚ ਕਰਵਾਏ ਜਾਣਗੇ । ਇਸ ਮੌਕੇ ਇਨਾਮਾਂ ਦੀ ਵੰਡ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ । ਜਾਣਕਾਰੀ ਦਿੰਦਿਆਂ ਬਾਬਾ ਸੁਖਵਿੰਦਰ ਸਿੰਘ ਨੇ ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿਚ ਪੁੱਜਣ ਦੀ ਬੇਨਤੀ ਕੀਤੀ ਹੈ ।



ਸੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ ਗੁਰਦੁਆਰਾ ਤਖਤਗੜ੍ਹ ਸਾਹਿਬ ਫਿਲੌਰ ਤੋਂ ਆਰੰਭ ਹੋਏ ਨਗਰ ਕੀਰਤਨ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪ੍ਰੇਮ ਕੁਮਾਰ , ਪ੍ਰਦੀਪ ਸਿੰਘ ਦੁਸਾਂਝ, ਕੌਂਸਲਰ ਵੈਭਵ ਸ਼ਰਮਾ ਸਾਬਕਾ ਕੌਂਸਲਰ ਸੁਰਿੰਦਰ ਡਾਬਰ, ਜੱਸੀ ਚੱਢਾ ਪਿੰਕੀ ਚੱਢਾ ਤੋਂ ਇਲਾਵਾ ਦੇਸ਼ ਵਿਦੇਸ਼ ਤੋਂ ਸੰਗਤਾਂ ਹਾਜ਼ਰ ਸਨ। (ਫੋਟੋ ਤੇ ਵੇਰਵਾ ਫਿਲੌਰ ਤੋਂ ਬਿਕਰਮਜੀਤ ਕੈਨੇਡੀ)

## ਅੱਗ ਨਾਲ ਪਿੰਡ ਝਾਵਾਂ ਦੇ ਘਰ ਦਾ ਸਾਮਾਨ ਹੋਇਆ ਸੜ ਕੇ ਸੁਆਹ

**ਅੱਡਾ ਸਰਾਂ ( ਜਸਵੀਰ ਕਾਜਲ)** ਅੱਡਾ ਸਰਾਂ ਨਜਦੀਕ ਪੈਂਦੇ ਪਿੰਡ ਝਾਵਾਂ ਵਿਚ ਇਕ ਘਰ ਨੂੰ ਅਚਾਨਕ ਅੱਗ ਲੱਗਣ ਕਾਰਨ ਸਾਰਾ ਸਾਮਾਨ ਅਤੇ ਨਗਦੀ ਸੜ ਕੇ ਸੁਆਹ ਹੋ ਗਈ । ਅੱਗ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਲੱਗ ਸਕਿਆ। ਹਰਦੇਵ ਸਿੰਘ ਸਾਬੀ ਪੁੱਤਰ ਹਰਦੀਪ ਸਿੰਘ ਦੇ ਘਰ ਨੂੰ ਉਸ ਵੇਲੇ ਅੱਗ ਲੱਗੀ ਜਦੋਂ ਉਹ ਪਤਨੀ ਸਮੇਤ ਘਰ ਤੋਂ ਬਾਹਰ ਮਿਹਨਤ ਮਜ਼ਦੂਰੀ ਕਰਨ ਲਈ ਗਿਆ ਹੋਇਆ ਸੀ । ਸਵੇਰੇ ਜਦੋਂ ਲੋਕਾਂ ਨੇ ਘਰ ਦੇ ਕਮਰੇ ਚੋਂ ਅੱਗ ਦੀ ਲਾਟਾਂ ਨਿਕਲਦੀਆਂ ਵੇਖੀਆਂ ਤਾਂ ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਉਸ ਸਮੇਂ ਤੱਕ ਕਾਫੀ ਨੁਕਸਾਨ ਹੋ ਚੁੱਕਾ ਸੀ । ਹਰਦੇਵ ਸਿੰਘ ਮੁਤਾਬਕ ਅੱਗ ਕਾਰਨ ਉਸ ਦਾ ਲਗਭਗ ਸਾਰਾ ਸਾਮਾਨ ਅਤੇ ਬਹੁਤ 15 ਹਜ਼ਾਰ ਰੁਪਏ ਨਕਦੀ ਸੜ ਕੇ ਸੁਆਹ ਹੋ ਗਏ । ਪਿੰਡ ਦੇ ਸਰਪੰਚ ਝਾਵਰ ਨੇ ਪ੍ਰਸ਼ਾਸਨ ਕੋਲੋਂ ਪੀੜਤ ਪਰਵਾਰ ਦੀ ਮਦਦ ਦੀ ਅਪੀਲ ਕੀਤੀ ਹੈ।

## ਸੀ ਟੀ ਪਬਲਿਕ ਸਕੂਲ ਨੇ ਜਿੱਤਿਆ ਸਹੋਦਿਆ ਕ੍ਰਿਕਟ ਟੂਰਨਾਮੈਂਟ

**ਜਲੰਧਰ (ਸ਼ੈਲੀ ਐਲਬਰਟ)**

ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਸ਼ਾਹਪੁਰ ਕੈਂਪਸ ਵਿਖੇ ਕ੍ਰਿਕਟ ਸਹੋਦਿਆ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੀਆਂ 14 ਟੀਮਾਂ ਨੇ ਖਿਡਾਰੀਆਂ ਨੇ ਭਾਗ ਲਿਆ ਜੋ ਆਪਣੇ ਸ਼ੁਰੂਆਤੀ ਦੌਰ ਵਿੱਚ ਸਨ। ਇਸ ਖੇਲ ਦਾ ਉਦਘਾਟਨ ਪ੍ਰਿੰਸੀਪਲ ਐਚ.ਐਮ ਡਿਵੋਏ ਛਾਬੜਾ ਅਤੇ ਡੀ ਐਸ ਡਬਲਿਊ ਦੇ ਡਿਪਟੀ ਡਾਇਰੈਕਟਰ ਨਿਤਿਨ ਅਰੋੜਾ, ਖੇਡ ਅਧਿਕਾਰੀ ਸਤਪਾਲ ਅਤੇ ਸੀ ਟੀ ਪਬਲਿਕ ਸਕੂਲ ਦੇ ਕ੍ਰਿਕਟ ਕੋਚ ਸੁਮਿਤ ਚੋਪੜਾ ਨੇ ਕੀਤਾ। ਕੈਂਬਰਿਜ ਇੰਟਰਨੈਸ਼ਨਲ ਕੋ-ਐਡ ਸਕੂਲ ਦੀ ਟੀਮ 19 ਸਾਲ ਤੋਂ ਘੱਟ ਉਮਰ ਦੀਆਂ ਹੋਰ ਟੀਮਾਂ ਨੂੰ ਹਰਾ ਕੇ ਫਾਈਨਲ ਵਿੱਚ ਪਹੁੰਚੀ। ਸੀ ਟੀ ਗਰੁੱਪ ਆਫ ਇਂਸਟੀਚਿਊਸ਼ਨਜ਼ ਲਈ ਇਹ ਸੱਚਮੁੱਚ ਖੁਸ਼ੀ ਦਾ ਪਲ ਸੀ ਕਿ ਸੀ ਟੀ ਪਬਲਿਕ ਸਕੂਲ, ਨਾਰਥ ਕੈਂਪਸ ਜਲੰਧਰ ਨੇ ਕੈਂਬਰਿਜ ਇੰਟਰਨੈਸ਼ਨਲ ਕੋ-ਐਡ ਸਕੂਲ ਨੂੰ 10 ਦੌੜਾਂ ਨਾਲ ਹਰਾ ਕੇ ਇੰਟਰ ਸਕੂਲ ਸਹੋਦਿਆ ਕ੍ਰਿਕਟ ਟੂਰਨਾਮੈਂਟ ਦੀ ਚੈਂਪੀਅਨਜ਼ ਟਰਾਫੀ ਜਿੱਤੀ। ਸ਼ਾਹਪੁਰ ਕੈਂਪਸ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਨੇ ਇਨਾਮਾਂ ਦੀ ਵੰਡ ਕੀਤੀ। ਪ੍ਰਿੰਸੀਪਲ ਦਲਜੀਤ ਰਾਣਾ ਨੇ ਕਿਹਾ ਕਿ ਇਹ ਮੁਕਾਬਲਾ ਆਸਾਨ ਨਹੀਂ ਸੀ ਕਿਉਂਕਿ ਹਰ ਖਿਡਾਰੀ ਆਪਣੀ ਕਾਬਲੀਅਤ ਵਿਚ ਨਿਪੁੰਨ ਸੀ । ਵਾਈਸ ਪ੍ਰਿੰਸੀਪਲ ਸੁਖਦੀਪ ਕੌਰ ਨੇ ਵਿਜੇਤਾ ਟੀਮ ਨੂੰ ਵਧਾਈ ਦਿੱਤੀ ਅਤੇ ਕੋਚ ਸੁਮਿਤ ਚੋਪੜਾ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਬੱਚਿਆਂ ਦੇ ਵਿਕਾਸ ਲਈ ਅਜਿਹਾ ਮੰਚ ਪ੍ਰਦਾਨ ਕਰਨ ਲਈ ਯੋਗ ਸੀ ਟੀ ਗਰੁੱਪ ਦਾ ਧੰਨਵਾਦ ਕੀਤਾ।





*ਸ਼ਾਇਰ ਭੱਟੀ ਗ਼ਜ਼ਲ ਕਾਵਿ ਦੇ ਖੇਤਰ ਵਿੱਚ ਬੇਸ਼ੱਕ ਇਕ ਨਵਾਂ ਚਿਹਰਾ ਹੈ, ਪਰ ਗ਼ਜ਼ਲ ਸਿਨਫ਼ ਨਾਲ ਉਸ ਨੂੰ ਜਨੂੰਨ ਦੀ ਹੱਦ ਤੱਕ ਪਿਆਰ ਹੈ। ਉਹ ਗ਼ਜ਼ਲ ਦੇ ਕਲਾਤਮਿਕ ਪੱਖ ਬਾਰੇ ਗਿਆਨ ਹਾਸਲ ਕਰਨ ਲਈ ਬੇਹੱਦ ਮਿਹਨਤ-ਮੁਸ਼ੱਕਤ ਕਰ ਰਿਹਾ ਹੈ।*

*ਉਸ ਦੀਆਂ ਪਲੇਠੀਆਂ ਗ਼ਜ਼ਲਾਂ ਵਿੱਚ ਮੁੱਹਬਤ ਦੀ ਅਸਫਲਤਾ ਉਪਰੰਤ ਉਸ ਦੇ ਦਿਲ ਵਿੱਚ ਉਪਜੀ ਵੇਦਨਾ, ਪੀੜਾ, ਰੁਦਨ, ਚੀਸਾਂ, ਆਹਾਂ, ਹਉਕਿਆਂ, ਰੋਸਿਆਂ, ਨਿਹੋਰਿਆਂ ਆਦਿ ਦਾ ਜ਼ਿਕਰ ਹੈ। ਇਸ ਤੋਂ ਅੱਗੇ ਹੁਣ ਉਸ ਨੇ ਰਾਜਨੀਤਕ, ਆਰਥਕ, ਸਮਾਜਕ, ਨੈਤਿਕ, ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ ਆਦਿ ਜਿਹੇ ਮਾਨਵੀ ਮਸਲਿਆਂ ਵੱਲ ਆਪਣੀ ਕਲਮ ਦਾ ਰੁਖ਼ ਮੋੜਿਆ ਹੈ। 'ਨਵਾਂ ਜ਼ਮਾਨਾ' ਦੇ ਪਾਠਕਾਂ ਸਾਹਵੇਂ ਸ਼ਾਇਰ ਭੱਟੀ ਦੀਆਂ ਇਹ ਗ਼ਜ਼ਲਾਂ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ।*

**— ਸੁਰਿੰਦਰਪ੍ਰੀਤ ਘਣੀਆਂ**

# 7ਸ਼ਾਇਰ ਭੱਟੀ ਦੀਆਂ ਨਵੀਂਆਂ ਗ਼ਜ਼ਲਾਂ

(1)

ਸਿਰ 'ਤੇ ਹੱਥ ਸੀ ਜਦ ਤੱਕ ਵੱਡੇ ਬਾਈ ਦਾ
ਸਾਰੀਆਂ ਰੀਝਾਂ ਨੂੰ ਸੀ ਰੱਜ ਪੁਗਾਈਦਾ

ਛੋਟੀ ਚਾਚੀ ਨਿਸ ਦਿਨ ਜੂੜਾ ਕਰਦੀ ਸੀ
ਰਾਜ ਦੁਲਾਰਾ ਸਾਂ ਮੈਂ ਤਾਏ ਤਾਈ ਦਾ

ਯਾਰਾ ਦਾ ਸੀ ਅੱਡਾ ਮਿਲਣ ਦਾ ਇੱਕ ਪੱਕਾ
ਦਾਣੇ ਲੈ ਕੇ ਭੱਠੀ 'ਤੇ ਸੀ ਜਾਈਦਾ

ਵੱਡਾ ਵੀਰ ਵੀ ਬਾਪੂ ਵਰਗਾ ਲੱਗਦਾ ਸੀ
ਰੁਤਬਾ ਮਾਂ ਵਰਗਾ ਸੀ ਹਰ ਭਰਜਾਈ ਦਾ

ਜਿਹੜੀ ਚੀਜ਼ ਖਰੀਦੀ ਹੁੰਦੀ ਆੜੀ ਨੇ
ਉਸ 'ਤੇ ਆਪਣਾ ਪੂਰਾ ਹੱਕ ਜਤਾਈ ਦਾ

ਜਨਮ ਘਰਾਂ ਵਿਚ ਹੀ ਹੁੰਦੇ ਸੀ ਬਾਲਾਂ ਦੇ
ਨਰਸਾਂ ਨਾਲੋਂ ਵੱਧ ਰੁਤਬਾ ਸੀ ਦਾਈ ਦਾ

ਅੰਮ੍ਰਿਤ ਵਾਂਗੂੰ ਪਾਕ-ਪਵਿੱਤਰ ਦਿਲ ਸਭ ਦੇ
ਉੱਚਾ-ਸੁੱਚਾ ਰਿਸ਼ਤਾ ਪੱਗ ਵਟਾਈ ਦਾ

ਕੁੜੀਆਂ ਹੱਥੀਂ ਲਿਖਿਆ ਹੁੰਦਾ ਸੀ 'ਹੀਰਾਂ'
ਮੁੰਡਿਆਂ ਹੱਥੀਂ ਸੀ ਰਾਂਝਾ ਖੁਣਵਾਈਦਾ

ਕਿੱਸਾਕਾਰਾਂ ਦੇ ਸੀ ਕਿੱਸੇ ਯਾਦ ਬੜੇ
ਬਾਤ ਵਫਾ ਦੀ ਸੀ ਤੇ ਜ਼ਿਕਰ ਜੁਦਾਈ ਦਾ

ਡਰ ਦਾ ਨਹੀਂ ਸੀ ਪਹਿਰਾ ਬਸ ਬੇਖੌਫੀ ਸੀ
ਮਾਣ ਬੜਾ ਸੀ ਹੁੰਦਾ ਅੰਮੀ ਜਾਈ ਦਾ

ਕੁਲ ਧਰਤ ਹੀ ਜੰਨਤ ਵਰਗੀ ਦਿਖਦੀ ਸੀ
ਇਕ-ਦੂਏ ਹੱਥੋਂ ਸੀ 'ਭੱਟੀ' ਖਾਈਦਾ

(2)

ਜਿਸ ਦੀ ਜਿਹੜੀ ਥਾਂ ਬਣਦੀ ਹੈ
ਉਹਨੂੰ ਉੱਥੇ ਯਾਰ, ਖਲੋਣ ਦਿਓ

ਏਥੇ ਮਿਹਨਤਕਸ਼ ਲੋਕਾਂ ਦਾ ਯਾਰੋ
ਰੱਜ ਕੇ ਚਰਚਾ ਹੋਣ ਦਿਓ

ਹੱਕ ਲਈ ਜਿਹੜਾ ਹੜਤਾਲ ਕਰੇ
ਉਹਨੂੰ ਬਣਦਾ ਸਹਿਯੋਗ ਦਿਓ

ਕਰਦਾ ਹੈ ਜੋ ਸੱਚ ਉਜਾਗਰ
ਉਹਨੂੰ ਸੱਚੀਆਂ ਫਰਮਾਉਣ ਦਿਓ

ਹੈ ਜਿਹਨੂੰ ਜੇਲ੍ਹ ਮੁਆਫਕ ਐਥੇ
ਚਾਰਦੀਵਾਰੀ ਹੀ ਰਹਿਣ ਦਿਓ

ਜਿੱਥੇ ਮੋਰ ਅਜ਼ਾਦੀ ਪੈਲਾਂ ਚਾਹਵੇ
ਉੱਥੇ ਪੈਲਾਂ ਪਾਉਣ ਦਿਓ

ਗੱਲ ਦਿਲਾਂ ਦੀ ਮੰਨਣ ਵਾਲੇ ਜੇ
ਮੰਨਣ ਰੱਬੀ ਭਾਣੇ ਵੀ

ਅਰਜ਼ੋਈ ਉਹਨਾਂ ਦੀ ਸਵੀਕਾਰ ਕਰੋ
ਹੱਸਣ-ਨੱਚਣ-ਗਾਉਣ ਦਿਓ

ਛੱਡ ਕੇ ਫਾਨੀ ਦੁਨੀਆ 'ਭੱਟੀ'
ਏਥੇ ਹਰ ਇੱਕ ਨੇ ਤੁਰ ਜਾਣਾ ਹੈ

ਬਸ ਜਾਣ ਤੋਂ ਪਹਿਲਾਂ ਇੱਕ ਵਾਰੀ
ਮੈਨੂੰ ਰੁੱਸੇ ਯਾਰ ਮਨਾਉਣ ਦਿਓ

(3)

ਤੇਰੇ ਸ਼ਹਿਰ ਹੁੰਦੇ ਜ਼ਮੀਰਾਂ ਦੇ ਸੌਦੇ
ਬੜੇ ਹੋਣ ਥਾਂ-ਥਾਂ ਸਰੀਰਾਂ ਦੇ ਸੌਦੇ

ਕਿਤੇ ਜ਼ਿੰਦਗੀ ਦੀ ਖੁਸ਼ੀ ਹੈ ਵਿਕੇਂਦੀ
ਕਿਤੇ ਹੋਣ ਨੈਣਾਂ ਦੇ ਨੀਰਾਂ ਦੇ ਸੌਦੇ

ਤਿਰੇ ਸ਼ਹਿਰ ਅੱਜ ਨੇ ਜੋ ਰਿਸ਼ਤੇ ਵਿਕੇਂਦੇ
ਤਦੇ ਹੋਣ ਭੈਣਾਂ ਦੇ ਵੀਰਾਂ ਦੇ ਸੌਦੇ

ਕਿਸਾਨਾਂ ਲਈ ਧਰਤ ਮਾਂ ਦੇ ਬਰਾਬਰ
ਵਪਾਰੀ ਲਈ ਨੇ ਇਹ ਲੀਰਾਂ ਦੇ ਸੌਦੇ

ਕਿਹਾ ਯੁੱਗ ਹੈ ਆਇਆ ਕਿ ਕਰਦੇ ਨੇ ਵੇਖੋ
ਇਹ ਰਾਂਝੇ ਸਿਆਲਾਂ ਦੀ ਹੀਰਾਂ ਦੇ ਸੌਦੇ

ਦਿਖੇ ਹਰ ਜਗ੍ਹਾ ਹੁਣ ਅਜੋਕੀ ਸਿਆਸਤ
ਫਿਰੇ ਯਾਰ ਕਰਦੀ ਇਹ ਪੀਰਾਂ ਦੇ ਸੌਦੇ

ਕਿਵੇਂ ਰਾਸ ਆਵਣ ਮੇਰੇ ਪਾਕ ਦਿਲ ਨੂੰ
ਮੁਹੱਬਤ ਦੇ ਬਦਲੇ ਜਗੀਰਾਂ ਦੇ ਸੌਦੇ

ਹੜ੍ਹਾਂ ਤੋਂ ਜ਼ਿਆਦਾ ਨੇ ਬਰਬਾਦ ਹੋਣੇ
ਕਰਾਰਾਂ ਤੋਂ ਪਲਟੇ ਵਜ਼ੀਰਾਂ ਦੇ ਸੌਦੇ

ਅਸਾਂ ਕਿਰਤੀਆਂ ਨੇ ਹਮੇਸ਼ਾ ਹੀ ਕੀਤੇ
ਕਿ ਹੱਥਾਂ 'ਤੇ ਖੁਣੀਆਂ ਲਕੀਰਾਂ ਦੇ ਸੌਦੇ

(4)

ਜੀਵਨ ਭਰਦੈ ਚਾਵਾਂ ਨਾਲ
ਮਾਵਾਂ ਠੰਢੀਆਂ ਛਾਵਾਂ ਨਾਲ

ਜਿੱਥੇ ਖੇਡੇ ਯਾਰਾਂ ਨਾਲ
ਮੋਹ ਹੈ ਉਨ੍ਹਾਂ ਥਾਵਾਂ ਨਾਲ

ਯਾਰ ਜਵਾਬ ਖਤਾਂ ਦੇ ਭੇਜ
ਜੀ ਪਰਚਾਵਾ ਕਾਵਾਂ ਨਾਲ

ਇਸ਼ਕ ਇਬਾਦਤ ਕਰਕੇ ਵੇਖ
ਯਾਰ ਮਿਲੇਗਾ ਚਾਵਾਂ ਨਾਲ

ਤੂੰ ਪੜ੍ਹ ਇਸ਼ਕ ਦੇ, ਕਿੱਸੇ ਚੰਦ
ਵਾਕਿਫ ਹੋ ਕੁਝ ਨਾਵਾਂ ਨਾਲ

ਸਮਝ ਨਾ ਇਸ਼ਕ ਨੂੰ ਸੌਖੀ ਗੱਲ
ਮਿਲਦਾ ਯਾਰ ਸਜ਼ਾਵਾਂ ਨਾਲ

ਬਦਲ ਲਵੀਂ ਨਾ ਲਹਿਜਾ ਯਾਰ
ਲੈ ਕੇ ਮੇਰੇ ਲਾਵਾਂ ਨਾਲ

ਫਰਜ਼ ਜ਼ਰੂਰ ਨਿਭਾਉਣੇ ਸਿੱਖ
ਮਿਲਦਾ ਮੀਤ ਵਫਾਵਾਂ ਨਾਲ

ਉਸ ਦੇ ਲੋਚਾਂ ਨਿੱਤ ਦੀਦਾਰ
ਯਾਦ ਜੋ ਆਵੇ ਸਾਹਵਾਂ ਨਾਲ

ਕੋਸ਼ਿਸ਼ ਕਰ ਤੂੰ ਹਾਰ ਨਾ ਮੰਨ
ਜਦ ਤੱਕ ਨੇ ਇਹ ਬਾਹਵਾਂ ਨਾਲ

ਖੁਸ਼ੀਆਂ ਨਾਲ ਰਿਹਾ ਹੈ ਵੈਰ
ਨਿਭਦੀ ਹੌਕੇ, ਹਾਵਾਂ ਨਾਲ

ਮਸਲਾ ਹੋ ਜਾਣਾ ਹੈ ਹੱਲ
'ਵਿੰਦਰ' ਢੇਰ ਦੁਆਵਾਂ ਨਾਲ

(5)

ਵਿਲ੍ਹਕ ਰਹੇ ਨੇ ਬਾਬੇ ਰੋਂਦੀਆਂ ਮਾਈਆਂ ਨੇ
ਲੋਕੋ ਦੇਸ ਮੇਰੇ ਨੂੰ ਨਜ਼ਰਾਂ ਕੀਹਨੇ ਲਾਈਆਂ ਨੇ

ਬਰਬਾਦੀ ਦੀ ਤਾਕ 'ਚ ਏਥੇ ਜਿਹੜੇ ਰਹਿੰਦੇ ਨੇ
ਜ਼ੁਲਮੀ ਦੇ ਹੱਕ 'ਚ ਲੜਦੇ ਨਿੱਤ ਲੜਾਈਆਂ ਨੇ

ਬੀਜਣ, ਵੱਢਣ, ਖਾਵਣ ਵਾਲੇ ਸਾਰੇ ਆਪਣੇ ਸਨ
ਫਿਰ ਖੇਤ 'ਚ ਜ਼ਹਿਰਾਂ ਕਿਹੜੇ ਦੈਂਤ ਮਿਲਾਈਆਂ ਨੇ

ਉਹਨਾਂ ਕਹਿਰ ਬੜੇ ਵਰਸਾਏ ਮਿਲ ਕੇ ਗੈਰਾਂ ਨਾਲ
ਹੋਇਆ ਨਾਕਾਮ ਦੁਆਵਾਂ ਤੇ ਯਾਰ ਦਵਾਈਆਂ ਨੇ

ਲਾਚਾਰ ਬਜ਼ੁਰਗਾਂ ਦੀ ਆਮ ਬਿਆਨੀ ਬਿਰਧ ਘਰੀਂ
ਸਾਡੇ ਪੁੱਤਰ ਕਰਦੇ ਹੱਦੋਂ ਵੱਧ ਕਮਾਈਆਂ ਨੇ

ਮੁਲਕ ਬੜਾ ਕਰਜ਼ਾਈ ਤੇ ਮਚੀ ਹੈ ਖੂਬ ਦੁਹਾਈ
ਗਹਿਣੇ ਧਰ ਦੇਣਾ ਕੁਰਸੀ ਦੇ ਚੰਦ ਸ਼ੁਦਾਈਆਂ ਨੇ

ਆਪਾ ਵੇਖ ਫਸੇ ਹਾਂ ਦਿਲ ਦੇ ਖੋਟੇ ਯਾਰਾਂ ਵਿਚ
ਹੈ ਖੂਹ ਇਕ ਪਾਸੇ ਦੂਜੇ ਪਾਸੇ ਖਾਈਆਂ ਨੇ

'ਭੱਟੀ' ਆਪਣੇ ਸਾਜ਼ਿਸ਼ ਵਿਚ ਜੇ ਸ਼ਾਮਲ ਨਾ ਹੁੰਦੇ
ਫਿਰ ਨਾ ਕੁਰਲਾਉਂਦੀਆਂ ਜੋ ਕੂੰਜਾਂ ਕੁਰਲਾਇਆ ਏ

(6)

ਸੱਚੀਂ ਨਦੀਓਂ ਨੀਰ ਵਿਛੜ ਕੇ ਖੜ੍ਹ ਜਾਇਆ ਕਰਦੇ ਨੇ।
ਤੇ ਸੁੱਕੇ ਪੱਤੇ ਅਕਸਰ ਹੀ ਝੜ ਜਾਇਆ ਕਰਦੇ ਨੇ।

ਜੀਵਨ ਬਾਲ ਜਹਾਨ ਨੂੰ ਰੋਸ਼ਨ ਕਰਦੇ ਜੋ ਨੇ ਤਾਰੇ,
ਵਿਚ ਅਸਮਾਨੀਂ ਆਖਰ ਉਹ ਚੜ੍ਹ ਜਾਇਆ ਕਰਦੇ ਨੇ।

ਉਸ ਵੇਲੇ ਲੋਕੋ ਸੰਬੰਧਾਂ 'ਚ ਖਟਾਸ ਸਮਾ ਜਾਂਦੀ,
ਸ਼ੱਕ ਦੇ ਘੇਰੇ ਜਦ ਵੀ ਸ਼ੱਕੀ ਵੜ ਜਾਇਆ ਕਰਦੇ ਨੇ।

ਜਿਸ ਵੇਲੇ ਭੇਦ ਉਜਾਗਰ ਹੁੰਦਾ ਅਸਲ ਹਕੀਕਤ ਦਾ,
ਫਿਰ ਉਲਟੇ ਲੋਕ ਕਸੂਤੀ ਫਾਹੀ ਅੜ ਜਾਇਆ ਕਰਦੇ ਨੇ।

ਚੈਨ ਕਿਤੇ ਵੀ ਆਵੇ ਨਾ, ਨੈਣੀਂ ਨੀਂਦ ਥਿਆਵੇ ਨਾ,
ਹਾਣੀ ਨਾਲ ਜਦੋਂ ਨੈਣ ਕਦੇ ਲੜ ਜਾਇਆ ਕਰਦੇ ਨੇ।

ਜੋ ਹੋਣ ਜਹਾਨੋਂ ਦਿਲ 'ਚੋਂ ਵੀ ਉਹ ਰੁਖਸਤ ਹੋ ਜਾਂਦੇ,
'ਭੱਟੀ' ਅੱਜਕੱਲ੍ਹ ਰਿਸ਼ਤੇ ਨਾਲ ਚਿਤਾ ਸੜ ਜਾਇਆ ਕਰਦੇ ਨੇ।

(7)

ਧੀ ਨੂੰ ਸਮਝਣ ਜੋ ਅਣਹੋਣੀ।
ਪੱਲੇ ਗੱਲ ਉਹਨਾਂ ਦੇ ਪਾਉਣੀ।

ਇਹਨਾਂ ਬਿਨ ਸੰਸਾਰ ਹੈ ਸੁੰਨਾ,
ਹਰ ਇਕ ਨੂੰ, ਇਹ ਗੱਲ ਸਮਝਾਉਣੀ।

ਫੁੱਲਾਂ ਤੋਂ ਵੱਧ ਕੋਮਲ ਧੀਆਂ,
ਸੂਰਤ ਹੈ ਅੱਲ੍ਹਾ ਤੋਂ ਸੋਹਣੀ।

ਜਿਹੜੇ ਕੁੱਖ ਵਿਚ ਮਾਰਨ ਧੀਆਂ,
ਝੂਠੀ ਪੱਟੀ ਅੱਖੋਂ ਲਾਹੁਣੀ।

ਮੁਰਦਾ ਰੂਹਾਂ ਨੂੰ ਕਰ ਜ਼ਿੰਦਾ,
ਧੀਆਂ ਅਜਬ ਹੀ ਅਲਖ ਜਗਾਉਣੀ।

ਹੁਣ ਹਰ ਖੇਤਰ ਵਿੱਚ ਧੀਆਂ ਨੇ,
ਆਪਣੇ ਨਾਂਅ ਦੀ ਧਾਕ ਜਮਾਉਣੀ।

ਧੀਆਂ ਰਚਨਾ ਅਦਬ ਨਵਾਂ ਹੀ,
ਸ਼ਾਇਰ ਬਣ ਜਦ ਕਲਮ ਉਠਾਉਣੀ।

ਨਫਰਤ ਸੂਲੀ ਟੰਗੀ ਜਾਣੀ,
ਐਸੀ ਪਿਆਰ ਦੀ ਜੋਤ ਜਗਾਉਣੀ।

ਕਰਨਾ ਰੋਸ਼ਨ ਨਾਮ ਦੇਸ਼ ਦਾ,
ਮਾਂ-ਪਿਉ ਦੀ ਹੈ ਸ਼ਾਨ ਵਧਾਉਣੀ।

ਪੁੱਤ ਜ਼ਮੀਨਾਂ ਵੰਡਣ ਅਕਸਰ,
ਪਰ ਧੀਆਂ ਨੇ ਪੀੜ ਵੰਡਾਉਣੀ।

ਇਕ ਦਿਨ 'ਭੱਟੀ' ਇਹਨਾਂ ਧੀਆਂ,
ਹਰ ਮੈਦਾਨ ਫਤਿਹ ਹੈ ਪਾਉਣੀ।

## ਸਫ਼ਾ 1 ਦੀ ਬਾਕੀ — ਕੁਦਰਤ ਅਤੇ ਸਮਾਜਕ ਦਵੰਦਵਾਦ...

ਸਿਧਾਂਤ, ਸਮਾਜਕ ਜ਼ਰੂਰੀ ਕਿਰਤ ਸਮਾਂ ਅਤੇ ਵਾਧੂ ਕਿਰਤ ਸਮਾਂ, ਸਰਮਾਏ ਦੀ ਜੁੱਟ ਬਣਤਰ, ਛੁਟੇਰੀ ਕੰਮ ਦਿਹਾੜੀ-(ਬੇਰੁਜ਼ਗਾਰੀ ਦਾ ਰੁਜਗਾਰ ਵਿੱਚ ਬਦਲਣਾ) ਅਤੇ ਹਰ ਇਕ ਨੂੰ ਕੰਮ ਯੋਗਤਾ ਅਨੁਸਾਰ ਅਤੇ ਉਜਰਤ ਕੰਮ ਅਨੁਸਾਰ ਆਦਿ-ਆਦਿ ।)

ਇਹ ਪਹਿਲੀਆਂ ਪੋਸਟਾਂ 'ਚ ਵਿਚਾਰਿਆ ਹੈ।

# ਵਿਗਿਆਨਿਕ ਸਾਂਝੀਵਾਲ ਸਮਾਜ ਵੱਲ :

ਇਹ ਵਿਸ਼ਾ ਬੇਹੱਦ ਗੁੰਝਲਾਦਾਰ ਹੈ । ਏਥੇ ਹੀ ਵਿਵਾਦ ਹੈ।

ਏਥੇ ਹੀ ਸ਼ੱਕ-ਸੁਬ੍ਹੇ ਅਤੇ ਇੱਥੇ ਹੀ ਜਿੱਤ ਦਾ ਰਾਹ ਹੈ।

ਇੱਥੇ ਹੋਈ ਛੋਟੀ ਗਲਤੀ ਵੀ ਵੱਡੇ ਨੁਕਸਾਨ ਕਰਨ ਦੇ ਸਮਰੱਥ ਬਣ ਜਾਂਦੀ ਹੈ, ਜੇ ਚੌਕਸੀ ਵਿੱਚ ਢਿੱਲ ਆ ਜਾਵੇ।

ਭੁੱਲ, ਗਲਤੀ, ਗੁਨਾਹ ਅਤੇ ਪਾਪ ਵਿੱਚ ਅੰਤਰ ਕਰਨਾ ਅਤੇ ਇਸ ਬਾਰੇ ਨੀਤੀ ਸਵੀਕਾਰ ਕਰਨੀ ਵੀ ਜਰੂਰੀ ਹੈ ਤਾਂ ਕਿ ਸਿੱਖਦਿਆਂ, ਨਵਾਂ ਰਾਹ ਹੋਣ ਕਾਰਨ ਮੁਸ਼ਕਲਾਂ 'ਤੇ ਕਾਬੂ ਪਾਉਣ ਅਤੇ ਸਭ ਹਿਤੈਸ਼ੀਆਂ ਨੂੰ ਨਾਲ ਲੈ ਕੇ ਅੱਗੇ ਵਧਦਿਆਂ, ਮੁਕਤੀ ਦੀ ਮੰਜ਼ਲ 'ਤੇ ਪੁੱਜਿਆ ਜਾਵੇ।

ਇੱਥੇ ਸਬਰ ਤੋਂ ਕੰਮ ਲੈਣਾ, ਸੁਣਨਾ ਤੇ ਸੁਣਾਉਣਾ ਵੀ ਪੈਣਾ ਹੈ। ਇਹ ਬੀਤੇ ਦਾ, ਵਰਤਮਾਨ ਅਤੇ ਭਵਿੱਖ ਦਾ ਮਾਮਲਾ ਹੈ। ਸਾਡੇ ਕੋਲ ਹੋਰ ਕੋਈ ਰਾਹ ਵੀ ਨਹੀਂ ਹੈ।

ਮਾਰਕਸ ਦੇ ਪਦਾਰਥਵਾਦੀ ਦਰਸ਼ਨ ਵਿੱਚੋਂ, ਇਤਿਹਾਸ ਦਾ ਪਦਾਰਥਵਾਦੀ ਵਿਖਿਆਨ ਸਾਹਮਣੇ ਆਇਆ ਸੀ ।ਇਤਿਹਾਸ ਦੀ ਚਾਲਕ ਸ਼ਕਤੀ 'ਜਮਾਤੀ ਘੋਲ' ਦੀ ਪਹਿਚਾਣ ਉਸ ਤੋਂ ਪਹਿਲਾਂ ਹੀ ਬੌਧਿਕ ਵਿਦਵਾਨਾਂ ਨੇ ਕਰ ਲਈ ਸੀ ।

ਉਸ ਨੇ ਲਿਖਿਆ :

"ਹੁਣ ਤੱਕ ਸਾਰੇ ਵਿਦਮਾਨ ਸਮਾਜਾਂ ਦਾ ਇਤਿਹਾਸ ਜਮਾਤੀ ਘੋਲਾਂ ਦਾ ਇਤਿਹਾਸ ਹੈ ।"

ਜਮਾਤੀ ਵੰਡ ਨਾਲ ਹਕੂਮਤ ਹੋਂਦ ਵਿੱਚ ਆਈ।

ਇਹ ਗੁਲਾਮਦਾਰੀ (ਮਾਲਕ ਅਤੇ ਗੁਲਾਮ) ਤੋਂ ਜਗੀਰੂ ਸਮਾਜ (ਜਗੀਰਦਾਰ ਤੇ ਮੁਜ਼ਾਰੇ ਕਿਸਾਨ) ਤੋਂ ਸਰਮਾਏਦਾਰਾ ਸਮਾਜ ( ਬੁਰਜੂਆ ਅਤੇ ਪਰੋਲਤਾਰੀ) ਰੂਪ ਵਿਕਸਤ ਹੋਇਆ ਹੈ। ਇਹ ਸਦੀਵੀ ਨਹੀਂ, ਪਹਿਲੇ ਸਮਾਜ ਬਦਲਦੇ ਆਏ ਹਨ, ਇਹ ਵੀ ਜਮਾਤੀ ਘੋਲ ਰਾਹੀ ਬਦਲੇਗਾ।

ਬਹੁਤ ਸਾਰੇ 'ਚਿੰਤਤ' ਵਿਅਕਤੀ ਇਸ ਵਿਗਿਆਨਕ ਵਰਤਾਰੇ ਬਾਰੇ ਸੰਦੇਹ ਪ੍ਰਗਟਾਉਂਦੇ ਹਨ ਕਿ "ਇਹ ਠੀਕ ਸਾਬਤ ਨਹੀਂ ਹੋਇਆ, ਇਸ ਉੱਪਰ ਭਰੋਸਾ ਨਹੀਂ ਰਿਹਾ।"

ਉਹਨਾਂ ਦੇ ਇਸ ਸੰਦੇਹ (ਸ਼ੱਕ) ਨੂੰ ਵੀਹਵੀਂ ਸਦੀ ਦੇ ਆਖਰੀ ਸਾਲਾਂ ਵਿੱਚ "ਸਮਾਜਵਾਦੀ ਕੈਂਪ " ਨੂੰ ਲੱਗੀ ਢਾਹ ਨੇ ਬਲ ਬਖਸ਼ਿਆ ਹੈ। ਉਹ ਸਵਾਲ ਕਰਦੇ ਹਨ "ਨਵਾਂ ਮਨੁੱਖ" ਕਿਉਂ ਨਹੀਂ ਬਣ ਪਾਇਆ?

ਕੀ ਇਹ ਵੀ "ਯਟੋਪੀਆ" ਨਹੀਂ ਹੈ? ਆਦਿ-ਆਦਿ।

ਜਮਾਤੀ-ਘੋਲ , ਰਾਜਸੀ ਘੋਲ ਵੀ ਹੁੰਦਾ ਹੈ । (Every class struggles is a political struggle)

ਇਹ ਜਵਾਰੀਆਂ ਦੀ ਤਾਸ਼ ਬਾਜ਼ੀ ਵਿੱਚ "ਅੰਨ੍ਹੀ ਚਾਲ" (blind move) ਵਾਂਗ ਨਹੀਂ ਹੁੰਦਾ। ਇਹ ਚੇਤਨ ਵਰਤਾਰਾ "ਚੇਤਨ ਵਿਰੋਧ ਵਿਕਾਸ" (conscious dialectics) ਦਾ ਅਮਲ ਹੈ। ਇਹ "ਜਮਾਤੀ-ਸੂਝ" ਦੀ ਪਕਿਆਈ ਬਗੈਰ ਅਮਲ ਵਿੱਚ ਨਹੀਂ ਵਾਪਰ ਸਕਦਾ।

ਇਹ ਹਾਲਤਾਂ ਅਨੁਸਾਰ ਕਦੀ ਮੱਠਾ, ਕਦੀ ਤੇਜ਼ ਕਦੀ ਇਨਕਲਾਬੀ ਰੰਗ ਵਿਚ, ਕਦੀ ਫੈਸਲਾਕੁਨ ਰੂਪ ਵਿੱਚ, ਪਰ ਕਦੀ ਕਦੀ ਇਹ ਸੌਂ ਵੀ ਜਾਂਦਾ ਹੈ। ਉਦੋਂ ਸਰਮਾਏ ਦਾ ਵਿਗਿਆਨ ਆਪਣੇ ਰੰਗ ਵਿੱਚ ਹੁੰਦਾ ਹੈ।

ਜਦੋਂ ਜਮਾਤੀ-ਸੂਝ ਪ੍ਰਚੰਡ ਹੋਵੇ, ਫਿਰ ਇਸ ਦਾ ਕੋਈ ਮੁਕਾਬਲਾ ਨਹੀਂ ਹੁੰਦਾ । ਜਮਾਤੀ ਸਮਾਜ ਵਿੱਚ ਇਹ ਘੋਲ ਸਦਾ ਚੱਲਦਾ ਹੈ, ਪਰ ਉਤਰਾਵਾਂ-ਚੜ੍ਹਾਵਾਂ ਤੋਂ ਮੁਕਤ ਨਹੀਂ ਹੁੰਦਾ। ਮਿਕਦਾਰੀ ਤੇ ਸਿਫਤੀ ਰੂਪ ਵਿੱਚ ਵਾਪਰਦਾ ਹੈ।

ਮਾਰਕਸ ਨੇ "ਸਰਮਾਇਆ" ਵਿੱਚ ਇੰਜ ਜ਼ਿਕਰ ਕੀਤਾ ਹੈ:

* "ਜਿੱਥੋਂ ਤੱਕ ਰਾਜਨੀਤਕ ਆਰਥਿਕਤਾ ਇਸ ਦੁਮੇਲ ਵਿੱਚ ਰਹਿੰਦੀ ਹੈ, ਅਰਥਾਤ, ਜਿੱਥੋਂ ਤੱਕ ਪੂੰਜੀਵਾਦੀ ਰਾਜ ਨੂੰ ਸਮਾਜਕ ਪੈਦਾਵਾਰ ਦਾ ਬਿਲਕੁਲ ਹੀ ਆਖਰੀ ਰੂਪ ਸਮਝਿਆ ਜਾਂਦਾ ਹੈ, ਇਹਦੇ ਕ੍ਰਮ-ਵਿਕਾਸ ਦੀ ਲੰਘ ਜਾਣ ਵਾਲੀ ਇਤਿਹਾਸਕਾਰ ਮੰਜ਼ਲ ਨਹੀਂ ਸਮਝਿਆ ਜਾਂਦਾ, ਰਾਜਨੀਤਕ ਆਰਥਿਕਤਾ ਉਦੋਂ ਤੱਕ ਹੀ ਵਿਗਿਆਨ ਬਣੀ ਰਹਿ ਸਕਦੀ ਹੈ, ਜਦੋਂ ਤੱਕ ਕਿ ਜਮਾਤੀ ਘੋਲ ਸੁੱਤਾ ਪਿਆ ਹੈ ਜਾਂ ਆਪਣੇ ਆਪ ਨੂੰ ਇੱਕਾ -ਦੁੱਕਾ ਅਤੇ ਨਿਖੜਵੇਂ ਵਰਤਾਰੇ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ।" (ਦੂਜੀ ਜਰਮਨ ਐਡੀਸ਼ਨ ਦੀ ਭੂਮਿਕਾ)

ਇਸ ਹਵਾਲੇ ਨੂੰ ਗਲਤੀਆਂ ਤੋਂ ਬਚਣ ਦੇ ਬਹਾਨੇ ਵਜੋਂ ਬਿਲਕੁਲ ਨਹੀਂ ਵਰਤਣਾ ਚਾਹੀਦਾ। ਇਹ ਤਾਂ ਸਰਾਸਰ ਧੋਖਾ ਹੋਵੇਗਾ ਅਤੇ ਇਸ ਦੀ ਕੁਵਰਤੋਂ ਦਾ ਮੁੱਢ ਪੂਜਨ ਵੀ ਹੋਵੇਗਾ। ਇਸ ਦੀ ਅਸਲ ਵਜ੍ਹਾ ਸਿਧਾਂਤਕ ਪਕਿਆਈ ਵੱਲੋਂ ਬੇਧਿਆਨੀ ਤੋਂ ਵੀ ਵੱਧ ਕੇ ਸਿਧਾਂਤ ਨੂੰ ਨਜ਼ਰ-ਅੰਦਾਜ਼ ਕਰਨਾ ਹੈ। ਬੁਰਜੂਆ ਪ੍ਰਚਾਰ ਦਾ ਲਾਈ ਲੱਗ ਬਣਨਾ ਅਤੇ ਕੰਮ ਚਲਾਊ ਹੋਣ ਦੀ ਪ੍ਰਵਿਰਤੀ ਹੈ।

ਇਸ ਲਈ ਉਹ ਆਗੂ ਵਧੇਰੇ ਜ਼ਿੰਮੇਵਾਰ ਹਨ, ਜੋ ਸਿਧਾਂਤ ਉੱਪਰ ਧਿਆਨ ਦੇਣ ਦੀ ਗੱਲ ਕਰਨ ਵਾਲਿਆਂ ਦਾ ਵੀ ਮੌਜੂ ਉਡਾਉਂਦੇ ਆਏ ਹਨ। ਜਿਹੜੇ ਇਸ ਕੁਰਾਹੇ ਦਾ ਸ਼ਿਕਾਰ ਬਣ ਗਏ ਹਨ ਕਿ "ਅਮਲ ਪਹਿਲਾਂ ਸਿਧਾਂਤ ਪਿੱਛੋਂ" ਹੈ, ਜਿਹੜੇ ਕਹਿੰਦੇ ਹਨ ਕਿ ਅਮਲ ਵਿੱਚੋਂ ਸਿਧਾਂਤ ਬਣਦਾ ਹੈ। ਜਦੋਂ ਕੇ ਮਾਰਕਸੀ ਕਥਨ ਹੈ: "ਸਿਧਾਂਤ ਬਗੈਰ ਅਮਲ ਅੰਨ੍ਹਾਂ ਹੈ।"

ਹੁਣ ਅਸਲ ਮਸਲਾ ਜ਼ੁੰਮੇਵਾਰੀ ਪਾਉਣ ਨਾਲੋਂ ਵਧੇਰੇ ਜ਼ੁੰਮੇਵਾਰੀ ਨਿਭਾਉਣ ਦਾ ਹੈ। ਹੁਣ ਹਾਲਾਤ ਜਮਾਤੀ ਸੂਝ ਨੂੰ ਜਮਾਤੀ ਘੋਲ ਵਿੱਚ ਢਾਲਣ ,ਪ੍ਰਚੰਡ ਕਰਨ ਅਤੇ ਫੈਸਲਾਕੁਨ ਬਣਾਉਣ ਵਾਲੇ ਹਨ ।

ਆਰਥਕ ਪਾੜਾ ਬਹੁਤ ਵੱਡਾ ਹੈ। ਉਤਪਾਦਕਤਾ ਦੇ ਵਾਧੇ ਨੇ ਸਰਮਾਏ ਦੀ "ਜੁੱਟ-ਬਣਤਰ" (✵✵:✂✵) ਅਨੁਪਾਤ ਏਨੀ ਉਲਾਰ ਵਾਲੀ ਕਰ ਦਿੱਤੀ ਹੈ, ਜਿੱਥੇ ਨਵੀਂ ਸਮਾਜਕ ਪੈਦਾਵਾਰੀ ਸਕਤੀਆਂ ਦੇ ਪੈਰੀਂ ਬੇੜੀਆਂ ਹਨ। ਪੜ੍ਹੀ-ਲਿਖੀ ਨੌਜਵਾਨੀ ਨੂੰ ਵੀ ਸਰਮਾਏਦਾਰਾ ਪ੍ਰਬੰਧ ਵਿੱਚ ਸਮੋ ਸਕਣਾ ਅਸੰਭਵ ਹੋ ਗਿਆ ਹੈ। ਉਹ "ਆਧੁਨਿਕ ਪਰੋਲਤਾਰੀ" ਭਾਵ ਬੇਰੁਜ਼ਗਾਰ ਹਨ, ਉਹ "ਸ੍ਰੀਮਾਨ ਸਰਮਾਏ" ਦੀਆਂ ਲੋੜਾਂ ਤੋਂ ਫਾਲਤੂ ਹਨ ।

ਕਈ "ਮਾਰਕਸਵਾਦੀ" ਸਿਧਾਂਤ ਤੋਂ ਏਨੇ ਭਗੌੜੇ ਹਨ ਕਿ ਉਹ ਪਰੋਲਤਾਰੀ ਸ਼ਬਦ ਵਰਤਣੋ ਵੀ ਸੰਕੋਚ ਕਰਦੇ ਹਨ। ਜਦੋਂ ਕਿ ਮਾਰਕਸ ਉਸ ਨੂੰ ਵਾਜਿਬ ਤੌਰ 'ਤੇ ਇਨਕਲਾਬੀ ਸੱਦਦਾ ਹੈ। ਮਾਰਕਸ "ਪੂੰਜੀ" ਵਿੱਚ ਹਵਾਲਾ ਦਿੰਦਾ ਹੈ:-

* "ਸਾਡਾ 'ਪਰੋਲਤਾਰੀ' ਆਰਥਕ ਪੱਖੋਂ ਉਜਰਤੀ ਮਜ਼ਦੂਰ ਤੋਂ ਵੱਖਰਾ ਨਹੀਂ, ਜਿਹੜਾ ਸਰਮਾਏ ਨੂੰ ਪੈਦਾ ਕਰਦਾ ਤੇ ਵਧਾਉਂਦਾ ਹੈ ਅਤੇ ਜਿਉਂ ਹੀ ਉਹ ' ਸ੍ਰੀਮਾਨ ਸਰਮਾਏਦਾਰ" ਦੀਆਂ ਲੋੜਾਂ ਲਈ ਫਾਲਤੂ ਹੋ ਜਾਂਦਾ ਹੈ, ਉਹ ਬੇਰੁਜ਼ਗਾਰ ਹੋ ਜਾਂਦਾ ਹੈ।"

* [ Our " proletarian " is economically none other than the wage-labourer, who produces and increases capital, and is thrown out on the streets, as soon as he is superfluous for the needs of aggrandisement of "monsieur capital . ](Das capital)

ਕਿੰਨਾ ਠੋਸ (ਕੌੜਾ) ਸੱਚ ਬਿਆਨ ਹੋਇਆ ਹੈ।

ਸਾਡਾ "ਮਾਡਰਨ ਪਰੋਲਤਾਰੀ" ਸਰਮਾਏ ਦੀਆਂ ਲੋੜਾਂ ਤੋਂ ਫਾਲਤੂ, ਡਿਗਰੀਆਂ ਚੁੱਕੀ ਕੰਮ ਦੀ ਭਾਲ ਵਿੱਚ ਹੈ, ਨਿੱਤ ਦਿਨ ਜ਼ਲੀਲ ਕੀਤਾ ਜਾਂਦਾ ਹੈ, ਇੱਥੇ (ਭਾਰਤ ਵਿੱਚ) "ਭਵਿੱਖ" ਹਨੇਰਾ ਹੈ, ਦੇ ਪ੍ਰਚਾਰ ਹੇਠ ਪ੍ਰਵਾਸ ਦੇ ਦੁੱਖ ਝੱਲ ਰਿਹਾ ਹੈ।

ਜਿਨ੍ਹਾਂ ਨੂੰ ਮਾਰਕਸ ਦਾ ਇਹ "ਪਰੋਲਤਾਰੀ" ਸਮਝ ਨਹੀਂ ਪੈਂਦਾ, ਉਹਨਾਂ ਤੋਂ "ਜਮਾਤੀ ਸੂਝ" ਦੀ ਝਾਕ "ਪਾਪ" ਹੈ।

"ਪਰੋਲਤਾਰੀ" ਦਾਰਸ਼ਨਿਕ ਪਰਵਰਗ ਹੈ, ਜਿਸ ਵਿੱਚ ਤਰਤੀਬਵਾਰ ਸਾਰੀਆਂ ਕਿਰਤੀ ਜਮਾਤਾਂ ਆ ਜਾਂਦੀਆਂ ਹਨ, ਜਿਨ੍ਹਾਂ ਦੀ ਲੁੱਟ ਤੋਂ "ਮੁਕਤੀ" ਦੀ ਅਗਵਾਈ ਪਰੋਲਤਾਰੀ ਹੀ ਕਰਨ ਯੋਗ ਹੈ, ਕਿਉਂਕਿ ਉਸ ਕੋਲ ਗਵਾਉਣ ਲਈ ਹੋਰ ਕੁਝ ਨਹੀਂ ਹੈ। ਨਾਲ ਦੀ ਨਾਲ ਉਹ "ਨਵੇਂ ਸੰਸਾਰ ਦਾ ਉਸਰੱਈਆ" ਵੀ ਹੈ, ਜਮਾਤ ਵਜੋਂ ਉਹ ਸਭ ਤੋਂ ਇਨਕਲਾਬੀ ਹੈ ।

ਹਰ ਜਮਾਤ ਟੁੱਟ ਕੇ ਆਪਣੇ ਤੋਂ ਹੇਠਲੀ ਜਮਾਤ ਵਿੱਚ ਡਿਗਦੀ ਹੈ। ਇਸ ਤਰ੍ਹਾਂ ਉਪਰਲੀਆਂ ਜਮਾਤਾਂ ਵਿੱਚੋਂ ਟੁੱਟ ਕੇ ਪਰੋਲਤਾਰੀ ਵਿਚ ਸਿੱਧੀ ਭਰਤੀ ਹੁੰਦੀ ਰਹਿੰਦੀ ਹੈ। ਪਰੋਲਤਾਰੀ, ਅਰਧ-ਪਰੋਲਤਾਰੀ, ਕਿਸਾਨ, ਦੁਕਾਨਦਾਰ ਆਦਿ।

ਅਰਧ-ਪਰੋਲਤਾਰੀ ਕੌਣ ਹੈ?

ਖੇਤ ਮਜ਼ਦੂਰ, ਛੋਟੀ ਜ਼ਮੀਨ ਢੇਰੀ ਦਾ ਮਾਲਕ (ਕਿਸਾਨ) ਆਦਿ, ਦਾਰਸ਼ਨਿਕ ਪਰਵਰਗ ਦੇ ਇਸੇ ਖਾਤੇ ਵਿੱਚ ਹੈ। ਸਰਮਾਏਦਾਰਾਂ ਪ੍ਰਬੰਧ ਉਸ ਦੀ ਕਿਰਤ ਸਕਤੀ ਖਰੀਦਣ ਲਈ ਤਿਆਰ ਨਹੀਂ, ਉਹ ਸਰਮਾਏ ਦੇ ਵਾਧੇ ਲਈ ਫਾਲਤੂ ਹੈ। ਉਹਨਾਂ ਦੇ ਪਰਵਾਰਾਂ ਦੇ ਜਵਾਨ ਹੋ ਰਹੇ ਬੱਚੇ, ਕੰਮ ਦੀ ਤਲਾਸ਼ ਵਿੱਚ ਪ੍ਰਵਾਸ ਕਰ ਰਹੇ ਹਨ। ਉੱਥੇ ਪੁੱਜ ਕੇ ਹਫਤੇ ਤੋਂ ਵੀ ਪਹਿਲਾਂ ਕਿਰਤ ਸ਼ਕਤੀ ਵੇਚਣ ਲਈ ਮਜਬੂਰ ਹਨ। ਪੂਰੇ ਦਿਨ ਕੰਮ ਨਹੀਂ ਮਿਲਦਾ, ਉਹ (ਸਰਮਾਏ ਦੀ ਲੋੜ ਤੋਂ ਫਾਲਤੂ) ਅਰਧ-ਪਰੋਲਤਾਰੀ ਤੋਂ ਪਰੋਲਤਾਰੀ ਵੱਲ ਰੁੜ੍ਹ ਰਿਹਾ ਹੈ, ਇਹ ਪਰੋਲਤਾਰੀਕਰਨ ਦਾ ਅਮਲ ਹੈ।

ਯੂਨੀਵਰਸਿਟੀ ਵਿੱਚੋਂ ਪੜ੍ਹਾਈ ਪੂਰੀ ਕਰਕੇ ਨਿਕਲਿਆ, ਬਾਹਰ ਕੰਮ ਤੋਂ ਜਵਾਬ ਹੈ, ਉਹ "ਪਰੋਲਤਾਰੀ" ਹੋ ਗਿਆ।

ਸਵਾਲ ਬਣ ਜਾਂਦਾ ਹੈ ਉਸ ਨੂੰ "ਪਰੋਲਤਾਰੀ" ਹੀ ਕਿਉਂ ਕਿਹਾ ਜਾਵੇ?

ਇਹ ਸਵਾਲ "ਗੈਰ-ਦਾਰਸਨਿਕ-ਸੂਝ" ਵਿੱਚੋਂ ਉਪਜਦੇ ਹਨ। ਭਲਾਂ ਬਈ, "ਦਾਣਾ-ਮੰਡੀ" ਕਿਉਂ ਕਹਿੰਦੇ ਹੋ?

ਜਵਾਬ ਤਲ ਵਾਲਾ ਵੀ ਲੱਗ ਸਕਦਾ ਹੈ ;

"ਤੂੰ ਮੂਰਖ ਹੈਂ , ਤੈਨੂੰ ਨਹੀਂ ਪਤਾ , ਉੱਥੇ ਦਾਣੇ ਵਿਕਦੇ ਹਨ।"

ਜੇ ਅੱਗੋਂ ਪੁੱਛੋ ਕਿ ਦਾਣੇ ਕਿੱਥੇ ਹਨ?

ਦਾਣੇ ਤਾਂ ਅਮੂਰਤ ਸ਼ਬਦ ਹੈ ,ਦਾਣੇ ਤਾਂ ਹੈ ਨਹੀਂ !

ਅਸਲ ਵਿੱਚ "ਦਾਣੇ" ਤਾਂ ਕਣਕ, ਛੋਲੇ, ਬਾਜਰਾ, ਮੱਕੀ ਹੈ, ਜਿਨ੍ਹਾਂ ਦਾ ਅਮੂਰਤ ਸਾਂਝੇ ਗੁਣਾਂ ਦਾ ਨਾਮਕਰਨ "ਦਾਣੇ" ਹੈ, ਇਸ ਲਈ ਉਹ "ਦਾਣਾ ਮੰਡੀ" ਹੈ।

ਇਵੇਂ "ਪਰੋਲਤਾਰੀ " ਦਾਰਸ਼ਨਿਕ-ਪਰਵਰਗ ਦਾ ਅਮੂਰਤ ਸ਼ਬਦ ਹੈ, ਅਸਲ ਵਿੱਚ ਮਜ਼ਦੂਰ, ਖੇਤ ਮਜ਼ਦੂਰ, ਸੀਮਾਂਤ ਕਿਸਾਨ, ਸਵੈ-ਰੁਜ਼ਗਾਰ ਕਰਦੇ ਸਭ ਕਿਰਤੀ ਜਿਨ੍ਹਾਂ ਨੂੰ ਕੰਮ ਤੋਂ ਫਾਲਤੂ ਬਣਾਇਆ ਜਾਂਦਾ ਹੈ, ਉਹਨਾਂ ਦਾ ਸਾਂਝਾ ਅਮੂਰਤ ਨਾਮਕਰਨ "ਪਰੋਲਤਾਰੀ" ਹੈ।

ਕਲਪਨਾ ਕਰੋ ਕਿਸ-ਕਿਸ ਵਰਗ ਵਿੱਚੋਂ ਕਿੰਨੇ-ਕਿੰਨੇ ਇਸ ਕਿਸਮ (cetagory) ਵਿੱਚ ਆ ਗਏ ਹਨ ।

"ਨੀਚੀ ਹੂੰ ਅਤਿ ਨੀਚ" ਪਰੋਲਤਾਰੀ, ਬੁਰਜੂਆਜੀ ਦੀ ਵਿਸ਼ੇਸ਼ ਉਪਜ ਹੈ, ਇਹ ਹੀ ਉਸ ਦਾ "ਕਬਰਪੁਟ" ਹੈ।

ਕੇਵਲ ਪਰੋਲਤਾਰੀ ਦੇ ਪੱਖ ਤੋਂ ਹੀ ਜਮਾਤੀ-ਘੋਲ ਦੇ 'ਵਿਸ਼ਲੇਸ਼ਣ ਅਤੇ ਸੰਸਲੇਸਣ ਦੀ ਏਕਤਾ' ਬਣਦੀ ਹੈ । ਇਹ ਜਮਾਤੀ ਘੋਲ ਦੀ ਏਕਤਾ ਦੀ ਬੁਨਿਆਦ ਹੈ। ਇਹ ਹੀ "ਛੁਟੇਰੀ ਕੰਮ ਦਿਹਾੜੀ" ਦਾ ਝੰਡਾਬਰਦਾਰ ਬਣ ਬੁਰਜੂਆਜੀ ਦਾ "ਕਬਰਪੁਟ" ਹੋਣ ਦਾ ਗੁਣ ਰੱਖਦਾ ਹੈ। ਸ਼ੁਰੂ ਇਸ ਤੋਂ ਹੁੰਦਾ ਹੈ, ਬਾਕੀ ਆਪਣੇ ਹਿੱਤ ਦੀ ਪੂਰਤੀ ਲਈ , ਆਪਣੇ ਭਵਿੱਖ ਲਈ ਘੋਲ ਦੀ ਹਮਾਇਤ ਵਿਚ ਆਉਂਦੇ ਹਨ ਇਹ ਸਭ ਦੇ ਹਿੱਤ ਪੂਰਦਾ ਹੈ।

ਘੜੀਐ ਸਬਦ ਸੱਚੀ ਟਕਸਾਲ ॥'

ਇਹ ਸੱਚ ਦੀ ਟਕਸਾਲ ਵਿਚ ਘੜੇ ਸ਼ਬਦ ਹਨ।

"ਬੁਰਜੂਆ" ਵੀ ਦਾਰਸ਼ਨਿਕ ਪਰਵਰਗ ਹੈ, ਇਸ ਵਿਚ ਵੀ ਕ੍ਰਮਵਾਰ ਸਾਰੀਆਂ ਲੋਟੂ ਧਿਰਾਂ (ਬੁਰਜੂਆ, ਨੀਮ-ਬੁਰਜੂਆ) ਸ਼ਾਮਲ ਹੁੰਦੀਆਂ ਹਨ। ਉਹ ਸਾਰੇ ਜੋ ਆਪਣੇ ਪਰਵਾਰ ਦੀ ਕਿਰਤ ਸ਼ਕਤੀ ਤੋਂ ਵਧੇਰੇ ਭਾੜੇ ਦੀ ਕਿਰਤ ਸ਼ਕਤੀ ਖਰੀਦ ਕੇ ਅਮੀਰ ਹੋਣਾ ਲੋਚਦੇ ਹਨ, ਉਹ ਸਾਰੇ ਨੀਮ-ਬੁਰਜੂਆ ਵਿੱਚ ਸ਼ੁਮਾਰ ਹਨ।

ਬੁਰਜੂਆ ਸਮਾਜ ਸਮੇਂ-ਸਮੇਂ ਨਵੀਆਂ ਸਮਾਜਕ ਪਰਤਾਂ ਵੀ ਪੈਦਾ ਕਰਦਾ ਰਹਿੰਦਾ ਹੈ। ਜੋ ਸਮਾਂ ਪਾ ਕਿ ਕੁਝ ਉੱਪਰ ਅਤੇ ਬਾਕੀ ਹੇਠਲੀਆਂ ਜਮਾਤਾਂ ਵਿੱਚ ਡਿੱਗ ਪੈਂਦੀਆਂ ਹਨ।

ਉਹ ਜੋ ਮਾਰਕਸ ਦੀ ਸ਼ਬਦਾਵਲੀ ਛੱਡ ਕੇ ਮਾਰਕਸਵਾਦ ਲਾਗੂ ਕਰਨਾ ਚਾਹੁੰਦੇ ਹਨ ਅਤੇ "ਮੱਤ" ਦਿੰਦੇ ਹਨ ਕਿ ਹੁਣ

"ਮਾਰਕਸ ਦਾ ਸਮਾਂ ਬੀਤ ਚੁੱਕਾ ਹੈ" ਇਸ ਨੂੰ ਰੀਵੀਊ ਦੇ ਬਹਾਨੇ ਬਦਲਣਾ ਚਾਹੁੰਦੇ ਹਨ, ਅਜਿਹੇ ਸਭ "ਗੈਰ-ਮਾਰਕਸਵਾਦੀ" ਰੁਚੀਆਂ ਦੇ ਪ੍ਰਚਾਰਕ ਅਤੇ ਬਾਂਝ-ਸਰਗਰਮੀਆਂ ਦੇ ਅਨਾੜੀ ਖਿਡਾਰੀ ਹਨ, ਜਿਹੜੇ ਜਿੱਤ ਵੱਲ ਨਹੀਂ , ਨਿਰਾਸ਼ਾ ਵੱਲ ਧੱਕਦੇ ਹਨ।

ਕੁਝ ਕੁ ਰੌਲੀ ਪਾਉਂਦੇ ਹਨ , "ਸ਼ਬਦ ਲੋਕਾਂ ਦੀ ਸਮਝ ਆਉਣ ਵਾਲੇ, ਸੌਖੇ ਕਿਉਂ ਨਹੀਂ ਵਰਤਦੇ ਤੁਸੀਂ? "

ਉਹ ਸਮਝਦੇ ਨੇ ਕਿ ਔਖੇ ਸ਼ਬਦਾਂ ਕਰਕੇ ਗੜਬੜ ਹੈ ।

ਜਦੋਂ ਕੁਝ ਨਵਾਂ ਸਿਰਜਨਾ ਹੈ ਤਾਂ "ਸ਼ਬਦ-ਮੂਰਤ", ਨਵਾਂ-ਸ਼ਬਦ ਸਮਝਣਾ ਕੋਈ ਔਖਾ ਨਹੀਂ।

ਪੜ੍ਹੋ ਤੇ ਸਹੀ, ਭਗਤ ਸਿੰਘ ਨੂੰ ਇਨਕਲਾਬ ਸਸ਼ਦ ਦੀ ਕਿੰਨੇ ਵਾਰ ਅਤੇ ਕਿੰਨੀ ਤਰ੍ਹਾਂ ਵਿਆਖਿਆ ਕਰਨੀ ਪਈ ਸੀ? ਗੁਰੂ ਬਾਬੇ ਨਾਨਕ ਨੇ ਕਿੰਨੇ ਨਵੇਂ ਸ਼ਬਦ ਦਿੱਤੇ, ਉਹਨਾਂ ਸ਼ਬਦਾਂ ਦਾ ਨਵਾਂ ਸੱਭਿਆਚਾਰ ਸਿਰਜ ਦਿੱਤਾ, "ਗੁਰਮਤਿ" ਅਤੇ "ਦੁਰਮਤਿ" ਦਾ ਵਖਰੇਵਾਂ ਉਜਾਗਰ ਕਰ ਦਿੱਤਾ, ਉਹਨਾਂ ਦੀਆਂ ਸਿੱਖਿਆਵਾਂ ਮੁਹਾਵਰੇ ਬਣ ਗਈਆਂ। ਜੇ ਬਾਬਾ ਨਾਨਕ ਨਵੀਂ ਸ਼ਬਦਾਵਲੀ ਨਾ ਦਿੰਦੇ ਤਾਂ ਉਹ ਹੁਣ ਵਾਲਾ ਗੁਰੂ ਬਾਬਾ ਨਾਨਕ ਨਾ ਹੋ ਕੇ ਇਕ ਸਧਾਰਨ ਮਨੁੱਖ ਵਜੋਂ ਜੀਵਿਆ ਤੇ ਵਿਸਰਿਆ ਮਨੁੱਖ ਹੀ ਹੋਣੇ ਸਨ।

ਸੋ ਸ਼ਬਦ ਹਰ ਇਕ ਲਈ ਰੱਟਾ ਲਾਉਣ ਵਾਸਤੇ ਨਹੀਂ ਹੁੰਦੇ, ਇਹ ਨਵਾਂ ਸਮਾਜ ਉਸਾਰੇ ਜਾਣ ਵਾਸਤੇ, ਰਾਹ-ਦਸੇਰਾ ਹੁੰਦੇ ਹਨ ਅਤੇ ਆਗੂ ਬਣਦੇ ਹਨ, ਇਹ ਨਵੀਂ ਸਮਝਦਾਰੀ ਵਿੱਚੋਂ ਲੋਕਾਂ ਨੂੰ ਨਾਹਰਾ ਦਿੰਦੇ ਹਨ । ਨਾਹਰਾ ਲੋਕਾਂ ਨੇ ਚੁੱਕਣਾ ਹੁੰਦਾ ਹੈ । ਜਮਾਤੀ ਹਿੱਤਾਂ ਦੀ ਤਰਜਮਾਨੀ ਕਰਦਾ ਨਾਹਰਾ ਲੋਕ ਚੁੱਕਦੇ ਹਨ। ਉਹਨਾਂ ਵਿੱਚ ਹੀ ਜਿੱਤ ਦੀ ਗਰਜ ਸਮੋਈ ਹੁੰਦੀ ਹੈ । "ਰਾਜਨੀਤਕ ਲਹਿਰਾਂ" (ਜਮਾਤੀ ਘੋਲ) ਨਾਹਰਿਆਂ ਨਾਲ ਅੱਗੇ ਵਧਦੀਆਂ ਹਨ। ਲੋਕ ਤਜਰਬੇ ਵਿੱਚੋਂ ਆਪੇ ਨਵੇਂ ਸ਼ਬਦ ਅਰਥਾਂ ਸਮੇਤ ਗ੍ਰਹਿਣ ਕਰ ਲੈਂਦੇ ਹਨ । ਇਹ ਨਵੇਂ ਸੱਭਿਆਚਾਰ ਦੀ ਉਸਾਰੀ ਦਾ ਮਾਮਲਾ ਹੈ। ਜਦੋਂ ਨਵਾਂ ਸੱਭਿਆਚਾਰ ਸਮਾਜ ਵਿੱਚ ਭਾਰੂ ਬਣਦਾ ਹੈ ਤਾਂ ਸੱਭਿਆਚਾਰਕ ਇਨਕਲਾਬ ਵਾਪਰਦਾ ਹੈ। ਫਿਰ "ਨਵਾਂ ਮਨੁੱਖ " ਨਵੀਂਆਂ ਸਮਾਜਕ ਹਾਲਤਾਂ ਅਤੇ ਪਾਲਣ-ਪੋਸਣ ਵਿੱਚੋਂ ਵਿਗਸਦਾ ਹੈ ਅਤੇ ਵਿਗਸੇਗਾ।

ਕਈ ਪਰੋਲਤਾਰੀ ਦੀ ਪਹਿਚਾਣ ਉਵੇਂ ਠੋਸ ਰੂਪ ਵਿੱਚ ਭਾਲਦੇ ਹਨ, ਜਿਵੇਂ ਖੇਤਾਂ ਦਾ ਕਾਮਾ-"ਖੇਤ ਮਜ਼ਦੂਰ",

ਫੈਕਟਰੀ ਦਾ ਕਾਮਾਂ- "ਉਜਰਤੀ ਮਜ਼ਦੂਰ" ਆਦਿ ਹਨ।

ਕਈ "ਰੁਲਿਆ-ਗਵਾਚਿਆ" , "ਕੰਮ-ਅਕਲ"

ਵਿਅਕਤੀ ਨੂੰ ਮੈਲੇ-ਕੁਚੈਲੇ ਕੱਪੜਿਆਂ ਵਿਚ ਜੀਵਨ ਬਸਰ ਕਰਨ ਵਾਲਿਆਂ ਨੂੰ ਕੇਵਲ ਗੰਦੀਆਂ ਬਸਤੀਆਂ ਚ ਰਹਿੰਦਿਆਂ ਨੂੰ ਹੀ , "ਪਰੋਲਤਾਰੀ" ਸਮਝਣ ਦੀ ਭੁੱਲ ਕਰਦੇ ਹਨ । ਉਹ ਇਸ ਹੋਣੀਆਂ ਭਰਪੂਰ ਸ਼ਬਦ ਦੀ ਉੱਚਤਾ ਨਹੀਂ ਸਮਝਦੇ।

ਜਦੋਂ ਕਿ ਪਰੋਲਤਾਰੀ ਬੁਰਜੂਆ ਵਿਕਾਸ ਦੀ ਵਿਸ਼ੇਸ਼ ਉਪਜ ਹੈ। ਉਹ ਜਿਨ੍ਹਾਂ ਨੂੰ " ਸਿਰੀਮਾਨ ਬੁਰਜੂਆ" ਨੇ , ਇਸ ਪ੍ਰਬੰਧ ਨੇ , ਸਰਮਾਏ ਵਿੱਚ ਵਾਧਾ ਕਰਨ ਦੀ ਲੋੜ ਤੋਂ "ਫਾਲਤੂ" ਕਰ ਦਿੱਤਾ ਹੈ। ਜਿੰਨਾ ਕੋਲ ਕੰਮ ਨਹੀਂ ਤਾਂ ਰੋਟੀ ਨਹੀਂ ।

ਮਾਰਕਸ ਸ਼ੈਕਸਪੀਅਰ ਦੀ ਪੰਗਤੀ ਕੋਟ ਕਰਦਾ ਹੈ:

"ਜਦੋਂ ਤੁਸੀਂ ਮੇਰੇ ਰੋਜ਼ੀ ਦੇ ਸਾਧਣ ਖੋਹ ਲੈਂਦੇ ਹੋ,

ਅਸਲ ਵਿੱਚ ਤੁਸੀਂ ਮੇਰੇ ਪ੍ਰਾਣ ਖੋਹ ਲੈਂਦੇ ਹੋ।"

"ਪਰੋਲਤਾਰੀ" ਸਮਾਜ ਦੀਆਂ ਸਾਰੀਆਂ ਪਰਤਾਂ, ਉਜਰਤੀ ਮਜ਼ਦੂਰਾਂ, ਖੇਤ ਮਜ਼ਦੂਰਾਂ, ਕਿਸਾਨਾਂ, ਦੁਕਾਨਦਾਰਾਂ ਅਤੇ ਜਵਾਨੀ ਚੜ੍ਹਦੇ ਨੌਜਵਾਨਾਂ, ਡਿਗਰੀਆਂ ਲੈ ਕੇ ਨਿਕਲਦੇ ਵਿੱਦਿਅਕ ਆਦਾਰਿਆਂ ਦੇ ਵਿਦਿਆਰਥੀਆਂ ਆਦਿ, ਸਭ ਵਿੱਚੋਂ ਭਰਤੀ ਹੁੰਦੇ ਹਨ। ਇਹ ਉਹ ਨੇ ਜਿਨ੍ਹਾਂ ਨਵਾਂ ਸਮਾਜ ਸਿਰਜਨਾ ਹੈ। ਜਿਸ ਪ੍ਰਬੰਧ ਨੇ ਇਹਨਾਂ ਨੂੰ "ਫਾਲਤੂ" ਬਣਾਇਆ ਹੈ, ਇਹ ਉਸ ਪ੍ਰਬੰਧ ਨੂੰ "ਫਾਲਤੂ" ਬਣਾਉਂਦੇ ਹਨ। ਨਵਾਂ ਵਿਗਿਆਨਕ ਸਾਂਝੀਵਾਲ ਸਮਾਜ ਸਿਰਜਦੇ ਹਨ।

**(ਚਲਦਾ)**

# ਮਿੰਨੀ ਕਹਾਣੀਆਂ

## ਧਰਤੀ-ਮਾਂ ਤੇ ਕਿਸਾਨ

"ਬਾਬਾ ਕੀ ਦੇਖਦੇ ਓ।"

"ਆਪਣੇ ਖੇਤਾਂ ਵੱਲ ਆਇਆ ਸੀ। ਪੁੱਤ! ਮੈਨੂੰ ਇਹ ਦੱਸ ਆਹ ਖੇਤਾਂ ਨੂੰ ਅੱਗ ਕਿਹਨੇ ਲਾਈ ਆ।" ਬਾਬੇ ਨੇ ਵੱਟ 'ਤੇ ਖੜ੍ਹ ਕੇ ਦੂਰ ਤੱਕ ਨਜ਼ਰ ਮਾਰੀ।

"ਬਾਬਾ ਜੀ ਕਿਸਾਨ ਨੇ ਲਾਈ ਹੋਊ।"

"ਨਾ ਪੁੱਤ ਨਾ, ਕਿਸਾਨ ਨ੍ਹੀ ਆਪਣੇ ਖੇਤਾਂ ਨੂੰ ਅੱਗ ਲਾ ਸਕਦਾ। ਕੋਈ ਹੋਰ ਧਰਤੀ ਦਾ ਵੈਰੀ-ਦੁਸ਼ਮਣ ਲਾ ਦਵੇ ਤਾਂ ਲਾ ਦਵੇ।" ਬਾਬਾ ਬਹੁਤ ਹਮੇਂ ਨਾਲ ਬੋਲਿਆ। 'ਖੇਤ ਤਾਂ ਕਿਸਾਨ ਦੀ ਮਾਂ ਆ ਮਾਂ।'

"ਅੱਜ ਕੱਲ੍ਹ ਤਾਂ ਸਾਰੇ ਈ ਅੱਗ ਲਾਉਂਦੇ ਆ। ਬਾਬਾ ਜੀ ਲੌਣੀਂ ਪੈਂਦੀ ਆ। ਨਾਲੇ ਸਾਲ ਵਿਚ ਦੋ ਬਾਰੀ। ਮੈਂ ਵੀ ਇਸ ਕੰਮ ਆਇਆ।" ਮੁੰਡੇ ਨੇ ਆਪਣੇ ਖੇਤ 'ਚ ਖੜ੍ਹੇ ਨੇ ਬਾਬੇ ਨੂੰ ਸੀਖਾਂ ਦੀ ਡੱਬੀ ਦਿਖਾਈ।

"ਅੱਛਾ! ਮਾੜੀ ਗੱਲ ਆ। ਘਾਹ, ਬੂਟੇ, ਜੀਵ-ਜੰਤ ਨ੍ਹੀ ਸੜਦੇ। ਅਸੀਂ ਤਾਂ ਨਾੜ ਵਿਚ ਈ ਵਾਹ ਦਿੰਦੇ ਸੀ। ਧਰਤੀ-ਮਾਂ ਨੂੰ ਅੱਗ।" ਰਤਨ ਸਿੰਘ ਮਨ ਹੀ ਮਨ ਬੁੜਬੜਾਇਆ।

ਬਾਬਾ ਜੀ ਕੀ ਕਿਹਾ..."ਨਾਲੇ ਪਰੇ ਹੋ ਜੋ, ਐਵੇਂ ਮੇਰੇ ਜੁਮੇਂ ਲੱਗ ਜਿਓ। ਪਿਛਲੇ ਦਿਨੀਂ ਵਾਕਾ ਹੋ ਗਿਆ। ਵਿਚਾਰੀ ਇਕ ਕੁੜੀ...।

"ਓਏ..ਮੁੰਡਿਆਂ ਤੈਂ ਵੀ ਅੱਗ ਲਾਤੀ...ਓਏ। ਚਿੜੀ, ਜਨੌਰ, ਜੀਵ-ਜੰਤ, ਘਾਹ, ਬੂਟੇ, ਰੁੱਖ ਸੜ ਜਾਣਗੇ ਪੁੱਤਰ...ਨਾ ਨਾ...ਨਾ...।"

"ਆਇ.... ਹਾਇ ਕਿਸਾਨ ਨੂੰ ਕੀ ਹੋ ਗਿਆ ਰੱਬਾ।" ਬਾਬਾ ਕੁਰਲਾ ਰਿਹਾ ਸੀ, ਜਿਵੇਂ ਉਸ ਨੂੰ ਹੀ ਕਿਸੇ ਨੇ ਅੱਗ ਲਾ ਦਿੱਤੀ ਹੋਵੇ।

ਚਾਰੇ ਪਾਸੇ ਸੰਘਣਾ ਧੂੰਆਂ ਹੋ ਗਿਆ ਸੀ। ਨਾ ਬਾਬਾ ਦਿਸ ਰਿਹਾ ਸੀ ਨਾ ਮੁੰਡਾ। ਚਾਰੇ ਪਾਸੇ ਅੱਗ ਹੀ ਅੱਗ ਸੀ।

ਰਤਨ ਸਿਓਂ ਪਹੀ 'ਤੇ ਆ ਗਿਆ। ਇਹ ਮੁੰਡਾ ਕਿਸਾਨ ਨ੍ਹੀ ਹੋ ਸਕਦਾ। ਹੈਂ ! ਧਰਤੀ-ਮਾਂ ਨੂੰ ਅੱਗ।

**— ਡਾ. ਹਰਨੇਕ ਸਿੰਘ ਕਲੇਰ**

## ਅੱਗ, ਧੂੰਆਂ ਤੇ ਪਾਪ

ਸਵੇਰਾ ਹੋਇਆ ਤਾਂ ਘਰ ਦੇ ਆਸੇ-ਪਾਸੇ ਧੂੰਆਂ ਹੀ ਧੂੰਆਂ ਹੋਇਆ ਪਿਆ ਸੀ।

"ਲਗਦਾ ਆ ਕਿ ਧੂਤੇ ਕਿਆਂ ਨੇ ਸਵੇਰੇ ਹੀ ਆਵਦੇ ਖੇਤਾਂ ਨੂੰ ਅੱਗ ਲਾ ਦਿੱਤੀ ਆ, ਇਹ ਨਹੀਂ ਬੰਦੇ ਦੇ ਪੁੱਤ ਬਣਨੇ", ਅਮਰ ਸਿੰਘ ਨੇ ਖੰਘਦੇ ਹੋਏ ਨੇ ਆਖਿਆ।

ਸਾਰੇ ਧੂੰਏਂ-ਰੌਲੀ ਕਰਕੇ ਬੜੇ ਪਰੇਸ਼ਾਨ ਹੋਏ, ਸਾਹ ਲੈਣਾ ਵੀ ਔਖਾ ਹੋਇਆ ਸੀ। ਸ਼ਿੰਦੋ ਦਾ ਵੀ ਖੰਘ-ਖੰਘ ਕੇ ਬੁਰਾ ਹਾਲ ਹੋ ਗਿਆ। ਕੁਝ ਚਿਰ ਬਾਅਦ ਜਦੋਂ ਅਮਰ ਸਿੰਘ ਨੇ ਆਪਣੇ ਮੁੰਡੇ ਹਰਜੀਤ ਨੂੰ ਤਿਆਰ ਹੋ ਕੇ ਟਰੈਕਟਰ ਲੈ ਕੇ ਬਾਹਰ ਜਾਂਦੇ ਨੂੰ ਦੇਖਿਆ ਤਾਂ ਉਸ ਨੇ ਆਪਣੇ ਮੁੰਡੇ ਨੂੰ ਕੋਲ ਬੁਲਾ ਲਿਆ।

"ਬੱਲੇ! ਮੇਰਾ ਸ਼ੇਰ ਪੁੱਤ, ਅੱਜ ਚਿੱਟਾ ਕੁੜਤਾ-ਪਜਾਮਾ ਪਾ ਕੇ, ਐਨਕਾਂ ਲਾ ਕੇ, ਟਰੈਕਟਰ ਲੈ ਕੇ ਕਿੱਥੇ ਚੱਲਿਆ? ਤੈਨੂੰ ਕੱਲ੍ਹ ਰਾਤੀਂ ਆਖਿਆ ਸੀ ਕਿ ਕਣਕ ਦੀ ਵਾਢੀ ਬਾਅਦ ਖੇਤ ਨੂੰ ਵੀ ਪਾਣੀ ਲੱਗੇ ਨੂੰ ਦੋ ਦਿਨ ਹੋ ਗਏ ਨੇ, ਟਰੈਕਟਰ ਲੈ ਕੇ ਉਲਟਾਵੇਂ ਹੱਲ ਨਾਲ ਖੇਤ ਵਾਹ ਆਈਂ। ਪਰ ਤੂੰ ਕਿਧਰ ਅਵਾਰਾਗਰਦੀ ਕਰਨ ਚੱਲਿਆ?", ਅਮਰ ਸਿੰਘ ਥੋੜ੍ਹੇ ਗੁੱਸੇ ਨਾਲ ਆਪਣੇ ਮੁੰਡੇ ਨੂੰ ਬੋਲਿਆ।

"ਦੇਖ ਲਾ ਬੇਬੇ, ਬਾਪੂ ਸਵੇਰੇ-ਸਵੇਰੇ ਈ ਬੋਲਣ ਲੱਗ ਪਿਆ, ਮੈਂ ਤਾਂ ਤਿਆਰ ਹੋ ਕੇ ਆਪਣੇ ਦੋਸਤ ਗੈਰੀ ਦੇ ਗਾਣੇ ਦੀ ਸ਼ੂਟਿੰਗ ਵੱਲ ਚੱਲਿਆ, ਨਾਲੇ ਬਾਪੂ ਕੱਲ੍ਹ ਨੂੰ ਹਲ ਫੇਰ ਆਊ। ਐਨੀ ਕੀ ਕਾਹਲ ਆ, ਜੇ ਬਾਹਲੀ ਗੱਲ ਆ ਤਾਂ ਤੂੰ ਵੀ ਖੇਤਾਂ ਵਿੱਚ ਅੱਗ ਲਾ ਦੇ, ਨਾਲੇ ਸਰਕਾਰ ਕਿਹੜਾ ਕੁਝ ਕਹਿੰਦੀ ਆ", ਹਰਜੀਤ ਹੱਸਦਿਆਂ ਹੋਇਆਂ ਇੰਨੀ ਗੱਲ ਆਖ ਕੇ ਟਰੈਕਟਰ ਲੈ ਕੇ ਘਰੋਂ ਬਾਹਰ ਚਲਾ ਜਾਂਦਾ ਹੈ।

"ਦੇਖ ਲਾ ਸ਼ਿੰਦੋ, ਕਰਜ਼ਾ ਚੁੱਕ ਕੇ ਟਰੈਕਟਰ ਇਹਨੇ ਸਿਰਫ ਆਹ ਬਕਸੇ ਲਾ ਕੇ, ਗਾਣੇ ਸੁਣਨ ਨੂੰ ਤੇ ਫਜ਼ੂਲ ਦਾ ਰੌਲਾ ਪਾਉਣ ਨੂੰ ਲਿਆ ਸੀ। ਇਹਨੇ ਕਦੋਂ ਮੇਰੇ ਨਾਲ ਹੱਥ ਵਟਾਉਣਾ ਆ, ਨਾ ਇਹਦੇ ਕੋਲੋਂ ਚੱਜ ਨਾਲ ਪੜ੍ਹ ਹੋਇਆ ਤੇ ਨਾ ਇਹ ਕੋਈ ਕੰਮ ਕਰ ਹੋਇਆ। ਸਾਰਾ ਦਿਨ ਆਵਦੇ ਲੰਡਰ ਦੋਸਤਾਂ ਨਾਲ ਘੁੰਮਦਾ ਰਹਿੰਦਾ। ਨਾਲੇ ਦੇਖ ਕਿੱਦਾਂ ਪਿਓ ਨੂੰ ਮੱਤਾਂ ਦਿੰਦਾ ਕਿ ਖੇਤਾਂ ਨੂੰ ਅੱਗ ਲਾ ਦਿਓ ਜੇ ਬਾਹਲੀ ਕਾਹਲੀ ਆ। ਇਹਨੂੰ ਕੀ ਪਤਾ ਕਿ ਧਰਤੀ ਸਾਡੀ ਦੂਜੀ ਮਾਂ ਆ, ਜਿਹੜੀ ਸਾਨੂੰ ਰੋਜ਼ੀ ਦਿੰਦੀ, ਸਾਨੂੰ ਪਾਲਦੀ ਆ। ਸਾਡੇ ਬਾਬੇ ਨਾਨਕ ਨੇ ਤਾਂ ਸਾਨੂੰ ਕੁਦਰਤ ਨਾਲ ਪਿਆਰ ਕਰਨ, ਉਸ ਦਾ ਸਤਿਕਾਰ ਕਰਨ ਦਾ ਆਖਿਆ। ਉਹਨਾਂ ਆਪ ਖੇਤੀ ਕਰਕੇ ਦਿਖਾਈ ਸੀ। ਹੁਣ ਮੈਂ ਖੇਤਾਂ ਵਿੱਚ ਅੱਗ ਲਾਉਣ ਵਾਲਾ ਪਾਪ ਕਰਕੇ ਭੇਖੀ ਸਿੱਖ ਬਣ ਜਾਵਾਂ। ਇਹ ਮਾੜਾ ਕੰਮ ਮੈਥੋਂ ਨਹੀਂ ਹੁੰਦਾ। ਜੇ ਪੁੱਤ ਈ ਕਹਿਣੇ ਵਿੱਚ ਨਹੀਂ ਰੱਖ ਹੋਇਆ ਤਾਂ ਕਿਹਨੂੰ ਦੋਸ਼ ਦੇਣਾਂ। ਤੂੰ ਰੋਟੀ ਡੱਬੇ ਵਿੱਚ ਪਾ ਦੇ, ਮੈਂ ਆਪ ਈ ਖੇਤਾਂ ਵਿੱਚ ਹਲ ਵਾਹ ਆਉਂਦਾ ਹਾਂ।", ਬੜੇ ਹੀ ਦੁਖੀ ਮਨ ਨਾਲ ਅਮਰ ਸਿੰਘ ਬੋਲਿਆ।

ਚੌਂਕੇ ਵਿੱਚ ਚੁੱਪ ਬੈਠੀ ਸ਼ਿੰਦੋ ਆਵਦੇ ਘਰਵਾਲੇ ਦੀ ਗੱਲ ਸੁਣ ਕੇ ਰੋਟੀ ਨੂੰ ਡੱਬੇ ਵਿੱਚ ਪਾਉਣ ਲੱਗ ਪੈਂਦੀ ਹੈ।

**— ਅਮਰਪ੍ਰੀਤ ਸਿੰਘ ਝੀਤਾ**

## ਸਫ਼ਾ 3 ਦੀ ਬਾਕੀ — ਅਸਾਵੇਂ ਵਿਕਾਸ ਦੀਆਂ ਵਿਸੰਗਤੀਆਂ...

ਜਿਵੇਂ ਖੂਬਸੂਰਤ ਰਚਨਾ ਦਾ ਚਲਨ ਹਾਰ ਹੈ : "ਫੁੱਲਾਂ ਦੀ ਕਿਆਰੀ, ਹਰੀ ਹਰੀ ਘਾਹ, ਪਾਣੀ ਲਗਾਉਂਦਾ ਮਾਲੀ ਕੀ ਸੋਚਦਾ ਹੋਵੇਗਾ? ਇਨ੍ਹਾਂ ਖੁਸ਼ਬੂਆਂ ਬਾਰੇ, ਇਸ ਗਲੀਚੇ ਵਰਗੀ ਘਾਹ ਬਾਰੇ।" ਪਰ...ਥੱਕਿਆ, ਥੱਕਾ-ਟੁੱਟਾ ਜਾਂ ਡਿਗੇਗਾ

ਸਲ੍ਹਾਬੇ ਹਨੇਰੇ ਕਮਰੇ ਦੀ
ਟੁੱਟੀ ਮੰਜੀ 'ਤੇ, ਕਵਿਤਾ-7, ਪੰਨਾ : 21

ਕਵੀ ਦੀ ਚੇਤਨਾ ਸਤਿ ਚਿੱਤ-ਆਨੰਦ ਵਾਲੀ ਯਥਾਰਥਕ ਹੈ।

ਕਵੀ ਹਰ ਸਮੇਂ ਗ਼ਰੀਬੀ, ਕੰਗਾਲੀ, ਬੇਰੁਜ਼ਗਾਰੀ, ਬਿਮਾਰੀ ਅਤੇ ਸੰਤਾਪੇ ਲੋਕਾਂ ਨੂੰ ਭੁੱਲਦਾ ਨਹੀਂ। ਉਸ ਦਾ ਇਨ੍ਹਾਂ ਸਥਿਤੀਆਂ ਨੂੰ ਯਾਦ ਰੱਖਣਾ ਉਸ ਦੀਆਂ ਇਨ੍ਹਾਂ ਕਵਿਤਾਵਾਂ ਦਾ ਮੂਲ ਉਦੇਸ਼ ਹੈ। ਗ਼ਰੀਬੀ ਉਸ ਲਈ ਅਜਿਹੀ ਲਾਅਨਤ ਹੈ, ਜਿਸ ਨੇ ਹੁਨਰਮੰਦ ਕਲਾਕਾਰਾਂ, ਚਿੱਤਰਕਾਰਾਂ ਅਤੇ ਬੁੱਤਤਰਾਸ਼ਾਂ ਨੂੰ ਉਨ੍ਹਾਂ ਦੀਆਂ ਕਲਾਤਮਿਕ-ਪ੍ਰਾਪਤੀਆਂ ਦਾ ਮੁੱਲ ਨਾ ਪਵਾਉਣ ਵਿੱਚ ਰੁਕਾਵਟ ਪਾਈ ਹੈ। ਮਿੱਟੀ ਹੋਵੇ, ਪੱਥਰ ਹੋਵੇ, ਕਾਗਜ਼ ਕੈਨਵਸ ਹੋਵੇ; ਗ਼ਰੀਬ ਕਲਾਕਾਰ ਦੀ ਕਲਾਤਮਿਕਤਾ, ਪ੍ਰਤਾਪੀ, ਚੇਤਨਾ ਹੀ ਉਨ੍ਹਾਂ ਨੂੰ ਕਲਾਕਾਰ ਬਣਾਉਣ ਵਿੱਚ ਰੁਕਾਵਟ ਨਹੀਂ ਬਣਦੀ। ਚੇਤਨਾ ਮੁਖੀ ਸਾਰੇ ਦੇ ਸਾਰੇ ਗ਼ਰੀਬ ਇਸ ਲਈ ਗ਼ਰੀਬ ਹਨ ਕਿ ਕੋਈ ਵੀ ਉਨ੍ਹਾਂ ਦਾ ਮੁੱਲ ਨਹੀਂ ਪਾਉਂਦਾ।

ਉਸ ਦੀਆਂ ਸਾਰੀਆਂ ਕਵਿਤਾਵਾਂ ਚੇਤਨ ਮੁਖੀ ਹਨ; ਏਸੇ ਲਈ ਅਸੀਂ ਕਹਿ ਸਕਦੇ ਹਾਂ ਕਿ ਡਾ. ਕਵੀ ਰੂਪ ਵਿੱਚ ਚੇਤਨ ਕਵੀ ਹੈ, ਜਿਸ ਦੀ ਵਿਚਾਰਧਾਰਾ ਵਾਸਤਵ ਵਿੱਚ ਯਥਾਰਥਵਾਦੀ ਅਤੇ ਚੇਤਨ ਵਿਚਾਰਾਂ ਦੀ ਕਲਾਤਮਿਕ ਅਭੀਵਿਅਕਤੀ ਦੀ ਰਚਨਾ ਹੈ।

ਉਸ ਦੀ ਨਜ਼ਰ ਵਿੱਚ ਸਮਾਜਿਕ ਆਰਥਿਕ, ਰਾਜਨੀਤਕ, ਸੱਭਿਆਚਾਰਕ ਵਿਸੰਗਤੀਆਂ ਹਨ, ਜਿਨ੍ਹਾਂ ਦਾ ਨਿਡਰ ਹੋ ਕੇ ਇਨ੍ਹਾਂ ਕਵਿਤਾਵਾਂ ਵਿੱਚ ਜ਼ਿਕਰ ਕਰਦਾ ਹੈ। ਜਿਵੇਂ ਉਹ ਗ਼ਰੀਬ, ਕਲਾਕਾਰਾਂ ਨੂੰ ਭਟਕਦੇ, ਤਰਸਦੇ, ਲਾਚਾਰ ਪੇਸ਼ ਕਰਕੇ ਸਮੇਂ ਦਾ ਯਥਾਰਥ ਪੇਸ਼ ਕਰਦਾ ਹੈ, ਜੋ ਕਿਸੇ ਨੂੰ ਦਿਖਾਈ ਨਹੀਂ ਦਿੰਦਾ, ਪਰ ਉਸ ਦੀ ਕਾਵਿਕ ਦ੍ਰਿਸ਼ਟੀ ਇਹ ਸਭ ਕੁਝ ਅਨੁਭਵ ਕਰ ਲੈਂਦੀ ਹੈ।

ਅਜਿਹਾ ਨਿਰਪੱਖ ਯਥਾਰਥਵਾਦੀ ਕਾਵਿ ਦਾ ਕਵੀ ਡਾ. ਦੀਪਤੀ ਹੈ। ਸਮੁੱਚੀਆਂ ਕਵਿਤਾਵਾਂ ਵਿੱਚ ਉਸ ਦਾ ਦ੍ਰਿਸ਼ਟੀਕੋਣ ਅਤੇ ਦ੍ਰਿਸ਼ਟੀ ਅਜਿਹੀ ਹੈ ਕਿ ਪੰਜਾਬੀ ਕਾਵਿ ਵਿੱਚ ਸਿੱਧੇ ਅਤੇ ਵਿਸ਼ੇਸ਼ ਰੂਪ ਵਿੱਚ ਗ਼ਰੀਬ ਕਲਾਕਾਰਾਂ ਨੂੰ ਕਵਿਤਾਇਆ ਹੈ। ਇੰਜ ਹੀ ਉਸ ਦੇ ਸਮੁੱਚੇ ਕਾਵਿ ਦਾ ਤੁਲਨਾਤਮਿਕ ਦ੍ਰਿਸ਼ਟੀਕੋਣ ਹੈ। ਅਜਿਹੇ ਕਾਵਿ ਦਾ ਸਵਾਗਤ ਹੈ।

ਇੱਕ ਅਦਾਰੇ ਦੀ ਜ਼ਿਆਰਤ

# ਔਕਸਫੋਰਡ 'ਚ ਇਕ ਦਿਨ

**ਸੁਕੀਰਤ**

ਮੇਰੇ ਅਜੀਜ ਸ਼ਿਵਿੰਦਰ ਦਾ ਫੋਨ ਆਂਦਾ ਹੈ, "ਅੰਕਲ, ਤੁਸੀਂ ਔਕਸਫੋਰਡ ਵੀ ਜਾਣਾ ਹੈ?" ਮੈਂ ਇਸ ਸਮੇਂ ਬਰਤਾਨੀਆ ਦੀ ਲੰਮੀ ਫੇਰੀ 'ਤੇ ਲੰਡਨ ਠਹਿਰਿਆ ਹੋਇਆ ਹਾਂ, ਕਈ ਸ਼ਹਿਰ ਘੁੰਮ ਆਇਆ ਹਾਂ, ਪਰ ਔਕਸਫੋਰਡ ਜਾਣ ਦਾ ਕੋਈ ਇਰਾਦਾ ਨਹੀਂ। 40 ਸਾਲ ਪਹਿਲਾਂ, ਇੰਗਲੈਂਡ ਦੀ ਕਿਸੇ ਮੁੱਢਲੀ ਫੇਰੀ ਦੌਰਾਨ, ਔਕਸਫੋਰਡ ਹੋ ਆਇਆ ਸਾਂ ਤੇ ਹੁਣ ਦੁਬਾਰਾ ਓਥੇ ਜਾਣ ਦਾ ਕਦੇ ਸੋਚਿਆ ਹੀ ਨਹੀਂ। ਹੋਰ ਕਿੰਨੀਆਂ ਥਾਂਵਾਂ ਅਜੇ ਅਣਦੇਖੀਆਂ ਹਨ, ਇਸ ਮੁਲਕ ਵਿਚ।

"ਜੇ ਗਏ ਤਾਂ ਓਥੇ ਨੁਜਹਤ ਅੱਬਾਸ ਨੂੰ ਜ਼ਰੂਰ ਮਿਲ ਕੇ ਆਉਣਾ, ਮੇਰੀ ਬਹੁਤ ਕਰੀਬੀ ਹੈ, ਤੇ ਤੁਹਾਡੀ ਯੂਨੀਵਰਸਿਟੀ ਦੀ ਹੀ ਪੜ੍ਹੀ ਹੋਈ ਹੈ, ਸ਼ਾਇਦ ਤੁਸੀਂ ਉਸਨੂੰ ਜਾਣਦੇ ਹੀ ਹੋਵੋਂ।" ਸ਼ਿਵਿੰਦਰ ਇਸਰਾਰ ਜਿਹਾ ਕਰ ਰਿਹਾ ਹੈ।

ਨੁਜਹਤ ਅੱਬਾਸ? ਆਪਣੇ ਵਿਦਿਆਰਥੀ ਸਮਿਆਂ ਤੋਂ ਅਜਿਹਾ ਕੋਈ ਨਾਂਅ ਚੇਤੇ ਵਿਚ ਦਰਜ ਨਹੀਂ, ਪਰ ਏਡਾ ਅਣਪਛਾਤਾ ਵੀ ਨਹੀਂ ਜਾਪਦਾ। ਫੇਸਬੁਕ 'ਤੇ ਲੱਭਦਾ ਹਾਂ, ਤੇ ਪਤਾ ਲਗਦਾ ਹੈ ਕਿ ਅਸੀਂ ਸੋਸ਼ਲ ਮੀਡੀਆ ਦੀ ਉਸ ਅਦਿੱਖ ਤਾਰ ਰਾਹੀਂ ਜੁੜੇ ਹੋਏ ਹਾਂ, ਜਿਹੜੀ ਅਜਨਬੀਆਂ ਨੂੰ ਵੀ ਦੋਸਤ ਦਾ ਦਰਜਾ ਦੇ ਛੱਡਦੀ ਹੈ, ਭਾਵੇਂ ਸਿੱਧਾ ਰਾਬਤਾ ਕਦੇ ਨਾ ਵੀ ਹੋਇਆ ਹੋਵੇ। ਇਹ ਵੀ ਸਮਝ ਆ ਜਾਂਦਾ ਹੈ ਕਿ ਯੂਨੀਵਰਸਿਟੀ ਦੇ ਸਮੇਂ ਤੋਂ ਉਸ ਬਾਰੇ ਕਿਸੇ ਵੀ ਕਿਸਮ ਦੀ ਕੋਈ ਯਾਦ ਕਿਉਂ ਨਹੀਂ ਉੱਭਰਦੀ : ਉਹ ਮੇਰੇ ਤੋਂ 12 ਸਾਲ ਪੱਛੜ ਕੇ, 1985 ਵਿਚ ਪਾਕਿਸਤਾਨ ਤੋਂ ਉਚੇਰੀ ਪੜ੍ਹਾਈ ਲਈ ਮਾਸਕੋ ਦੀ ਲਮੂੰਬਾ ਮਿੱਤਰਤਾ ਯੂਨੀਵਰਸਿਟੀ ਵਿਚ ਆਈ, ਜਦੋਂਕਿ ਮੈਂ 1980 ਵਿਚ ਆਪਣੀ ਪੜ੍ਹਾਈ ਮੁਕਾ ਕੇ ਓਥੋਂ ਜਾ ਚੁੱਕਾ ਸਾਂ। ਓਧਰ, ਸ਼ਿਵਿੰਦਰ ਆਪਣੇ ਦੋ ਨੇੜਲਿਆਂ ਵਿਚ ਰਾਬਤਾ ਕਰਾਣ ਲਈ ਕਾਹਲਾ ਹੈ। ਉਸ ਨੇ ਨੁਜਹਤ ਨੂੰ ਵੀ ਫੋਨ ਕਰ ਕੇ ਮੇਰੇ ਲੰਡਨ ਕਿਆਮ ਕਰ ਰਹੇ ਹੋਣ ਬਾਰੇ ਦੱਸ ਦਿੱਤਾ ਹੈ। ਸਾਡੀ ਫੋਨ 'ਤੇ ਗੱਲ ਹੁੰਦੀ ਹੈ ਤਾਂ ਨੁਜਹਤ ਨੂੰ ਮਿਲਣ ਦੀ ਤਾਂਘ ਪਰਬਲ ਹੋ ਜਾਂਦੀ ਹੈ। ਉਸ ਦੀ ਸ਼ਫਾਫ ਪੰਜਾਬੀ ਬੋਲਦੀ ਆਵਾਜ਼ ਹੀ ਟੁਣਕਵੀਂ ਨਹੀਂ, ਉਸਦੇ ਲਹਿਜੇ ਵਿਚ ਵੀ ਨਿੱਘ ਤੇ ਅਪਣੱਤ ਹੈ। ਆਪਣੇ ਸਾਰੇ ਜੱਕੋਤੱਕੇ ਨੂੰ ਲਾਂਭੇ ਰੱਖ ਮੈਂ ਤੈਅ ਕਰ ਲੈਂਦਾ ਹਾਂ ਕਿ ਨੁਜਹਤ ਨੂੰ ਮਿਲਣ ਔਕਸਫੋਰਡ ਜਾਵਾਂਗਾ ਤੇ ਠਹਿਰਾਂਗਾ ਵੀ ਓਸੇ ਕੋਲ।



ਮੈਲਕਮ ਐਕਟਨ ਦੇ ਘਰ ਦੀ ਲੋਕ ਕਲਾ ਗੈਲਰੀ

ਔਕਸਫੋਰਡ ਤੇ ਲੰਡਨ ਵਿਚਲਾ ਫਾਸਲਾ ਸਿਰਫ 56 ਮੀਲ ਹੈ, ਤੇ ਕੇਂਦਰੀ ਲੰਡਨ ਤੋਂ ਤਕਰੀਬਨ ਹਰ 20 ਮਿੰਟ ਮਗਰੋਂ ਔਕਸਫੋਰਡ ਟਿਊਬ ਨਾਂਅ ਦੀ ਬੱਸ ਕੰਪਨੀ ਦੀਆਂ ਬੱਸਾਂ ਸਾਰਾ ਦਿਨ ਮਿਲ ਸਕਦੀਆਂ ਹਨ। ਤੈਅ ਹੁੰਦਾ ਹੈ ਕਿ ਮੈਂ ਅਗਲੇਰੇ ਸ਼ੁਕਰਵਾਰ ਐਸੀ ਬੱਸ ਫੜਾਂਗਾ, ਜੋ ਸ਼ਾਮ 5 ਵਜੇ ਤੋਂ ਬਾਅਦ ਔਕਸਫੋਰਡ ਪਹੁੰਚਦੀ ਹੋਵੇ। ਨੁਜਹਤ ਤੇ ਉਸਦਾ ਖਾਵਿੰਦ ਅੱਬਾਸ ਆਪਣਾ ਕੰਮ ਮੁਕਾ ਕੇ ਸਿੱਧਾ ਬੱਸ ਅੱਡੇ ਆਣ ਕੇ ਮੈਨੂੰ ਘਰ ਲੈ ਜਾਣਗੇ : ਸਪਤਾਹ ਅੰਤ ਮੇਰੇ ਲਈ ਰਾਖਵਾਂ ਰੱਖ ਲੈਣਗੇ।

ਇਹ ਸਭ ਤੈਅ ਹੋ ਜਾਣ ਤੋਂ ਬਾਅਦ ਸ਼ਾਮ ਨੂੰ ਨੁਜਹਤ ਦਾ ਸਵਾਲੀਆ ਸੁਨੇਹਾ ਮਿਲਦਾ ਹੈ, "ਕੋਈ ਐਸੀ ਚੀਜ਼ ਜੋ ਤੁਸੀਂ ਨਾ ਖਾਂਦੇ ਹੋਵੋ?" ਦਰਅਸਲ ਉਹ ਜਾਣਨਾ ਚਾਹੁੰਦੀ ਹੈ ਕਿ ਉਸਦਾ ਭਾਰਤੀ ਮਹਿਮਾਨ ਵੈਸ਼ਨੂੰ ਤੇ ਨਹੀਂ। ਮੈਂ ਹਰ ਤੌਖਲੇ ਨੂੰ ਤੋੜਦਾ ਇਕ ਸਤਰਾ ਜਵਾਬ ਭੇਜਦਾ ਹਾਂ, "ਹਰਾਮ, ਹਲਾਲ ਸਭ ਖਾਂਦਾ ਹਾਂ, ਜੋ ਮਰਜ਼ੀ ਪਕਾਪਕ ਲੈਣਾ" ਪਰ ਇਹ ਕਹਿਣੋਂ ਝਕ ਜਾਂਦਾ ਹਾਂ ਕਿ ਜੇ ਗੋਸ਼ਤ ਬਣਾ ਲਓ ਤਾਂ ਮਜ਼ਾ ਹੀ ਆ ਜਾਵੇ।

ਲੰਡਨ ਤੋਂ ਸਾਰਾ ਰਾਹ ਸਿੱਧੀ ਤੁਰੀ ਆ ਰਹੀ ਬੱਸ ਔਕਸਫੋਰਡ ਦੀਆਂ ਬਰੂਹਾਂ 'ਤੇ ਪਹੁੰਚ ਥਾਂ ਪੁਰ ਥਾਂ ਰੁਕ ਰਹੀ ਹੈ। ਦਰਅਸਲ ਮੁੱਖ ਬੱਸ ਅੱਡੇ ਗਲੌਸਟਰ ਗ੍ਰੀਨ ਤੱਕ ਪਹੁੰਚਣ ਤੋਂ ਪਹਿਲਾਂ ਇਹ ਸ਼ਹਿਰ ਦੇ ਕੇਂਦਰੀ ਹਿੱਸੇ ਵਿੱਚੋਂ ਲੰਘ ਕੇ ਜਾਂਦੀ ਹੈ। ਸੱਜੇ-ਖੱਬੇ ਦੋਵੇਂ ਪਾਸੇ ਇਤਿਹਾਸਕ ਤੇ ਪ੍ਰਭਾਵਸ਼ਾਲੀ ਇਮਾਰਤਾਂ ਨਜ਼ਰੀਂ ਪੈ ਰਹੀਆਂ ਹਨ। ਔਕਸਫੋਰਡ ਭਾਵੇਂ ਹੁਣ ਯੂਨੀਵਰਸਿਟੀ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ, ਪਰ 1096 ਵਿਚ ਏਥੇ ਯੂਨੀਵਰਸਿਟੀ ਦਾ ਮੁੱਢ ਬੱਝਾ ਹੀ ਏਸ ਕਾਰਨ ਸੀ, ਕਿਉਂਕਿ ਇੰਗਲੈਂਡ ਦੇ ਸਭ ਤੋਂ ਲੰਮੇ ਦਰਿਆ ਟੇਮਜ ਦੇ ਉਤਲੇ ਹਿੱਸੇ 'ਤੇ ਬਣੇ ਇਸ ਸ਼ਹਿਰ ਦਾ ਸੈਕਸਨ ਸਮਿਆਂ (5ਵੀਂ ਤੋਂ 11ਵੀਂ ਸ਼ਤਾਬਦੀ) ਤੋਂ ਹੀ ਇਤਿਹਾਸਕ ਮਹੱਤਵ ਰਿਹਾ ਹੈ। ਏਸੇ ਲਈ ਏਥੇ, ਇਸ ਡੇਢ ਲੱਖ ਦੀ ਦਰਮਿਆਨੀ ਜਿਹੀ ਆਬਾਦੀ ਵਾਲੇ ਸ਼ਹਿਰ ਵਿਚ ਅਜੇ ਵੀ ਉਨ੍ਹਾਂ ਵੇਲਿਆਂ ਤੋਂ ਲੈ ਕੇ ਹੁਣ ਤੱਕ ਦੇ ਇੰਗਲੈਂਡ ਦੀ ਹਰ ਕਿਸਮ ਦੀ ਇਮਾਰਤਕਾਰੀ ਦੇ ਨਮੂਨੇ ਦੀਆਂ ਇਮਾਰਤਾਂ ਤੁਹਾਨੂੰ ਨਜ਼ਰੀਂ ਪੈਣਗੀਆਂ। ਲੰਡਨ ਤੋਂ ਔਕਸਫੋਰਡ ਦੀਆਂ ਬਰੂਹਾਂ ਤੀਕ ਅੱਪੜਨ ਲਈ ਘੰਟਾ ਕੁ ਹੀ ਲੱਗਿਆ ਸੀ, ਪਰ ਮੁੱਖ ਅੱਡੇ ਤੀਕ ਪਹੁੰਚਣ ਲਈ 20 ਮਿੰਟ ਹੋਰ ਲੱਗ ਜਾਂਦੇ ਹਨ। ਹਾਂ, ਦੁਮੰਜ਼ਲੀ ਬੱਸ ਦੀ ਉਤਲੀ ਛੱਤ 'ਤੇ ਬੈਠਿਆਂ ਇਹ 20 ਮਿੰਟ ਮੈਨੂੰ ਸ਼ਹਿਰ ਦੀਆਂ ਖ਼ੂਬਸੂਰਤ ਇਮਾਰਤਾਂ ਦੇ ਭਰਪੂਰ ਦਰਸ਼ਨ ਦਾ ਮੌਕਾ ਜ਼ਰੂਰ ਦੇਂਦੇ ਹਨ।

ਨੁਜਹਤ ਤੇ ਉਸ ਦਾ ਪਤੀ ਅੱਬਾਸ ਆਪਣਾ ਦਿਹਾੜ ਦਾ ਕੰਮ ਮੁਕਾ ਕੇ ਮੈਨੂੰ ਲੈਣ ਆਏ ਹੋਏ ਹਨ। ਕਾਰ ਉਤੇ ਉਨ੍ਹਾਂ ਦੇ ਘਰ ਪਹੁੰਚਣ ਲਈ ਵੀ 15 ਕੁ ਮਿੰਟ ਦਾ ਸਮਾਂ ਲੱਗ ਜਾਂਦਾ ਹੈ। ਬਾਅਦ ਵਿਚ ਪਤਾ ਲਗਦਾ ਹੈ ਔਕਸਫੋਰਡ ਦਾਖਲ ਹੋਣ ਸਮੇਂ ਬੱਸ ਦਾ ਸਭ ਤੋਂ ਪਹਿਲਾ ਸਟਾਪ ਸਗੋਂ ਉਨ੍ਹਾਂ ਦੇ ਘਰ ਦੇ ਵੱਧ ਨੇੜੇ ਪੈਣਾ ਸੀ। ਚਲੋ, ਏਸ ਬਹਾਨੇ ਸ਼ਹਿਰ ਦੇ ਕੇਂਦਰੀ ਇਲਾਕੇ ਉਤੇ ਉਡਵੀਂ ਝਾਤ ਹੀ ਮਾਰ ਲਈ।

ਦੋਵੇਂ ਕੰਮ ਤੋਂ ਮੁੜੇ ਹਨ, ਪਰ ਨੁਜਹਤ ਦਾਲ-ਸਬਜ਼ੀ ਦਾ ਆਹਰ (ਜਿਸ ਨੂੰ ਪਾਕਿਸਤਾਨੀ ਪੰਜਾਬੀ ਹਾਂਡੀ ਪਕਾਣਾ ਆਖਦੇ ਹਨ) ਪਹਿਲੋਂ ਹੀ ਕਰ ਗਈ ਹੋਈ ਸੀ। ਹੁਣ ਸਿਰਫ ਫੁਲਕੇ ਲਾਹੁਣੇ, ਤੇ ਆਖਰੀ ਛੋਹਾਂ ਦੇਣਾ ਹੀ ਬਾਕੀ ਹੈ। ਨੁਜਹਤ ਦਾ ਘਟ-ਬੋਲੜਾ ਪਤੀ ਅੱਬਾਸ ਉਸਦੀ ਪੂਰੀ ਮਦਦ ਕਰ ਰਿਹਾ ਹੈ, ਬਹੁਤੇ ਪੰਜਾਬੀ ਖਾਵਿੰਦਾਂ ਤੋਂ ਉਲਟ। ਭਾਵੇਂ ਹੁਣ ਨੌਜਵਾਨ ਜੋੜਿਆਂ ਵਿਚ ਆਪਸੀ ਭਾਰ ਵੰਡਾਉਣ ਦੀ ਪਿਰਤ ਪੈਣੀ ਸ਼ੁਰੂ ਹੋ ਗਈ ਹੈ, ਪਰ ਉਤਲੀ ਉਮਰ ਦੀਆਂ ਪੀੜ੍ਹੀਆਂ ਵਿਚ ਇਹੋ ਜਿਹੀ ਸਾਂਝ ਘੱਟ ਹੀ ਨਜ਼ਰ ਆਂਦੀ ਹੈ। ਜਿੰਨੇ ਨੂੰ ਨੁਜਹਤ ਖਾਣਾ ਗਰਮ ਕਰਦੀ ਹੈ, ਅੱਬਾਸ ਸਲਾਦ ਕੱਟ ਦੇਂਦਾ ਹੈ, ਮੇਜ਼ ਉਤੇ ਪਲੇਟਾਂ, ਗਲਾਸ ਲਾ ਦੇਂਦਾ ਹੈ। ਖਾਣਾ ਮਹਿਮਾਨਨਵਾਜ਼ੀ ਵਾਲੇ ਉਚੇਚ ਨਾਲ ਤਿਆਰ ਕੀਤਾ ਗਿਆ ਹੈ: ਭਿੰਡੀਆਂ, ਦਾਲ, ਪੁਲਾਅ, ਮੁਰਗੀ ਦਾ ਸਾਲਨ ਤੇ ਗੋਸ਼ਤ ਵਾਲੇ ਕਰੇਲੇ। ਕੀਮੇ ਵਾਲੇ ਕਰੇਲੇ ਤਾਂ ਮੈਂ ਕਈ ਥਾਂਈਂ ਖਾਧੇ ਹੋਏ ਹਨ, ਪਰ ਗੋਸ਼ਤ ਵਾਲੇ ਕਰੇਲੇ ਮੇਰੇ ਲਈ ਅਸਲੋਂ ਨਵੀਂ ਕਾਢ ਹੈ, ਤੇ ਡਾਹਡੀ ਸੁਆਦਲੀ ਵੀ। ਨੁਜਹਤ ਦਸਦੀ ਹੈ ਕਿ ਇਹ ਉਸਨੇ ਆਪਣੇ ਅੰਮੀ ਜੀ ਕੋਲੋਂ ਬਣਾਉਣੇ ਸਿੱਖੇ ਸਨ, ਤੇ ਅੱਬਾਸ ਦੇ ਮਰਹੂਮ ਅੱਬਾ ਜੀ ਨੂੰ ਵੀ ਬਹੁਤ ਪਸੰਦ ਸਨ। ਖਾਣਾ ਖਾਂਦਿਆਂ, ਤੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦਿਆਂ ਸਾਰਾ ਓਪਰापਣ, ਜੇ ਕੋਈ ਹੈ ਵੀ ਸੀ, ਬਿਲਕੁਲ ਕਾਫ਼ੂਰ ਹੋ ਜਾਂਦਾ ਹੈ ਤੇ ਮੈਂ ਇੰਜ ਬੇਤਕੱਲੁਫ ਹੋ ਜਾਂਦਾ ਹਾਂ ਜਿਵੇਂ ਆਪਣੀ ਛੋਟੀ ਭੈਣ ਦੇ ਘਰ ਆਇਆ ਹੋਵਾਂ। ਨੁਜਹਤ ਅਗਲੇ ਦਿਨ ਦਾ ਪ੍ਰੋਗਰਾਮ ਮੈਨੂੰ ਪੁੱਛ ਕੇ ਤੈਅ ਕਰਨਾ ਚਾਹੁੰਦੀ ਹੈ। ਬਰਮਿੰਘਮ ਵਿਚ ਸਾਹਬ ਸਿੰਘ ਨੇ 'ਧਨੁ ਲਿਖਾਰੀ ਨਾਨਕਾ' ਨਾਟਕ ਖੇਡਣਾ ਹੈ, ਕੀ ਮੈਂ ਓਥੇ ਜਾਣਾ ਚਾਹਵਾਂਗਾ? ਮੈਂ ਜਵਾਬ ਦੇਣ ਵਿਚ ਢਿੱਲ ਨਹੀਂ ਕਰਦਾ। ਬਰਮਿੰਘਮ ਏਥੋਂ ਡੇਢ ਘੰਟੇ ਦਾ ਰਾਹ ਹੈ, ਤੇ ਮੇਰੇ ਕੋਲ ਕੱਲ੍ਹ ਦਾ ਹੀ ਦਿਨ ਸਾਬਤਾ ਹੈ। ਐਤਵਾਰ 12 ਵਜੇ ਦੀ ਮੇਰੀ ਵਾਪਸੀ ਹੈ, ਜੇ ਨਾਟਕ ਦੇਖਣ ਗਏ ਤਾਂ ਆਣ-ਜਾਣ ਦਾ ਸਫਰ ਜੋੜ ਕੇ ਸਾਰਾ ਦਿਨ ਹੀ ਏਸ ਉਪਰਾਲੇ ਵਿਚ ਖਰਚ ਹੋ ਜਾਵੇਗਾ। ਅਸੀਂ ਗੱਲਾਂ ਕਦੋਂ ਕਰ ਸਕਾਂਗੇ, ਤੇ ਗੱਲਾਂ ਕਰਨ ਵਾਲੀਆਂ ਬਹੁਤ ਹਨ, ਯੂਨੀਵਰਸਿਟੀ ਦਿਨਾਂ ਦੇ ਸਾਂਝੇ ਦੋਸਤਾਂ ਬਾਰੇ, ਇਕ-ਦੂਜੇ ਦੀਆਂ ਸਰਗਰਮੀਆਂ ਬਾਰੇ, ਸਾਂਝੇ ਪਰ ਵੰਡੇ ਹੋਏ ਪੰਜਾਬ ਬਾਰੇ ... ਸੋ ਅਸੀਂ ਕਿਤੇ ਨਹੀਂ ਜਾਵਾਂਗੇ, ਬਸ ਔਕਸਫੋਰਡ ਦੀ ਹੀ ਸੈਰ ਕਰਾਂਗੇ।

ਮੇਰੀ ਤਕਰੀਬਨ ਫੈਸਲਾਕੁਨ ਤਜਵੀਜ਼ ਜੋੜੇ ਨੂੰ ਪਸੰਦ ਹੈ, ਉਂਜ ਵੀ ਮੈਂ ਉਨ੍ਹਾਂ ਲਈ ਇਸ ਵਿਚ ਕੋਈ ਤਰਮੀਮ ਕਰਨ ਦੀ ਗੁੰਜਾਇਸ਼ ਹੀ ਕਿੱਥੇ ਰਹਿਣ ਦਿੱਤੀ ਸੀ! ਦੋਵੇਂ ਅਗਲੇ ਦਿਨ ਸ਼ਹਿਰ ਦੀ ਸੈਰ ਲਈ ਰੂਟ ਵਿਓਂਤਣ ਲਗ ਪੈਂਦੇ ਹਨ। ਤੇ ਫੇਰ ਨੁਜਹਤ ਪੁੱਛਦੀ ਹੈ, "ਤੁਹਾਨੂੰ ਪੈਦਲ ਟੁਰਨ ਦੀ ਕਿੰਨੀ ਕੁ ਆਦਤ ਹੈ?"

"ਪਿਛਲੇ ਕਈ ਸਾਲਾਂ ਤੋਂ ਗਰਮੀਆਂ ਮੈਂ ਪਹਾੜਾਂ 'ਤੇ ਕੱਟਦਾ ਹਾਂ, ਉਸ ਉਚਾਈ 'ਤੇ ਵੀ ਰੋਜ਼ 6-7 ਕਿਲੋਮੀਟਰ ਤੁਰਦਾ ਹਾਂ। ਸੋ, ਕੋਈ ਮਸਲਾ ਨਹੀਂ।" ਮੈਂ ਤਕਰੀਬਨ ਸ਼ੇਖੀਨੁਮਾ ਸੁਰ ਵਿਚ ਦਸਦਾ ਹਾਂ।" ਫੇਰ ਕੱਲ੍ਹ ਪੈਦਲ ਹੀ ਸ਼ਹਿਰ ਦੀ ਸੈਰ ਕਰਨੇ ਆਂ, ਹਰ ਥਾਂ ਕਾਰ ਦੀ ਪਾਰਕਿੰਗ ਵੀ ਨਹੀਂ ਲੱਭਦੀ। ਬਸ, ਟੁਰਨਾ ਕਾਫੀ ਪਵੇਗਾ, ਪਰ ਸ਼ਹਿਰ ਚੰਗੀ ਤਰ੍ਹਾਂ ਦੇਖ ਸਕੋਗੇ।" ਨੁਜਹਤ ਕਹਿੰਦੀ ਹੈ।

ਇਹ ਗੱਲ ਮੈਨੂੰ ਬਹੁਤ ਪੋਂਹਦੀ ਹੈ, ਕਿਸੇ ਸ਼ਹਿਰ ਨੂੰ ਨੇੜਿਓਂ ਜਾਣਨਾ-ਸਮਝਣਾ ਹੋਵੇ ਤਾਂ ਉਸਦੀਆਂ ਸੜਕਾਂ ਨੂੰ ਪੈਦਲ ਕੱਛਣਾ ਬਹੁਤ ਜ਼ਰੂਰੀ ਹੈ। ਮਾਸਕੋ, ਲੰਡਨ, ਪੈਰਿਸ ਵਰਗੇ ਫੈਲਵੇਂ ਸ਼ਹਿਰਾਂ ਦੇ ਜੁਗਰਾਫੀਏ ਦੀ ਚੋਖੀ ਸਮਝ ਮੈਨੂੰ ਏਸੇ ਕਾਰਨ ਹੈ ਕਿ ਸਮੇਂ-ਸਮੇਂ 'ਤੇ ਉਨ੍ਹਾਂ ਦੇ ਕੇਂਦਰੀ ਹੀ ਨਹੀਂ, ਬਾਹਰਲੇ ਹਿੱਸਿਆਂ ਦੀਆਂ ਸੜਕਾਂ ਨੂੰ ਵੀ ਮੈਂ ਪੈਦਲ ਗਾਹਿਆ ਹੋਇਆ ਹੈ। ਇਸ ਤੋਂ ਉਲਟ ਚੇੱਨਈ ਤੇ ਬੰਗਲੌਰ ਵਰਗੇ ਭਾਰਤੀ ਸ਼ਹਿਰਾਂ ਦੀਆਂ ਕਈ ਫੇਰੀਆਂ ਦੇ ਬਾਵਜੂਦ ਉਨ੍ਹਾਂ ਦੀ ਰੂਪ-ਰੇਖਾ ਬਾਰੇ ਮੈਨੂੰ ਕੋਈ ਖਾਸ ਸਮਝ ਨਹੀਂ, ਕਿਉਂਕਿ ਇਨ੍ਹਾਂ ਸ਼ਹਿਰਾਂ ਵਿਚ ਮੈਂ ਤੁਰਿਆ ਬਹੁਤ ਘੱਟ ਹਾਂ। ਇਸ ਲਈ ਨੁਜਹਤ ਦੀ ਇਹ ਤਜਵੀਜ਼ ਮੈਨੂੰ ਬਹੁਤ ਪਸੰਦ ਹੈ, ਔਕਸਫੋਰਡ 'ਤੇ ਹੈ ਵੀ ਛੋਟਾ ਜਿਹਾ ਸ਼ਹਿਰ। ਇਹ ਅੱਡਰੀ ਗੱਲ ਹੈ ਕਿ ਅਗਲੇ ਦਿਨ ਨੁਜਹਤ ਤੇ ਅੱਬਾਸ ਨੇ ਅੜਾਟ ਕਢਾ ਦੇਣ ਦੀ ਹੱਦ ਤੀਕ ਮੇਰੀ ਪੈਦਲ ਤੁਰ ਸਕਣ ਦੀ ਮੁਹਾਰਤ ਦਾ ਇਮਤਿਹਾਨ ਲਿਆ।

ਤੈਅ ਹੋਇਆ ਕਿ ਸਵੇਰੇ ਆਰਾਮ ਨਾਲ ਉੱਠਾਂਗੇ, ਗਿਆਰਾਂ ਕੁ ਵਜੇ ਭਰਵਾਂ ਨਾਸ਼ਤਾ ਕਰਕੇ, ਕਾਰ ਘਰੇ ਛੱਡ, ਸ਼ਹਿਰ ਲਈ ਪੈਦਲ ਨਿਕਲਾਂਗੇ, ਪਿਕਨਿਕ ਦਾ ਸਮਾਨ ਨਾਲ ਲਈ ਜਾਵਾਂਗੇ ਤੇ ਬਾਅਦ ਦੁਪਹਿਰ ਕਿਸੇ ਥਾਂ ਬਹਿ ਕੇ ਖਾ-ਸੁਸਤਾ ਲਵਾਂਗੇ।

ਨੁਜਹਤ ਦੇ ਮਾਪੇ ਵੰਡ ਵੇਲੇ ਏਧਰਲੇ ਪੰਜਾਬ ਤੋਂ ਗਏ ਸਨ, ਮਾਂ ਕਪੂਰਥਲੇ ਦੇ ਇਕ ਪਿੰਡ ਤੋਂ ਤੇ ਅੱਬਾ ਜਲੰਧਰ ਦੀ ਬਸਤੀ ਸ਼ੇਖ ਤੋਂ। ਅੱਬਾਸ ਦੇ ਅੰਮੀ ਵੀ ਜਲੰਧਰ ਦੇ ਹੀ ਸਨ। ਸੋ ਦੋਹਾਂ ਦੀ ਬੋਲੀ ਵੀ ਮੈਨੂੰ ਬੜੀ ਕਰੀਬੀ ਲਗਦੀ ਹੈ : ਉਨ੍ਹਾਂ ਦੀਆਂ ਗੱਲਾਂ ਵਿਚੋਂ ਦੁਆਬੇ ਦੇ ਲਹਿਜੇ ਦੀ ਹੀ ਨਹੀਂ, ਕੁਝ ਸਿਰਫ ਏਸ ਖਿੱਤੇ ਵਿਚ ਹੀ ਵਰਤੇ ਜਾਂਦੇ ਸ਼ਬਦਾਂ ਦੀ ਵੀ ਝਲਕ ਪੈਂਦੀ ਹੈ। ਦੋਵੇਂ ਵੰਡਾਰੇ ਤੋਂ ਬਾਅਦ, ਪਾਕਿਸਤਾਨੀ ਪੰਜਾਬ ਵਿਚ ਪੈਦਾ ਹੋਏ, ਪਰ ਮਾਪਿਆਂ ਬਦੌਲਤ ਅਛੋਪਲੇ ਹੀ ਏਧਰਲੀ ਰੰਗਤ ਵਾਲੀ ਬੋਲੀ ਬੋਲਦੇ ਹਨ : ਲਹਿਜੇ ਜਾਂ ਜ਼ੁਬਾਨ ਉੱਤੇ ਪੁਸ਼ਤੈਨੀ ਅਸਰ ਦੀ ਮਿਸਾਲ। ਮੈਂ ਖ਼ੁਦ ਬਹੁਤੀ ਵਰ੍ਹੇਸ ਦੁਆਬੇ ਵਿਚ ਕੱਟੀ ਹੈ, ਪਰ ਪੁਰਖਿਆਂ ਦੇ ਪਰਭਾਵ ਹੇਠ ਮੇਰੀ ਬੋਲੀ ਉੱਤੇ ਮਾਝੇ, ਸਿਆਲਕੋਟ ਤੇ ਪੋਠੋਹਾਰੀ ਦਾ ਮਿਲਵਾਂ ਅਸਰ ਕਿਤੇ ਵੱਧ ਹੈ। ਕੁਝ ਚਿਰ ਅਸੀਂ ਆਪਣੀ ਸਾਂਝੀ, ਪਰ ਦੋ ਮੁਲਕਾਂ ਤੇ ਦੋ ਲਿਪੀਆਂ ਵਿਚ ਵੰਡੀ ਗਈ ਜ਼ੁਬਾਨ ਬਾਰੇ ਗੱਲਾਂ ਕਰਦੇ ਹਾਂ। ਨੁਜਹਤ ਉਨ੍ਹਾਂ ਪਾਕਿਸਤਾਨੀ ਪੰਜਾਬੀਆਂ ਵਿੱਚੋਂ ਹੈ, ਜਿਨ੍ਹਾਂ ਨੂੰ ਪੰਜਾਬੀ-ਸੇਵਕ ਕਿਹਾ ਜਾਂਦਾ ਹੈ : ਉਰਦੂ ਦੀ ਥਾਂ ਸੁਚੇਤ ਰੂਪ ਵਿਚ ਪੰਜਾਬੀ ਨੂੰ ਤਰਜੀਹ ਦੇਣ ਵਾਲੇ, ਪੰਜਾਬੀ ਨੂੰ ਬਣਦੀ ਥਾਂ ਦੁਆਉਣ ਲਈ ਜੱਦੋਜਹਿਦ ਕਰਨ ਵਾਲੇ ਲੋਕ। ਨੁਜਹਤ ਤਾਂ ਪੰਜਾਬੀ ਵਿਚ ਕਵਿਤਾ ਤੇ ਕਹਾਣੀ ਵੀ ਲਿਖਦੀ ਹੈ। ਔਕਸਫੋਰਡ ਬੈਠੀ ਹੋਈ ਹੋਰਨਾਂ, ਬਾਹਰ ਵਸਦੀਆਂ ਪੰਜਾਬਣਾਂ ਨੂੰ ਪੰਜਾਬੀ ਸਾਹਿਤ ਵੱਲ ਮੋੜਨ ਲਈ ਕਲਾਸਾਂ ਲਾਂਦੀ ਹੈ, ਏਸ ਸ਼ਹਿਰ ਵਿਚ ਤੀਆਂ ਦਾ ਸਾਲਾਨਾ ਮੇਲਾ ਵਿਉਂਤਦੀ ਹੈ। ਤੇ ਗਾਉਂਦੀ ਵੀ ਬਹੁਤ ਸੁਹਣਾ ਹੈ। ਇਹੋ ਜਿਹੀਆਂ ਗੱਲਾਂ ਕਰਦਿਆਂ, ਕੁਝ ਸੁਣਦਿਆਂ, ਕੁਝ ਸੁਣਾਉਂਦਿਆਂ ਸ਼ਾਮ ਡੂੰਘੀ ਰਾਤ ਵਿਚ ਤਬਦੀਲ ਹੋ ਗਈ, ਪਰ ਗੱਲਾਂ ਨਾ ਮੁੱਕ ਰਹੀਆਂ ਸਨ, ਨਾ ਮੁਕਾਉਣ 'ਤੇ ਜੀਅ ਕਰ ਰਿਹਾ ਸੀ, ਪਰ ਫੇਰ ਮੈਂ ਹੀ ਸੁਝਾਇਆ ਕਿ ਹੁਣ ਆਰਾਮ ਕਰਨਾ ਚਾਹੀਦਾ ਹੈ, ਬਾਕੀ ਦੀਆਂ ਗੱਲਾਂ ਕੱਲ੍ਹ। ਦੋਵੇਂ ਜੀਅ ਸਾਰਾ ਹਫਤਾ ਕੰਮ ਕਰਕੇ ਵਿਹਲੇ ਹੋਏ ਸਨ, ਤੇ ਉਨ੍ਹਾਂ ਦਾ ਸਪਤਾਹ-ਅੰਤ ਵੀ ਮੈਂ ਮੱਲ ਲਿਆ ਸੀ, ਸੋ ਉਨ੍ਹਾਂ ਨੂੰ ਬਣਦਾ ਆਰਾਮ ਦੁਆਉਣਾ ਵੀ ਮੇਰਾ ਫਰਜ਼ ਸੀ।

ਅੱਬਾਸ ਜੋੜੀ ਦੀ ਇਕਲੌਤੀ ਸੰਤਾਨ ਬੇਟੀ ਅਨੁਸ਼ਾ ਇਸ ਸਮੇਂ ਐਮਸਟਰਡਮ ਵਿਚ ਪੜ੍ਹ ਰਹੀ ਹੈ। ਸਭ ਤੋਂ ਉਤਲੀ ਛੱਤ 'ਤੇ ਉਸਦਾ ਵਿਸ਼ਾਲ ਕਮਰਾ ਤੇ ਜੁੜਵਾਂ ਗੁਸਲਖਾਨਾ ਮੈਨੂੰ ਦੇ ਦਿੱਤੇ ਗਏ। ਰਾਤ ਸੌਣ ਵੇਲੇ ਹੀ ਮੈਂ ਦੁਹਾਂ ਨੂੰ ਕਹਿ ਦਿੱਤਾ ਕਿ ਮੇਰੀ ਹੋਂਦ ਨੂੰ ਭੁਲਾ ਕੇ ਆਰਾਮ ਨਾਲ ਸੌਣ ਤੇ ਜੇਕਰ ਮੈਂ ਉਨ੍ਹਾਂ ਤੋਂ ਪਹਿਲੋਂ ਉਠ ਵੀ ਪਿਆ ਤਾਂ ਦੇਖ ਚੁੱਕਾ ਹਾਂ ਪੱਤੀ ਤੇ ਦੁੱਧ ਕਿੱਥੇ ਪਏ ਹਨ, ਸਵੇਰ ਦੀ ਚਾਹ ਆਪੇ ਬਣਾ ਲਵਾਂਗਾ।



ਨੁਜਹਤ ਨਾਲ ਉਨ੍ਹਾਂ ਦੇ ਘਰ ਵਿਚ

ਅਗਲੀ ਸਵੇਰ ਸਾਰੇ ਆਰਾਮ ਨਾਲ ਉੱਠੇ, ਤੇ ਕੁਝ ਰਾਤ ਦੇ ਬਚੇ, ਤੇ ਕੁਝ ਨਵੇਂ ਬਣਾਏ ਨੂੰ ਰਲਾ ਕੇ ਭਰਵਾਂ ਨਾਸ਼ਤਾ ਕੀਤਾ। ਫੇਰ 12 ਕੁ ਵਜੇ ਆਪੋ-ਆਪਣੇ ਪਿੱਠੂ ਚੁੱਕੀ ਔਕਸਫੋਰਡ ਦੀ ਸੈਰ ਲਈ ਨਿਕਲ ਪਏ। ਦਿਨ ਭਾਵੇਂ ਖ਼ੁਸ਼ਗਵਾਰ ਸੀ, ਪਰ ਕੁਝ ਹੀ ਦਿਨ ਪਹਿਲਾਂ ਤੱਕ ਇੰਗਲੈਂਡ ਵਿਚ ਬੇਤਹਾਸ਼ਾ ਪੈਂਦੀ ਰਹੀ ਗਰਮੀ ਕਾਰਨ ਪੈਦਲ ਰਾਹ ਦੇ ਨਾਲ-ਨਾਲ ਉੱਗਿਆ ਘਾਹ ਤੂੜੀ ਰੰਗਾ ਹੋਇਆ ਪਿਆ ਸੀ ; ਵਾਤਾਵਰਣ ਤੇ ਮੌਸਮਾਂ ਵਿਚ ਦੁਨਿਆਵੀ ਪੱਧਰ 'ਤੇ ਹੋ ਰਹੀ ਤਬਦੀਲੀ ਦਾ ਪਰਤੱਖ ਪਰਮਾਣ। ਨੁਜਹਤ ਦੱਸ ਰਹੀ ਸੀ ਕਿ ਇਹੋ ਜਿਹਾ ਲੂਹਿਆ ਘਾਹ ਉਸਨੇ ਏਥੇ ਪਹਿਲੀ ਵਾਰ ਦੇਖਿਆ ਹੈ।



"ਅਸੀਂ ਪੀਪਲਜ਼ ਆਰਟ ਗੈਲਰੀ ਨਾ ਦਿਖਾਂਦੇ ਜਾਈਏ, ਸੁਕੀਰਤ ਹੋਰਾਂ ਨੂੰ?", ਨੁਜਹਤ ਅੱਬਾਸ ਨੂੰ ਪੁਛਦੀ, ਤੇ ਫੇਰ ਮੈਨੂੰ ਦੱਸਦੀ ਹੈ, "ਸਾਡਾ ਇਕ ਦੋਸਤ ਹੈ ਏਥੇ, ਮੈਲਕਮ ਐਕਟਨ। ਉਸਨੇ ਸ਼ੌਕੀਆ ਸੰਗੀਤਕਾਰਾਂ ਦਾ ਇਕ ਗਰੁੱਪ ਬਣਾਇਆ ਹੋਇਆ ਹੈ, ਮੈਂ ਵੀ ਉਸਦਾ ਹਿੱਸਾ ਹਾਂ। ਏਥੇ ਨੇੜੇ ਹੀ ਰਹਿੰਦਾ ਹੈ। ਕੋਵਿਡ ਦੌਰਾਨ ਉਸਨੇ ਆਪਣੇ ਘਰ ਨੂੰ ਆਮ ਲੋਕਾਂ ਲਈ ਕਲਾ ਗੈਲਰੀ ਵਿਚ ਤਬਦੀਲ ਕਰ ਦਿੱਤਾ ਹੈ। ਓਥੇ ਬ੍ਰੈਕਸਿਟ ਵਰਗੇ ਸੌੜੇ ਸਿਆਸੀ ਤੇ ਲੋਕ ਵਿਰੋਧੀ ਦਾਅਪੇਚਾਂ ਅਤੇ ਵਾਤਾਵਰਣ ਨੂੰ ਤਬਾਹੀ ਵੱਲ ਲਿਜਾ ਰਹੀਆਂ ਨੀਤੀਆਂ ਵਿਰੁੱਧ ਕਲਾ ਕਿਰਤਾਂ, ਕਾਰਟੂਨਾਂ ਤੇ ਹੋਰ ਸਮੱਗਰੀ ਇਕੱਤਰ ਕਰ ਕੇ ਕਲਾ ਗੈਲਰੀ ਬਣਾਈ ਗਈ ਹੈ। ਸਰਕਾਰ ਦੀਆਂ ਮਾਰੂ ਨੀਤੀਆਂ ਦੇ ਵਿਰੋਧੀ ਸਥਾਨਕ ਲੋਕ ਅਕਸਰ ਉਸ ਥਾਂ ਇਕੱਤਰ ਹੋ ਕੇ ਵਿਚਾਰ-ਵਟਾਂਦਰਾ ਤੇ ਮੇਲ-ਗੇਲ ਕਰਦੇ ਹਨ। ਤੁਹਾਨੂੰ ਪਹਿਲੋਂ ਉਸ ਨਾਲ ਮਿਲਵਾਂਦੇ ਹਾਂ।"

ਅੱਬਾਸ ਮੈਲਕਮ ਐਕਟਨ ਨੂੰ ਫੋਨ ਕਰਦਾ ਹੈ ਤਾਂ ਪਤਾ ਲਗਦਾ ਹੈ ਕਿ ਮੈਲਕਮ ਨੂੰ ਕੋਵਿਡ ਹੋਇਆ ਹੋਇਆ ਹੈ, ਸੋ ਉਸਨੇ ਘਰ ਨੂੰ ਹਾਲ ਦੀ ਘੜੀ ਸੀਲ ਕਰ ਦਿੱਤਾ ਹੋਇਆ ਹੈ।

"ਫੇਰ ਵੀ ਓਧਰੋਂ ਲੰਘਦੇ ਜਾਨੇ ਆਂ, ਬਾਹਰੋਂ ਦੇਖਿਆਂ ਵੀ ਤੁਹਾਨੂੰ ਅੰਦਾਜ਼ਾ ਹੋ ਜਾਵੇਗਾ।"

ਦਸ ਕੁ ਮਿੰਟ ਬਾਅਦ ਅਸੀਂ ਮੈਲਕਮ ਐਕਟਨ ਦੇ ਘਰ ਦੇ ਬਾਹਰ ਖੜੇ ਹਾਂ। ਨੰਬਰ 1, ਵਿਲਿੰਗਟਨ ਕ੍ਰਿਸੈਂਟ, ਯਾਨੀ ਦੋ ਸੜਕਾਂ ਦੇ ਮੇਲ 'ਤੇ ਬਣੇ ਇਸ ਘਰ ਦਾ ਖੁੱਲ੍ਹਾ ਹਿੱਸਾ ਜਾਂ ਗਾਰਡਨ, ਬਾਕੀ ਘਰਾਂ ਦੇ ਮੁਕਾਬਲੇ ਕਾਫੀ ਮੋਕਲਾ ਹੈ ਅਤੇ ਕਲਾ ਕਿਰਤਾਂ ਨਾਲ ਅੱਟਿਆ ਪਿਆ ਹੈ। ਬਾਹਰੋਂ ਦੇਖਿਆਂ ਵੀ ਪਤਾ ਲਗ ਜਾਂਦਾ ਹੈ ਕਿ ਟਰੰਪ ਤੋਂ ਲੈ ਕੇ ਬੋਰਿਸ ਜੌਨਸਨ, ਤੇ ਐਰਦੋਗਾਨ ਤੋਂ ਲੈ ਕੇ ਪੁਤਿਨ ਤੱਕ ਵਰਗੇ ਆਗੂਆਂ ਦੀਆਂ ਦੁਨੀਆ ਹਿਲਾਊ ਪਾਲਸੀਆਂ ਦੇ ਖਤਰੇ ਬਾਰੇ ਆਗਾਹ ਕਰਦੇ, ਤੇ ਉਨ੍ਹਾਂ ਦੀਆਂ ਧੱਜੀਆਂ ਉਡਾਉਂਦੀਆਂ ਕਿਰਤਾਂ ਦੀ ਏਥੇ ਭਰਮਾਰ ਹੈ। ਵਾਤਾਵਰਣ ਦੀ ਤਬਾਹੀ ਵੱਲ ਧਿਆਨ ਦੁਆਂਦੇ, ਬੈਨਰਾਂ ਵਾਂਗ ਲਟਕਾਏ ਹੋਏ ਤੱਥ ਤੇ ਕਥਨ ਵੀ ਨਜ਼ਰੀਂ ਪੈ ਰਹੇ ਹਨ। ਇਕ ਪੁਰਾਣੀ ਟਾਇਲਟ ਸੀਟ ਰੱਖੀ ਦਿਸਦੀ ਹੈ, ਜਿਸਦੇ ਖੁੱਲ੍ਹੇ ਢੱਕਣ ਉਤੇ ਉਸ ਸਮੇਂ ਦੇ ਬਰਤਾਨਵੀ ਪਰਧਾਨ ਮੰਤਰੀ ਬੋਰਿਸ ਜੌਨਸਨ ਦਾ ਚਿਹਰਾ ਪੇਂਟ ਕੀਤਾ ਹੋਇਆ ਹੈ। ਖਿਆਲ ਆਣੋਂ ਨਹੀਂ ਰਹਿੰਦਾ ਕਿ ਦੇਸ ਵਿਚ ਜੇ ਕੋਈ ਇਹੋ ਜਿਹੀ ਹਿਮਾਕਤ ਕਰੇ ਤਾਂ ਸ਼ਾਇਦ ਅਜਿਹੇ "ਦੇਸ਼-ਧ੍ਰੋਹੀ" ਦੇ ਘਰ ਉਤੇ ਅਗਲੇ ਦਿਨ ਹੀ ਬੁਲਡੋਜ਼ਰ ਚਾੜ੍ਹ ਦਿੱਤੇ ਜਾਣ। ਬਾਹਰੋਂ ਦੇਖਿਆਂ ਵੀ ਸਾਰਾ ਕੁਝ ਬੜਾ ਦਿਲਚਸਪ ਤੇ ਵੱਖਰੀ ਕਿਸਮ ਦਾ ਜਾਪਦਾ ਹੈ। ਘਰ ਦੇ ਬਾਹਰ, ਪਰ ਗੇਟ ਦੇ ਕੋਲ ਇਕ ਰੈਕ ਉਤੇ ਭਾਂਤ-ਭਾਂਤ ਦੀਆਂ ਪੁਸਤਕਾਂ ਹਨ, ਲੋਕ ਏਥੋਂ ਆਪਣੀ ਪਸੰਦ ਦੀਆਂ ਕਿਤਾਬਾਂ ਲੈ ਵੀ ਜਾਂਦੇ ਹਨ, ਤੇ ਕੁਝ ਆਪ ਖਰੀਦੀਆਂ ਏਥੇ ਛੱਡ ਵੀ ਜਾਂਦੇ ਹਨ, ਸੋ ਰੈਕ ਹਰ ਵੇਲੇ ਭਰਿਆ ਵੀ ਰਹਿੰਦਾ ਹੈ ਤੇ ਲਗਾਤਾਰ ਨਵਿਆਇਆ ਵੀ ਜਾਂਦਾ ਹੈ।

ਕੁਝ ਚਿਰ ਇਸ ਦਿਲਚਸਪ ਥਾਂ ਦਾ ਬਾਹਰੋਂ ਹੀ ਨਜ਼ਾਰਾ ਲੈ ਕੇ ਇਫਲੀ ਪਿੰਡ ਰਾਹੀਂ ਅਸੀਂ ਟੇਮਜ਼ ਵੱਲ ਨਿਕਲ ਪੈਂਦੇ ਹਾਂ। ਅੱਬਾਸ ਦਸਦਾ ਹੈ ਕਿ ਅਸੀਂ ਟੇਮਜ਼ ਦੇ ਨਾਲ-ਨਾਲ ਤੁਰਦੇ ਹੋਏ ਕੇਂਦਰੀ ਔਕਸਫੋਰਡ ਵੱਲ ਜਾਵਾਂਗੇ। ਇਫਲੀ ਪਿੰਡ ਔਕਸਫੋਰਡ ਦਾ ਹੀ ਹਿੱਸਾ ਹੈ, ਤੇ ਸ਼ਾਇਦ ਸਭ ਤੋਂ ਪੁਰਾਣਾ ਵੀ। ਇਹ ਥਾਂ ਕੁਝ ਉੱਚੀ ਹੈ ਤੇ ਟੇਮਜ਼ 'ਤੇ ਹੋਣ ਵਾਲੀ ਆਵਾਜਾਈ ਨੂੰ ਏਥੋਂ ਸੌਖਿਆਂ ਹੀ ਨਿਰੀਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਹੜ੍ਹ ਦੀ ਸੂਰਤ ਵਿਚ ਵੀ ਇਹ ਥਾਂ ਮਹਿਫੂਜ਼ ਹੁੰਦੀ ਹੋਵੇਗੀ। ਹੋਰ 20 ਕੁ ਮਿੰਟ ਦਾ ਪੈਂਡਾ ਤੈਅ ਕਰਕੇ ਅਸੀਂ ਟੇਮਜ਼ ਦੇ ਕੰਢੇ ਪਹੁੰਚ ਜਾਂਦੇ ਹਾਂ। ਇੰਗਲੈਂਡ ਦਾ ਇਹ ਸਭ ਤੋਂ ਅਹਿਮ ਤੇ ਸਭ ਤੋਂ ਵੱਧ ਮਸ਼ਹੂਰ ਦਰਿਆ ਹੈ, ਪਰ ਏਥੇ ਦੇਖਿਆਂ ਇਹ ਨਦੀ ਤਾਂ ਛੱਡੋ, ਬਸ ਵੱਡੀ ਨਹਿਰ ਦਾ ਹੀ ਮੁਕਾਬਲਾ ਕਰ ਸਕਣ ਜੋਗਾ ਜਾਪਦਾ ਹੈ। ਉਂਜ ਵੀ ਇੰਗਲੈਂਡ ਦੇ ਇਸ ਸਭ ਤੋਂ ਲੰਮੇ ਦਰਿਆ ਦੀ ਲੰਬਾਈ ਸਿਰਫ 346 ਕਿਲੋਮੀਟਰ ਹੈ, ਜਦਕਿ ਪੰਜਾਬ ਦਾ ਸਭ ਤੋਂ ਛੋਟਾ ਦਰਿਆ ਬਿਆਸ ਵੀ ਹਰੀਕੇ ਪੱਤਣ ਵਿਚ ਸਤਲੁਜ ਨਾਲ ਜਾ ਰਲਣ ਤੋਂ ਪਹਿਲਾਂ 470 ਕਿਲੋਮੀਟਰ ਦਾ ਪੈਂਡਾ ਤੈਅ ਕਰਦਾ ਹੈ। ਏਸ ਇਲਾਕੇ ਵਿਚ ਟੇਮਜ਼ ਨੂੰ ਆਈਸਿਸ ਵੀ ਕਿਹਾ ਜਾਂਦਾ ਹੈ ਤੇ ਔਕਸਫੋਰਡ ਵਿਸ਼ਵਵਿਦਿਆਲੇ ਨਾਲ ਜੁੜੇ ਕਈ ਬੇੜੀ-ਦੌੜਾਂ ਮੁਕਾਬਲੇ ਹਰ ਸਾਲ ਏਥੇ ਕਰਾਏ ਜਾਂਦੇ ਹਨ। ਇਨ੍ਹਾਂ ਸਾਰੇ ਮੁਕਾਬਲਿਆਂ ਨੂੰ ਵੀ ਆਈਸਿਸ ਬੇੜੀ-ਦੌੜਾਂ ਹੀ ਆਖਦੇ ਹਨ। ਇਫਲੀ ਲੌਕ (ਨਹਿਰ ਜਾਂ ਨਦੀ 'ਤੇ ਬਣਾਇਆ ਗਿਆ ਬੰਨ੍ਹਨੁਮਾ ਗੇਟ ਜਿਸ ਰਾਹੀਂ ਬੇੜੀਆਂ ਨੂੰ ਵੱਖੋ-ਵੱਖ ਪੱਧਰ 'ਤੇ ਚਲਦੇ ਪਾਣੀਆਂ ਵਿੱਚੋਂ ਲੰਘਾਉਣ ਲਈ ਹੇਠਾਂ ਜਾਂ ਉਪਰ ਕੀਤਾ ਜਾਂਦਾ ਹੈ) ਕੋਲੋਂ ਅਸੀਂ ਟੇਮਜ਼ ਨੂੰ ਪਾਰ ਕੀਤਾ ਤੇ ਪਰਲੇ ਬੰਨੇ ਹੋ ਗਏ। ਹੁਣ ਸਾਡੇ ਸੱਜੇ ਹੱਥ, ਨਦੀ ਦੇ ਪਾਰ, ਕੁਝ ਇਮਾਰਤਾਂ ਸਨ, ਜਿਨ੍ਹਾਂ ਨੂੰ ਬੇੜੀ ਘਰ ਕਹਿੰਦੇ ਹਨ, ਤੇ ਖੱਬੇ ਹੱਥ ਇਕ ਕੁਦਰਤੀ ਵਾੜ ਸੀ, ਜਿਸਦੇ ਨਾਲ-ਨਾਲ ਅਸੀਂ ਟੁਰਦੇ ਜਾ ਰਹੇ ਸਾਂ। ਵਾੜ ਤੋਂ ਪਰਲੇ ਪਾਸੇ ਲੰਮੇ-ਚੌੜੇ ਬੇਲੇ ਸਨ, ਜਿਨ੍ਹਾਂ ਵਿਚ ਘੋੜੇ ਚਰ ਰਹੇ ਦਿਸਦੇ ਸਨ। ਏਸ ਵਾੜ ਵਿਚ ਥਾਂ ਪੁਰ ਥਾਂ ਕੋਈ ਜੰਗਲੀ ਦਾਣੇ (ਬੈਰੀਆਂ) ਲੱਗੇ ਹੋਏ ਸਨ, ਜਿਨ੍ਹਾਂ ਦੀ ਸ਼ਕਲ, ਤੇ ਸੁਆਦ ਵੀ, ਵਲੈਤੀ ਸਟ੍ਰਾਬੈਰੀ ਤੇ ਦੇਸੀ ਸ਼ਹਿਤੂਤ ਦਾ ਰਲੇਵਾਂ ਜਿਹਾ ਸੀ। ਅੱਬਾਸ ਦਾ ਕਦ ਔਸਤ ਨਾਲੋਂ ਵਾਹਵਾ ਉੱਚਾ ਹੋਣ ਕਰਕੇ ਉਹ ਬਹੁਤਿਆਂ ਦੀ ਪਹੁੰਚ ਤੋਂ ਪਰ੍ਹੇ ਲਟਕਦੀਆਂ ਬੈਰੀਆਂ ਸੌਖਿਆਂ ਹੀ ਤੋੜ ਲੈਂਦਾ ਸੀ ਤੇ ਸਾਨੂੰ ਦੋਹਾਂ ਨੂੰ ਵੀ ਫੜਾਈ ਜਾਂਦਾ ਸੀ। ਦੇਸ ਵਿਚ ਪਈ ਆਦਤ ਮੁਤਾਬਕ ਮੈਂ ਇਹ ਅਣਧੋਤੀਆਂ ਬੈਰੀਆਂ ਖਾਣੋਂ ਰਤਾ ਝਿਜਕ ਰਿਹਾ ਸਾਂ, ਪਰ ਦੁਹਾਂ ਮੀਆਂ ਬੀਵੀ ਨੂੰ ਸੁਆਦ ਨਾਲ ਖਾਂਦਿਆਂ ਦੇਖ ਮੈਂ ਵੀ ਮੂੰਹ ਮਾਰਨ ਲਗ ਪਿਆ। ਉਂਜ ਵੀ ਨਦੀ ਕੰਢੇ ਉੱਗੀਆਂ ਇਨ੍ਹਾਂ ਵਾੜਾਂ ਦੇ ਕੋਲ ਨਾ ਕੋਈ ਧੂੰਆਂ ਛੱਡਦੀ ਆਵਾਜਾਈ ਸੀ, ਨਾ ਹੀ ਧੂੜ ਮਿੱਟੀ।



ਟੇਮਜ਼ ਦੇ ਕੰਢੇ 'ਤੇ

(ਚਲਦਾ)

## ਬਾਲ ਕੋਨਾ



ਦੀਪਿਕਾ ਸ਼ਰਮਾ, ਸੱਤਵੀਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ




ਯਸ਼ਕਿਤ ਸੈਨ, ਪਹਿਲੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਹਿਰਾਮੁਹੱਬਤ



ਯਸ਼ਕਿਤ ਸੈਨ, ਪਹਿਲੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਹਿਰਾਮੁਹੱਬਤ



ਸ਼ਬਨੰਤ ਗਿੱਲ, ਤੀਜੀ, ਸੰਤ ਮੋਹਨ ਦਾਸ ਸਕੂਲ ਕੋਟਸੁਖੀਆ, ਫਰੀਦਕੋਟ